# ਸਿਰਜਣਾ

ਜੁਲਾਈ-ਸਤੰਬਰ 2016 (ਅੰਕ 181)

**July-September 2016**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022 — 1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ

ਜੁਲਾਈ ਸਤੰਬਰ 2016 **181** **40 ਰੁਪਏ**

# ਸਿਰਜਣਾ

181
ਜੁਲਾਈ-ਸਤੰਬਰ 2016

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

**SIRJANA**
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਸਾਹਿਤ ਅਤੇ ਸੋਸ਼ਲ ਮੀਡੀਆ/1
ਜਗਜੀਤ ਗਿੱਲ/ਛੇ ਕਵਿਤਾਵਾਂ/3
ਗਗਨ ਸ਼ਰਮਾ/ਪੰਜ ਕਵਿਤਾਵਾਂ/5
ਹਰਕੰਵਲਜੀਤ ਸਾਹਿਲ/ਚਾਰ ਕਵਿਤਾਵਾਂ/11
ਕੁਲਵੰਤ ਔਜਲਾ/ਦੋ ਕਵਿਤਾਵਾਂ/13
ਅਜੀਤ ਪਿਆਸਾ/ਕਵਿਤਾ/16
ਅਜਮੇਰ ਸਿੱਧੂ/ਕਹਾਣੀ/ਮੈਂ ਮਾਂ...?/17
ਬਲਦੇਵ ਢੀਂਡਸਾ/ਕਹਾਣੀ/ਮੀ-ਲਾਰਡ/32
ਚਰਨਜੀਤ ਸਿੰਘ ਪੰਨੂੰ/ਕਹਾਣੀ/ਬੰਦ ਦਰਵਾਜ਼ਾ/41
ਗੁਰਚਰਨ ਸਿੰਘ ਸਹਿੰਸਰਾ/ਕਹਾਣੀ/ਇਕ ਚਿੱਟੀ ਚਾਨਣੀ ਰਾਤ/52
ਸਤਪਾਲ ਭੀਖੀ/ਮੁਲਾਕਾਤ/ਬਹੁਤ ਸਾਰੇ ਚੁਰਸਤੇ: ਕੁਝ ਸਵਾ ਬਲਬੀਰ ਪਰਵਾਨਾ ਨਾਲ/59
ਸੁਰਜੀਤ ਹਾਂਸ/ਨਿਬੰਧ/ਅਮਰੀਕਾ ਦਾ ਮੂਲਵਾਸੀ ਇਤਿਹਾਸ / 6
ਸਆਦਤ ਹਸਨ ਮੰਟੋ/ਨਿਬੰਧ/ਨਵੀਨ ਸਾਹਿਤ/74
ਮਨਦੀਪ ਸਿੰਘ/ਨਿਬੰਧ/ਸੁਖਬੀਰ ਸਿਮਰਿਤੀ ਗ੍ਰੰਥ/79
ਗੁਲਜ਼ਾਰ ਸਿੰਘ ਸੰਧੂ/ਰੀਵੀਊ/ਪੰਜਾਬ ਦੇ ਕੋਹੇਨੂਰ/84
ਜਸਬੀਰ/ਰੀਵੀਊ/ਰੂਹ ਦੀ ਪਰਵਾਜ਼/87
ਰਘਬੀਰ ਸਿੰਘ/ਰੀਵੀਊ/ਗੀਤ ਦਾ ਬੇਦਾਵਾ/90
ਜੇ.ਬੀ. ਸੇਖੋਂ/ਰੀਵੀਊ/ਤੈਂ ਕੀ ਦਰਦ ਨਾ ਆਇਆ/93
ਗੁਰਦੀਪ ਕੌਰ/ਰੀਵੀਊ/ਭਰਿਆ ਹੈ ਮੇਰਾ ਅਸਮਾਨ/95
ਪੁਸ਼ਵਿੰਦਰ ਕੌਰ/ਰੀਵੀਊ/ਯਸ਼ੋਧਰਾ/98
ਪੱਤਰ/ਗੁਰਦੀਪ ਸਮੁੰਦਰਾ/ਬਰਿੰਦਰ ਕੌਰ/ਸੰਦੀਪ ਕੁਮਾ ਹਾਂਡਾ/103



ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ 60 ਪੌਡ 100 ਡਾਲਰ




## ਸਾਹਿਤ ਅਤੇ ਸੋਸ਼ਲ ਮੀਡੀਆ

ਸੋਸ਼ਲ ਮੀਡੀਆ ਨੇ ਸੂਚਨਾ ਅਤੇ ਗਿਆਨ ਦਾ ਜਿਹੜਾ ਹੜ੍ਹ ਅੱਜ ਕੱਲ੍ਹ ਲਿਆਂਦਾ ਹੋਇਆ ਹੈ, ਉਸ ਦਾ ਸਿੱਧਾ ਤੇ ਅਸਿੱਧਾ ਅਸਰ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਪੈ ਰਿਹਾ ਹੈ। ਮੁੱਢ ਤੋਂ ਹੀ ਹਰ ਯੁਗ ਅੰਦਰ ਮਸਲਾ ਸੂਚਨਾ, ਸੰਚਾਰ ਅਤੇ ਗਿਆਨ ਦੇ ਪ੍ਰਸਾਰ ਤੇ ਪ੍ਰਚਾਰ ਦਾ ਹੀ ਰਿਹਾ ਹੈ ਅਤੇ ਪਿੱਛੋਂ ਮੀਡੀਆ ਦਾ ਇਹ ਅਸਲ ਮਿਸ਼ਨ ਤੇ ਮੁੱਖ ਸਰੋਕਾਰ ਬਣਿਆ। ਇਸ ਪ੍ਰਥਾਏ ਸ਼ਬਦ, ਕਾਗ਼ਜ਼ ਤੇ ਕਿਤਾਬ ਦੀ ਕਾਢ ਦਾ ਆਪਣਾ ਇਤਿਹਾਸ ਹੈ ਅਤੇ ਇਸ ਲੜੀ ਨੇ ਮਨੁੱਖੀ ਚੇਤਨਾ ਦੇ ਵਿਕਾਸ ਵਿਚ ਬੇਮਿਸਾਲ ਰੋਲ ਨਿਭਾਇਆ ਹੈ। ਇਹ ਲੜੀ ਜਦੋਂ ਦੀ ਇੰਟਰਨੈੱਟ ਵਰਗੇ ਸੰਸਾਰ-ਵਿਆਪੀ ਯਾਨੀ ਗਲੋਬਲੀ ਸੰਕਲਪ ਨਾਲ ਜੁੜੀ ਹੈ, ਉਦੋਂ ਤੋਂ ਹੀ ਮੀਡੀਆ, ਸੂਚਨਾ, ਸੰਚਾਰ ਤੇ ਗਿਆਨ ਦੇ ਖੇਤਰ ਵਿਚ ਨਵੀਆਂ, ਨਿਵੇਕਲੀਆਂ ਤੇ ਨਿਆਰੀਆਂ ਪਹਿਲਕਦਮੀਆਂ ਹੋ ਰਹੀਆਂ ਹਨ। ਸਮੁੱਚੇ ਸੰਸਾਰ ਨੂੰ ਮੁੱਠੀ ਵਿਚ ਕਰਨ ਵਾਲੇ ਇੰਟਰਨੈੱਟ ਬਾਰੇ ਮੁੱਢਲੇ ਖੋਜ ਕਾਰਜ ਦਾ ਬੰਨ੍ਹ-ਸੁਬ 1960 ਦੇ ਨੇੜੇ-ਤੇੜੇ ਹੋਇਆ ਸੀ ਅਤੇ 1980ਵਿਆਂ ਤਕ ਪੁੱਜਦਿਆਂ-ਪੁੱਜਦਿਆਂ ਖੋਜਕਾਰਾਂ ਨੇ ਇਸ ਖੇਤਰ ਵਿਚ ਚੋਖੀਆਂ ਮੱਲਾਂ ਮਾਰ ਲਈਆਂ ਸਨ, ਪਰ 1995 ਤੋਂ ਬਾਅਦ ਤਕਨਾਲੋਜੀ ਦੇ ਇਨਕਲਾਬ ਨੇ ਤਾਂ, ਜਾਪਦਾ ਹੈ, ਇਸ ਖੇਤਰ ਦੀ ਹਰ ਸੀਮਾ ਹੀ ਪਾਰ ਕਰ ਲਈ ਹੈ। ਇਸ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਨਿੱਤ ਦਿਨ ਵਧ ਰਹੀ ਹੈ ਅਤੇ ਹੁਣ ਸੰਸਾਰ ਦੀ ਤਕਰੀਬਨ ਇਕ ਤਿਹਾਈ ਵਸੋਂ ਇਸ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੀ ਹੋਈ ਹੈ। ਇਸੇ ਇੰਟਰਨੈੱਟ ਦੇ ਜ਼ਰੀਏ ਸੋਸ਼ਲ ਮੀਡੀਆ ਅੱਜ ਵੱਡੀ ਤਾਕਤ ਦੇ ਰੂਪ ਵਿਚ ਹਰ ਘਰ ਦਾ ਕੁੰਡਾ ਖੜਕਾ ਰਿਹਾ ਹੈ।

ਸੋਸ਼ਲ ਮੀਡੀਆ ਦੀ ਖੋਜ ਅਤੇ ਇਸ ਦਾ ਪਸਾਰਾ ਆਪਣੀਆਂ ਯਾਦਾਂ ਸਾਂਭਣ, ਰਾਬਤਾ ਵਧਾਉਣ ਅਤੇ ਸਾਂਝੇ ਹਿਤਾਂ ਦੇ ਹਿਸਾਬ-ਕਿਤਾਬ ਨਾਲ ਹੋਣਾ ਸ਼ੁਰੂ ਹੋਇਆ ਸੀ, ਜੋ ਜਲਦੀ ਹੀ ਸਿੱਖਣ-ਸਿਖਾਉਣ ਅਤੇ ਫਿਰ ਇਸ਼ਤਿਹਾਰਬਾਜ਼ੀ ਨਾਲ ਜੁੜ ਗਿਆ। ਇਸ ਤੋਂ ਬਾਅਦ ਇਸ਼ਤਿਹਾਰਬਾਜ਼ੀ ਨੇ ਸੋਸ਼ਲ ਮੀਡੀਆ ਦੇ ਨੈਣ-ਨਕਸ਼ ਨਵੇਂ ਸਿਰਿਉਂ ਘੜਨੇ ਆਰੰਭ ਕੀਤੇ। ਕਾਰਪੋਰੇਟ ਜਗਤ ਦਾ ਹਰ ਮਸਲਾ ਕਿਉਂਕਿ ਵਪਾਰ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸੇ ਲੋੜ ਵਿਚੋਂ ਇਸ਼ਤਿਹਾਰਬਾਜ਼ੀ ਦੀ ਖਾਸ ਭੂਮਿਕਾ ਹੋ ਨਿਬੜੀ। ਇਸ਼ਤਿਹਾਰਬਾਜ਼ੀ ਦੇ ਘੁੰਡ ਉਹਲੇ ਕਿਸ ਦੇ ਹਿਤ ਕਿਸ ਨਾਲ ਜੁੜ ਜਾਂ ਟਕਰਾਅ ਰਹੇ ਹਨ, ਇਹ ਮੁੱਦਾ ਤਾਂ ਵੱਖਰੇ ਵਿਸਥਾਰ ਦੀ ਮੰਗ ਕਰਦਾ ਹੈ, ਪਰ ਇੱਥੇ ਗੱਲ ਸੋਸ਼ਲ ਮੀਡੀਆ ਤੇ ਸਾਹਿਤ ਦੇ ਰਿਸ਼ਤਿਆਂ ਦੀ ਅਤੇ ਸਾਹਿਤ ਤੇ ਸੋਸ਼ਲ ਮੀਡੀਆ ਨਾਲ ਜੁੜੇ ਉਨ੍ਹਾਂ ਤੱਥਾਂ ਦੀ ਨਿਸ਼ਾਨਦੇਹੀ ਦੀ ਹੈ ਜਿਹੜੇ ਅਜੇ ਤਕ ਜਾਂ ਤਾਂ ਅਣਗੌਲੇ ਰਹਿ ਗਏ ਹਨ ਜਾਂ ਜਿਨ੍ਹਾਂ ਬਾਰੇ ਚਰਚਾ ਕਿਸੇ ਨਾ ਕਿਸੇ ਕਾਰਨ ਅਗਾਂਹ ਨਹੀਂ ਤੁਰ ਸਕੀ।

ਇੰਟਰਨੈੱਟ ਦੀ ਹਨ੍ਹੇਰੀ ਦੌਰਾਨ ਕਿਤਾਬਾਂ ਦੀ ਆਨਲਾਈਨ ਵਿਕਰੀ ਨੇ ਇਹ ਬਹਿਸ ਭਖਾ ਦਿੱਤੀ ਸੀ ਕਿ ਕਿਤਾਬਾਂ ਦੀਆਂ ਦੁਕਾਨਾਂ ਦਾ ਹੁਣ ਕੀ ਬਣੇਗਾ! ਤੇ ਹੁਣ ਖਬਰਾਂ ਹਨ ਕਿ ਆਨਲਾਈਨ ਵਿਕਰੀ ਵਿਚ ਮੋਹਰੀ ਕੰਪਨੀ ਐਮੇਜ਼ੋਨ ਵੱਖ-ਵੱਖ ਥਾਈਂ ਆਪਣੇ ਕਿਤਾਬ ਸਟੋਰ ਖੋਲ੍ਹ ਰਹੀ ਹੈ। ਇਸ ਸਮੁੱਚੇ ਸਿਲਸਿਲੇ ਨੂੰ ਆਰਥਿਕ ਸੁਧਾਰਾਂ ਬਾਰੇ ਚਲਾਈਆਂ ਜਾ ਰਹੀਆਂ ਨੀਤੀਆਂ ਨਾਲ ਜੋੜ ਕੇ ਵੀ ਜੋਖਣਾ-ਸਮਝਣਾ ਪਵੇਗਾ, ਜਿਹੜੀਆਂ ਆਮ ਕਾਰੋਬਾਰੀਆਂ ਦੀਆਂ ਜੜ੍ਹਾਂ ਵਿਚ ਦਾਤੀ ਵਾਂਗ ਫਿਰ ਰਹੀਆਂ ਹਨ। ਇਨ੍ਹਾਂ ਹਾਲਾਤ ਤੋਂ ਅੱਖਾਂ ਨਹੀਂ ਮੀਚੀਆਂ ਜਾ ਸਕਦੀਆਂ। ਮਸਲਾ ਮੂਲ ਰੂਪ ਵਿਚ ਨਵੇਂ ਯੁਗ ਨਾਲ ਕਦਮ ਮਿਲਾ ਕੇ ਅਗਾਂਹ ਵਧਣ ਨਾਲ ਜੁੜਿਆ ਹੋਇਆ ਹੈ। ਜਿੱਥੋਂ ਤਕ ਇਸ਼ਤਿਹਾਰਬਾਜ਼ੀ ਤੇ ਵਪਾਰ-ਕਾਰੋਬਾਰ ਅਤੇ ਇਸ ਦੇ ਮਾਰੂ ਅਸਰਾਂ ਦਾ ਸੰਬੰਧ ਹੈ, ਇਸ ਬਾਰੇ ਸਭ ਤੋਂ ਉਮਦਾ ਮਿਸਾਲ ਕ੍ਰਿਕਟ ਦੀ ਹੈ। ਇਸ਼ਤਿਹਾਰਬਾਜ਼ੀ

ਕਰਕੇ ਕ੍ਰਿਕਟ ਤੇ ਕਾਰੋਬਾਰ ਦਾ ਕੁਝ ਮੁਲਕਾਂ, ਖਾਸ ਕਰ ਕੇ 'ਵਿਕਾਸਸ਼ੀਲ' ਮੁਲਕਾਂ ਵਿਚ ਅਜਿਹਾ ਤਾਲਮੇਲ ਬੈਠਿਆ ਹੈ ਕਿ ਕਾਰੋਬਾਰੀਆਂ ਦੇ ਵਾਰੇ-ਨਿਆਰੇ ਹੋ ਗਏ।

ਅੱਜ ਸੋਸ਼ਲ ਮੀਡੀਆ ਜਿਸ ਤਰ੍ਹਾਂ ਜ਼ਿੰਦਗੀ ਦੇ ਹਰ ਪੱਖ ਉੱਤੇ ਭਾਰੂ ਹੋ ਰਿਹਾ ਹੈ ਤਾਂ ਸਾਹਿਤ ਤੇ ਸਾਹਿਤ ਰਚਨਾ ਵਰਗਾ ਸੰਜੀਦਾ ਖੇਤਰ ਵੀ ਇਸ ਤੋਂ ਬਚਿਆ ਨਹੀਂ ਰਹਿ ਸਕਦਾ। ਇਸ ਨੇ ਤੁਰਤ-ਫੁਰਤ ਸਾਹਿਤ ਤੇ ਸਾਹਿਤ ਰਚਨਾ ਉੱਤੇ ਕੀ-ਕੀ ਅਸਰ ਪਾਏ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਹ ਅਸਰ ਕਿਸ ਤਰ੍ਹਾਂ ਦੇ ਹੋਣਗੇ, ਇਹ ਸੋਚਣ-ਵਿਚਾਰਨ ਵਾਲੇ ਮਸਲੇ ਹਨ। ਇਸ ਦਾ ਇਕ ਪੱਖ ਇਹ ਵੀ ਹੈ ਕਿ ਸੋਸ਼ਲ ਮੀਡੀਆ ਨੇ ਸਾਹਿਤ ਰਚਨਾ ਅਤੇ ਸਾਹਿਤ ਪ੍ਰਕਾਸ਼ਨ ਦਾ ਮੂਹ-ਮੁਹਾਂਦਰਾ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਦੀ ਹੈਰਾਨ ਕਰਨ ਵਾਲੀ ਰਫਤਾਰ ਨੇ ਇਕ ਵੱਖਰਾ ਅਤੇ ਮਜ਼ਬੂਤ ਮੰਚ ਪਿੜ ਵਿਚ ਲਿਆ ਖਲਿਆਰਿਆ ਹੈ। ਹਰ ਦੌਰ ਦਾ ਆਪਣਾ ਨਜ਼ਰੀਆ ਅਤੇ ਧਰਾਤਲ ਹੁੰਦਾ ਹੈ। ਉਹ ਦੌਰ ਵੀ ਆ ਚੁੱਕਾ ਹੈ ਜਦੋਂ ਟੈਲੀਫੋਨ ਦੇ ਪਸਾਰ ਨੇ ਖਤੋ-ਕਿਤਾਬਤ ਵਾਲਾ ਸਿਲਸਿਲਾ ਹੀ ਮੁਕਾ ਦਿੱਤਾ। ਫਿਰ ਟੈਲੀਵਿਜ਼ਨ ਆਇਆ ਤਾਂ ਮੀਡੀਆ ਦੇ ਪ੍ਰਸੰਗ ਵਿਚ ਸਭ ਤੋਂ ਵੱਡੀ ਬਹਿਸ ਪ੍ਰਿੰਟ ਮੀਡੀਆ ਦੇ ਭਵਿੱਖ ਨੂੰ ਲੈ ਕੇ ਚੱਲੀ, ਪਰ ਇਲੈਕਟ੍ਰੌਨਿਕ ਮੀਡੀਆ ਦੀ ਹਰ ਚਮਕ-ਦਮਕ ਅਤੇ ਰਫਤਾਰ ਦੇ ਬਾਵਜੂਦ, ਪ੍ਰਿੰਟ ਮੀਡੀਆ ਦੇ ਪ੍ਰਤਾਪ ਉੱਤੇ ਉਸ ਤਰ੍ਹਾਂ ਦਾ ਕੋਈ ਖਾਸ ਅਸਰ ਨਹੀਂ ਪਿਆ ਜਿਸ ਤਰ੍ਹਾਂ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਸੀ।

ਓਪਰੀ ਨਜ਼ਰੇ ਭਾਵੇਂ ਅੱਜ ਵੀ ਇਹੀ ਜਾਪਦਾ ਹੈ ਕਿ ਸੋਸ਼ਲ ਮੀਡੀਆ ਇਕ ਵਾਰ ਤਾਂ ਲੋਕਾਂ ਦੀ ਰੇਡੀਓ, ਅਖਬਾਰ, ਟੈਲੀਵਿਜ਼ਨ, ਟੈਲੀਫੋਨ ਆਦਿ 'ਤੇ ਨਿਰਭਰਤਾ ਘਟਾ ਰਿਹਾ ਹੈ, ਕੁਝ ਮਾਮਲਿਆਂ ਵਿਚ ਤਾਂ ਇਸ ਨੇ ਟੈਲੀਵਿਜ਼ਨ ਚੈਨਲਾਂ ਤਕ ਨੂੰ ਪਛਾੜ ਦਿੱਤਾ ਹੈ; ਪਰ ਗ਼ੌਰ ਕਰਨ ਵਾਲਾ ਪਹਿਲੂ ਇਹ ਹੈ ਕਿ ਸੋਸ਼ਲ ਮੀਡੀਆ ਦੇ ਇਸ ਪ੍ਰਚਾਰ, ਪ੍ਰਸਾਰ ਤੋਂ ਹਰ ਕਿਸਮ ਦਾ ਕੁੰਡਾ ਵੀ ਚੁੱਕਿਆ ਗਿਆ ਹੈ। ਸਾਹਿਤ ਦੇ ਸਰੋਕਾਰ ਇਸ ਤੋਂ ਐਨ ਵੱਖਰੇ ਹਨ। ਵੱਡਾ ਫਰਕ ਜ਼ਿੰਮੇਦਾਰੀ ਅਤੇ ਸੰਜੀਦਗੀ ਦਾ ਹੈ। ਸਾਹਿਤ ਅਤੇ ਸੋਸ਼ਲ ਮੀਡੀਆ ਦੀ ਜੁਗਲਬੰਦੀ ਬਾਰੇ ਅਹਿਮ ਮਸਲਾ ਇਹੀ ਹੈ ਕਿ ਇਸ ਜੁਗਲਬੰਦੀ ਨੂੰ ਕਿਤਾਬ ਕਲਚਰ ਦੇ ਹਿਤੂ ਕਿਵੇਂ ਬਣਾਇਆ ਜਾ ਸਕਦਾ ਹੈ। ਉਂਝ ਤਾਂ ਹਾਲ ਇਹ ਵੀ ਹੈ ਕਿ ਲੋਕ ਸੋਸ਼ਲ ਮੀਡੀਆ ਉੱਤੇ ਸਾਹਿਤ ਰਚਨਾ ਲਈ ਵੀ ਅਹੁਲਣ ਲੱਗੇ ਹਨ। ਨਿਕੋਲਸ ਬੇਲਾਰਡਸ ਨਾਂ ਦੇ ਸ਼ਖ਼ਸ ਨੇ 'ਟਵਿੱਟਰ' ਉੱਤੇ ਨਾਵਲ ਲਿਖ ਮਾਰਿਆ ਹੈ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸੋਸ਼ਲ ਮੀਡੀਆ ਦਾ ਪਲੇਠਾ ਨਾਵਲ ਹੈ।

ਕੁਝ ਲੋਕ ਸੋਸ਼ਲ ਮੀਡੀਆ ਨੂੰ ਵਿਹਲੜਾਂ ਦਾ ਸ਼ੌਕ ਕਹਿ ਕੇ ਰੱਦ ਕਰਨ ਦਾ ਯਤਨ ਕਰਦੇ ਹਨ, ਪਰ ਗਿਆਨ ਦੇ ਪ੍ਰਸਾਰ ਦੇ ਨੁਕਤੇ ਤੋਂ ਸਾਹਿਤ ਨਾਲ ਜੁੜੇ ਜਿਊੜਿਆਂ ਨੂੰ ਇਸ ਬਾਬਤ ਜ਼ਰੂਰ ਸੋਚਣਾ-ਵਿਚਾਰਨਾ ਬਣਦਾ ਹੈ। ਸਾਹਿਤ ਦਾ ਮੁੱਖ ਮਸਲਾ ਪਾਠਕਾਂ ਨਾਲ ਰਾਬਤੇ ਦਾ ਹੈ ਅਤੇ ਬਿਨਾ ਸ਼ੱਕ, ਸੋਸ਼ਲ ਮੀਡੀਆ ਇਸ ਪ੍ਰਸੰਗ ਵਿਚ, ਭਾਵੇਂ ਸੀਮਤ ਹੀ ਸਹੀ, ਭੂਮਿਕਾ ਨਿਭਾਅ ਸਕਦਾ ਹੈ। ਜ਼ਰਾ ਸੋਚੋ, ਜੇ ਸੋਸ਼ਲ ਮੀਡੀਆ 'ਤੇ ਵਿਚਰ ਰਹੇ ਸਾਹਿਤਕ ਗਰੁੱਪ, ਸਾਹਿਤ ਸਭਾ ਵਾਲੇ ਮੋਡ ਵਿਚ ਆ ਜਾਣ! 'ਸਿਰਜਣਾ' ਪਿਛਲੇ ਪੰਜ ਦਹਾਕਿਆਂ ਦੌਰਾਨ ਇਸ ਤੱਥ ਦਾ ਗਵਾਹ ਹੈ ਕਿ ਸੰਜੀਦਾ ਪਾਠਕਾਂ ਦੀ ਕਦੀ ਤੋਟ ਨਹੀਂ ਰਹੀ ਅਤੇ ਹਰ ਔਕੜ ਦੇ ਬਾਵਜੂਦ, ਹੁਣ ਵੀ ਹਾਲਾਤ ਕੋਈ ਵੱਖਰੇ ਨਹੀਂ। ਅਜੇ ਬਹਿਸ ਇਸ ਨੁਕਤੇ 'ਤੇ ਹੀ ਕੇਂਦਰਤ ਹੈ ਕਿ ਸੋਸ਼ਲ ਮੀਡੀਆ ਸਾਡੀ ਨਵੀਂ ਪੀੜ੍ਹੀ ਨੂੰ ਕਿਧਰ ਲਿਜਾ ਰਿਹਾ ਹੈ। ਇਹ ਨੁਕਤਾ ਅਜੇ ਕੇਂਦਰ ਵਿਚ ਆਉਣਾ ਹੈ ਕਿ ਸੋਸ਼ਲ ਮੀਡੀਆ ਉੱਤੇ ਵੱਡੀ ਗਿਣਤੀ ਵਿਚ ਮੌਜੂਦ ਨਵੀਂ ਪੀੜ੍ਹੀ ਤਕ ਰਸਾਈ ਕਿਵੇਂ ਕਰਨੀ ਹੈ। ਇਸ ਕੋਣ ਤੋਂ ਸਾਹਿਤ, ਸੋਸ਼ਲ ਮੀਡੀਆ ਤੇ ਕਿਤਾਬ ਕਲਚਰ ਦਾ ਨਵਾਂ ਪਿੜ ਬੱਝ ਸਕਦਾ ਹੈ। 000



# ਛੇ ਕਵਿਤਾਵਾਂ : ਜਗਜੀਤ ਗਿੱਲ

## ਕੇਹਾ ਭਲਾ?

ਸੋਧਿਆ ਅਰਦਾਸਾ
ਤੇਰੇ ਭਾਣੇ ਸਰਬੱਤ ਦਾ ਭਲਾ...
ਖਿੱਚੀਆਂ ਤਲਵਾਰਾਂ, ਤਾਣੇ ਬਰਛੇ
ਕੀਤੇ ਕਮਰਕੱਸੇ, ਨਿਕਲ ਪਏ ਸੜਕਾਂ 'ਤੇ...
ਕਰਨ ਇਹ ਕੇਹਾ ਭਲਾ?

## ਕੇਹਾ ਪਰਕਾਸ਼?

'ਸ਼ਾਂਤੀ ਸੰਗਤੇ ਸ਼ਾਂਤੀ', ਕਿਹਾ ਭਾਈ ਨੇ
ਸ਼ੋਰ ਨਾ ਹੋਵੇ, ਹੋਣੀ ਅਰਦਾਸ
ਸਭ ਸ਼ਾਂਤ, ਸੁੰਨ, ਚੁੱਪਚਾਪ
ਗੂੰਜੀ ਤੋਤਲੀ ਕਿਲਕਾਰੀ,
ਭੁੱਲ ਗਈ ਅਰਦਾਸ
ਗੁਆਚ ਗਿਆ ਭਾਈ
ਸਤਿਗੁਰ ਦਾ ਇਹ ਕੇਹਾ ਪਰਕਾਸ਼...

## ਕੇਹੀ ਮਰਿਆਦਾ?

ਲੰਘ ਆਇਆ ਬੱਚਾ
ਕਰਕੇ ਉਲੰਘਣਾ ਮਰਿਆਦਾ ਦੀ
ਦਰ ਸਤਿਗੁਰ ਦਾ, ਸਣੇ ਜੁੱਤੀ
ਟੁੱਟੀ ਬਿਰਤੀ ਭਾਈ ਦੀ
ਭੁੱਲਿਆ ਪ੍ਰੇਮ ਉਪਦੇਸ਼
ਕਥਾ ਹੋਈ ਖੰਡਿਤ
ਧੱਕਿਆ ਬਾਹਰ, ਬੱਚਾ ਰੋਇਆ
ਸਤਿਗੁਰ ਕਥਾ 'ਚੋਂ ਗ਼ੈਰਹਾਜ਼ਰ ਹੋਇਆ...

## ਕੇਹੀ ਅਰਦਾਸ?

ਹੋਈਆਂ ਸਭ ਸੁਰਤੀਆਂ ਇਕਾਗਰ
ਇਕ ਮਨ ਇਕ ਚਿੱਤ
ਇਕਸਾਰ, ਉਹਦੇ ਦਰਬਾਰ
ਕੀਤਾ ਨਾਮ ਦਾ ਧਿਆਨ
ਬਾਹਰ ਸ਼ਾਂਤੀ, ਸੁੰਨਸਾਨ
ਪਰ, ਅੰਦਰ ਉਠ ਖੜ੍ਹੇ ਤੂਫ਼ਾਨ
ਰੂਪ ਮਾਇਆ ਦੇ ਸਾਰੇ
ਆ ਗਏ ਸਾਹਵੇਂ ਵਾਰੋ ਵਾਰੀ...

ਹੋਇਆ ਰੋਲ਼ ਘਚੋਲ਼ਾ
ਗੱਡੀ, ਕੋਠੀ, ਨੌਕਰੀ, ਸੁਤ ਦਾਰਾ
ਮੁੱਕੀ ਅਰਦਾਸ
ਬੰਦਾ ਫ਼ਿਰ ਕੱਲਾ ਕਾਰਾ

## ਕੇਹੀ ਦਾਤ?

ਦਾਤਾਂ ਦੀ ਬਹੁਤਾਤ
ਵਾਧੂ ਨਾ ਪਰ ਕੁਛ ਵੀ
ਦਾਤਾਂ ਦਾ ਰੌਲ਼ਾ
ਮੇਰਾ ਮੇਰਾ, ਕੁਛ ਨਾ ਤੇਰਾ
ਹਟ ਪਰੇ, ਹੋ ਪਰੇ
ਸਭ ਕੁਝ ਮੇਰਾ
ਕੁਝ ਨਾ ਤੇਰਾ
ਆਇਆ ਵੇਲਾ
ਹੋਇਆ ਨਿਬੇੜਾ
...ਨਾ ਕੁਝ ਮੇਰਾ
ਨਾ ਕੁਝ ਤੇਰਾ...

## ਕੇਹੀ ਸ੍ਰਿਸ਼ਟੀ

ਕਿਸੇ ਕਿਹਾ ਸੀ-ਕੁੰਨ,
ਤਦ ਰਚਨਾ ਹੋਈ ਸ੍ਰਿਸ਼ਟੀ ਦੀ
ਨਹੀਂ, ਕਿਸੇ ਕਿਹਾ ਸੀ-ਓਮ,
ਤਦ ਰਚਨਾ ਹੋਈ ਸ੍ਰਿਸ਼ਟੀ ਦੀ
ਨਹੀਂ, ਕਿਸੇ ਕਿਹਾ ਸੀ-ਓਅੰਕਾਰ,
ਤਦ ਰਚਨਾ ਹੋਈ ਸ੍ਰਿਸ਼ਟੀ ਦੀ
ਨਹੀਂ, ਕਿਸੇ ਕਿਹਾ ਸੀ-ਲੋਗਾਸ,
ਤਦ ਰਚਨਾ ਹੋਈ ਸ੍ਰਿਸ਼ਟੀ ਦੀ
ਨਹੀਂ ਕੁੰਨ, ਨਹੀਂ ਓਮ,
ਨਹੀਂ ਲੋਗਾਸ, ਨਹੀਂ ਓਅੰਕਾਰ
ਨਿਕਲੇ ਡਾਂਗਾਂ, ਤ੍ਰਿਸ਼ੂਲ ਤੇ ਕਿਰਪਾਨਾਂ
ਨਾ ਓਮ ਨਾ ਓਅੰਕਾਰ
ਨਾ ਕੁੰਨ, ਨਾ ਲਗਾਸ
ਚਾਰੇ ਪਾਸੇ ਸੁੰਨ-ਮਸੁੰਨ
ਸ੍ਰਿਸ਼ਟੀ ਸਿਮਟੀ
ਰਹਿ ਗਈ ਧਰਤੀ...
ਸਾਢੇ ਤ੍ਰੈ ਹੱਥ... 000

**(ਤਰਨ ਤਾਰਨ 98769-39090)**



# ਪੰਜ ਕਵਿਤਾਵਾਂ: ਗਗਨ ਸ਼ਰਮਾ

## ਲੰਘਦੇ ਵੇਲਿਆਂ ਦੀ ਬਿੜਕ

ਉਦੋਂ
ਬੀਹੀ ਵਿਚ ਹੀ ਡਹੀ ਰਹਿੰਦੀ ਸੀ ਉਸਦੀ ਮੰਜੀ
ਸਾਰਾ-ਸਾਰਾ ਦਿਨ
ਸਵੇਰੇ-ਸਾਝਰੇ ਹੀ ਬਹਿ ਜਾਂਦੀ ਉਹ
ਦਰਾਂ ਮੂਹਰੇ ਡਹੀ ਮੰਜੀ 'ਤੇ
ਬਿੰਦ ਕੁ ਲਈ ਉੱਠ ਕੇ ਜਾਂਦੀ
ਚਾਹ ਕਰ ਲੈਂਦੀ
ਚੁੱਲ੍ਹੇ 'ਤੇ ਰੋਟੀ ਲਾਹ ਆਉਂਦੀ
ਦਾਲ ਧਰ ਦਿੰਦੀ
ਇਕ ਉਂਗਲ ਲਾ ਕੇ ਵੇਖ ਲੈਂਦੀ
ਦਾਲ ਵਿਚ ਲੂਣ-ਮਿਰਚ
ਫਿਰ ਆ ਬਹਿੰਦੀ ਦਰਾਂ ਮੂਹਰੇ
ਬੀਹੀ ਵਿਚ ਡਹੀ ਮੰਜੀ 'ਤੇ

ਉਸਦੇ ਘਰ ਮੂਹਰੋਂ ਦੀ ਲੰਘਦੀ ਬੀਹੀ
ਜਾਂਦੀ ਸੀ ਜੋ ਰਾਜਿਆਂ ਕੇ ਭੀਰੇ ਦੇ ਘਰ ਵੱਲ
ਉਦੋਂ ਤੰਗ ਸੀ ਬਹੁਤ
ਤੁਰ ਕੇ ਹੀ ਲੰਘਦੇ ਸਨ ਉਧਰ ਨੂੰ ਸਾਰੇ
ਸਾਈਕਲ ਵਾਲਾ ਤਾਂ ਵਿਰਲਾ ਹੀ ਜਾਂਦਾ ਸੀ ਕੋਈ
ਕਦੇ ਕੋਈ ਬਾਹਰੋਂ-ਅੰਦਰੋਂ ਆਉਣ ਵਾਲਾ
ਜਾਂ ਫ਼ਿਰ ਕੋਈ ਸਬਜ਼ੀ-ਭਾਜੀ ਵੇਚਣ ਵਾਲਾ

ਤੇ ਜਾਂ ਫ਼ਿਰ ਕੋਈ ਜੁੱਤੀਆਂ ਗੰਢਣ ਵਾਲਾ
ਕੋਈ ਡਰ ਨਹੀਂ ਸੀ ਹੁੰਦਾ ਉਸਨੂੰ ਉਦੋਂ
ਕਿਸੇ ਸਕੂਟਰ-ਮੋਟਰ ਸਾਈਕਲ ਵਾਲੇ ਦਾ
ਦਰਾਂ ਵਿਚ ਹੀ ਬੈਠੀ ਰਹਿੰਦੀ ਸੀ ਉਦੋਂ ਉਹ
ਬੀਹੀ ਵਿਚ ਮੰਜੀ ਡਾਹ ਕੇ

ਉਦੋਂ ਉਹ ਇਕੱਲੀ ਹੁੰਦੀ ਸੀ ਪੂਰਾ ਦਿਨ
ਘਰ ਵਾਲਾ ਚਲਿਆ ਜਾਂਦਾ ਸੀ ਸਾਝਰੇ ਹੀ ਮਿੱਲ ਨੂੰ

ਤਿੰਨ-ਚਾਰ ਕੋਹ ਦੀ ਵਾਟ
ਬੀਹੀ ਵਾਲੀ ਮੰਜੀ 'ਤੇ ਬਿਠਾ ਕੇ ਹੀ
ਖੁਆ ਦਿੰਦੀ ਸੀ ਹਾਜ਼ਰੀ

ਝੋਲੇ ਵਿਚ ਬੰਨ੍ਹ ਦਿੰਦੀ
ਅਚਾਰ ਨਾਲ ਚਾਰ ਰੋਟੀਆਂ

ਉਹ ਸਹਿਜੇ ਹੀ ਬੁਲਾ ਲੈਂਦੀ
ਬੀਹੀ ਵਿਚੋਂ ਲੰਘਣ ਵਾਲੇ ਹਰ ਆਦਮੀ-ਤੀਵੀਂ ਨੂੰ
ਸਬਜ਼ੀ ਵਾਲਾ ਭੀਮਾ, ਛਾਣ-ਬੂਰੇ ਵਾਲਾ ਛਿੱਬੂ
ਜੁੱਤੀਆਂ ਗੱਠਣ ਵਾਲਾ ਜੀਤਾ
ਸਰਦਾਰਾਂ ਦੇ ਗੋਹਾ-ਕੂੜਾ ਕਰਨ ਜਾਂਦੀ ਬਚਨੀ
ਲੰਘਦੇ-ਲੰਘਦੇ ਉਸਦੀ ਮੰਜੀ ਕੋਲ ਖੜ੍ਹ ਜਾਂਦੇ
ਘਰ-ਬਾਰ ਦੀ ਖ਼ਬਰ ਦਿੰਦੇ
ਉਸਦੇ ਘਰ ਅੰਦਰ ਨਜ਼ਰ ਮਾਰਦੇ
ਵੇਖ ਜਾਂਦੇ ਉਹੀ ਨਿੱਕ-ਸੁੱਕ
ਹੱਥ ਨਾਲ ਬਣਾਇਆ ਮਿੱਟੀ ਦਾ ਚੁੱਲ੍ਹਾ
ਅੱਧ-ਟੁੱਟੀਆਂ ਬਾਹੀਆਂ ਵਾਲਾ ਮੰਜਾ
ਮਾਂਜੇ-ਅਣਮਾਂਜੇ ਭਾਂਡੇ, ਪਾਣੀ ਨਾਲ ਭਰਿਆ ਘੜਾ
ਮੋਘੇ-ਵਿਹੂਣੇ ਘਰ ਵਿਚ ਦਿਨ-ਖੜ੍ਹੇ ਵੀ ਪਸਰਿਆ ਹਨੇਰਾ
ਉਹ ਮੰਜੀ ’ਤੇ ਬੈਠੀ ਦਾਨੀ ਤੀਵੀਂ ਲੱਗਦੀ
ਕਿਸੇ ਨੂੰ ਪਾਣੀ ਦਾ ਘੁੱਟ ਪੁੱਛਦੀ
ਕਿਸੇ ਨੂੰ ਦੋ ਘੜੀ ਸਰਾਮ ਕਰਨ ਲਈ ਆਖਦੀ

ਉਦੋਂ ਉਸਦੇ ਗੁਆਂਢ ਵਾਲੀ ਕਿਸੇ ਵੀ ਤੀਵੀਂ ਨੂੰ
ਫ਼ਿਕਰ ਨਹੀਂ ਸੀ ਹੁੰਦਾ ਕੋਈ ਚੋਰੀ-ਚਕਾਰੀ ਦਾ
ਜਾਂ ਆਏ-ਗਏ ਦੇ ਮੁੜ ਜਾਣ ਦਾ
ਕੋਈ ਪੁੱਛਦਾ ਨਾ ਪੁੱਛਦਾ, ਉਹ ਆਪ ਹੀ ਦੱਸ ਦਿੰਦੀ
‘ਰਾਜੋ ਤਾਂ ਆਪਣੀ ਸੱਸ ਨੂੰ ਦਵਾਈ ਦਵਾਉਣ ਲੈ ਕੇ ਗਈ ਹੈ ਭਾਈ
ਆਉਣ ਵਾਲੀ ਹੋਊ
ਬਹਿ ਜੋ ਇੱਥੇ, ਆਹ ਮੰਜੀ ਪਈ ਏ
ਮੈਂ ਦੇਹਲੀ ’ਤੇ ਹੋ ਜਾਨੀ ਆਂ
ਪਾਣੀ-ਧਾਣੀ ਦੇਵਾਂ’
ਕਿਸੇ ਓਪਰੇ ਬੰਦੇ ਨੂੰ ਲੰਘਦੇ ਦੇਖ ਆਪ ਹੀ ਬੋਲ ਪੈਂਦੀ
‘ਕੀਹਨਾਂ ਦੇ ਜਾਣੈਂ ਭਾਈ,ਕਿਧਰੋਂ ਆਇਐਂ
ਮੈਂ ਸਿਆਣਿਆ ਨਹੀਂ ਤੈਨੂੰ’

ਉਦੋਂ ਉਸਦੇ ਗੁਆਂਢ ਵਾਲੀ ਨਵੀਂ ਪਿਓਂਦ ਨੂੰ
ਉਸ ’ਤੇ ਖਿਝ ਆਉਂਦੀ
‘ਇਸ ਨੇ ਕੀ ਲੈਣੈ
ਕੋਈ ਕਿਤੇ ਜਾਵੇ, ਕਿਤੋਂ ਆਵੇ



ਕੁਝ ਕਰੇ, ਕੁਝ ਨਾ ਕਰੇ’

ਉਦੋਂ
ਉਸਦੇ ਚੌਥਾ ਕੁ ਹਿੱਸਾ ਵਾਲ ਕਾਲੇ ਸਨ ਅਜੇ
ਦੋਵੇਂ ਮੁੰਡੇ ਅੱਡ ਹੋ ਗਏ ਸਨ
‘ਚਲੋ, ਉਹ ਜਾਣੇ’
ਉਹ ਦੋਵੇਂ ਜੀਅ ਰੰਗੀਂ ਵੱਸਦੇ ਸਨ
ਕਾਹਦਾ ਘਾਟਾ ਸੀ ਉਹਨਾਂ ਨੂੰ

ਹੁਣ ਉਸਦੀ ਮੰਜੀ ਅੰਦਰ ਹੀ ਡਹਿੰਦੀ ਹੈ
ਘਰ ਵਾਲ਼ੇ ਦੇ ਖ਼ਾਲੀ ਮੰਜੇ ਕੋਲ
ਸਵੇਰੇ ਹੀ ਤੁਰ ਜਾਂਦਾ ਹੈ ਘਰ ਵਾਲ਼ਾ, ਤਕੀਏ ਵੱਲ ਨੂੰ
ਬੈਠਾ ਰਹਿੰਦਾ ਹੈ ਸਾਰਾ ਦਿਨ ਉੱਥੇ ਹੀ
ਨੌਕਰੀ ਛੁੱਟ ਜਾਣ ਮਗਰੋਂ
ਹੁਣ ਮਾੜੀ ਮੋਟੀ ਤਰਖਾਣੀ ਦਾ ਕੰਮ ਕਰ ਲੈਂਦਾ ਹੈ ਬੱਸ
ਊਂ ਤਾਂ ਪੈਨਸ਼ਨ ਵੀ ਦਿੰਦੀ ਹੈ ਸਰਕਾਰ ਦੋਵਾਂ ਨੂੰ

ਸਰਦਾਰਾਂ ਕੇ ਮੀਤੇ ਦੇ ਪੰਚ ਬਣਨ ਮਗਰੋਂ
ਪੱਕੀ ਹੋ ਗਈ ਹੈ ਬੀਹੀ
ਮਾਰ-ਮਾਰ ਕਰਦੇ ਮੋਟਰ-ਸਾਈਕਲ, ਸਕੂਟਰ
ਰੱਖਦੇ ਨੇ ਗੇੜਾ,ਮੀਤੇ ਕੇ ਘਰ ਦਾ ਹੁਣ
ਰਾਜਿਆਂ ਕੇ ਭੀਰੇ ਦੇ ਜਵਾਕ
ਸਕੂਟਰਾਂ ’ਤੇ ਸ਼ਹਿਰ ਪੜ੍ਹਨ ਜਾਂਦੇ ਹੁਣ
ਖ਼ੌਰੇ ਕੀ ਖਾ ਕੇ ਤੁਰਦੇ, ਸਕੂਟਰ ਜਹਾਜ਼ਾਂ ਵਾਂਗ ਉਡਾਉਂਦੇ

ਹੁਣ ਤਾਂ ਕਿੰਨੇ-ਕਿੰਨੇ ਦਿਨ, ਨਾ ਸਬਜ਼ੀ ਵਾਲਾ ਆਉਂਦਾ
ਨਾ ਛਾਣ-ਬੂਰੇ ਵਾਲੇ ਦੇ ਬੋਲ ਸੁਣਦੇ
ਨਾ ਜੁੱਤੀਆਂ ਗੱਠਣ ਹੀ ਆਉਂਦਾ ਕੋਈ
ਬਚਨੀ ਨੂੰ ਵੀ ਹੁਣ ਤਾਂ ਅੰਦਰ ਹੀ ਕੋਠਾ ਛੱਤ ਦਿੱਤਾ ਸਰਦਾਰਾਂ ਨੇ

ਮੋਟਰ ਸਾਈਕਲ ਵੱਜ ਕੇ ਮੰਜੀ ਤੋਂ ਡਿੱਗ ਪਈ ਸੀ ਜਦ ਉਹ
ਚੂਲਾ ਹਿੱਲ ਗਿਆ ਸੀ ਉਸਦਾ
ਹੁਣ ਤਾਂ ਉਹ ਡਰਦੀ ਮੰਜੀ ਵੀ ਬਾਹਰ ਨਹੀਂ ਕੱਢਦੀ
ਅੰਦਰ ਹੀ ਘਰ ਵਾਲ਼ੇ ਦੇ ਖ਼ਾਲੀ ਮੰਜੇ ਕੋਲ
ਆਪਣੀ ਮੰਜੀ ਡਾਹੀ ਬੈਠੀ
ਬਾਹਰ ਵਲ ਤੱਕਦੀ ਰਹਿੰਦੀ ਹੈ ਦਿਨ ਭਰ

## ਚੁੱਪ

ਮੈਂ ਕੁਝ ਨਹੀਂ ਬੋਲਾਂਗਾ
ਚੁੱਪ ਹੀ ਰਹਿਣਾ ਚਾਹੁੰਦਾ ਹਾਂ ਅਜੇ
ਹਾਲਾਂਕਿ ਜਾਣਦਾ ਹਾਂ
ਚੁੱਪ ਬਹੁਤ ਖ਼ਤਰਨਾਕ ਹੁੰਦੀ ਹੈ

ਆਲ਼ੇ-ਦੁਆਲ਼ੇ ਪਸਰੇ ਸ਼ੋਰ ਦੇ ਮਾਹੌਲ ਵਿਚ
ਕਿੰਨੀ ਦੁਬਿਧਾ,ਕਿੰਨਾ ਅਸਮੰਜਸ
ਫੈਲਿਆ ਹੈ ਚਾਰੇ ਪਾਸੇ
ਨਾ 'ਹਾਂ' ਦਾ ਮਤਲਬ 'ਹਾਂ' ਹੈ
ਨਾ 'ਨਾਂਹ' ਦਾ ਮਤਲਬ ਹੈ 'ਨਾਂਹ'

ਜੋ ਮੂੰਹੋਂ ਬੋਲ ਰਿਹਾ ਹੁੰਦਾ – 'ਹਾਂ'
ਕਦੇ ਉਹ ਕਹਿ ਰਿਹਾ ਹੁੰਦਾ –'ਨਹੀਂ'
ਕਦੇ –'ਕਦੇ ਨਹੀਂ'
ਕਦੇ– 'ਕਿਸੇ ਵੀ ਹਾਲ ਵਿਚ ਨਹੀਂ'

ਚੁਫ਼ੇਰੇ ਫੈਲੇ 'ਹਾਂ' ਤੇ 'ਨਾਂਹ' ਦੇ ਇਸ ਸ਼ੋਰ ਵਿਚ
ਪਛਾਣਨਾ ਚਾਹੁੰਦਾ ਹਾਂ
ਸ਼ਬਦਾਂ ਦੇ ਅਸਲ ਮਾਇਨੇ
ਇਸ ਲਈ ਚੁੱਪ ਹਾਂ
ਇਹ ਜਾਣਦੇ ਹੋਏ ਵੀ
ਕਿ ਚੁੱਪ ਬਹੁਤ ਖ਼ਤਰਨਾਕ ਹੁੰਦੀ ਹੈ
ਮਾਇਨੇ ਸਮਝ ਆ ਜਾਣ ਇਕੇਰਾਂ
ਚੁੱਪ ਤਾਂ ਇਕ ਪਲ ਵਿਚ ਤੋੜ ਦੇਵਾਂਗਾ

## ਕਵਿਤਾ ਨਾ ਲਿਖ ਹੋਣ ਦੇ ਦਿਨ

ਵਿਹੜੇ ਵਿਚ ਰੱਖੇ ਗਮਲੇ ਵਿਚ ਫੈਲੇ
ਤੁਲਸੀ ਦੇ ਬੂਟੇ ਨੂੰ ਵੇਖ-ਚੇਤੇ ਆਉਂਦੇ ਨੇ ਦਿਨ
ਮੁਰਝਾ ਚੱਲਿਆ ਸੀ ਤੁਲਸੀ ਦਾ ਬੂਟਾ ਜਦੋਂ
ਰਹਿ ਗਿਆ ਸੀ ਬੱਸ ਇਕ ਡੱਕਾ ਜਿਹਾ, ਗਮਲੇ 'ਚ ਗੱਡਿਆ
ਹਰ ਰੋਜ਼ ਵਿਹੜੇ ਵਿਚ ਜਾਂਦਾ
ਕੁਝ ਛਿਣ ਵਿੰਹਦਾ ਰਹਿੰਦਾ ਤੁਲਸੀ ਦੇ ਬੂਟੇ ਨੂੰ
ਕਦੇ ਖੁਰਪਾ ਚੁੱਕ ਗੋਡੀ ਕਰਦਾ
ਕਦੇ ਪਾਣੀ ਦਾ ਡੱਬਾ ਭਰ ਕੇ ਪਾ ਦਿੰਦਾ
ਆਖਿਆ ਸੀ ਪਤਨੀ ਨੇ ਇਕ ਦਿਨ –
ਸਾਹਮਣੇ ਵਾਲੀ ਦੀਦੀ ਕਹਿੰਦੀ ਸੀ –



'ਭਈਆ ਸੂਖੀ ਤੁਲਸੀ ਕੋ ਹੀ ਪਾਨੀ ਦੇਤੇ ਰਹਿਤੇ ਹੈਂ
ਬਤਾ ਦੀਜੀਏ ਨਾ ਉਨਕੋ, ਨਹੀਂ ਹੋਗੀ ਯੇਹ ਹਰੀ ਅਬ'
ਦੱਸਦੀ ਸੀ ਪਤਨੀ,ਆਪਣਾ ਦਿੱਤਾ ਜਵਾਬ –
'ਕੇਵਲ ਤੁਲਸੀ ਸੂਖੀ ਹੈ ਦੀਦੀ
ਇਨਕੇ ਅੰਦਰ ਕੀ ਇੱਛਾ ਨਹੀਂ'

ਕਵਿਤਾ ਨਾ ਲਿਖ ਹੋਣ ਦੇ ਦਿਨਾਂ ਵਿਚ
ਵਿਹੜੇ ਵਿਚ ਖਲ੍ਹੇ ਪੈੱਨ ਵਿਚ ਸਿਆਹੀ ਭਰਦਿਆਂ
ਗਮਲੇ ਵਿਚ ਫੈਲੇ ਤੁਲਸੀ ਦੇ ਬੂਟੇ ਨੂੰ ਵੇਖ
ਚੇਤੇ ਆਉਂਦਾ ਹੈ ਬੜਾ ਕੁਝ

## ਫੈਲਾਅ

ਬੜਾ ਕੁਝ ਵਾਪਰਦਾ ਹੈ ਆਲੇ-ਦੁਆਲੇ
ਹਰ ਦਿਨ – ਹਰ ਪਲ
ਚੱਲਦਾ ਰਹਿੰਦਾ ਨਿਰੰਤਰ
ਵਰਤ-ਵਰਤਾਰਿਆਂ ਦਾ ਸਿਲਸਿਲਾ –
ਦੇਸ਼ ਦੀ ਰਾਜਨੀਤੀ ਵਿਚ ਟੁੱਟਣਾ-ਜੁੜਨਾ
ਆਰਥਿਕਤਾ ਦਾ ਘਟਣਾ-ਵਧਣਾ
ਸਮਾਜ ਵਿਚ ਲੁੱਟ-ਖ਼ੋਹ, ਮਾਰ-ਕੁੱਟ
ਸਭ ਚੱਲਦਾ ਹੈ ਉਵੇਂ ਹੀ ਲਗਾਤਾਰ
ਜਿਵੇਂ ਚੱਲਦਾ ਸੀ ਹਮੇਸ਼ਾ
ਹੁੰਦੀ ਸੀ ਕੋਈ ਵੀ ਹਲਚਲ
ਕੋਈ ਕਰਵਟ ਲੈਂਦੀ ਸੀ ਆਰਥਿਕਤਾ
ਰਾਜਨੀਤੀ ਵਿਚ ਬਦਲਦੇ ਸਨ ਸਮੀਕਰਣ
ਹੁੰਦੀ ਸੀ ਮਾਰ-ਕਾਟ ਕਿਧਰੇ
ਤਾਂ ਤ੍ਰਭਕ ਜਾਂਦਾ ਸਾਂ ਮੈਂ
ਉੱਠਦੀਆਂ ਸਨ ਲੂਹਰੀਆਂ ਮੇਰੇ ਅੰਦਰ
ਭਰ ਜਾਂਦਾ ਸਾਂ ਬੇਕਰਾਰੀ ਨਾਲ
ਹੋ ਜਾਂਦਾ ਸਾਂ ਬਹੁਤ ਉਤੇਜਿਤ

ਉਵੇਂ ਹੀ ਵਾਪਰਦਾ ਹੈ ਸਭ ਕੁਝ ਆਲੇ-ਦੁਆਲੇ
ਨਹੀਂ ਉੱਠਦੀਆਂ ਲੂਹਰੀਆਂ ਪਰ ਅੰਦਰ
ਨਹੀਂ ਭਰਦੀ ਬੇਕਰਾਰੀ, ਨਹੀਂ ਹੁੰਦੀ ਉਤੇਜਨਾ

ਸਾਰਾ ਹੀ ਧਿਆਨ, ਰਹਿੰਦਾ ਆਪਣੇ ਅੰਦਰੇ-ਅੰਦਰ
ਕਿੰਨਾ ਕੁਝ ਪਿਆ ਹੈ –
ਖਿਲਰਿਆ-ਖਿਲਰਿਆ, ਉੱਘੜ-ਦੁੱਘੜਾ

ਬਾਹਰ ਬਾਰੇ ਸੋਚਣ ਲੱਗਾਂ
ਤਾਂ ਖ਼ੁਦ ਆਪਣੇ 'ਤੇ ਹੱਸਦੀ ਹੈ ਸਵੈ –
'ਜਾਪਦਾ ਹੈ ਅੰਦਰ ਸਾਫ਼ ਹੋ ਗਿਆ
ਜੋ ਤੁਰ ਚੱਲਿਆ ਹੈ ਬਾਹਰ ਵੱਲੇ'
ਮੁੜ ਆਉਂਦਾ ਹਾਂ ਮੈਂ
ਫ਼ਿਰ ਲੱਗਦਾਂ ਫੇਰਨ, ਬਹੁਕਰ ਆਪਣੇ ਅੰਦਰ

ਸਿਮਟ ਰਿਹਾ ਹਾਂ ਮੈਂ ਸ਼ਾਇਦ –
ਕੁਲ ਬ੍ਰਹਿਮੰਡ ਤੋਂ ਕੇਵਲ ਸਵੈ ਤਕ
ਜਾਂ ਸ਼ਾਇਦ ਫੈਲ ਰਿਹਾ ਹਾਂ ਮੈਂ
ਕਰ ਰਿਹਾ ਹਾਂ ਪ੍ਰਯੋਗ ਆਪਣੇ-ਆਪ ਉੱਤੇ
ਸਮਝ ਦੀ ਪ੍ਰਯੋਗਸ਼ਾਲਾ ਬਾਹਰ ਨਹੀਂ
ਹੁੰਦੀ ਹੈ ਬੰਦੇ ਦੇ ਅੰਦਰ ਹੀ

## ਖੁਸਰੇ

ਪੂਰੇ ਸ਼ਹਿਰ 'ਚੋਂ ਕਨਸੋਆਂ ਲੈਂਦੇ ਖੁਸਰੇ
ਲੱਭਦੇ ਰਹਿੰਦੇ ਸਦਾ –
ਕੋਈ ਵਿਆਹ ਵਾਲਾ ਵਿਹੜਾ
ਕਿਤੇ ਮੁੰਡਾ ਜੰਮਣ ਦਾ ਖੇੜਾ

ਖੁਸ਼ੀਆਂ-ਖੇੜਿਆਂ ਵਾਲੇ ਘਰ ਜਾਂਦੇ
ਨੱਚਦੇ, ਟੱਪਦੇ, ਗਾਉਂਦੇ
ਮਸਖਰੀਆਂ ਕਰਦੇ
ਆਪ ਹੱਸਦੇ,ਦੂਜਿਆਂ ਨੂੰ ਹਸਾਉਂਦੇ
ਖੁਸ਼ੀਆਂ-ਖੇੜਿਆਂ ਨੂੰ ਚਾਰ-ਚੰਨ ਲਾਉਂਦੇ
ਖੁਸਰੇ-ਘਰਾਂ ਦੇ ਵੱਸਣ ਦੀ ਸੁੱਖ ਮੰਗਦੇ
'ਤੇਰਾ ਘਰ ਵੱਸੇ ਬੀਬੀ,ਤੇਰੇ ਵਿਹੜੇ ਖੇਡਣ ਬਾਲ
ਮੈਂ ਤਾਂ ਕਹਿੰਨੀ ਆਂ ਬਹੂ ਦੇ ਜੌੜੇ ਮੁੰਡੇ ਹੋਣ
ਅਗਲੇ ਸਾਲ ਫੇਰ ਆਵਾਂ ਮੈਂ
ਤੇਰਾ ਵਿਹੜਾ ਭਰਿਆ ਰਹੇ
ਤੇਰਾ ਘਰ ਗੂੰਜੇ ਤੋਤਲੇ ਬੋਲਾਂ ਨਾਲ'

ਨਗਰ-ਖੇੜੇ ਦੀ ਖ਼ੈਰ-ਸੁੱਖ ਮੰਗਦੇ ਖੁਸਰੇ
ਦੁਆਵਾਂ ਕਰਦੇ- ਨਗਰ ਹੋਰ ਵਧੇ-ਫੁੱਲੇ
'ਹੁਣ ਤਾਂ ਨਗਰ ਦੇ ਘਰ ਵੱਸ ਗਏ
ਔਹ ਰੇਲ ਲਾਈਨ ਤੋਂ ਪਾਰ ਤਕ ਵੀ
ਏਧਰੋਂ ਵੀ ਔਹ ਫ਼ਲਾਣੇ ਪਿੰਡ ਤਕ ਜਾ ਰਿਹਾ, ਨਗਰ ਹੁਣ ਤਾਂ



ਚਲੋ ਚੰਗਾ ਹੈ ਮੈਂ ਤਾਂ ਕਹਿੰਨੀ ਆਂ
ਨਗਰ ਰੰਗੀਂ ਵੱਸੇ, ਵਧੇ-ਫੁੱਲੇ
ਸਾਨੂੰ ਰੋਜ਼ ਜਾਣਾ ਮਿਲੇ, ਕਿਸੇ ਵਿਆਹੁਲੇ ਘਰ
ਕਿਸੇ ਮੁੰਡਾ ਜੰਮਣ ਵਾਲੇ ਦਰ
ਅਸੀਂ ਨੱਚ-ਨੱਚ ਨ੍ਹੀਂ ਥੱਕਦੇ'
ਖੁਸਰੇ ਦੇ ਬੋਲਾਂ ਵਿਚ, ਨਹੀਂ ਹੁੰਦੀ ਕੋਈ ਈਰਖਾ
ਖੁਸ਼ੀਆਂ-ਖੇੜਿਆਂ ਵਾਲੇ ਘਰਾਂ ਨਾਲ

ਜਾਣਦੇ ਨੇ ਖੁਸਰੇ
ਨਾ ਕਦੇ ਵਿਆਹੇ ਜਾਣਾ, ਨਾ ਜਾਣਾ ਕਿਸੇ ਮੁਕਲਾਵੇ
ਨਾ ਔਲਾਦ ਹੀ ਜਣਨੀ ਕਦੇ ਕੋਈ

ਫੇਰ ਵੀ ਨੱਚਦੇ, ਟੱਪਦੇ, ਗਾਉਂਦੇ, ਮੁਸਕਾਉਂਦੇ
ਹੱਸਦ, ਹਸਾਉਂਦੇ

ਖੁਸਰੇ ਜਾਣ ਗਏ ਨੇ
ਸੱਚ ਤਾਂ ਸੱਚ ਹੁੰਦਾ ਹੈ
ਆਪਣੀ ਖੁਸਰਾ ਮੰਡਲੀ ਤੋਂ ਲੈ ਕੇ
ਅਮਰੀਕਾ ਦੇ ਰਾਸ਼ਟਰਪਤੀ ਤਕ
ਸਭ ਦਾ ਇੱਕੋ ਸੱਚ –
ਆਪਣੀ ਖੁਸ਼ੀ ਸ਼ਹਿਰ ਦੇ ਵੱਸਣ ਵਿਚ ਹੈ
ਸ਼ਹਿਰ ਦੇ ਬੁੱਲ੍ਹਾਂ 'ਤੇ ਖੁਸ਼ੀ ਹੋਵੇ
ਤਾਂ ਹੀ ਚੱਲਦਾ ਬਾਜ਼ਾਰ
ਤਦੇ ਹੀ ਖੁੱਲ੍ਹਦੇ ਦਫ਼ਤਰ ਤੇ ਸੰਸਥਾਵਾਂ
ਚੱਲਦਾ ਰਾਜਨੀਤੀ ਦਾ ਕੰਮ-ਕਾਰ
ਉਜਾੜਾ ਤਾਂ ਵਿਰਲਾਪ ਲਿਆਉਂਦਾ
ਵਿਰਲਾਪ ਵਿਚ ਖੁਸਰਾ ਕਿਸ ਨੂੰ ਚੇਤੇ ਆਉਂਦਾ 000

(University School of Management Studies, Guru Gobind Singh
Indraprastha University, New Delhi)

# ਚਾਰ ਕਵਿਤਾਵਾਂ: ਹਰਕੰਵਲਜੀਤ ਸਾਹਿਲ

## ਸਿਮਰਨ

ਅਜਿਹਾ ਇਕ ਰੱਬ ਬਣਾਵਾਂ
ਜਿਹੋ ਜਿਹਾ ਖੁਦ ਹੋਣਾ ਚਾਹਵਾਂ
... ਤੇ 'ਤੋਹੀ ਮੋਹੀ, ਮੋਹੀ ਤੋਹੀ
ਅੰਤਰ ਕੈਸਾ' ਦਾ ਗੀਤ ਗਾਵਾਂ

ਕਦੇ ਕਦੇ ਅਗੀਤ ਵੀ ਗਾਵਾਂ

### ਅਸ਼ਹਿਰ

ਕੀ ਇਹ ਸ਼ਹਿਰ ਮੇਰਾ ਹੈ...
ਸ਼ਹਿਰ 'ਚ ਮੈਂ, ਜਾਂ ਸ਼ਹਿਰ ਮੇਰੇ 'ਚ...

ਰਤਾ ਕੁ ਹੀ ਮੈਨੂੰ ਝੱਲੇ
ਬਹੁਤਾ ਵਰਤੇ ਖਰਚੇ ਲੱਧੇ
ਤੇ ਜਿਵੇਂ ਮੇਰੇ 'ਤੇ ਹੱਸੇ
ਕਿੰਨਾ ਓਪਰਾ।
ਭੋਰਾ ਕੁ ਹੀ ਮਨਜ਼ੂਰ
ਬਾਕੀ ਮੈਥੋਂ ਕਿੰਨਾ ਦੂਰ...ਦੂਰ...
ਹਰ ਸ਼ਹਿਰ 'ਚ ਅਸ਼ਹਿਰੀ!
ਹਰ ਦੇਸ਼ 'ਚ ਪਰਦੇਸੀ!

### ਕਾਲ ਅਕਾਲ

ਆ ਬਦਲ ਬਦਲ
ਕਰਵਟਾਂ ਮੁਖੌਟੇ
ਹੇ ਦੁੱਖ
ਮੈਂ ਤੈਨੂੰ ਦੂਰੋਂ ਹੀ ਪਛਾਣ ਲੈਂਦਾ ਹਾਂ
ਨੇੜੇ ਹੋਣ 'ਤੇ ਗਲਵਕੜੀ ਪਾਈ ਹੈ
ਮੈਂ ਤੇ ਦਰਦ
ਇਕਮਿਕ ਹੋਏ ਰਹੇ ਹਾਂ

ਕਦੇ ਤੈਥੋਂ ਭੱਜਿਆਂ! ਮੂੰਹ ਮੋੜਿਆ?
ਬੜੇ ਥੋੜ੍ਹੇ ਹਨ, ਤੇਰੇ ਦੋਸਤ ਏਥੇ
ਕਦਰ ਕਰਿਆ ਕਰ, ਨਾ ਦੁਖੀ ਕਰਿਆ ਕਰ
ਨਿਸੰਗ ਮਿਲਿਆ ਕਰ
ਹੇ ਦੁੱਖ !

### ਇੱਥੇ ਉੱਥੇ

ਜੇਲ੍ਹ 'ਚ ਕਾਫੀ ਸਹੂਲਤਾਂ-
ਮਨਫੀ ਵੀਹ 'ਚ ਘਰ 'ਚ ਕੈਦ...

ਉੱਥੇ ਹੁੰਦਾ ਸ਼ਾਇਦ
ਦਰਸ਼ਨ ਦੁਸਾਂਝ, ਪਾਸ਼ ਵਾਂਗ ਕੈਦ ਕੱਟਦਾ
'ਚੱਪਾ ਕੁ ਸੂਰਜ' ਜਾਂ
'ਰੌਸ਼ਨਦਾਨ ਚੋਂ ਦਿਸਦਾ ਚੰਦ' ਵਰਗੀ



ਕਵਿਤਾ ਲਿਖਦਾ
ਖੁਦੀ 'ਤੇ ਮਾਣ ਜਿਹਾ ਵੀ ਕਰਦਾ
'ਜਿਉਂਦਿਆਂ' 'ਚ ਹੁੰਦਾ...

ਇੱਥੇ ਆਜ਼ਾਦੀ ਦਾ ਭਰਮ ਪਾਲਦਾ
ਗ਼ੁਲਾਮੀ ਖਿੜੇ ਮੱਥੇ ਤੇ ਗਿਲਟ ਨਾਲ ਝੱਲਦਾ
ਸ਼ਿਕਾਇਤ ਵੀ ਨਾ ਕਰਦਾ...
ਕਿਸਮਤ...! 000

**[136 Dover Tree Place S.E. Calgary, AB,Canada T2B 2K3]**

## ਦੋ ਕਵਿਤਾਵਾਂ: ਕੁਲਵੰਤ ਔਜਲਾ

### ਜਿਉਂਦੇ ਜਜ਼ਬੇ

ਬਹੁਤ ਪੁਰਾਣੀਆਂ ਯਾਦਾਂ ਆਈਆਂ
ਜਿਉਂਦੇ ਜਜ਼ਬੇ ਨਾਲ ਲਿਆਈਆਂ

ਇਕ ਜਜ਼ਬਾ ਬੀਤੇ ਯੁਗ ਵਰਗਾ, ਮੋਹਖੋਰਾ ਤੇ ਪਾਕ ਜਿਹਾ
ਬਦਲ ਗਏ ਸਿਰਨਾਵੇਂ ਉੱਤ, ਆਈ ਅਚਨਾਕ ਡਾਕ ਜਿਹਾ

ਇਕ ਕਰੂੰਬਲ ਫੁੱਟੀ ਤਨ 'ਚੋਂ,
ਕਿੰਨਾ ਕੁਝ ਅਣਲਿਖਿਆ ਲੱਭਿਆ
ਸੂਦਖੋਰ ਦੀ ਵਹੀ ਵਰਗੇ,ਖੰਡਰ ਜਿਹੇ ਉਦਾਸੇ ਮਨ 'ਚੋਂ
ਬਹੁਤ ਪੁਰਾਣੀਆਂ ਯਾਦਾਂ ਆਈਆਂ...

ਐਸੇ ਪਲ ਚੇਤਿਆਂ ਵਿਚ ਆਏ
ਅਸੀਂ ਜਦੋਂ ਸਨ ਜੋਗ ਕਮਾਏ
ਬਹੁਤ ਮਾਸੂਮ ਤੇ ਮੌਲਕ ਅੱਥਰੂ
ਬੱਸ ਅਣਭੋਲ ਐਵੇਂ ਹੀ ਬਹਿ ਗਏ
ਚਿੱਪੀ, ਚਿਮਟਾ, ਬਗਲੀਆਂ ਵਰਗੇ
ਅੱਖਰ ਸਾਡੇ ਪੱਲੇ ਪੈ ਗਏ
ਕਦੀ ਕਦਾਈਂ ਵਰ੍ਹੇ ਛਿਮਾਹੀ
ਲੱਭਦਾ ਹਾਂ ਗੋਰਖ ਦਾ ਟਿੱਲਾ
ਲੱਭਦਾ ਹਾਂ ਨਾਥਾਂ ਦੀ ਖੂਹੀ
ਜਿਸ ਵਿਚ ਖਪ ਗਏ ਖੌਰੇ ਕਿੰਨੇ ਧੀਦੋ
ਖੌਰੇ ਕਿੰਨੇ ਪੂਰਨ ਜੋਗੀ, ਨਾਥੋਂ ਹੋਏ ਅਨਾਥ
ਕਿਹੜਾ ਗੋਤਾਖੋਰ ਲਿਆਵੇ, ਵਿਧਣ ਖੂਹੀ ਦੀ ਹਾਥ

ਬਹੁਤ ਪੁਰਾਣੀਆਂ ਯਾਦਾਂ ਆਈਆਂ...

ਕੁਝ ਇਕ ਜਜ਼ਬੇ ਅਜੇ ਵੀ ਬੋਲਣ
ਦਿਲ ਦੀ ਹਰ ਇਕ ਨਾੜ ਫਰੋਲਣ
ਕਹਿਣ ਕਿ ਮੁੜ ਕੋਈ ਨਜ਼ਮ ਉਗਾਈਏ
ਖਾਬਾਂ ਨੂੰ ਫਿਰ ਤੋਂ ਪਿਘਲਾਈਏ
ਰੱਤ ਨਾਲ ਲਿਖੀਏ ਨਾਥ ਕੀ ਬਾਣੀ
ਮਰ ਮੁੱਕ ਜਾਏ ਨਾ ਕਿਤੇ ਕਹਾਣੀ
ਪਰ ਨਾ ਹੁੰਦੀ ਭਾਵੁਕ ਮਿੱਟੀ
ਲਗਰ ਵਾਂਗ ਸੁਰਜੀਤ
ਨਾ ਹੀ ਫੁੱਟਦਾ ਕਾਵਿਕ ਕੁੱਖ 'ਚੋਂ
ਝਰਨੇ ਜਿਹਾ ਅਤੀਤ
ਬਹੁਤ ਪੁਰਾਣੀਆਂ ਯਾਦਾਂ ਆਈਆਂ...

ਲਹੂ ਧੜਕੇ ਜਿਉਂ ਨਾੜਾਂ ਅੰਦਰ
ਇਉਂ ਧੜਕਦੇ ਜਿਉਂਦੇ ਜਜ਼ਬੇ
ਸਾਡੀ ਰੂਹ ਰੰਗਤ ਦੀ ਮਿੱਟੀ
ਸਾਡੀ ਰਗ ਰਗ ਦੇ ਹਨ ਰਾਗ
ਮਹਾਂਕਾਵਿਕ ਭੋਰੇ ਵਿਚ ਪਲਦੇ
ਸਾਡੇ ਪੁਰਖਿਆਂ ਦੇ ਵੈਰਾਗ
ਚਾਹੀਏ ਵੀ ਤਾਂ ਲਿਖ ਨਹੀਂ ਹੋਣਾ
ਨਾੜਾਂ ਵਿਚ ਵਹਿੰਦਾ ਇਤਿਹਾਸ
ਲਫਜ਼ਾਂ ਕੋਲੋਂ ਪਕੜ ਨਹੀਂ ਹੋਣੇ
ਕਿਰ ਗਏ ਅੰਦਰੋਂ ਜੋ ਅਹਿਸਾਸ
ਬਹੁਤ ਪੁਰਾਣੀਆਂ ਯਾਦਾਂ ਆਈਆਂ
ਜਿਉਂਦੇ ਜਜ਼ਬੇ ਨਾਲ ਲਿਆਈਆਂ

## ਲੜਨਾ ਏਂ ਪੰਜਾਬ ਸਿਆਂ ਤਾਂ

ਨਾ ਵੰਡਣ ਨਾ ਢਾਹੁਣ ਲਈ ਲੜ
ਸਾਂਭਣ ਅਤੇ ਬਚਾਉਣ ਲਈ ਲੜ
ਲੜਨਾ ਏਂ ਪੰਜਾਬ ਸਿਆਂ ਤਾਂ
ਪੰਘਰਨ ਤੇ ਪਿਘਲਾਉਣ ਲਈ ਲੜ ,,,

ਪਾਣੀ, ਪਿੰਡ,ਇਤਿਹਾਸ ਨੂੰ ਵੰਡ ਕੇ
ਆਂਦਰ ਤੇ ਅਹਿਸਾਸ ਨੂੰ ਵੰਡ ਕੇ
ਲਹੂ, ਮਿੱਟੀ ਤੇ ਮਾਸ ਨੂੰ ਵੰਡ ਕ
ਸੀਸ ਵਿਹੂਣੇ ਬੀਜ ਨਾ ਧੜ...
ਸੱਚੀ ਸੁੱਚੀ ਕਿਰਤ ਗੰਵਾ ਕੇ
ਚਾਹਤ ਵਿਚ ਬਾਜ਼ਾਰ ਉਗਾ ਕੇ



ਵੇਚਣ, ਵੱਟਣ, ਖੱਟਣ ਲਾ ਕੇ
ਤ੍ਰਿਸ਼ਨਾ ਦੀ ਅੱਗ ਵਿਚ ਨਾ ਸੜ...

ਧੜਕਣ ਜੋਗੇ ਸਾਹ ਬਚਾ ਲੈ
ਆਉਣ ਜਾਣ ਲਈ ਰਾਹ ਬਚਾ ਲੈ
ਸਾ ਰੇ ਗਾ ਮਾ ਪਾ ਬਚਾ ਲੈ
ਪੱਲਾ ਤਰਕ ਤੌਫੀਕ ਦਾ ਫੜ...

ਬੀਤੇ ਦੀ ਇਕ ਬਾਤ ਹੋ ਗਏ
ਦਿਲ ਦਰਿਆ ਖੰਡਰਾਤ ਹੋ ਗਏ
ਬੰਦੇ ਧਰਮ ਤੇ ਜ਼ਾਤ ਹੋ ਗਏ
ਮੁੜ ਪੁੰਗਰਨ ਲਈ ਬੇਸ਼ੱਕ ਲੜ...

ਬਚੀ ਖੁਚੀ ਜੋ ਰੂਹ ਨਾ ਵੇਚ
ਖੇੜਾ ਤੇ ਖੁਸ਼ਬੂ ਨਾ ਵੇਚ
ਕਾਵਿਕਤਾ ਕੁ ਹੂ ਨਾ ਵੇਚ
ਦੂਸਰਿਆਂ ਸਿਰ ਦੋਸ਼ ਨਾ ਮੜ...

ਬੀਤ ਗਿਆ ਮੁੜ ਪੜ੍ਹਨਾ ਪੈਣਾਂ
ਜਜ਼ਬਾ ਘੁੱਟ ਕੇ ਫੜਨਾ ਪੈਣਾਂ
ਵਾਂਗ ਯੋਧਿਆਂ ਲੜਨਾ ਪੈਣਾ
ਸਿਰਫਿਰਿਆਂ ਦੇ ਵਾਂਗ ਨਾ ਅੜ...

ਬੰਦ ਬੰਦ ਕਟਵਾ ਗਏ ਨੇ ਜੋ
ਨੀਹਾਂ ਵਿਚ ਚਿਣਵਾ ਗਏ ਨੇ ਜੋ
ਮਿਤਰ ਪਿਆਰੇ ਗਾ ਗਏ ਨੇ ਜੋ
ਅਤਿ ਗਹਿਰੇ ਇਤਿਹਾਸ ਨੂੰ ਪੜ...

ਅਜੇ ਵੀ ਵੇਲਾ ਸੰਭਲ ਜਾਈਏ
ਢਿੱਡਾਂ ਵਿਚ ਨਾ ਪਾਟਕ ਪਾਈਏ
ਮਮਤਾ ਵਿਚ ਨਾ ਜ਼ਹਿਰ ਮਿਲਾਈਏ
ਪਾਟ ਜਾਏ ਨਾ ਕਿਧਰੇ ਕੜ
ਲੜਨਾ ਏਂ ਪੰਜਾਬ ਸਿਆਂ ਤਾਂ
ਪੰਘਰਨ ਤੇ ਪਿਘਲਾਉਣ ਲਈ ਲੜ 000

**(97 ਮਾਡਲ ਟਾਊਨ, ਕਪੂਰਥਲਾ ਫੋਨ 01822-235343)**

# ਸਹੁੰ ਲੱਗੇ: ਕਵਿਤਾ: ਅਜੀਤ ਪਿਆਸਾ

ਬਾਬਿਓ! ਸਹੁੰ ਲੱਗੇ ਜੇ ਭੋਰਾ ਭਰ ਵੀ ਝੂਠ ਬੋਲਾਂ
ਮੈਂ ਤਾਂ ਨਿਮਖ ਜਿਹਾ ਇਕ ਜੀਵ-ਜੰਤੂ
ਜੋ ਧਰਮਾਂ-ਕਰਮਾਂ ਦਾ ਛਿਛੜਾ ਬਣ ਕੇ
ਲਗਦਾ ਆਇਆ ਫਿਰਕਪ੍ਰਸਤਾਂ ਦੀ ਕੁੰਡੀ ਅੱਗੇ
ਕਈ ਜਨਮ ਗਏ ਨੇ ਠੱਗੇ
ਬੇਸ਼ਰਮੀ ਦਾ ਮੂੰਹ ਕੀ ਖੋਲ੍ਹਾਂ...

ਬਾਬਿਓ! ਮੈਂ ਨ੍ਹੇਰੂ, ਗੂੰਗਾ, ਬੋਲ਼ਾ, ਮੋਹਰਾ
ਮੋਹਰੇ ਦੀ ਕੀ ਹੁੰਦੀ ਔਕਾਤ
ਜੋ ਕਦੇ ਰਿਫਊਜੀ ਕਦੇ ਮੁਹਾਜ਼ਿਰ ਬਣ ਕੇ
ਲੋਕ ਤੰਤਰੀ ਚਾਲਾਂ ਦੇ ਵਿਚ ਹੋਵੇ ਮਾਤ
ਬੇਵਸੀ ਜਿਸਦਾ ਸਿਰਨਾਵਾਂ, ਦੁੱਖ ਸਹਿਣੀ ਗ਼ੁਰਬਤ ਦੀ ਜ਼ਾਤ
ਜਵਾਨੀਉਂ ਜਾਵਾਂ ਜੂਠ ਜੇ ਬੋਲਾਂ...

ਆਜ਼ਾਦੀ ਬਾਰੇ...? ਬਾਬਿਓ ਆਜ਼ਾਦੀ ਬਾਰੇ ਮੈਂ ਕੀ ਜਾਣਾਂ
ਸੁਣਿਆਂ, ਉਹ ਹੈ ਸਬਜ਼-ਪਰੀ ਗੋਰਿਆਂ ਦੀ ਜਾਈ
ਨਿਰਪੱਖਤਾ ਦਾ ਮੁਖੌਟਾ ਪਾਈ
ਭਾਦੋਂ ਮਹੀਨੇ ਲਾਲ ਕਿਲੇ ਉਪਰ
ਤਿੰਨ ਰੰਗੇ ਸੰਗ ਜਸ਼ਨ ਮਨਾਉਣ ਹੈ ਆਉਂਦੀ
ਰਾਸ਼ਨ ਦੀ ਥਾਂ ਭਾਸ਼ਨ ਵਰਤਾਉਂਦੀ
ਪਰ ਕਦੇ ਵੀ ਹੱਥ ਨਾ ਆਈ
ਏਨੀ ਕੁ ਜਾਣਾਂ, ਉਸਦੀ ਕਥਾ ਸੁਣੀ-ਸੁਣਾਈ
ਭੁੱਖਾ ਕੀ ਜਾਣੇ ਲਾਲ ਕਿਲੇ ਜਾਂ ਦਿੱਲੀ ਬਾਰੇ
ਜੀਹਨੂੰ ਚੰਦ ਵੀ ਲੱਗਦੈ ਇਕ ਡੰਗ ਦੀ ਰੋਟੀ
ਸਾਡੇ ਤਾਂ ਭੁਜਦੀਆਂ ਨੇ ਹੋਲਾਂ...

ਮੈਂ ਤਾਂ ਹਾਂ ਨਰਕਾਂ ਦਾ ਵਾਸੀ
ਕੁੱਲੀ, ਜੁੱਲੀ, ਗੁੱਲੀ ਦੀ ਸੂਲੀ ਲਟਕਦਾ
ਪਸ਼ੂਆਂ ਤੋਂ ਮਾੜੀ ਜੂਨ ਭਟਕਦਾ
ਛਿੱਛੜੇ ਤੋਂ ਬਣ ਗਿਆ ਹਾਂ ਵੋਟ - ਉਂਝ ਨਹੀਂ ਬੰਦੇ ਵਿਚ ਖੋਟ
ਹੋਰ ਕਿਸੇ ਵੀ ਜੂਨੀ ਪਾ ਦਿਉ
ਏਥੇ ਨਹੀਂ ਭਗਤਾਂ ਅਤੇ ਭੇਡਾਂ ਦੀ ਤੋਟ
ਮਰ ਜਾਵਾਂ ਜੇ ਕੁਫਰ ਮੈਂ ਤੋਲਾਂ... 000

**(936 ਕੱਚਾ ਮੁਹੱਲਾ, ਜਗਰਾਉਂ- 142 026, ਫੋਨ: 94177-87238)**



# ਮੈਂ ਮਾਂ...? : ਕਹਾਣੀ : ਅਜਮੇਰ ਸਿੱਧੂ

ਮੈਂ ਈ ਉਹਦੀ ਜਨਮਦਾਤੀ ਆਂ ਪਰ ਉਸਦੇ ਸਰਟੀਫਿਕੇਟਸ ਦੇ ਮਾਂ ਵਾਲੇ ਕਾਲਮ ਵਿਚ ਮੇਰਾ ਨਾਂ ਨਹੀਂ ਏ।

ਮੈਂ ਰਾਤ ਸੁੱਤ-ਉਨੀਂਦੀ ਹਾਲਤ ਵਿਚ ਸੀ। ... ਉਹ ਮੇਰੇ ਨਾਲ ਖੇਡ ਰਿਹਾ ਸੀ। ਉਹ ਕਦੇ ਮੂੰਹ ਨਾਲ ਬੁਲਬੁਲੇ ਕੱਢਣ ਲੱਗ ਪੈਂਦਾ ਤੇ ਕਦੇ ਆਵਾ ਆਵਾ ਕਰਨ ਲੱਗ ਪੈਂਦਾ। ਫੇਰ ਉਹਨੇ ਆਪਣੇ ਪੈਰ ਮੇਰੇ ਮੂੰਹ ਨਾਲ ਲਾ ਲਏ। ਉਹ ਜ਼ੋਰ ਲਾਉਣ ਲੱਗ ਪਿਆ। ... ਹੁਣ ਵੀ ਸਵੇਰੇ ਜਿਹੇ ਉਹ ਆਪਣੇ ਹੱਥ ਮੇਰੀਆਂ ਛਾਤੀਆਂ 'ਤੇ ਮਾਰਨ ਲੱਗ ਪਿਆ। ਮੈਂ ਉਹਨੂੰ ਫੀਡ ਦੇਣ ਲਈ ਸ਼ਰਟ ਦਾ ਪੱਲਾ ਚੁੱਕਿਆ ਹੀ ਸੀ ਕਿ ਮੇਰੀ ਅੱਖ ਖੁਲ੍ਹ ਗਈ।

ਇਸ ਵਕਤ ਬੈੱਡ 'ਤੇ ਮੈਂ ਇਕੱਲੀ ਪਈ ਹਾਂ। ਐਡਾ ਵੱਡਾ ਘਰ ਖਾਣ ਨੂੰ ਪੈ ਰਿਹਾ ਏ।

ਹੁਣ ਉਹ ਕਿਹੜਾ ਛੋਟਾ ਬੱਚਾ? ਚੌਵੀ ਸਾਲ ਦਾ ਹੋ ਗਿਆ ਹੋਵੇਗਾ। ਪਿਛਲੇ ਦਿਨੀਂ ਮੈਂ ਉਹਨੂੰ ਮਿਲਣ ਗਈ ਸੀ। ਜੁਆਨ ਮੁੰਡੇ ਨੂੰ ਦੇਖਦੀ ਰਹਿ ਗਈ ਪਰ ਉਸ ਮੇਰੇ ਵੱਲ ਪੁੱਤਾਂ ਦੀ ਤਰ੍ਹਾਂ ਨਹੀਂ ਸੀ ਦੇਖਿਆ। ਮਾਂ ਦੀ ਮਮਤਾ ਪਸੀਜੀ ਗਈ ਸੀ। ਹੰਝੂ ਵਗ ਤੁਰੇ ਸਨ। ਮੈਂ ਉੱਥੋਂ ਸਿੱਧੀ ਆਪਣੀ ਲਾਇਰ ਕੋਲ ਗਈ ਸੀ।

ਕਿਮ ਨੇ ਕੋਰਟ ਵਿਚ ਇਕ ਹੋਰ ਕੇਸ ਫਾਈਲ ਕਰ ਦਿੱਤਾ ਸੀ। ਅੱਜ ਉਸ ਕੇਸ ਦਾ ਫੈਸਲਾ ਹੋਣੈ। ਮੈਂ ਪੂਰੀ ਰਾਤ ਚੰਗੀ ਤਰ੍ਹਾਂ ਸੌਂ ਨਹੀਂ ਸਕੀ। ... ਉਹਦੀ ਤਾਂ ਮੇਰੇ ਕੋਲ਼ ਕੋਈ ਹੋਰ ਫੋਟੋ ਵੀ ਨਹੀਂ ਏ, ਸਿਵਾਏ ਜਨਮ ਵੇਲੇ ਦੀ ਇਕ ਫੋਟੋ ਤੋਂ। ਇਕ ਦਿਨ ਫੋਟੋ ਖਿੱਚਣ ਲਈ ਉਹਦੇ ਅੱਗੇ ਮਾਂ ਵਾਲੀ ਰੀਕਿਊਸਿਟ ਕਰਨ ਲੱਗੀ ਸੀ ਪਰ ਮੇਰੀ ਲਾਇਰ ਨੇ ਮਨ੍ਹਾ ਕਰ ਦਿੱਤਾ ਸੀ। ਵੈਸੇ ਜੱਜ ਕਿਤੇ ਔਬਜੈਕਸ਼ਨ ਕਰਨ ਲੱਗਾ ਸੀ?... ਮੈਨੂੰ ਤਾਂ ਜੱਜ 'ਤੇ ਅੱਜ ਵੀ ਭਰੋਸਾ ਏ। ਉਹ ਮੇਰਾ ਬੇਟਾ ਜੇ ਮੈਨੂੰ ਵਾਪਸ ਨਹੀਂ ਮੋੜੇਗਾ, ਘੱਟੋ ਘੱਟ ਮਾਂ ਦਾ ਹੱਕ ਤਾਂ ਦੁਆ ਹੀ ਦਏਗਾ? ਪਿਛਲੀ ਹਿਅਰਿੰਗ ਵੇਲੇ ਜੱਜ ਨੇ ਏਹੀ ਕਿਹਾ ਸੀ—"ਮੈਨੂੰ ਲੱਗਦੈ ਇਹ ਨਿਵੇਕਲੀ ਕਿਸਮ ਦਾ ਕੇਸ ਸ਼ਾਇਦ ਪਹਿਲੀ ਵਾਰ ਅਦਾਲਤ ਵਿਚ ਆਇਆ ਏ।"

ਮੈਂ ਕੋਰਟ ਜਾਣਾਂ। ਅਜੇ ਵਕਤ ਬੜਾ ਪਿਆ। ਅੱਜ ਤੜਕੇ ਅੱਖ ਖੁਲ੍ਹ ਗਈ। ਬਾਹਰ ਤਾਂ ਬਹੁਤ ਜ਼ਿਆਦਾ ਹਨੇਰਾ... ਉਦੋਂ ਤਾਂ ਸਾਡੇ ਘਰ ਰੌਸ਼ਨੀ ਬੜੀ ਸੀ।

0 0 0

ਸ਼ਹਿਰ ਦੇ ਬਾਹਰ ਪੌਸ਼ ਏਰੀਏ ਵਿਚ ਸਾਡਾ ਬੰਗਲਾ ਸੀ। ਪੂਰੇ ਮਹੱਲੇ ਵਿਚ ਜਗਮਗ-ਜਗਮਗ ਕਰਦਾ। ਬੰਗਲੇ ਦੀ ਹਰ ਸ਼ੈਅ ਇੰਪੋਰਟਡ ਸੀ। ਮੈਨੂੰ ਬੰਗਲੇ ਤੇ ਸ਼ੈਆਂ ਨਾਲ ਅਟੈਚਮੈਂਟ ਨਹੀਂ ਸੀ। ਸੱਜੇ ਹੱਥ ਫੁੱਲਾਂ ਤੇ ਘਾਹ ਵਾਲਾ ਲਾਅਨ ਸੀ। ਖੱਬੇ ਹੱਥ ਬੜੇ ਬੜੇ ਬਿਰਖ ਜੰਗਲ ਦਾ ਭੁਲੇਖਾ ਪਾਉਂਦੇ ਸਨ। ਅੰਬਾਂ, ਜਾਮਣਾਂ ਤੇ ਹੋਰ ਫਲਾਂ ਵਾਲੇ ਰੁੱਖ ਵੀ ਕਿਹੜਾ ਘੱਟ ਸਨ। ਜਦੋਂ ਫਲ਼ ਲੱਗੇ ਹੁੰਦੇ, ਉਹਨਾਂ ਦਾ ਰਸੀਲਾ ਰੂਪ ਦੇਖਕੇ ਮੂੰਹ ਵਿਚ ਪਾਣੀ ਆ ਜਾਂਦਾ। ਮੈਂ ਤਾਂ ਫੁੱਲਾਂ ਨੂੰ... ਰੁੱਖਾਂ ਨੂੰ ਪਿਆਰ ਕਰਦੀ, ਜਾਂ ਮਾਲੀ ਚਾਚੇ ਨੂੰ, ਜੋ ਉਹਨਾਂ ਦੀ ਦੇਖ ਭਾਲ਼ ਕਰਦਾ। ਵੱਡੇ ਹਾਲ ਦੇ ਸਾਹਮਣੇ ਘਾਹ ਵਿਚ ਲਾਅਨ ਵਿਚ ਲੋਹੇ ਦੇ ਪਾਇਪਾਂ ਉੱਤੇ ਪੀਂਘ ਪਾਈ ਹੋਈ ਸੀ। ਅਸੀਂ ਤਿੰਨੋਂ ਭੈਣਾਂ, ਜਦੋਂ ਵੀ ਫਰੀ ਹੁੰਦੀਆਂ, ਪੀਂਘ ਝੂਟਣ ਲੱਗ ਪੈਂਦੀਆਂ। ਛੋਟੀ ਵਨੀਤਾ ਤਾਂ ਆਪਣੇ ਟੈਡੀ ਬੀਅਰਜ਼ ਨੂੰ ਵੀ ਝੂਟੇ ਦਿੰਦੀ।

ਬਾਹਰ ਪੰਛੀ ਜਾਗ ਪਏ ਹਨ। ਉਹ ਸਵੇਰ ਦਾ ਗੀਤ ਗਾ ਰਹੇ ਹਨ। ਉਦੋਂ ਵੀ ਸਾਡੇ ਰੁੱਖਾਂ ਉੱਤੇ ਪੰਛੀ ਚੀਂਅ-ਚੀਂਅ ਕਰਦੇ। ਅਸੀਂ ਤਿੰਨੋਂ ਕਦੇ ਕਮਰਿਆਂ ਦੇ ਅੰਦਰ ਤੇ ਕਦੇ ਲਾਅਨ ਵਿਚ

ਚਿੜੀਆਂ ਵਾਂਗ ਨੱਚਦੀਆਂ ਟੱਪਦੀਆਂ ਫਿਰਦੀਆਂ। ਪਰ ਜਦੋਂ ਅਸੀਂ ਪੜ੍ਹਨ ਬੈਠ ਜਾਂਦੀਆਂ, ਪੱਤਾ ਵੀ ਨਾ ਹਿਲਦਾ। ਘਰ ਦੇ ਕੰਮ ਕਰਦਿਆਂ ਸਿਰਫ ਮੰਮਾਂ ਦੀ ਆਵਾਜ਼ ਆਉਂਦੀ। ਉਹ ਵੀ ਹੌਲੀ ਜਿਹੇ ਸਾਡੇ ਅੱਗੇ ਦੁੱਧ...ਡਰਾਈ ਫਰੂਟ ਰੱਖ ਜਾਂਦੇ। ਜਦੋਂ ਅਸੀਂ ਮੈਰਿਟ ਲਿਸਟ ਵਿਚ ਆਉਂਦੀਆਂ, ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਜਾਂਦਾ। "ਸਰੂਪ ਚੰਦ ਗੁਪਤਾ ਜੀ, ਭਗਵਾਨ ਸਭ ਨੂੰ ਤੁਹਾਡੀਆਂ ਬੇਟੀਆਂ ਵਰਗੀਆਂ ਧੀਆਂ ਦੇਵੇ," ਇਹ ਸੁਣਕੇ ਡੈਡੀ ਜੀ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ।

ਡੈਡੀ ਜੀ ਨੇ ਆਪਣੇ ਦੋ ਹਿੱਸੇਦਾਰਾਂ ਨਾਲ ਮਿਲ ਕੇ ਫੈਕਟਰੀ ਲਾਈ ਹੋਈ ਸੀ। ਡੈਡੀ ਜੀ ਤੇ ਡੈਡੀ ਦੇ ਦੋਸਤ ਬੈਂਕ ਅਧਿਕਾਰੀ ਸਨ। ਉਨ੍ਹਾਂ ਪ੍ਰੀਮੈਚਿਉਰ ਰਿਟਾਇਰਮੈਂਟ ਲੈ ਕੇ ਫੈਕਟਰੀ ਲਾਈ ਸੀ। ਉਦੋਂ ਫੈਕਟਰੀ ਲਾਈ ਨੂੰ ਅੱਠ ਸਾਲ ਹੋ ਗਏ ਸਨ। ਡੈਡੀ ਜੀ ਜਦੋਂ ਉੱਥੋਂ ਥੱਕੇ ਟੁੱਟੇ ਘਰ ਆਉਂਦੇ, ਸਾਨੂੰ ਪੜ੍ਹਦੀਆਂ, ਕੰਮ ਕਰਦੀਆਂ ਤੇ ਖੇਡਦੀਆਂ ਨੂੰ ਦੇਖ ਕੇ ਖੁਸ਼ ਹੋ ਜਾਂਦੇ। ਉਹ ਆਪਣੀ ਸਾਰੀ ਥਕਾਵਟ ਭੁੱਲ ਜਾਂਦੇ। ਹਮੇਸ਼ਾ ਕਹਿੰਦੇ-- 'ਗਣਪਤੀ ਬੱਪਾ ਮੈਨੂੰ ਇੰਨੀ ਸ਼ਕਤੀ ਬਖਸ਼ ਕਿ ਆਪਣੀਆਂ ਤਿੰਨੋਂ ਬੇਟੀਆਂ ਨੂੰ ਬੈੱਸਟ ਐਜੂਕੇਸ਼ਨ ਦੇ ਸਕਾਂ।' ਸਾਡਾ ਕੈਰੀਅਰ ਬਣਾਉਣਾ ਉਨ੍ਹਾਂ ਦਾ ਸਭ ਤੋਂ ਵੱਡਾ ਏਮ ਸੀ।

ਡੈਡੀ ਜੀ ਨੂੰ ਧੀਆਂ 'ਤੇ ਮਾਣ ਵੀ ਬੜਾ ਸੀ। ਖਾਸ ਤੌਰ 'ਤੇ ਉਹ ਮੇਰੇ ਤੋਂ ਬਹੁਤ ਆਸਾਂ ਰੱਖਦੇ ਸਨ। ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਮੈਂ ਆਈ ਆਈ ਟੀ ਲਈ ਜੇ ਈ ਈ ਦੀ ਪਰੀਖਿਆ ਦੇਸ ਭਰ ਦੇ ਹਜ਼ਾਰਾਂ ਲੱਖਾਂ ਵਿਦਿਆਰਥੀਆਂ ਵਿਚੋਂ ਚੰਗਾ ਰੈਂਕ ਲੈ ਕੇ ਪਾਸ ਕਰ ਲਈ। ਮੰਮੀ ਤਾਂ ਘਰ ਤੋਂ ਦੂਰ ਇਕੱਲੀ ਇਕਹਿਰੀ ਕੁੜੀ ਨੂੰ ਭੇਜਣਾ ਨਹੀਂ ਚਾਹੁੰਦੇ ਸਨ ਪਰ ਡੈਡੀ ਜੀ ਨੂੰ ਮੇਰੇ 'ਤੇ ਯਕੀਨ ਸੀ। ਸਾਢੇ ਚਾਰ ਸਾਲ ਬਾਅਦ ਸਮਾਜ ਵਿਚ ਉਨ੍ਹਾਂ ਦਾ ਕੱਦ-ਕਾਠ ਹੋਰ ਉੱਚਾ ਹੋ ਗਿਆ ਜਦੋਂ ਮੈਂ ਮਕੈਨੀਕਲ ਇੰਜੀਨੀਅਰਿੰਗ ਵਿਚ ਬੀ ਟੈੱਕ ਕਰ ਲਈ। ਉਹਨਾਂ ਸਾਲਾਂ ਵਿਚ ਕੋਈ ਕੋਈ ਕੁੜੀ ਹੀ ਬੀ ਟੈੱਕ ਕਰਦੀ ਸੀ। ਡੈਡੀ ਜੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ। "ਬੇਟੀ ਸੁਧਾ, ਤੂੰ ਥੋੜ੍ਹਾ ਟਾਈਮ ਜੌਬ ਕਰ ਲੈ। ਸਾਡਾ ਬਿਜ਼ਨਿਸ ਘਾਟੇ ਵਿਚ ਚੱਲ ਰਿਹੈ। ਦੋ-ਤਿੰਨ ਸਾਲ ਵਿਚ ਅਸੀਂ ਪੈਰਾਂ ਸਿਰ ਹੋ ਜਾਵਾਂਗੇ।... ਫਿਰ ਤੈਨੂੰ ਯੂ ਐੱਸ ਏ ਤੋਂ ਐੱਮ ਟੈੱਕ ਕਰਾਉਣੀ ਏਂ। ਤੂੰ ਉੱਥੇ ਈ ਸੈਟਲ ਹੋ ਜਾਈਂ। ਮੈਂ ਤੈਨੂੰ ਟਾਪ 'ਤੇ ਪਹੁੰਚਾਣਾ। ਛੋਟੀਆਂ ਨੂੰ ਸੈੱਟ ਕਰਨ ਦੀ ਤੇਰੀ ਡਿਊਟੀ।" ਡੈਡੀ ਮੇਰੇ ਚੰਗੇ ਨੰਬਰ ਦੇਖ ਕੇ ਖੁਸ਼ ਹੋਏ ਪਏ ਸਨ।

ਉਦੋਂ ਮੈਂ ਅਜੇ ਅੱਠਵੇਂ ਸਮੈਸਟਰ ਵਿਚ ਹੀ ਸੀ, ਜਦੋਂ ਮੇਰੀ ਇਕ ਆਟਮੋਬਾਈਲ ਕੰਪਨੀ ਵਿਚ ਪਲੇਸਮੈਂਟ ਹੋ ਗਈ ਸੀ। ਮੈਨੂੰ ਤਿੰਨ ਲੱਖ ਰੁਪਏ ਸਾਲਾਨਾ ਪੈਕੇਜ ਮਿਲਿਆ ਸੀ। ਜਿਉਂ ਹੀ ਨਤੀਜਾ ਆਇਆ, ਮੈਂ ਡੈਡੀ ਜੀ ਦੀ ਸਲਾਹ ਨਾਲ ਨੋਇਡਾ ਦੀ ਇਹ ਕਾਰ ਕੰਪਨੀ ਜੁਆਇਨ ਕਰ ਲਈ।

ਇਹ ਦਿਨ ਮੇਰੇ ਲਈ ਲੁੱਡੀਆਂ ਪਾਉਣ ਵਾਲੇ ਦਿਨ ਸਨ।

ਮੈਂ ਪਹਿਲੇ ਦਿਨ ਇਸ ਮਾਣ ਵਿਚ ਡਿਊਟੀ ਗਈ ਸੀ ਕਿ ਮੈਂ ਇੰਜੀਨੀਅਰ ਹਾਂ ਤੇ ਮੈਨੂੰ ਪਾਰਟਸ ਬਣਾਉਣ ਜਾਂ ਕੋਈ ਫਿਊਚਰ ਪਲੈਨਿੰਗ ਕਰਨ ਲਈ ਕਿਹਾ ਜਾਵੇਗਾ। ਪਰ ਉਹਨਾਂ ਮੈਨੂੰ ਕਲਰ ਡਿਜ਼ਾਈਨਿੰਗ ਸੈਕਸ਼ਨ ਵਿਚ ਡੈਸ਼ ਬੋਰਡ ਦੀ ਫਿਨਿਸ਼ਿੰਗ ਕਰਨ ਲਾ ਦਿੱਤਾ। ਮੇਰਾ ਦੋਸਤ ਤੇ ਕਲਾਸਫੈਲੋ ਰਾਜੀਵ ਗਰਗ ਉੱਥੇ ਵੈਲਡਿੰਗ ਸੈਕਸ਼ਨ ਵਿਚ ਵਰਕਰਜ਼ ਨਾਲ ਵੈਲਡਿੰਗ ਕਰ ਰਿਹਾ ਸੀ। ਉਹ ਰੰਗ ਨਾਲ ਲਿਬੜੇ ਮੇਰੇ ਹੱਥ ਦੇਖ-ਦੇਖ ਹੱਸੀ ਜਾ ਰਿਹਾ ਸੀ। ਤਿੰਨ ਮਹੀਨੇ ਪਿੱਛੋਂ ਸਾਨੂੰ ਅਸਲ ਡਿਊਟੀ ਦਿੱਤੀ ਗਈ। ਮੈਂ ਡੈਸ਼ ਬੋਰਡ ਬਣਾਉਣ ਦੀ ਪਲੈਨਿੰਗ ਕਰਨ ਲੱਗੀ। ਸਾਲ ਪਿੱਛੋਂ ਪੈਕਿਜ ਵਿਚ ਮਾਮੂਲੀ ਵਾਧਾ ਕਰ ਦਿੱਤਾ ਗਿਆ।



ਮੇਰਾ ਤੇ ਰਾਜੀਵ ਦਾ ਅਪਾਰਟਮੈਂਟ ਨੇੜੇ ਨੇੜੇ ਹੀ ਸੀ। ਰੋਜ਼ ਮਿਲਦੇ ਸਾਂ। ਇਕੱਠੇ ਫਿਲਮ ਦੇਖਣ ਤੇ ਰੈਸਟੋਰੈਂਟ ਜਾਂਦੇ ਸਾਂ। ਮੇਰੇ ਮਨ ਦੀ ਸਕਰੀਨ 'ਤੇ ਬਿਖਰੇ ਰੰਗਾਂ ਵਿਚ ਉਸਨੇ ਆਪਣੇ ਆਪ ਨੂੰ ਰੰਗ ਲਿਆ ਸੀ ਤੇ ਮੈਂ ਉਹਦੇ ਰੰਗਾਂ ਵਿਚ। ਸਾਡੀ ਅਟੈਚਮੈਂਟ ਹੋ ਚੁੱਕੀ ਸੀ। ਡੈਡੀ ਜੀ ਫੌਰਨ ਤੋਂ ਇੰਜੀਨੀਅਰਿੰਗ ਦੀ ਮਾਸਟਰਜ਼ ਕਰਵਾਉਣ ਲਈ ਕਾਹਲੇ ਸਨ। ਰਾਜੀਵ ਨਹੀਂ ਸੀ ਚਾਹੁੰਦਾ ਕਿ ਮੈਂ ਉਹਨੂੰ ਛੱਡ ਕੇ ਜਾਵਾਂ। ਮੈਂ ਦੁਬਿਧਾ ਵਿਚ ਫਸ ਗਈ ਸੀ ਕਿ ਮਾਸਟਰਜ਼ ਕਰਾਂ ਜਾਂ ਨਾ, ਪਰ ਡੈਡੀ ਜੀ ਦੇ ਕਹਿਣ 'ਤੇ ਅਕੈਡਮੀ ਤੋਂ ਕੋਚਿੰਗ ਲੈਣੀ ਸ਼ੁਰੂ ਕੀਤੀ। ਇਸ ਪਿੱਛੋਂ ਮੈਂ ਚੰਗੇ ਸਕੋਰ ਵਿਚ ਗ੍ਰੈਜੂਏਟ ਰਿਕਾਰਡ ਐਗਜ਼ਾਮੀਨੇਸ਼ਨ (ਜੀ ਆਰ ਈ) ਪਾਸ ਕਰ ਗਈ। ਜਿਸ ਦਿਨ ਰਿਜ਼ਲਟ ਆਇਆ, ਉਸੇ ਦਿਨ ਐਕਸੀਡੈਂਟ ਵਿਚ ਡੈਡੀ ਜੀ ਦੀ ਮੌਤ ਹੋ ਗਈ। ਉਹ ਰਿਜ਼ਲਟ ਸੁਣਕੇ ਹੀ ਪੈਸਿਆਂ ਦਾ ਅਰੇਂਜਮੈਂਟ ਕਰਨ ਲਈ ਘਰੋਂ ਨਿਕਲੇ ਸਨ। ਬਸ ਰਾਹ ਵਿਚ ਹੀ...।

...ਹੰਝੂਆਂ ਨੇ ਸਿਰ੍ਹਾਣਾ ਗਿੱਲਾ ਕਰ ਦਿੱਤਾ ਏ। ਮੇਰੇ ਹੱਥ ਕੰਬ ਰਹੇ ਨੇ ਤੇ ਦੰਦ ਵੱਜ ਰਹੇ ਹਨ। ਜਦੋਂ ਵੀ ਮੈਂ ਉਹ ਸੀਨ ਚਿਤਵਦੀ ਹਾਂ, ਡਰ ਜਾਂਦੀ ਹਾਂ। ਕਾਂਬਾ ਛਿੜ ਜਾਂਦਾ ਏ। ਡੈਡੀ ਜੀ ਦਾ ਸਿਰ ਖੱਖੜੀਆਂ ਹੋਇਆ ਪਿਆ ਸੀ। ਇਕ ਲੱਤ ਤਾਂ ਨਾਲ ਈ ਨਹੀਂ ਸੀ।... ਉੱਠ ਕੇ ਬਹਿ ਗਈ ਆਂ। ਰਾਤ ਵੀ ਇਕੋ-ਟੱਕ ਡੈਡੀ ਜੀ ਦੀ ਫੋਟੋ ਵੱਲ ਦੇਖਦੀ ਰਹੀ।... ਮੈਂ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਸੰਭਾਲਿਆ ਏ।

ਮੇਰੀ ਖੁਸ਼ੀ ਗ਼ਮੀ ਵਿਚ ਬਦਲ ਗਈ ਸੀ। ਕਈ ਮਹੀਨੇ ਮੈਂ ਡਿਪਰੈਸ਼ਨ ਵਿਚ ਰਹੀ। ਰਾਜੀਵ ਬਥੇਰਾ ਦਿਲ ਲਾਉਣ ਦੀ ਕੋਸ਼ਿਸ਼ ਕਰਦਾ। ਮੰਮੀ ਵੀ ਸਮਝਾਉਂਦੀ ਰਹਿੰਦੀ ਪਰ ਮੈਂ ਐਕਸੀਡੈਂਟ ਦੇ ਡਰ ਵਿਚੋਂ ਨਿਕਲ ਨਾ ਸਕੀ। ਅਸੀਂ ਅਜੇ ਮਾਤਮ ਹੀ ਮਨਾ ਰਹੀਆਂ ਸਾਂ, ਫੈਕਟਰੀ ਦੇ ਪਾਰਟਨਰਜ਼ ਨੇ ਪਰਿਵਾਰ ਦੇ ਹੱਥ ਖਾਲੀ ਠੂਠਾ ਫੜਾ ਦਿੱਤਾ ਸੀ। ਜੋ ਦੇਣਦਾਰੀਆਂ ਤੇ ਬੈਂਕ ਦੇ ਲੋਨ ਸਨ, ਦਾ ਹਿਸਾਬ ਕੱਢ ਕੇ ਮੇਰੀ ਮੰਮੀ ਮੋਹਰੇ ਰੱਖ ਦਿੱਤਾ ਸੀ। ਮੰਮਾ ਨੂੰ ਮੁੜ ਗਸ਼ੀਆਂ ਪੈਣ ਲੱਗ ਪਈਆਂ ਸਨ।

ਛੋਟੀ ਜਿਹੀ ਫੈਕਟਰੀ ਸੀ। ਫਿਰ ਵੀ ਉਨ੍ਹਾਂ ਕੋਲੋਂ ਚੱਲ ਨਹੀਂ ਸੀ ਸਕੀ। ਜਲਦੀ ਹੀ ਫੈਕਟਰੀ ਬੈਂਕਰਪਟ ਹੋ ਗਈ। ਮੰਮੀ ਨੇ ਤਾਂ ਬਸ ਬੈੱਡ ਹੀ ਮੱਲ ਲਿਆ। ਮਾਲਤੀ ਤੇ ਵਨੀਤਾ ਦਾ ਰੋਣ ਠੱਲ੍ਹਿਆ ਨਹੀਂ ਸੀ ਜਾਂਦਾ। ਉਹ ਭੈਣਾਂ ਜੋ ਹਮੇਸ਼ਾ ਮੈਨੂੰ ਖੁਸ਼ ਰੱਖਦੀਆਂ, ਜਿਨ੍ਹਾਂ ਦੇ ਚਿਹਰੇ ਹਸੂੰ ਹਸੂੰ ਕਰਦੇ ਰਹਿੰਦੇ ਸਨ, ਉਹ ਮੁਰਝਾ ਗਏ ਸਨ। ਮੈਨੂੰ ਡਰੀ ਹੋਈ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਮੈਂ ਹੁਣ ਨਾਲੋਂ ਬਹੁਤ ਜ਼ਿਆਦਾ ਸਹਿਮ ਗਈ ਸੀ। ਅਕਸਰ ਮੈਨੂੰ ਰਾਜੀਵ ਹੌਸਲਾ ਦਿੰਦਾ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਸੀ। ਮੇਰੀਆਂ ਭੈਣਾਂ ਦਾ ਫਿਊਚਰ ਖਤਰੇ ਵਿਚ ਸੀ। ਅੱਜ ਤੋਂ ਕਰੀਬ ਚੌਵੀ ਪੱਚੀ ਸਾਲ ਪਹਿਲਾਂ ਦਿੱਲੀ ਵਰਗੇ ਮੈਟਰੋ ਸਿਟੀ ਵਿਚ ਤਿੰਨ ਸਵਾ ਤਿੰਨ ਲੱਖ ਦਾ ਸਾਲਾਨਾ ਪੈਕਿਜ ਜ਼ਿਆਦਾ ਤਾਂ ਨਹੀਂ ਸੀ ਪਰ ਗੁਜ਼ਾਰਾ ਹੀ ਹੁੰਦਾ ਸੀ। ਮਹਿੰਗਾਈ ਦੇ ਦੌਰ ਵਿਚ ਕਰਜ਼ੇ ਵਿਚ ਡੁੱਬੇ ਘਰ ਨੂੰ ਕਿਸ ਤਰ੍ਹਾਂ ਬਚਾਉਂਦੀ? ਮੇਰੇ ਲਈ ਇਹ ਅਹਿਮ ਸਵਾਲ ਸੀ।

ਮੈਂ ਆਪਣੇ ਖਰਚ ਘਟਾ ਲਏ। ਆਪਣਾ ਅਪਾਰਟਮੈਂਟ ਛੱਡਕੇ ਰਾਜੀਵ ਦੀ ਰੂਮਮੇਟ ਬਣ ਗਈ। ਜੋ ਪੈਸੇ ਜੋੜਦੀ, ਉਹ ਭੈਣਾਂ ਦੀ ਪੜ੍ਹਾਈ 'ਤੇ ਲੱਗੀ ਜਾਂਦੇ। ਮੈਂ ਹਰ ਵਕਤ ਪੈਸੇ ਕਮਾਉਣ, ਮਾਸਟਰਜ਼ ਕਰਨ ਤੇ ਭੈਣਾਂ ਦੀ ਸਟੱਡੀ ਬਾਰੇ ਸੋਚਦੀ ਰਹਿੰਦੀ। ਜੀ ਆਰ ਈ ਟੈਸਟ ਮੈਂ ਪਾਸ ਕੀਤਾ ਹੋਇਆ ਸੀ। ਮੈਂ ਅਮਰੀਕਾ ਜਾ ਕੇ ਇੰਜੀਨੀਅਰਿੰਗ ਦੇ ਐੱਮ ਐੱਸ ਭਾਵ ਐੱਮ ਟੈੱਕ ਕਰਨ ਦਾ ਸੋਚਦੀ ਪਰ ਮੇਰੇ ਲਈ ਦੋ ਸਾਲ ਦਾ ਖਰਚ ਚੁੱਕਣਾ ਬਹੁਤ ਔਖਾ ਸੀ। ਸੋਚਦੀ - ਨਾਲੇ ਕੰਮ ਕਰ ਲਵਾਂਗੀ, ਨਾਲੇ ਪੜ੍ਹ ਲਵਾਂਗੀ। ਆਪਣੀ ਸੋਚ ਮੈਂ ਆਪ ਹੀ ਰੱਦ ਕਰ ਦਿੰਦੀ - ਪੜ੍ਹ ਹੋਏਗਾ ਜਾਂ ਕੰਮ ਹੋਏਗਾ। ਡੈਡੀ ਜੀ ਦਾ ਸੁਪਨਾ ਸੀ, ਮੈਂ ਚੰਗੇ ਸਕੋਰ ਵਾਲੀ ਇੰਜੀਨੀਅਰ

ਬਣਾਂ।... ਪਰ ਮੇਰਿਆ ਬਾਬਲਾ, ਮੈਂ ਕੀ ਕਰਾਂ? ਮੈਂ ਸਿਰ੍ਹਾਣਿਆਂ ਵਿਚ ਸਿਰ ਦੇ-ਦੇ ਰੋਂਦੀ। ਹੁਣ ਵੀ ਰੋਈ ਜਾ ਰਹੀ ਹਾਂ।

'ਕੀ ਪੜ੍ਹੀ-ਲਿਖੀ, ਤੰਦਰੁਸਤ ਤੇ ਹਾਈ ਫੈਮਿਲੀ ਦੀ ਲੜਕੀ ਜਾਂ ਔਰਤ ਕਿਸੇ ਦੀ ਮਦਦ ਲਈ ਅੱਗੇ ਆ ਸਕਦੀ ਹੈ? ਉਹ ਉਸਦੀ ਮਦਦ ਕਰਨਗੇ।'

ਇਕ ਦਿਨ ਅਖਬਾਰ ਵਿਚ 'ਡਾਂਗੀ ਆਈ ਵੀ ਐੱਫ ਸੈਂਟਰ' ਦੀ ਇਹ ਐਡ ਮੇਰੀ ਨਜ਼ਰੀਂ ਚੜ੍ਹੀ। ਮੈਂ ਡਰਦੀ-ਡਰਦੀ ਸੈਂਟਰ ਗਈ ਸੀ। ਸਿਸਟਰ ਨੇ ਮੇਰੇ ਤੋਂ ਬਾਇਓਡਾਟਾ ਭਰਵਾ ਕੇ ਕੰਪਿਊਟਰ ਵਿਚ ਸੇਵ ਕੀਤਾ। ਉਨ੍ਹਾਂ ਸਰੀਰ ਦੀ ਬਿਮਾਰੀ, ਜ਼ਿਹਨੀ ਤੇ ਸਰੀਰਕ ਤੰਦਰੁਸਤੀ, ਸਹਿਣ ਸ਼ਕਤੀ, ਆਦਤਾਂ, ਸਮਰੱਥਾ ਤੇ ਯੋਗਤਾ ਆਦਿ ਜਾਨਣ ਲਈ ਜੀਨੋਮ ਦੀ ਸੀਕੁਐਂਸ ਦੀ ਵੀ ਜਾਂਚ ਕੀਤੀ। ਉੱਥੇ ਹੋਰ ਵੀ ਬਹੁਤ ਸਾਰੀਆਂ ਔਰਤਾਂ ਅਜਿਹਾ ਕਰਵਾ ਰਹੀਆਂ ਸਨ।

"ਮਿਸ ਗੁਪਤਾ, ਇਕ ਔਲਾਦ ਤੋਂ ਬਾਂਝ ਜੋੜਾ ਏ। ਤੁਸੀਂ ਉਹਨਾਂ ਦੀ ਮਦਦ ਕਰਨੀ ਏਂ। ਉਨ੍ਹਾਂ ਦਾ ਬੱਚਾ ਤੁਹਾਡੀ ਕੁੱਖ ਵਿਚ ਪਲ਼ੇਗਾ। ਭਾਵ ਕਿ ਤੁਸੀਂ ਸਰੋਗੇਟ ਮਦਰ ਬਣਨਾ ਪਸੰਦ ਕਰੋਗੇ?" ਡਾਕਟਰ ਮੇਰੇ ਨਾਲ ਡੀਲ ਕਰਨ ਲੱਗਾ ਸੀ।

"ਨਹੀਂ ਸਰ।" ਸਰੋਗੇਟ ਮਦਰ ਬਣਨਾ ਸੁਣ ਕੇ ਮੈਂ ਘਬਰਾ ਗਈ ਸੀ।

"ਮਿਸ ਗੁਪਤਾ, ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਤੁਸੀਂ ਇਕ ਉਦਾਸ ਪਰਿਵਾਰ ਦੇ ਵਿਹੜੇ ਵਿਚ ਖੁਸ਼ੀਆਂ ਲਿਆਣੀਆਂ ਨੇ।" ਡਾਕਟਰ ਮਮਤਾ ਡਾਂਗੀ ਵੀ ਮੈਨੂੰ ਮਨਾਉਣ ਲੱਗੀ।

ਮੈਂ ਕਰਸੀ ਤੋਂ ਉਠ ਕੇ ਖੜ੍ਹੀ ਹੋ ਗਈ। ਡਾਕਟਰ ਨੇ ਆਖਰੀ ਤੀਰ ਛੱਡਿਆ- "ਕਿਸੇ ਨੂੰ ਖੁਸ਼ੀ ਦੇਣੀ ਬਹੁਤ ਵੱਡਾ ਪੁੰਨ ਆ। ਨਾਲੇ ਉਹ ਤੁਹਾਨੂੰ ਤੁਹਾਡੀ ਦਸ ਸਾਲ ਦੀ ਸੈਲਰੀ ਜਿੰਨਾ ਪੇਅ ਕਰਨਗੇ।... ਮਨ ਬਣਾ ਕੇ ਵੀਕ ਤਕ ਦੱਸ ਦੇਣਾ।"

ਮੈਂ ਅਨਮੈਰਿਡ ਮਾਂ ਬਣਨ ਬਾਰੇ ਸੋਚ ਵੀ ਨਹੀਂ ਸਕਦੀ ਸੀ। ਐਸੇ ਬੱਚੇ ਦੀ, ਜਿਸਦੀ ਮੈਂ ਮੰਮ ਨਾ ਕਹਾ ਸਕਦੀ ਹੋਵਾਂ। ਮੈਂ ਸੈਂਟਰ 'ਚੋਂ ਤੇਜ਼ੀ ਨਾਲ ਨਿਕਲ ਕੇ ਟੈਕਸੀ ਫੜ ਲਈ ਸੀ। ਆਪਣੇ ਅਪਾਰਟਮੈਂਟ ਵਿਚ ਪਹੁੰਚ ਕੇ ਬੈੱਡ 'ਤੇ ਗਿਰਦੇ ਸਾਰ, ਮੇਰੇ ਹਟਕੋਰੇ ਉੱਚੇ ਹੋ ਗਏ। ਮੈਂ ਡੈਡੀ ਜੀ ਦੀ ਤਸਵੀਰ 'ਤੇ ਸਿਰ ਰੱਖ ਕੇ ਬਹੁਤ ਰੋਈ। 'ਜੇ ਡੈਡੀ ਜੀ ਅੱਜ ਜਿਉਂਦੇ ਹੁੰਦੇ, ਇਹ ਦਿਨ ਨਾ ਦੇਖਣੇ ਪੈਂਦੇ,' ਵਾਰ ਵਾਰ ਇਹੀ ਖਿਆਲ ਆਈ ਗਿਆ। ਉਸ ਦਿਨ ਰਾਜੀਵ ਨੇ ਮੈਨੂੰ ਬਹੁਤ ਹੌਸਲਾ ਦਿੱਤਾ। ਡੈਡੀ ਜੀ ਦੀ ਘਾਟ...।

ਡੈਡੀ ਜੀ ਦੀ ਡੈੱਥ ਹੋਈ ਨੂੰ ਦੋ ਸਾਲ ਹੋ ਚੁੱਕੇ ਸਨ।

ਅਗਲੇ ਦਿਨ ਇਕ ਹੋਰ ਘਟਨਾ ਵਾਪਰ ਗਈ। ਮੰਮੀ ਜੀ ਦਾ ਫੋਨ ਸੀ। -- 'ਸੁਧਾ ਬੇਟਾ, ਬੈਂਕ ਵੱਲੋਂ ਬੰਗਲੇ ਦੀ ਕੁਰਕੀ ਦੇ ਵਾਰੰਟ ਆ ਗਏ ਨੇ।' ਇਕ ਨਵੀਂ ਮੁਸੀਬਤ ਹੋਰ ਆ ਪਈ। ਡਾਕਟਰ ਡਾਂਗੀ ਦੀ ਦਸ ਸਾਲਾਂ ਦੀ ਸੈਲਰੀ ਜਿੰਨੀ ਆਫਰ ਮੇਰੇ ਕੰਨਾਂ ਵਿਚ ਗੂੰਜਣ ਲੱਗੀ। ਮੈਂ ਅਨਮੈਰਿਡ ਮਦਰ ਬਣਾਂ ਜਾਂ ਨਾ, ਬਸ ਇਸ ਚੱਕਰਵਿਊ 'ਚ ਫਸ ਗਈ। ਉਸੇ ਦਿਨ ਵਨੀਤਾ ਦੀ ਲੈਟਰ ਆਈ ਸੀ। ਪੈਸੇ ਕੋਲ ਨਾ ਹੋਣ ਕਾਰਨ ਸਮੈਸਟਰ ਦਾ ਦਾਖਲਾ ਲੇਟ ਹੋ ਗਿਆ ਸੀ। ਇਸ ਪਿੱਛੋਂ ਮੈਂ ਆਪਣੇ ਆਪ ਨਾਲ ਘੁਲਣ ਲੱਗੀ। ਪਾਗ਼ਲ ਹੋਈ ਖੁਦ ਨਾਲ ਗੱਲਾਂ ਕਰਨ ਲੱਗ ਪੈਂਦੀ। ਮੈਨੂੰ ਅਪਸੈੱਟ ਹੋਈ ਦੇਖ ਰਾਜੀਵ ਨੇ ਡਾਂਗੀ ਸੈਂਟਰ ਜਾਣ ਦੀ ਸਲਾਹ ਦਿੱਤੀ। ਮੈਂ ਸਰੋਗੇਸ਼ਨ ਦਾ ਮਨ ਬਣਾ ਕੇ ਹੀ ਸੈਂਟਰ ਪੁੱਜੀ ਸੀ। ਮੈਨੂੰ ਦੇਖ ਕੇ ਡਾ. ਮਮਤਾ ਖਿੜ ਗਈ ਸੀ। ਉਹ ਮੇਰੀ ਆਓ ਭਗਤ ਕਰਨ ਲੱਗੇ। ਉਸ ਦੱਸਿਆ - "ਉਸ ਜੋੜੇ ਲਈ ਉਸ ਦਿਨ ਹੀ ਸੂਟੇਬਲ ਮਦਰ ਮਿਲ ਗਈ ਸੀ। ਅਮਰੀਕਾ ਤੋਂ ਹੀ ਇਕ ਹੋਰ ਕੱਪਲ ਏ। ਤੁਸੀਂ ਹਾਂ ਕਰੋ। ਮੈਂ ਦੋਨਾਂ 'ਪਾਰਟੀਆਂ' ਦੇ ਬਾਇਓਡਾਟਾ ਤੇ ਜੀਨੋਮ ਸ਼ੇਅਰ ਕਰ ਲੈਂਦੀ ਆਂ। ਤੁਹਾਡੇ ਵਰਗੀ ਪਰਫੈਕਟ ਮਦਰ ਉਨ੍ਹਾਂ ਨੂੰ ਕਿਤੇ ਨੀਂ ਲੱਭਣੀ। ਮੈਂ ਉਨ੍ਹਾਂ ਨਾਲ ਡੀਲ ਫਾਈਨਲ ਕਰ ਕੇ ਤੁਹਾਨੂੰ ਕਾਲ ਕਰਾਂਗੀ।"



ਡਾ. ਮਮਤਾ ਨੇ ਮੈਨੂੰ ਬਰਾਊਨ ਜੋੜੇ ਦਾ ਵੈੱਬ ਬਲੌਗ ਪੜ੍ਹਨ ਲਈ ਦਿੱਤਾ। ਮੈਂ ਘਰ ਆ ਕੇ ਸਭ ਤੋਂ ਪਹਿਲਾਂ ਕੰਪਿਊਟਰ ਆਨ ਕੀਤਾ। ਮੇਰੇ ਸਾਹਮਣੇ ਉਨ੍ਹਾਂ ਦਾ ਬਲੌਗ ਖੁਲ੍ਹਾ ਸੀ। ਡੈਵੀ ਨੇ ਲਿਖਿਆ ਹੋਇਆ ਸੀ—'ਮੇਰਾ ਸਟੀਵਨ ਬਰਾਊਨ ਨਾਲ ਕਾਲਿਜ ਵਿਚ ਪਿਆਰ ਪੈ ਗਿਆ ਸੀ। ਅਸੀਂ ਬਾਰਾਂ ਜੋੜੀਆਂ ਸਾਂ, ਜਿਹੜੇ ਆਪਸ ਵਿਚ ਗੂੜ੍ਹੇ ਮਿੱਤਰ ਸਾਂ। ਪੰਜ ਦਿਨ ਡਟ ਕੇ ਪੜ੍ਹਾਈ ਕਰਦੇ। ਡਿਗਰੀ ਲੈਣ ਤਕ ਕਈ ਜੋੜੀਆਂ ਬਣੀਆਂ ਤੇ ਕਈ ਟੁੱਟੀਆਂ, ਪਰ ਮੈਂ ਤੇ ਸਟੀਵਨ 'ਟੂਅ ਸੋਲਜ਼ ਇਨ ਏ ਬਾਡੀ' ਵਾਂਗ ਸੀ। ਇਸਦਾ ਵੱਡਾ ਕਾਰਨ ਸਟੀਵਨ ਮੇਰੇ ਤੋਂ ਅਲੱਗ ਹੋਣਾ ਨਹੀਂ ਸੀ ਮੰਗਦਾ। ਉਹ ਕਹਿੰਦਾ ਸਿਰਫ ਮੈਂ ਤੇਰੇ ਲਈ ਬਣਿਆ ਹਾਂ। ਕੁਝ ਜੋੜਿਆਂ ਦਾ ਫੈਸਲਾ ਸੀ, ਉਹ ਲਿਵ ਇਨ ਰਿਲੇਸ਼ਨ ਵਿਚ ਰਹਿਣਗੇ। ਕੁਝ ਨੇ ਵਿਆਹ ਕਰਾਉਣ ਦਾ ਤਾਂ ਫੈਸਲਾ ਕੀਤਾ ਪਰ ਉਹ ਬੇਬੀ ਲੈਣ ਦੇ ਹੱਕ ਵਿਚ ਨਹੀਂ ਸਨ। ਮੈਨੂੰ ਸਟੀਵਨ ਇਸ ਕਰਕੇ ਪਿਆਰਾ ਸੀ, ਉਹ ਹਮੇਸ਼ਾ ਵਿਆਹ ਕਰਨ ਅਤੇ ਬੱਚਾ ਕਰਨ ਦੀ ਵਕਾਲਤ ਕਰਦਾ ਸੀ। ਮੈਂ ਤੇ ਸਟੀਵਨ ਬਰਾਊਨ ਨੇ ਗ੍ਰੈਜੂਏਸ਼ਨ ਦੀ ਡਿਗਰੀ ਲੈਣ ਉਪਰੰਤ ਮੈਰਿਜ ਕਰਵਾ ਲਈ। ਇਸ ਉਪਰੰਤ ਅਸੀਂ ਵਪਾਰ ਵਿਚ ਪੈ ਗਏ। ਦਸ ਸਾਲਾਂ ਵਿਚ ਸਾਡਾ ਵਪਾਰ ਨਿਊਯਾਰਕ ਸਮੇਤ ਪੰਜ ਸਟੇਟਾਂ ਵਿਚ ਫੈਲ ਗਿਆ ਸੀ। ਸਾਡੇ ਇਲੈਕਟ੍ਰਾਨਿਕ ਸਾਮਾਨ ਦੇ ਵੱਡੇ ਵੇਅਰਹਾਊਸ ਹਨ ਪਰ ਸਾਡੇ ਘਰ ਬੱਚੇ ਦੀਆਂ ਕਿਲਕਾਰੀਆਂ ਨਹੀਂ ਵੱਜੀਆਂ। ਅਸੀਂ ਨਿੱਕੇ ਜਿਹੇ ਬਾਲ ਨੂੰ ਖਿਡਾਉਣ ਲਈ ਤਰਸੇ ਪਏ ਹਾਂ। ਭਾਵੇਂ ਅਸੀਂ ਵਪਾਰ ਦੇ ਫੈਲਾਅ ਕਾਰਨ ਬਹੁਤ ਰੁੱਝੇ ਰਹਿੰਦੇ ਹਾਂ ਪਰ ਹਮੇਸ਼ਾ ਬੱਚੇ ਦੀ ਪੈਦਾਇਸ਼ ਲਈ ਯਤਨਸ਼ੀਲ ਰਹੇ ਹਾਂ। ਪਿਛਲੇ ਤਿੰਨ ਚਾਰ ਸਾਲ ਤੋਂ ਡਾਕਟਰੀ ਇਲਾਜ ਵੀ ਕਰਦੇ ਰਹੇ ਹਾਂ ਪਰ ਉਹ ਸਾਨੂੰ ਮਾਂ-ਬਾਪ ਨਹੀਂ ਬਣਾ ਸਕੇ। ਮੇਰੇ ਅੰਡੇ ਬਣਦੇ ਹਨ। ਇੱਥੋਂ ਤਕ ਬੱਚਾ ਠਹਿਰ ਵੀ ਜਾਂਦਾ ਹੈ ਪਰ ਸਰੀਰ ਭਰੂਣ ਨੂੰ ਪ੍ਰਵਾਨ ਨਹੀਂ ਕਰਦਾ। ਦੋ ਤਿੰਨ ਮਹੀਨੇ ਬਾਅਦ ਗਿਰ ਜਾਂਦਾ ਹੈ। ਡਾਕਟਰ ਇਸਦਾ ਵੱਡਾ ਕਾਰਨ ਅੰਦਰੋਂ ਬੱਚੇਦਾਨੀ ਦਾ ਘੱਟ ਵਿਕਸਤ ਹੋਣਾ ਦੱਸਦੇ ਹਨ। ਡਾਕਟਰ ਬੱਚਾ ਗੋਦ ਲੈਣ ਲਈ ਕਹਿ ਰਿਹਾ ਸੀ ਪਰ ਸਾਡਾ ਫੈਸਲਾ ਹਰ ਹਾਲਤ ਵਿਚ ਆਪਣਾ ਹੀ ਬੱਚਾ ਪੈਦਾ ਕਰਨ ਦਾ ਹੈ। ਇਹ ਸੁਣਕੇ ਸਾਡੇ ਡਾਕਟਰ ਹੌਪਕਿਨ ਨੇ ਸਲਾਹ ਦਿੱਤੀ - 'ਬਾਂਝ ਜੋੜਿਆਂ ਵਾਸਤੇ 'ਇਨ ਵਿਟਰੋ ਫਰਟੀਲਾਈਜ਼ੇਸ਼ਨ' ਟੈਕਨੀਕ ਨਾਲ ਔਰਤ ਦੇ ਅੰਡਕੋਸ਼ ਤੇ ਮਰਦ ਦੇ ਸ਼ੁਕਰਾਣੂ ਤੋਂ ਪੈਦਾ ਕੀਤਾ ਭਰੂਣ ਕਿਸੇ ਹੋਰ ਔਰਤ ਦੀ ਕੁੱਖ ਵਿਚ ਰੱਖਕੇ ਬੱਚਾ ਪੈਦਾ ਕਰਨ ਦੀ ਵਿਧੀ ਡਾਕਟਰਾਂ ਕੋਲ਼ ਉਪਲਭਦ ਏ। ਬੱਚਾ ਆਪਣੀ ਅਸਲ ਮਾਂ ਦੀ ਕੁੱਖ ਵਿਚ ਨਹੀਂ ਬਲਕਿ ਕਿਸੇ ਹੋਰ ਦੀ ਕੁੱਖ ਵਿਚ ਪਲਦਾ ਏ। ਇਸਨੂੰ ਸਰੋਗੇਸੀ ਕਹਿੰਦੇ ਨੇ। ਇਸ ਵਾਸਤੇ ਬਹੁਤ ਸਾਰੀਆਂ ਪੇਡ ਸਰੋਗੇਟ ਮਦਰ ਮਿਲ ਜਾਂਦੀਆਂ ਨੇ। ਤੁਸੀਂ ਵੀ ਯਤਨ ਕਰੋ, ਸਫਲ ਹੋ ਜਾਵੋਗੇ।' ਮੈਨੂੰ ਤੇ ਸਟੀਵਨ ਨੂੰ ਡਾ. ਹੌਪਕਿਨ ਦੀ ਸਲਾਹ ਚੰਗੀ ਲੱਗੀ ਏ। ਅਸੀਂ ਕਿਰਾਏ ਦੀ ਕੁੱਖ ਲੈਣ ਦਾ ਫੈਸਲਾ ਕੀਤਾ ਹੈ ਪਰ ਸਾਡੀ ਸਟੇਟ ਨਿਊਯਾਰਕ ਵਿਚ 'ਸਰੋਗੇਸੀ' ਦੀ ਮਨਾਹੀ ਹੈ। ਅਸੀਂ ਇੰਟਰਨੈਟ 'ਤੇ ਸਰਚ ਕੀਤਾ ਹੈ। ਸਾਨੂੰ ਪਤਾ ਲੱਗਾ ਹੈ ਕਿ ਭਾਰਤ ਵਿਚ ਕਿਰਾਏ ਦੀ ਕੁੱਖ ਦੇ ਵਪਾਰ ਸੰਬੰਧੀ ਕਾਨੂੰਨ ਇਜਾਜ਼ਤ ਦਿੰਦਾ ਹੈ ਤੇ ਲਚਕਦਾਰ ਵੀ ਹੈ। ਇਹ ਪੜ੍ਹ ਕੇ ਸਾਡਾ ਭਾਰਤ ਜਾਣ ਦਾ ਹੌਸਲਾ ਤੇ ਯਕੀਨ ਵਧਿਆ ਹੈ। ਅਸੀਂ ਕਈ ਕੰਪਨੀਆਂ ਨਾਲ ਸੰਪਰਕ ਕੀਤਾ ਹੈ, ਜੋ ਕਿਰਾਏ ਦੀ ਕੁੱਖ ਵਾਲੀਆਂ ਮਾਵਾਂ ਪ੍ਰਦਾਨ ਕਰਵਾਉਂਦੀਆਂ ਹਨ। ਇੰਟਰਨੈਸ਼ਨਲ ਲੈਵਲ ਦੀ 'ਬੇਬੀ ਕੰਪਨੀ' ਨਾਲ ਵੀ ਗੱਲਬਾਤ ਚੱਲ ਰਹੀ ਹੈ। ਸਾਨੂੰ ਅਜਿਹੀ ਪੇਡ ਸਰੋਗੇਟ ਮਦਰ ਦੀ ਲੋੜ ਏ, ਜਿਹੜੀ ਸਿੱਖਿਅਤ, ਤੰਦਰੁਸਤ ਤੇ ਹਾਈ ਫੈਮਿਲੀ ਦੀ ਹੋਵੇ। ਕੀ ਕੋਈ ਸਾਨੂੰ ਬੱਚੇ ਦੀਆਂ ਖੁਸ਼ੀਆਂ ਦੇ ਸਕਦੀ ਹੈ? ਅਸੀਂ ਕਦੇ ਵੀ ਉਨ੍ਹਾਂ ਦਾ ਅਹਿਸਾਨ ਨਹੀਂ ਭੁੱਲਾਂਗੇ।"

ਮੈਂ ਡੈਵੀ ਦਾ ਬਲੋਗ ਪੜ੍ਹ ਕੇ ਡਾ. ਮਮਤਾ ਦੀ ਕਾਲ ਦਾ ਇੰਤਜ਼ਾਰ ਕਰਨ ਲੱਗੀ।

...ਅਗਲੇ ਮਹੀਨੇ ਸਟੀਵਨ ਬਰਾਊਨ, ਡੈਵੀ, ਮੰਮੀ ਤੇ ਮੈਂ ਡਾਂਗੀ ਆਈ ਵੀ ਐੱਫ ਸੈਂਟਰ ਵਿਚ ਸਾਂ। ਉਨ੍ਹਾਂ ਡਾ. ਮਮਤਾ ਅਤੇ ਵਕੀਲ ਦੀ ਹਾਜ਼ਰੀ ਵਿਚ ਕਾਨੂੰਨੀ ਸਾਰਾ ਪੇਪਰ ਵਰਕ ਕਰਵਾਇਆ। ਗਰਭ ਧਾਰਨ ਕਰਨ, ਜੰਮਣ ਪੀੜਾਂ ਜਰਨ ਅਤੇ ਜਣੇਪੇ ਲਈ ਮੰਮੀ ਤੇ ਮੇਰੇ ਕੋਲੋਂ ਰਜ਼ਾਮੰਦੀ ਫਾਰਮ 'ਤੇ ਦਸਖਤ ਕਰਵਾਏ। ਮੈਂ ਉਨ੍ਹਾਂ ਨਾਲ ਐਗਰੀਮੈਂਟ ਕੀਤਾ ਕਿ ਉਸ ਜੋੜੇ ਦਾ ਬੱਚਾ ਆਪਣੀ ਕੁੱਖ ਵਿਚ ਪਾਲ਼ਾਂਗੀ। ਭਰੂਣ ਰੱਖਣ ਤੋਂ ਲੈ ਕੇ ਡਿਲਿਵਰੀ ਤਕ ਸਾਰੇ ਖਰਚ ਅਤੇ ਫੀਸ ਦੀ ਅਦਾਇਗੀ ਕਰਨ ਬਾਰੇ ਬਰਾਊਨ ਜੋੜੇ ਨੇ ਦਸਖਤ ਕੀਤੇ। ਵਕੀਲ ਦੀ ਹਾਜ਼ਰੀ ਵਿਚ ਡਾ. ਡਾਂਗੀ ਨੇ ਸਾਨੂੰ ਮੈਡੀਕਲ ਢੰਗ ਤਰੀਕਿਆਂ ਅਤੇ ਕਿਰਾਏ ਦੀ ਕੁੱਖ ਬਾਰੇ ਜਾਣਕਾਰੀ ਦੇ ਦਿੱਤੀ। ਸਰੋਗੇਟ ਮਦਰ ਦਾ...ਮਤਲਬ ਮੇਰਾ ਬੀਮਾ ਵੀ ਕਰਵਾ ਦਿੱਤਾ। ਡਿਲਿਵਰੀ ਤੋਂ ਬਾਅਦ ਬੱਚਾ ਅਸਲ ਮਾਪਿਆਂ ਦੇ ਸਪੁਰਦ ਕਰਨ ਬਾਰੇ ਐਗਰੀਮੈਂਟ 'ਤੇ ਵੀ ਮੇਰੇ ਦਸਖਤ ਕਰਵਾਏ ਗਏ ਸਨ। ਸਾਡਾ ਇਹ ਐਗਰੀਮੈਂਟ 'ਬੇਬੀ ਕੰਪਨੀ' ਦੀਆਂ ਸ਼ਰਤਾਂ ਮੁਤਾਬਕ ਫਾਈਨਲ ਹੋਇਆ ਸੀ।

ਅਗਲੇ ਦਿਨਾਂ ਵਿਚ ਡਾ. ਮਮਤਾ ਦੀ ਟੀਮ ਨੇ ਡੈਵੀ ਦੇ ਅੰਡੇ ਅਤੇ ਸਟੀਵਨ ਦੇ ਸ਼ੁਕਰਾਣੂਆਂ 'ਤੇ 'ਇਨ ਵਿਟਰੋ ਫਰਟੀਲਾਈਜ਼ੇਸ਼ਨ' ਤਕਨੀਕ ਨਾਲ ਕੰਮ ਕਰਨਾ ਸ਼ੁਰੂ ਕੀਤਾ। ਜੈਵਿਕ ਮਾਂ ਡੈਵੀ ਦੇ ਅੰਡਕੋਸ਼ (ਓਵਰੀ) 'ਚੋਂ ਅੰਡਾ ਹਾਸਲ ਕਰਨਾ, ਮੈਨੂੰ ਇਸ ਵਿਧੀ ਦਾ ਸਭ ਤੋਂ ਔਖਾ ਕਾਰਜ ਲੱਗਾ ਸੀ। ਅਲਟਰਾਸਾਊਂਡ ਦੀ ਸੇਧ ਨਾਲ ਉਸਦੇ ਗੁਪਤ ਅੰਗ ਰਾਹੀਂ ਇਕ ਲੰਮੀ ਬਰੀਕ ਸੂਈ, ਅੰਡਕੋਸ਼ ਤਕ ਪਹੁੰਚਾਈ ਗਈ। ਉਸ 'ਚੋਂ ਤਰਲ ਕੱਢਿਆ ਗਿਆ, ਜਿਸ ਵਿਚ ਅੰਡਾ ਸੀ। ਇਹ ਕੰਮ ਬੜੀ ਮੁਹਾਰਤ ਨਾਲ ਸੁੰਨ ਕਰ ਕੇ ਅੱਧੇ ਘੰਟੇ ਵਿਚ ਕਰ ਲਿਆ ਗਿਆ। ਡੈਵੀ ਦੇ ਅੰਡੇ ਨੂੰ ਕਲਚਰ-ਮੀਡੀਅਮ ਵਿਚ ਰੱਖ ਕੇ, ਉਸਦੀ ਮੈਚਿਉਰਟੀ ਬਾਰੇ ਆਧੁਨਿਕ ਤਕਨੀਕਾਂ ਨਾਲ ਜਾਂਚ ਕੀਤੀ ਗਈ। ਜਾਂਚ ਕਰਨ ਤੋਂ ਬਾਅਦ ਇਸਨੂੰ ਇਨਕੂਬੇਟਰ ਵਿਚ ਰੱਖ ਦਿੱਤਾ ਗਿਆ। ਨਾਲ ਦੀ ਨਾਲ ਸਟੀਵਨ ਦੇ ਵੀਰਜ 'ਚੋਂ ਸ਼ੁਕਰਾਣੂ ਕੱਢ ਕੇ ਉਨ੍ਹਾਂ ਨੂੰ ਵਿਗਿਆਨਕ ਵਿਧੀ ਨਾਲ ਤਿਆਰ ਕੀਤਾ ਗਿਆ।

ਡਾ. ਡਾਂਗੀ ਤੇ ਡਾ. ਮਮਤਾ ਫੌਰਨ ਕਲਾਇੰਟਸ ਨਾਲ ਚੰਗੇ ਸੰਬੰਧ ਬਣਾ ਰਹੇ ਸਨ। ਉਨ੍ਹਾਂ ਕੋਈ ਵੀ ਕੰਮ ਦੂਜੇ ਡਾਕਟਰਾਂ ਅਤੇ ਸਟਾਫ ਦੇ ਭਰੋਸੇ ਨਹੀਂ ਛੱਡਿਆ, ਸਗੋਂ ਆਪ ਕੀਤਾ। ਵੈਸੇ ਸਾਰੀ ਟੀਮ ਸਰਗਰਮ ਸੀ। ਡਾ. ਡਾਂਗੀ ਨੇ ਸ਼ੁਕਰਾਣੂ ਤੇ ਅੰਡੇ ਦੋਵਾਂ ਦੀ ਪਰਿਪੱਕਤਾ ਜਾਂਚ ਲਈ ਸੀ। ਖਾਸ ਕਲਚਰ-ਮੀਡੀਅਮ ਵਿਚ ਸ਼ੁਕਰਾਣੂ ਤੇ ਅੰਡੇ ਦੀ ਫਰਟੀਲਾਈਜ਼ੇਸ਼ਨ ਯਾਨੀ ਮੇਲ ਕਰਵਾ ਕੇ ਇਨਕੂਬੇਟਰ ਵਿਚ ਰੱਖਿਆ ਸੀ। ਦੋਵਾਂ ਦੇ ਮੇਲ ਤੋਂ ਪੈਦਾ ਹੋਏ ਇਕ ਸੈੱਲ ਤੋਂ, ਬਾਰਾਂ ਘੰਟਿਆਂ ਵਿਚ ਇਕ ਤੋਂ ਦੋ, ਦੋ ਤੋਂ ਚਾਰ ਸੈੱਲ ਬਣ ਗਏ ਸਨ। ਅਠਤਾਲੀ ਤੋਂ ਬਹੱਤਰ ਘੰਟਿਆਂ ਵਿਚ ਮੁੱਢਲਾ ਭਰੂਣ ਬਣ ਗਿਆ। ਡਾਕਟਰਾਂ ਦੀ ਟੀਮ ਨੇ ਸੱਤ-ਅੱਠ ਭਰੂਣ ਬਣਾ ਕੇ ਰੱਖ ਲਏ ਸਨ। ਕੁਝ ਭਰੂਣ ਖਰਾਬ ਹੋ ਗਏ ਸਨ। ਆਖਰ ਇਕ ਭਰੂਣ ਤੋਂ ਬਣੇ ਜਾਇਗੋਟ ਨੂੰ ਮੇਰੀ ਕੁੱਖ ਵਿਚ ਟਿਕਾਉਣ ਵਿਚ ਉਹ ਕਾਮਯਾਬ ਹੋ ਗਏ ਸਨ। ਮੈਂ ਕੰਪਨੀ ਤੋਂ ਲੀਵ ਲੈ ਲਈ ਸੀ। ਜਣੇਪੇ ਦੇ ਦਿਨਾਂ ਵਿਚ ਹੀ ਮੈਂ ਟੌਫਿਲ ਦਾ ਟੈਸਟ ਪਾਸ ਕਰ ਲਿਆ ਸੀ। ਟੈਸਟ ਦੀ ਤਿਆਰੀ ਕਰਨੀ ਕਿਹੜਾ ਸੌਖੀ ਸੀ। ਉਦੋਂ ਇਹ ਮੇਰੇ ਪੇਟ ਵਿਚ ਸੀ। ਮੈਂ ਪੜ੍ਹਨ ਬੈਠ ਜਾਣਾ। ਮੈਨੂੰ ਇਵੇਂ ਲੱਗਣਾ ਜਿਵੇਂ ਇਹ ਮੇਰੇ ਲੱਤਾਂ ਮਾਰ ਰਿਹਾ ਹੋਵੇ। ਮੈਂ ਔਖੀ ਹੋ ਕੇ ਦਰਦ ਸਹਿਣਾ।... ਆਖਰੀ ਦਿਨਾਂ ਵਿਚ ਤਾਂ ਇਸ ਨੌਟੀ ਬੁਆਏ ਨਾਲ ਗੱਲਾਂ ਕਰਦੀ ਰਹਿੰਦੀ। ਬੜੀ ਅਲਰਟ ਵੀ ਰਹਿੰਦੀ। ਇਹਦੀ ਸੇਫਟੀ ਖਾਤਰ ਤਾਂ ਰਾਜੀਵ ਤੋਂ ਵੀ ਡਿਸਟੈਂਸ ਬਣਾ ਕੇ ਰੱਖਦੀ।



ਨੌਂ ਮਹੀਨੇ ਬਾਅਦ ਇਹ ਬੇਬੀ ਡਿਲਿਵਰ ਹੋਇਆ, ਜੋ ਹੁਣ ਮੇਰਾ ਨਹੀਂ ਬਣ ਰਿਹਾ। ਸਗੋਂ ਕੋਰਟ ਦੇ ਚੱਕਰ ਕਢਾ ਰਿਹਾ। ਉਦੋਂ ਤਾਂ ਸਟੀਵਨ ਬਰਾਊਨ ਤੇ ਡੈਵੀ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਦੋ ਵੀਕ ਬਾਅਦ ਇੰਡੀਆ ਆ ਗਏ ਸਨ। ਉਨ੍ਹਾਂ ਇਸ ਦਾ ਨਾਂ ਡੇਵਿਡ ਬਰਾਊਨ ਰੱਖਿਆ ਸੀ। ਉਹ ਅੱਠ ਵੀਕ ਦਿੱਲੀ ਵਿਚ ਰਹਿ ਕੇ ਬੇਟੇ ਦੇ ਬਰਥ ਨੂੰ ਸੈਲੀਬਰੇਟ ਕਰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਡੇਵਿਡ ਨਾਲ ਸੰਬੰਧਤ ਪੇਪਰ ਵਰਕ 'ਬੇਬੀ ਕੰਪਨੀ' ਤੋਂ ਕੰਪਲੀਟ ਕਰਵਾਇਆ। ਮੈਨੂੰ ਬਕਾਇਆ ਰਾਸ਼ੀ ਵੀ ਦਿੱਤੀ।

ਚੈੱਕ ਰਸੀਵ ਕਰਨ ਵੇਲੇ ਮੈਨੂੰ ਘਬਰਾਹਟ ਹੋਈ ਸੀ। ਦਰਅਸਲ ਮੈਂ ਡੇਵਿਡ ਨੂੰ ਆਪਣੇ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ। ਕਿਉਂਕਿ ਮੇਰੀ ਰਗ-ਰਗ ਵਿਚ ਉਸ ਲਈ ਪਿਆਰ ਸੀ, ਮਮਤਾ ਸੀ। ਆਫਟਰ ਆਲ ਉਹ ਮੇਰਾ ਹੀ ਤਾਂ ਅੰਸ਼ ਸੀ। ਮੇਰੇ ਆਪਣੇ ਖੂਨ ਨਾਲ ਪਲਿਆ ਹੋਇਆ। ਉਸ ਤੋਂ ਦੂਰ ਜਾਣ ਦਾ ਖਿਆਲ ਵੀ ਪਾਗ਼ਲ ਕਰ ਜਾਂਦਾ। ਉਸਨੂੰ ਕੱਸ ਕੇ ਆਪਣੇ ਸਰੀਰ ਨਾਲ ਲਾ ਲੈਂਦੀ।

ਸਾਡੇ ਕਮਰੇ ਦੀ ਲਾਈਟ ਜਗਦੀ ਰਹਿੰਦੀ ਸੀ। ਉਹ ਦਿਨੇ ਸੁੱਤਾ ਰਹਿੰਦਾ ਤੇ ਰਾਤ ਨੂੰ ਮੇਰੇ ਨਾਲ ਖੇਡਦਾ। ਉਦੋਂ ਬਰਾਊਨ ਜੋੜਾ ਹੋਟਲ ਦੇ ਕਮਰੇ ਵਿਚ ਘੂਕ ਸੁੱਤਾ ਪਿਆ ਹੁੰਦਾ। ਉਹ ਮੇਰੀਆਂ ਗੱਲਾਂ ਦੇ ਹੁੰਗਾਰੇ ਭਰਦਾ, ਆਪਣੇ ਛੋਟੇ ਤੇ ਕੋਮਲ ਹੱਥ ਮੇਰੇ ਮੂੰਹ 'ਤੇ ਮਾਰਦਾ। ਮੇਰੇ ਵਾਲ਼ ਪਕੜ ਲੈਂਦਾ। ਇਕ ਦਿਨ ਮੈਂ ਡੇਵਿਡ ਨਾ ਦੇਣ ਦਾ ਫੈਸਲਾ ਕਰ ਲਿਆ। ਮੈਂ ਬੱਚਾ ਆਪਣੇ ਕੋਲ਼ ਕਿਵੇਂ ਰੱਖ ਸਕਦੀ ਸੀ? ਐਗਰੀਮੈਂਟ 'ਤੇ ਸਿਗਨੇਚਰ ਜੂ ਕੀਤੇ ਹੋਏ ਸਨ। ਮੇਰੇ ਸਾਹਮਣੇ ਕਰਜ਼ੇ ਵਿਚ ਡੁੱਬਿਆ ਹੋਇਆ ਘਰ ਸੀ। ਵੇਲ ਵਾਂਗ ਵਧ ਗਈਆਂ ਭੈਣਾਂ ਸਨ। ਜਦੋਂ ਬੈਂਕ ਨੇ ਬੰਗਲੇ ਦੀ ਕੁਰਕੀ ਦੇ ਵਾਰੰਟ ਕੱਢੇ ਸਨ, ਮੈਨੂੰ ਬਰਾਊਨ ਜੋੜੇ ਤੋਂ ਜੋ ਐਡਵਾਂਸ ਮਿਲਿਆ ਸੀ, ਉਸ ਵਿਚੋਂ ਬਹੁਤੀ ਰਕਮ ਮੈਂ ਬੈਂਕ ਨੂੰ ਦੇ ਦਿੱਤੀ ਸੀ। ਬਾਕੀ ਕਰਜ਼ੇ ਦੀਆਂ ਵੀਹ ਸਾਲ ਦੀਆਂ ਕਿਸ਼ਤਾਂ ਕਰਵਾ ਲਈਆਂ ਸਨ। ਮੈਂ ਉਹ ਕਿਸ਼ਤਾਂ ਕਿਵੇਂ ਦੇਵਾਂਗੀ, ਇਹ ਸੋਚਕੇ ਡੇਵਿਡ ਨੂੰ ਕੋਲ਼ ਰੱਖਣ ਦਾ ਫੈਸਲਾ ਬਦਲ ਦਿੱਤਾ ਸੀ।

ਮੈਂ ਬੜੇ ਦੁਖੀ ਮਨ ਨਾਲ ਡੇਵਿਡ ਨੂੰ ਆਪਣੇ ਤੋਂ ਜੁਦਾ ਕੀਤਾ। ਉਹਦੇ ਯੂ ਐੱਸ ਏ ਜਾਣ ਪਿੱਛੋਂ ਮੈਂ ਅਪਸੈੱਟ ਹੋ ਗਈ। ਦੋ ਤਿੰਨ ਦਿਨ ਖਾਣਾ ਤਾਂ ਕੀ ਮੇਰੇ ਅੰਦਰ ਪਾਣੀ ਵੀ ਨਾ ਲੰਘਿਆ। ਮੈਨੂੰ ਰੂਮ ਖਾਣ ਨੂੰ ਪੈਂਦਾ ਸੀ। ਰਾਜੀਵ ਬਥੇਰਾ ਉਸਦੀ ਥਾਂ ਲੈਣ ਦੀ ਕੋਸ਼ਿਸ਼ ਕਰਦਾ ਪਰ ਡੇਵਿਡ ਤੋਂ ਬਿਨਾਂ ਮੈਂ ਅਧੂਰੀ ਸੀ। ਮੇਰੇ ਕੋਲ ਉਸਦੀ ਇਕ ਫੋਟੋ, ਕੁਝ ਕੱਪੜੇ ਤੇ ਖਿਡੌਣੇ ਸਨ। ਮੈਂ ਉਨ੍ਹਾਂ ਨਾਲ ਹੀ ਪਰਚੀ ਰਹਿੰਦੀ। ... ਮੈਂ ਵੀ ਅਮਰੀਕਾ ਜਾਣ ਦੀ ਤਿਆਰੀ ਕਰਨ ਲੱਗੀ। ਜੀ ਆਰ ਈ ਤੇ ਟੌਫਿਲ ਦੇ ਟੈਸਟ ਮੈਂ ਪਹਿਲਾਂ ਹੀ ਪਾਸ ਕਰ ਚੁੱਕੀ ਸੀ। ਮੈਂ ਦਾਖਲਾ ਲੈਣ ਲਈ ਅਕੈਡਮੀ ਰਾਹੀਂ ਪੇਪਰ ਵਰਕ ਸ਼ੁਰੂ ਕੀਤਾ। ਯੂਨੀਵਰਸਿਟੀ ਔਫ ਸਦਰਨ ਕੈਲੇਫੋਰਨੀਆ ਅਮਰੀਕਾ ਦੀਆਂ ਟਾਪ ਯੂਨੀਵਰਸਿਟੀਆਂ ਵਿਚੋਂ ਇਕ ਹੈ। ਮੈਂ ਲਾਸ ਐਂਜਲਜ਼ ਦੀ ਇਸ ਯੂਨੀਵਰਸਿਟੀ ਵਿਚ ਦਾਖਲੇ ਲਈ ਅਰਜ਼ੀ ਦਿੱਤੀ ਜੋ ਮਨਜ਼ੂਰ ਹੋ ਗਈ। ਦਖਲਾ ਮਿਲਣ 'ਤੇ ਮੈਂ ਫੀਸ ਭਰ ਦਿੱਤੀ।

ਮੈਂ ਯੂਨੀਵਰਸਿਟੀ ਆ ਕੇ ਸਟੱਡੀ ਵਿਚ ਬਿਜ਼ੀ ਹੋ ਗਈ। ਪਿੱਛੇ ਮੰਮੀ ਮੇਰੇ ਲਈ ਤੜਫਦੀ ਰਹਿੰਦੀ। ਮਾਲਤੀ ਤੇ ਵਨੀਤਾ ਚਿੱਠੀਆਂ ਲਿਖਦੀਆਂ। ਮੈਂ ਉਹਨਾਂ ਦੀ ਖਾਤਰ ਯੂਨੀਵਰਸਿਟੀ ਕੈਂਪਸ ਅੰਦਰ ਕਦੇ ਲਾਇਬਰੇਰੀ ਵਿਚ, ਕਦੇ ਕੋਰੀਅਰ ਤੇ ਕਦੇ ਪੇਪਰ ਮਾਰਕਿੰਗ ਦਾ ਕੰਮ ਵੀ ਕਰਦੀ।... ਸਖਤ ਮਿਹਨਤ ਪਿੱਛੋਂ ਦੋ ਸਾਲ ਵਿਚ ਇੰਜੀਨੀਅਰਿੰਗ ਮੈਨੇਜਮੈਂਟ ਵਿਚ ਮਾਸਟਰ ਡਿਗਰੀ ਕਰ ਲਈ। ਇਸ ਪਿੱਛੋਂ ਮੈਂ ਜੌਬ ਲੱਭਣ ਲੱਗੀ। ਤਿੰਨ ਮਹੀਨੇ ਵਿਚ ਚਾਰ ਕੰਪਨੀਆਂ ਨੇ

ਇੰਟਰਵਿਊ ਲਈ। ਚੌਥੀ ਇੰਟਰਵਿਊ ਮਿਸਟੀ ਆਟੋਮੋਬਾਇਲ ਹੈਵਡ ਵੱਲੋਂ ਸੀ। ਇਨ੍ਹਾਂ ਮੇਰੀ ਸਿਲੈਕਸ਼ਨ ਕਰ ਲਈ।

ਇਹ ਮਲਟੀ ਨੈਸ਼ਨਲ ਕਾਰ ਕੰਪਨੀ ਏ। ਕੰਪਨੀ ਨੇ ਤਿੰਨ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਸਨ। ਮੇਰੀ ਡਿਊਟੀ ਪ੍ਰੋਜੈਕਟਸ ਦੀ ਪਲੈਨਿੰਗ ਕਰਨ ਦੀ ਸੀ। ਜਿਨ੍ਹਾਂ ਰੋਬੋ ਮਸ਼ੀਨਾਂ ਨੇ ਇਹ ਪ੍ਰੋਜੈਕਟ ਡਿਜ਼ਾਇਨ ਕਰਨੇ ਸਨ, ਉਨ੍ਹਾਂ ਤੋਂ ਲੈ ਕੇ ਵੱਖ ਵੱਖ ਥਾਈਂ ਬਣਦੀਆਂ ਵੱਖ ਵੱਖ ਮਸ਼ੀਨਾਂ ਉੱਤੇ ਮੈਂ ਹਾਜ਼ਰ ਰਹਿੰਦੀ। ਕੰਪਨੀ ਨੇ ਹਾਅਰ ਕਰਨ ਵੇਲ਼ੇ ਮੇਰੇ ਕੰਟਰੈਕਟ ਵਿਚ ਕੁਝ ਸ਼ਰਤਾਂ ਰੱਖੀਆਂ ਸਨ। ਉਹਨਾਂ ਵਿਚੋਂ ਇਕ ਸ਼ਰਤ ਇਹ ਸੀ ਕਿ ਮੈਂ ਦਸ ਸਾਲ ਤਕ ਕੰਪਨੀ ਨਾਲ ਬਾਂਡਿਡ ਰਹਾਂਗੀ। ਇਸ ਦਸ ਸਾਲ ਦੇ ਕੰਟਰੈਕਟ ਵਿਚ ਦੂਜੀ ਸ਼ਰਤ ਨਹੀਂ, ਇਕ ਸਹੂਲਤ ਦਿੱਤੀ ਗਈ ਸੀ। ਜੇਕਰ ਮੈਂ ਦਸ ਸਾਲ ਤਕ ਬੇਬੀ ਨਹੀਂ ਕਰਦੀ, ਕੰਪਨੀ ਮੈਨੂੰ ਪੱਚੀ ਪ੍ਰਤੀਸ਼ਤ ਪੇਅ ਵਾਧੂ ਦੇਵੇਗੀ ਅਤੇ ਪੰਜ ਸਾਲ ਬਾਅਦ ਪ੍ਰੋਮੋਸ਼ਨ ਵੀ ਮਿਲੇਗੀ। ਕੁਝ ਸ਼ਰਤਾਂ ਤੇ ਸਹੂਲਤਾਂ ਹੋਰ ਵੀ ਸਨ। ਸ਼ਰਤਾਂ ਲਾਗੂ ਨਾ ਕਰ ਸਕਣ ਦੀ ਹਾਲਤ ਵਿਚ ਵਾਧੂ ਤਨਖਾਹ ਤੇ ਪ੍ਰੋਮੋਸ਼ਨ ਵਾਪਸ ਕਰਨ ਦੀ ਪਾਬੰਦ ਕੀਤਾ ਗਿਆ ਸੀ।

'ਦਸ ਸਾਲ ਬੇਬੀ ਨਹੀਂ ਲਏਗੀ' ਵਾਲੇ ਐਗਰੀਮੈਂਟ 'ਤੇ ਸਿਗਨੇਚਰ ਕਰਨ ਵੇਲੇ ਮੇਰੇ ਹੱਥ ਕੰਬੇ ਸਨ ਜਿਵੇਂ ਮੈਂ ਕੁਝ ਦੇਰ ਪਹਿਲਾਂ ਕੰਬ ਰਹੀ ਸੀ। ਉਪਰਲੇ ਕਾਲਮ 'ਤੇ ਮੇਰੀ ਉਮਰ ਤੀਹ ਸਾਲ ਲਿਖੀ ਹੋਈ ਸੀ। ਮੈਂ ਸੋਚਣ ਲੱਗ ਪਈ ਕਿ ਕੀ ਕਰਾਂ? ਮੇਰੇ ਸਾਹਮਣੇ ਕਰਜ਼ੇ ਦੀਆਂ ਕਿਸ਼ਤਾਂ, ਭੈਣਾਂ ਦੀ ਪੜ੍ਹਾਈ ਤੇ ਸ਼ਾਦੀਆਂ ਪਏ ਸਨ। ਜਿਵੇਂ ਮੈਂ ਹੁਣ ਤਰੀਕ 'ਤੇ ਜਾਣ ਤੋਂ ਪਹਿਲਾਂ ਸੋਚਾਂ ਵਿਚ ਡੁੱਬੀ ਹੋਈ ਹਾਂ, ਮੈਂ ਬੌਸ ਦੇ ਸਾਹਮਣੇ ਸੋਚੀਂ ਪੈ ਗਈ ਸੀ। ਉਸੇ ਵੇਲੇ ਦਿਨ ਰਾਤ ਸਾਡੇ ਫਿਊਚਰ ਲਈ ਨੱਠੇ ਭੱਜੇ ਫਿਰਦੇ ਰਹੇ ਡੈਡੀ ਜੀ ਸਾਹਮਣੇ ਆ ਗਏ। ਉਹਨਾਂ ਦਾ ਐਕਸੀਡੈਂਟ ਸਾਡੇ ਲਈ ਹੋਇਆ ਸੀ। ਨਾਲੇ ਉਹਨਾਂ ਨੇ ਭੈਣਾਂ ਦੀ ਜ਼ਿੰਮੇਵਾਰੀ ਮੇਰੇ ਮੋਢਿਆਂ 'ਤੇ ਸੁੱਟੀ ਸੀ। ਮੈਂ ਮਾਂ ਕਦੋਂ ਬਣਾਂਗੀ? ਇਹ ਸੋਚ ਕੇ ਮੈਂ ਹਉਕਾ ਲਿਆ ਸੀ। ਉਸ ਵੇਲ਼ੇ ਡੇਵਿਡ ਵੀ ਮੇਰੀਆਂ ਅੱਖਾਂ ਸਾਹਮਣੇ ਆਇਆ ਸੀ। ਡੈਡੀ ਜੀ ਦਾ ਸੁਪਨਾ ਤੇ ਜ਼ਿੰਮੇਵਾਰੀ ਮੇਰੇ 'ਤੇ ਭਾਰੂ ਪੈ ਗਏ। ਆਪਣੇ ਬਾਰੇ ਸੋਚਣਾ ਛੱਡ ਦਿੱਤਾ ਤੇ ਐਗਰੀਮੈਂਟ 'ਤੇ ਸਿਗਨੇਚਰ ਕਰ ਦਿੱਤੇ। ਕੰਪਨੀ 'ਤੇ ਆਇਆ ਗੁੱਸਾ ਪੀ ਗਈ। ਸਰ ਵੱਲ ਵੇਖ ਕੇ ਮੁਸਕਰਾ ਪਈ।

ਡਿਊਟੀ ਜੁਆਇਨ ਕਰਨ ਪਿੱਛੋਂ ਮੈਂ ਕੰਮ ਵਿਚ ਰੁੱਝ ਗਈ। ਕੰਪਨੀ ਦਾ ਕੰਮ ਹੀ ਏਨਾ ਸੀ ਕਿ ਮੈਨੂੰ ਸਿਰ ਖੁਰਕਣ ਦੀ ਵੀ ਵਿਹਲ ਨਾ ਮਿਲਦੀ। ਸਵੇਰੇ ਡਿਊਟੀ ਜਾਂਦੀ। ਸ਼ਾਮ ਜਦੋਂ ਘਰ ਪੁੱਜਦੀ, ਸਰੀਰ ਚਕਨਾਚੂਰ ਹੋਇਆ ਹੁੰਦਾ। ਬੈਡ ਉੱਤੇ ਗਿਰਦੇ ਸਾਰ ਹੀ ਨੀਂਦ ਆ ਜਾਂਦੀ। ਮੈਂ ਤਾਂ ਮਨੀ ਮੇਕਿੰਗ ਮਸ਼ੀਨ ਬਣ ਚੁੱਕੀ ਸੀ। ਮੈਨੂੰ ਜੇ ਕਿਤੇ ਵਿਹਲ ਮਿਲਦੀ, ਮੈਂ ਪਰਸ ਵਿਚੋਂ ਡੇਵਿਡ ਦੀ ਫੋਟੋ ਕੱਢ ਕੇ ਚੁੰਮ ਲੈਂਦੀ। ਫਿਰ ਕੰਮ ਵਿਚ ਬਿਜ਼ੀ ਹੋ ਜਾਂਦੀ। ਘਰ ਫੋਨ ਵੀ ਘੱਟ ਹੀ ਕਰਦੀ।

ਸ਼ਾਇਦ ਮੈਂ ਵਿਆਹ ਵੀ ਨਾ ਕਰਵਾਉਂਦੀ। ਇਹ ਤਾਂ ਰਾਜੀਵ ਨੇ ਹੀ ਜ਼ਿਦ ਕਰੀ ਰੱਖੀ। ਉਹ ਤੇ ਮੈਂ ਬਾਈ ਲਾਅ ਪਤੀ ਪਤਨੀ ਬਣ ਗਏ ਸਾਂ। ਰਾਜੀਵ ਨੂੰ ਅਮਰੀਕਾ ਮੰਗਵਾ ਕੇ, ਅਸੀਂ ਦੋਨੋਂ ਆਪਣੀ-ਆਪਣੀ ਜੌਬ ਵਿਚ ਬਿਜ਼ੀ ਹੋ ਗਏ ਸਾਂ। ਮੈਂ ਇੰਡੀਆ ਵੀ ਕਰਜ਼ੇ ਦੀਆਂ ਕਿਸ਼ਤਾਂ ਦਿੰਦੀ ਤੇ ਏਥੇ ਵਾਲੇ ਘਰ ਦੀਆਂ...ਕਾਰ ਦੀਆਂ ਵੀ। ਰਾਜੀਵ ਦਾ ਧਿਆਨ ਵੀ ਆਪਣੇ ਭੈਣ ਭਰਾ ਨੂੰ ਸੈੱਟ ਕਰਨ ਵਿਚ ਸੀ।

ਅਮਰੀਕਾ ਵਾਂਗ ਮੇਰੀ ਜ਼ਿੰਦਗੀ ਦੀ ਰਫਤਾਰ ਤੇਜ਼ ਹੋ ਚੁੱਕੀ ਸੀ। ਮੈਂ ਭੈਣਾਂ ਨੂੰ ਚੰਗੇ ਕੋਰਸ ਕਰਵਾ ਰਹੀ ਸੀ। ਮੈਂ ਡਾਲਰ ਭੇਜਦੀ ਰਹਿੰਦੀ। ਉਹ ਵੀ ਮੇਰੇ ਲਈ ਛੋਟੇ ਛੋਟੇ ਗਿਫਟ ਭੇਜਦੀਆਂ ਰਹਿੰਦੀਆਂ। ਮੇਰੀ ਮੰਮਾ ਦੇ ਚਿਹਰੇ 'ਤੇ ਨੂਰ ਆ ਗਿਆ ਸੀ। ਘਰ ਖੁਸ਼ਹਾਲੀ ਹੋ ਗਈ ਸੀ। ਸ਼ਹਿਰ ਵਿਚ ਸਾਡਾ ਬੰਗਲਾ



ਮੁੜ ਚਮਕਣ ਲੱਗ ਪਿਆ ਸੀ। ਪੰਛੀਆਂ ਦੀ ਚੀਂਅ-ਚੀਂਅ ਵਧ ਗਈ ਸੀ। ਗੁਲਾਬ ਦੇ ਫੁੱਲਾਂ ਦੀ ਖੁਸ਼ਬੋ ਨਾਲ ਆਲ਼ਾ-ਦੁਆਲ਼ਾ ਮਹਿਕਿਆ ਪਿਆ ਸੀ। ਮਾਲਤੀ ਆਰਥੋ ਦੀ ਡਾਕਟਰ ਬਣ ਗਈ ਸੀ ਤੇ ਵਨੀਤਾ ਕੰਪਿਊਟਰ ਇੰਜੀਨੀਅਰ। ਦੋਵੇਂ ਕੈਨੇਡਾ ਸੈਟਲ ਹੋ ਗਈਆਂ ਸਨ। ਉਨ੍ਹਾਂ ਨੂੰ ਸੈੱਟ ਕਰਨ ਤੇ ਵਿਆਹੁਣ ਪਿੱਛੋਂ ਮੈਂ ਜ਼ਿੰਮੇਵਾਰੀ ਤੋਂ ਫਰੀ ਹੋ ਗਈ ਸੀ।

ਮੈਂ ਰਾਜੀਵ ਦੀਆਂ ਵੀ ਸਭ ਲੋੜਾਂ ਤੇ ਇੱਛਾਵਾਂ ਦਾ ਖਿਆਲ ਰੱਖਦੀ। ਜੇ ਮੇਰੇ ਕੋਲ਼ ਸਮਾਂ ਨਹੀਂ ਸੀ, ਉਹ ਆਪਣੇ ਲਈ ਨਹੀਂ ਸੀ। ਕੰਪਨੀ ਨੇ ਰੋਬੋ ਮਸ਼ੀਨਾਂ ਵਾਂਗੂੰ ਮੈਨੂੰ ਵੀ ਰੋਬਟ ਹੀ ਬਣਾ ਦਿੱਤਾ ਸੀ। ਉਨ੍ਹਾਂ ਵਾਂਗ ਹੀ ਚੁੱਪ ਰਹਿੰਦੀ। ਸਿਰਫ ਕੰਮ ਦੀ ਭਾਸ਼ਾ ਸਮਝਦੀ। ਮੈਂ ਕੰਪਨੀ ਮਾਲਕਾਂ ਦਾ ਲਾਗਤ ਘਟਾਉਣ ਤੇ ਮੁਨਾਫਾ ਵਧਾਉਣ ਦਾ ਸੁਪਨਾ ਪੂਰਾ ਕਰਦੀ। ਕੰਪਨੀ ਮਾਲਕਾਂ ਦੀ ਕੋਸ਼ਿਸ਼ ਹੁੰਦੀ, ਮਸ਼ੀਨ ਇਸ ਤਰ੍ਹਾਂ ਡਿਜ਼ਾਇਨ ਹੋਵੇ ਕਿ ਮਨੁੱਖੀ ਸ਼ਕਤੀ ਦੀ ਲੋੜ ਘੱਟ ਪਵੇ। ਮੈਂ ਹਾਇਰ ਅਥਾਰਟੀ ਕੋਲੋਂ ਡਿਜ਼ਾਇਨ ਅਪਰੂਵ ਕਰਵਾਉਂਦੀ। ਟੈਕਸਾਸ, ਨਿਊਯਾਰਕ, ਮਿਸ਼ੀਗਨ, ਕੈਨੇਡਾ, ਜਾਪਾਨ ਆਦਿ ਵਿਚ ਲੱਗੇ ਪਲਾਂਟਸ ਵਿਚ ਤੁਰੀ ਫਿਰਦੀ।

ਸ਼ੁਰੂ ਸ਼ੁਰੂ ਵਿਚ ਮੈਂ ਨਿਊਯਾਰਕ ਜਾਂਦੀ। ਬਰਾਊਨ ਜੋੜੇ ਦੇ ਘਰ ਜਾ ਕੇ ਆਉਂਦੀ। ਆਪਣੇ ਪੁੱਤ ਡੇਵਿਡ ਨੂੰ ਚੁੰਮ ਕੇ ਆਉਂਦੀ। ਫਿਰ ਉੱਥੇ ਵਾਲਾ ਸਾਡਾ ਯੂਨਿਟ ਬੰਦ ਹੋ ਗਿਆ। ਕਾਫੀ ਸਮਾਂ ਜਾ ਹੀ ਨਾ ਹੋਇਆ। ਇਕ ਵਾਰ ਉਧਰ ਹੀ ਗਈ ਹੋਈ ਸੀ। ਵਾਪਸੀ 'ਤੇ ਬਰਾਊਨ ਦੇ ਘਰ ਗਈ ਤਾਂ ਉਨ੍ਹਾਂ ਹਾਊਸ ਸ਼ਿਫਟ ਕਰ ਲਿਆ ਸੀ। ਮੈਨੂੰ ਨਵਾਂ ਐਡਰੈੱਸ ਨਾ ਮਿਲਿਆ। ਮੈਂ ਉਦਾਸ ਹੋਈ ਮੁੜੀ ਸੀ।

ਪਰ ਮੇਰੇ ਆਪਣੇ ਵੀ ਖੁਸ਼ੀ ਦੇ ਦਿਨ ਆ ਗਏ ਸਨ।

ਮੇਰੀ ਜੌਬ ਦਸ ਸਾਲ ਦੀ ਹੋ ਗਈ ਸੀ। ਬੇਬੀ ਨਾ ਲੈਣ ਵਾਲੇ ਐਗਰੀਮੈਂਟ ਦਾ ਪੀਰੀਅਡ ਖਤਮ ਹੋ ਗਿਆ ਸੀ। ਮੇਰਾ ਬਨਵਾਸ ਕੱਟਿਆ ਗਿਆ ਸੀ। ਵਿਹਲ ਤਾਂ ਮੇਰੇ ਕੋਲ ਉਦੋਂ ਵੀ ਨਹੀਂ ਸੀ। ਤਨਖਾਹ ਬਹੁਤ ਅੱਛੀ ਸੀ। ਪ੍ਰੋਮੋਸ਼ਨ ਡਿਊ ਸੀ। ਪਰ ਮੇਰੇ ਅੰਦਰਲੀ ਮਾਂ ਜਾਗ ਪਈ ਸੀ। ਕਈ ਵਾਰ ਇੰਸਟਾਗਰਾਮ 'ਤੇ ਭੈਣਾਂ ਆਪਣੀਆਂ ਤੇ ਬੱਚਿਆਂ ਦੀਆਂ ਤਸਵੀਰਾਂ ਪਾ ਦਿੰਦੀਆਂ। ਉਹਨਾਂ ਨੂੰ ਵੇਖ ਮੇਰਾ ਵੀ ਮਾਂ ਬਣਨ ਨੂੰ ਮਨ ਕਾਹਲ਼ਾ ਹੋ ਉੱਠਿਆ। ਮੇਰਾ ਦਿਲ ਕਰਦਾ ਕਿ ਮੈਂ ਕੁਦਰਤ ਦੀ ਇਸ ਅਨਮੋਲ ਸੌਗਾਤ ਦਾ ਨਿੱਘ ਮਾਣਾਂ। ਵਿਹਲੇ ਸਮੇਂ ਮੈਂ ਲੈਪਟਾਪ 'ਤੇ ਬੱਚਿਆਂ ਦੀ ਤਸਵੀਰਾਂ ਦੇਖਣ ਲੱਗ ਜਾਂਦੀ। ਡਾਊਨਲੋਡ ਕਰ ਲੈਂਦੀ। ਪ੍ਰਿੰਟ ਕੱਢ ਕੇ ਬੈੱਡ ਭਰ ਦਿੰਦੀ। ਫਿਰ ਉਹਨਾਂ ਉਪਰ ਲਿਟ ਜਾਂਦੀ। ਵੈਸੇ ਡੇਵਿਡ ਦੀ ਫੋਟੋ ਮੈਂ ਸਕਰੀਨ 'ਤੇ ਵਾਲਪੇਪਰ ਵਜੋਂ ਲਾ ਰੱਖੀ ਸੀ।

ਮੈਂ ਤੇ ਰਾਜੀਵ ਬੱਚੇ ਲਈ ਕੋਸ਼ਿਸ਼ ਕਰਨ ਲੱਗੇ ਪਰ ਸਾਡੇ ਪੱਲੇ ਨਿਰਾਸ਼ਾ ਹੀ ਪਈ ਸੀ। ਸਾਨੂੰ ਲੱਗਾ ਅਸੀਂ ਬਹੁਤ ਲੇਟ ਹੋ ਗਏ ਸਾਂ। ਕਦੇ ਗਾਇਨੀ, ਕਦੇ ਇਨਫਰਟੀਲਿਟੀ ਡਾਕਟਰਾਂ ਦੇ ਗੇੜੇ ਲਗਾਉਂਦੇ ਰਹੇ। ਤਰ੍ਹਾਂ-ਤਰ੍ਹਾਂ ਦੇ ਟੈਸਟ ਵੀ ਕਰਵਾਏ। ਆਖਰ ਇਕ ਦਿਨ ਡਾਕਟਰ ਅਲੀਸਾ ਨੇ ਮੈਨੂੰ ਕਿਹਾ ਸੀ—"ਲੇਟਰ ਸਟੇਜ 'ਤੇ ਕਨਸੀਵ ਕਰਨਾ ਕਾਫੀ ਮੁਸ਼ਕਿਲ ਕੰਮ ਏ। ਫਿਰ ਵੀ ਅਸੀਂ ਫੁਲ ਏਫਰਟ ਕਰ ਰਹੇ ਹਾਂ।"

ਮੈਂ ਤੇ ਰਾਜੀਵ ਨੇ ਡਾਲਰ ਤਾਂ ਬਹੁਤ ਕਮਾ ਲਏ ਸਨ। ਅਸੀਂ ਹੇਵਡ ਵਿਚ ਉੱਚੀ ਪਹਾੜੀ 'ਤੇ ਬਹੁਤ ਵੱਡਾ ਘਰ ਲੈ ਲਿਆ ਸੀ।... ਪਿਛਲੇ ਸਾਲਾਂ ਵਿਚ ਵੀ ਮੈਂ ਬੱਚੇ ਲਈ ਬਹੁਤ ਤੜਫਣ ਲੱਗ ਪਈ ਸੀ। ਰਾਜੀਵ ਵੀ ਬੇਕਾਬੂ ਹੋ ਜਾਂਦਾ ਰਿਹਾ। ਕੁਝ ਦਿਨਾਂ ਬਾਅਦ ਪਰੈਗਨੈਂਸੀ ਦਾ ਪਤਾ ਲੱਗਾ ਸੀ। ਉਸ ਵਕਤ ਅਸੀਂ ਐਗਰੀਮੈਂਟ ਤੋੜਨ ਦਾ ਫੈਸਲਾ ਕਰ ਲਿਆ ਸੀ। 'ਵਾਧੂ ਤਨਖਾਹ ਕੰਪਨੀ ਨੇ ਲੈ ਲੈਣੀ

ਏ', ਸੋਚ ਕੇ ਅਬੋਰਸ਼ਨ ਕਰਵਾ ਦਿੱਤਾ। ਮੈਂ ਭੈਣਾਂ ਦਾ ਕੈਰੀਅਰ ਬਣਾਉਂਦੀ ਰਹੀ। ਕੰਮ ਵਿਚ ਬਿਜ਼ੀ ਰਹੀ।... ਤੇ ਆਪਣਾ ਮਾਂ ਬਣਨ ਦਾ ਗੋਲਡਨ ਪੀਰੀਅਡ ਗੁਆ ਦਿੱਤਾ।

ਹੁਣ ਭੈਣਾਂ ਕੋਲ ਮੇਰਾ ਫੋਨ ਸੁਣਨ ਲਈ ਟਾਇਮ ਵੀ ਨਹੀਂ ਏ। ਉਹ ਡਿਊਟੀ ਜਾਂ ਬੱਚਿਆਂ ਵਿਚ ਬਿਜ਼ੀ ਹੁੰਦੀਆਂ ਨੇ। ਬੱਚਿਆਂ ਨੂੰ ਗਰਾਊਂਡ ਲੈ ਕੇ ਜਾਂਦੀਆਂ ਜਾਂ ਮੰਦਰ 'ਚ ਹਿੰਦੀ ਸਿਖਾਉਣ। ਉਹ ਹਸਬੈਂਡਜ਼ ਨਾਲ ਬਰਫੀਲੇ ਪਹਾੜਾਂ ਉੱਤੇ ਬਰਫ ਨਾਲ ਖੇਡ ਰਹੀਆਂ ਹੁੰਦੀਆਂ ਹਨ। ਮੇਰੇ ਲਈ ਉਹਨਾਂ ਕੋਲ ਟਾਇਮ ਨਹੀਂ ਏ। ਮੇਰਾ ਘਰ ਹਸੂੰ-ਹਸੂੰ ਕਰਦੇ ਬੇਬੀ ਤੋਂ ਸੱਖਣਾ ਏ।... ਰਾਤ ਨੂੰ ਨੀਂਦ ਨਹੀਂ ਆਉਂਦੀ। ਡੇਵਿਡ ਦੀ ਫੋਟੋ ਹਿੱਕ 'ਤੇ ਰੱਖ ਲੈਂਦੀ ਹਾਂ।

ਪਿਛਲੇ ਚਾਰ-ਪੰਜ ਸਾਲਾਂ ਤੋਂ ਬੇਬੀ ਲੈਣ ਦੇ ਯਤਨਾਂ ਵਿਚ ਸੀ ਪਰ ਸਭ ਵਿਅਰਥ। ਅਸੀਂ ਡਾਕਟਰ ਕੋਲ ਵੀ ਜਾਂਦੇ, ਪਰ ਉਹਨਾਂ ਦਾ ਇਲਾਜ ਕਿਸੇ ਨਤੀਜੇ 'ਤੇ ਨਹੀਂ ਪਹੁੰਚਾ ਰਿਹਾ ਸੀ। ਡਾਕਟਰ ਕਹਿੰਦਾ, ਵਾਰ ਵਾਰ ਅਬੋਰਸ਼ਨ ਕਰਵਾਉਣ ਨਾਲ ਬੱਚੇਦਾਨੀ ਵਿਚ ਨੁਕਸ ਪੈ ਗਿਆ।

ਰਾਜੀਵ ਦੀ ਫੋਟੋ ਮੇਰੇ ਵੱਲ ਤੱਕ ਰਹੀ ਏ।

ਆਖਰ ਇਹ ਬੰਦਾ ਵੀ ਬੇਵਫਾਈ ਕਰ ਗਿਆ। ਅਮਰੀਕਾ ਆਉਣ ਵੇਲੇ ਉਸ ਜ਼ਿੰਦਗੀ ਭਰ ਸਾਥ ਨਿਭਾਉਣ ਦਾ ਵਾਅਦਾ ਕੀਤਾ ਸੀ। ਇਹ ਵੀ ਮੇਰੇ ਤੋਂ ਅੱਕ ਗਿਆ। ਉਹ ਮੈਕਸੀਕਨ ਲੇਡੀ ਮਾਰੀਆ ਨਾਲ ਫਨ ਕਰਨ ਲੱਗ ਪਿਆ ਸੀ। ਮੈਂ ਰੋਜ਼ ਸੋਚਦੀ ਆਂ, ਰਾਜੀਵ ਕਿਉਂ ਮਾਰੀਆ ਦਾ ਹੋ ਗਿਆ?... ਕਿਉਂ ਨਹੀਂ ਹੋਏਗਾ ਕਮਲ਼ੀਏ! ਉਹ ਤੀਹ ਸਾਲ ਦੀ ਭਰ ਜੁਆਨ ਔਰਤ! ਉਹਦੇ ਚਿਹਰੇ ਤੇ ਅੰਗਾਂ ਦੀ ਖਿੱਚ ਈ ਇੰਨੀ ਏ, ਮੇਰਾ ਬੰਦਾ ਪੱਟਿਆ ਗਿਆ। ਉਹ ਵੀ ਕੀ ਦਿਨ ਸਨ, ਜਦੋਂ ਮੁੰਡੇ ਮੈਨੂੰ ਖੜ੍ਹ-ਖੜ੍ਹ ਦੇਖਦੇ ਸਨ। ਫਿਰ ਮੈਨੂੰ ਹਾਲਾਤ ਨੇ ਤੋੜ ਦਿੱਤਾ। ਉਮਰ ਤੋਂ ਪਹਿਲਾਂ ਈ ਬੁੱਢੀ ਹੋ ਗਈ। ਢਿਲਕੇ-ਢਿਲਕੇ ਅੰਗਾਂ ਨੂੰ ਕਸੀ ਫਿਰਦੀ ਆਂ। ਮੈਂ ਵੀ ਤੀਹ ਸਾਲ ਦੀ ਉਮਰ ਵਿਚ ਮਾਰੀਆ ਨੂੰ ਮਾਤ ਪਾਉਂਦੀ ਸੀ। ਹੁਣ...। ਜਦੋਂ ਮੈਂ ਦੂਜੀ ਵਾਰ ਪਰੈਗਨੈਂਟ ਹੋਣ 'ਤੇ ਅਬੋਰਸ਼ਨ ਕਰਵਾਇਆ, ਉਦੋਂ ਰਾਜੀਵ ਚੁੱਪ ਰਿਹਾ। ਹੁਣ ਕਹਿ ਰਿਹਾ, ਇਹ ਬੱਚਾ ਮੇਰੇ ਬੌਸ ਦਾ ਸੀ। ਮੈਂ ਬਹੁਤਾ ਸਮਾਂ ਉਸ ਨਾਲ ਹੀ ਗੁਜ਼ਾਰਦੀ ਸੀ।... ਚਲੋ ਇਸ ਕਮੀਣੇ ਦਾ ਕੀ ਕਹਿਣਾ।

ਜਿਉਂ ਹੀ ਮੈਨੂੰ ਮਾਰੀਆ ਤੇ ਰਾਜੀਵ ਦੇ ਸੰਬੰਧਾਂ ਦਾ ਪਤਾ ਲੱਗਾ, ਮੈਂ ਪਾਗ਼ਲ ਹੋ ਗਈ। ਮੈਂ ਤਾਂ ਪਹਿਲਾਂ ਈ ਬਹੁਤ ਦੁਖੀ ਸੀ। ਮੇਰੇ ਲਈ ਇਹ ਸ਼ਾਕ ਨਾ ਸਹਿਣਯੋਗ ਸੀ। ਮੈਨੂੰ ਸੁੱਝੇ ਕੁਝ ਨਾ। ਉਹ ਬੰਦਾ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਆ। ਮੇਰੀਆਂ ਭਾਵਨਾਵਾਂ ਨੂੰ ਨਹੀਂ ਸੀ ਸਮਝ ਰਿਹਾ। ਮੈਂ ਤਾਂ ਇਹੀ ਚਾਹੁੰਦੀ ਸੀ, ਉਹ ਮੇਰਾ ਰਹੇ। ਕਿਸੇ ਮਾਰੀਆ ਕੋਲ ਨਾ ਜਾਏ। ਘਰ ਵਿਚ ਕਲ਼ੇਸ਼ ਪੈ ਗਿਆ ਸੀ। ਸਾਡੀ ਟੱਸਲ ਵਧਦੀ ਵਧਦੀ ਤਲਾਕ ਤਕ ਪੁੱਜ ਗਈ। ਮੈਂ ਤਲਾਕ ਦੇਣਾ ਨਹੀਂ ਸੀ। ਮੈਂ ਤਾਂ ਚਾਹੁੰਦੀ ਸੀ ਉਹ ਭੁੱਲਿਆ ਭਟਕਿਆ ਘਰ ਆ ਜਾਵੇ। ਮੈਂ ਕਿਹੜਾ ਆਪਣੇ ਬੌਸ ਨੂੰ ਕੁੱਛੜ ਚੁੱਕੀ ਫਿਰਦੀ ਹਾਂ। ਪਰ ਉਹ ਆਪਣੀ ਜ਼ਿੱਦ 'ਤੇ ਅੜ ਗਿਆ। ਮਾਮਲਾ ਕੋਰਟ ਚਲਾ ਗਿਆ ਸੀ। ਕਿਮ ਮੇਰੀ ਤੇਜ਼ ਤਰਾਰ ਵਕੀਲ ਏ। ਇਸ ਦੇ ਬਾਵਜੂਦ ਵੀ ਰਾਜੀਵ ਤਲਾਕ ਲੈ ਗਿਆ ਸੀ।

ਉਦੋਂ ਮੈਂ ਬੁਰੀ ਤਰ੍ਹਾਂ ਟੁੱਟ ਗਈ ਸੀ। ਬਸ ਇਸ ਬੈੱਡ 'ਤੇ ਪਈ ਰਹਿੰਦੀ। ਕੋਈ ਸੁਧ-ਬੁਧ ਨਹੀਂ ਸੀ। ਨਾ ਦਿਨ ਨਾ ਰਾਤ ਦਾ ਫਰਕ ਸੀ। ਛੱਤ ਵੱਲ ਦੇਖ ਘੂਰੀਆਂ ਵੱਟਦੀ ਰਹਿੰਦੀ। ਮਾਲਤੀ ਕਹਿਣ ਲੱਗੀ—'ਦੂਜੀ ਸ਼ਾਦੀ ਕਰਵਾ ਲੈ।' ਸੰਤਾਲੀ ਸਾਲ ਦੀ ਹੋ ਗਈ ਆਂ। ਪਿਛਲੇ ਸਾਲ ਪੀਰੀਅਡਜ਼ ਵੀ ਬੰਦ ਹੋ ਗਏ ਸੀ। ਮੀਨੋਪਾਜ਼ ਦੌਰਾਨ ਇਹ ਕੁੱਖ ਕਿੱਥੋਂ ਸੁਲੱਖਣੀ ਹੋਣੀ ਏ? ਇਹ ਦੱਸ ਕੇ ਸੈਕਿੰਡ ਮੈਰਿਜ ਲਈ ਨਾਂਹ ਕਰ ਦਿੱਤੀ।... ਮੈਂ ਸੋਚੀ ਜਾ ਰਹੀ ਹਾਂ। ਜੋ ਕਰਦੀ ਰਹੀ, ਉਹ ਕਿਹਦੇ ਲਈ ਕਰਦੀ ਸੀ? ਮੇਰੇ ਕੋਲੋਂ ਕੌਣ ਕਰਵਾਉਂਦਾ ਰਿਹੈ? ਕੰਪਨੀ ਨੇ



ਮੇਰੇ 'ਤੇ ਸਰਮਾਏ ਦਾ ਜਾਲ ਸੁੱਟਿਆ ਸੀ। ਮੈਨੂੰ ਪੈਸੇ ਦੀ ਜ਼ਰੂਰਤ ਸੀ। ਕੰਪਨੀ ਨੇ ਮੈਨੂੰ ਮਸ਼ੀਨ ਬਣਾ ਦਿੱਤਾ।

... ਹਾਂ, ਮੈਂ ਰੋਬਟ ਹਾਂ। ਇਕ ਦਿਨ ਐਸਾ ਆਵੇਗਾ, ਮੈਂ ਮਰ ਜਾਵਾਂਗੀ। ਮੇਰਾ ਨਾਂ ਵੀ ਨਹੀਂ ਰਹੇਗਾ। ਬੰਦਾ ਆਪਣੇ ਨਾਂ ਲਈ ਸਾਰੇ ਪਾਪੜ ਵੇਲਦਾ ਏ। ਸ਼ਾਇਦ ਸਟੀਵਨ ਬਰਾਊਨ ਤੇ ਡੈਵੀ ਵੀ ਏਹੀ ਸੋਚ ਕੇ ਕਿਰਾਏ ਦੀ ਕੁੱਖ 'ਚੋਂ ਡੇਵਿਡ ਬਰਾਊਨ ਲੈਣ ਇੰਡੀਆ ਗਏ ਸਨ। ਜਦ ਮੈਂ ਰਾਜੀਵ ਗਰਗ ਨਾਲ ਕੇਸ ਲੜ ਰਹੀ ਸੀ, ਗੱਲਾਂ-ਗੱਲਾਂ ਵਿਚ ਆਪਣੀ ਵਕੀਲ ਕਿਮ ਨਾਲ ਕਿਰਾਏ ਦੀ ਕੁੱਖ ਵਾਲੀ ਗੱਲ ਵੀ ਕੀਤੀ ਸੀ। ਕਿਮ ਨੇ ਵੀ ਮੇਰੇ ਵਾਂਗ ਸ਼ੁਰੂ ਵਿਚ ਮੈਡੀਕਲ ਦੇ ਵਿਸ਼ੇ ਪੜ੍ਹੇ ਸਨ। ਉਹਨੇ ਮੈਡੀਕਲ ਛੱਡ ਕੇ ਲਾਅ ਕਰ ਲਿਆ ਤੇ ਮੈਂ ਇੰਜੀਨੀਅਰਿੰਗ। ਕਿਮ ਮੈਡੀਕਲ, ਖਾਸ ਤੌਰ 'ਤੇ ਸਰੀਰ ਨਾਲ ਸੰਬੰਧਤ, ਕੇਸ ਲੜ ਕੇ ਬਹੁਤ ਖੁਸ਼ ਹੁੰਦੀ ਹੈ।

ਮੇਰੀ ਜ਼ਿੰਦਗੀ ਵਿਚ ਤਾਂ ਹਨੇਰ ਪੈ ਗਿਆ। ਮੈਂ ਰਾਤ ਸੁੱਤੀ ਹੁੰਦੀ, ਡੇਵਿਡ ਮੇਰੇ ਨਾਲ ਖੇਡ ਰਿਹਾ ਹੁੰਦਾ। ਕੰਧ 'ਤੇ ਸ਼ਿਵ ਪਰਿਵਾਰ ਦੇ ਚਿਤਰ ਵਿਚਲਾ ਬਾਲ ਗਨੇਸ਼ ਮੈਨੂੰ ਡੇਵਿਡ ਲੱਗ ਰਿਹਾ ਹੁੰਦਾ। ਜਦੋਂ ਉਹ ਮੇਰੀ ਕੁੱਖੋਂ ਜਨਮਿਆ, ਦੋ ਢਾਈ ਮਹੀਨੇ ਮੇਰੇ ਕੋਲ ਰਿਹਾ। ਮੈਂ ਉਹਨੂੰ ਮਾਂ ਦੀ ਤਰ੍ਹਾਂ ਪਾਲ਼ਦੀ ਰਹੀ, ਸਾਂਭਦੀ ਰਹੀ ਤੇ ਖਿਲਾਂਦੀ ਰਹੀ। ਉਹ ਮੇਰੀਆਂ ਉਂਗਲਾਂ ਆਪਣੇ ਮੂੰਹ ਵਿਚ ਪਾ ਲੈਂਦਾ। ਉਹਦੇ ਬੁੱਟਾਂ ਨਾਲ ਮੇਰੇ ਕੁਤਕੁਤਾੜੀਆਂ ਨਿਕਲਦੀਆਂ। ਮੈਂ ਉਹਦੇ ਪੈਰਾਂ ਵਿਚ ਕੱਢਣ ਲੱਗ ਪੈਂਦੀ। ਉਹ ਹੱਸ-ਹੱਸ ਦੂਹਰਾ ਹੋ ਜਾਂਦਾ। ਮੈਂ ਉਹਦੇ ਨਾਲ ਗੱਲੀਂ ਜੁਟ ਜਾਂਦੀ। ਉਹ ਊਂ-ਊਂ ਕਰਦਾ। ਦੁੱਧ ਪੀਂਦਾ ਹੋਇਆ ਵੀ ਉਹ ਗੀਤ ਗਾਉਣ ਵਾਂਗ ਆਵਾਜ਼ਾਂ ਕੱਢਦਾ।

ਅੱਜ ਕਲ ਵੀ ਤੇ ਉਹਨਾਂ ਦਿਨਾਂ ਵਿਚ ਵੀ ਮੈਂ ਹਰ ਰੋਜ਼ ਆਪਣੇ ਅਤੀਤ ਨੂੰ ਯਾਦ ਕਰਦੀ। ਸੋਚਾਂ ਵਿਚ ਡੁੱਬੀ ਰਹਿੰਦੀ। ਜਿਵੇਂ ਹੁਣ ਤੜਕੇ ਦੀ ਆਪਣੇ ਆਪ ਨਾਲ ਘੁਲ ਰਹੀ ਹਾਂ। ਰਾਤ ਨੂੰ ਸੁੱਤੇ ਸਮੇਂ ਕੋਈ ਬਾਲ ਮੇਰੀ ਛਾਤੀ 'ਤੇ ਆ ਚੜ੍ਹਦਾ। ਇਕ ਦਿਨ ਮੈਂ ਡੇਵਿਡ ਬਰਾਊਨ ਦਾ ਬਿਜ਼ਨਿਸ ਵਾਲਾ ਐਡਰੈੱਸ ਸਰਚ ਕੀਤਾ। ਉਹ ਤੇ ਮੈਂ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਬੈਠੇ ਹਾਂ। ਅਗਲੇ ਦਿਨ ਮੈਂ ਉਸਦੇ ਕਾਰੋਬਾਰ ਵਾਲੇ ਮੁਖ ਦਫਤਰ ਜਾ ਪੁੱਜੀ। ਉੱਥੇ ਡੇਵਿਡ ਕਾਰੋਬਾਰ ਦੇਖ ਰਿਹਾ ਸੀ। ਮੈਂ ਉਸਨੂੰ ਮਿਲੀ।

"ਬੇਟਾ, ਮੈਂ ਸੁਧਾ ਗੁਪਤਾ। ਤੇਰੀ ਜਨਮ ਦਾਤੀ...," ਇਕ ਮਾਂ ਨੂੰ ਪੁੱਤ ਨਾਲ ਜਾਣ-ਪਛਾਣ ਕਰਾਉਣੀ ਪਈ ਸੀ।

"ਮੈਂ ਜਾਣਦੈਂ। ਤੂੰ ਮੇਰੀ ਸਰੋਗੇਟ ਮਦਰ ਏਂ," ਉਹ ਖੁਸ਼ ਹੋ ਕੇ ਬੋਲਿਆ ਸੀ।

ਉਹ ਆਪਣੇ ਜਨਮ ਬਾਰੇ ਸਭ ਕੁਝ ਜਾਣਦਾ ਸੀ। ਜਦੋਂ ਮੈਂ ਉਸਨੂੰ ਰਿਕਵੈਸਟ ਕੀਤੀ ਕਿ ਬੇਟਾ ਤੂੰ ਮੈਨੂੰ ਮੰਮ ਕਨਸਿਡਰ ਕਰ ਤਾਂ ਉਸਦੇ ਤੇਵਰ ਹੀ ਬਦਲ ਗਏ। ਉਹ ਇਕਦਮ ਚੀਕ ਉੱਠਿਆ- "ਹੇ ਓਲਡ ਲੇਡੀ, ਤੂੰ ਧਨ ਦੀ ਖਾਤਰ ਸਰੋਗੇਟ ਮਦਰ ਬਣੀ ਸੀ। ਉਹ ਮੰਮ ਡੈਡ ਨੇ ਪੇਅ ਕਰ ਦਿੱਤੈ। ਜੇ ਹੋਰ ਲੋੜ ਏ ਤਾਂ ਹੋਰ ਲੈ ਲੈ। ਮੈਂ ਤਾਂ ਡੈਵੀ ਨੂੰ ਹੀ ਮੰਮ ਮੰਨਦੈਂ। ਉਹਦੇ ਅੰਡੇ ਤੋਂ ਪੈਦਾ ਹੋਇਆ। ਉਹਦੀ ਅੰਸ਼ ਹਾਂ। ਮੰਮ ਡੈਡ ਨੇ ਹੀ ਮੈਨੂੰ ਐਡੇ ਵੱਡੇ ਕਾਰੋਬਾਰ ਦਾ ਮਾਲਕ ਬਣਾਇਆ।... ਬੋਲ ਕਿੰਨੇ ਡਾਲਰ ਚਾਹੀਦੇ?" ਉਸ ਡਰਾਅਰ ਵਿਚੋਂ ਚੈੱਕ ਬੁਕ ਬਾਹਰ ਕੱਢ ਕੇ ਮੇਰੇ ਅੱਗੇ ਕੀਤੀ ਸੀ।

ਮੈਂ ਇਹ ਸੁਣਕੇ ਸੁੰਨ ਹੋ ਗਈ। ਇਕ ਮਾਂ ਦੀ ਕੀਮਤ ਉਤਾਰੀ ਜਾ ਰਹੀ ਸੀ। ਜਦੋਂ ਦਿੱਲੀ ਬਰਾਊਨ ਜੋੜੇ ਨੇ ਮੈਨੂੰ ਚੈੱਕ ਦਿੱਤੇ ਸਨ ਤੇ ਡੇਵਡ ਨੂੰ ਮੇਰੇ ਤੋਂ ਲਿਆ ਸੀ, ਮੈਂ ਕਈ ਦਿਨ ਡਿਸਟਰਬਡ ਰਹੀ। ਉਦੋਂ ਜੁਆਨ ਸੀ, ਬਰਦਾਸ਼ਤ ਕਰ ਗਈ। ਹੁਣ ਝੱਲਣਾ ਔਖਾ। ਮੈਂ ਉਸ

ਕੁਲਹਿਣੇ ਕੋਲੋਂ ਸਰਮਾਇਆ ਨਹੀਂ ਮੰਗ ਰਹੀ ਸੀ ਸਗੋਂ ਸਿਰਫ ਇਕ ਸ਼ਬਦ 'ਮੰਮ' ਸੁਣਨਾ ਚਾਹੁੰਦੀ ਸੀ।

"ਬੇਟਾ, ਉਸ ਟਾਇਮ ਮੈਂ ਮਜਬੂਰ ਸੀ। ਹੁਣ ਮੈਨੂੰ ਡਾਲਰਾਂ ਦੀ ਲੋੜ ਨਈਂ। ਤੇਰੇ ਮੰਮ ਡੈਡ ਵਾਲੇ ਡਾਲਰ ਮੋੜ ਸਕਦੀ ਆਂ। ਮੈਨੂੰ ਮੇਰਾ ਬੇਟਾ ਚਾਹੀਦਾ।" ਮੈਂ ਮਾਂ ਵਾਲਾ ਤਰਲਾ ਲਿਆ ਸੀ।

"ਜਦੋਂ ਲੋਕਾਂ ਨੂੰ ਧਨ ਦੀ ਲੋੜ ਹੁੰਦੀ ਏ, ਉਹ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਆ। ਫੇਰ ਚਾਰ ਪੈਨੀਆਂ ਆ ਜਾਣ, ਕੀੜੀਆਂ ਨੂੰ ਵੀ ਖੰਭ ਨਿਕਲ ਆਉਂਦੇ ਐ।"

ਇਹ ਸੁਣ ਕੇ ਮੈਨੂੰ ਚੱਕਰ ਆਇਆ ਸੀ। ਮੈਂ ਸੰਭਲੀ ਤਾਂ ਸਿੱਧੀ ਆਪਣੀ ਲਾਇਰ ਕਿਮ ਕੋਲ ਗਈ ਸੀ। ਮੈਂ ਉਸ ਜਵਾਨ ਵਕੀਲਣੀ ਕੋਲ ਫੁਟ-ਫੁਟ ਕੇ ਰੋਈ ਸੀ। "ਮੈਂ ਹੁਣ ਕਿਹੜੇ ਖੂਹ ਖਾਤੇ ਡਿੱਗ ਪਵਾਂ, ਕਿਮ? ਪਹਿਲਾਂ ਔਲਾਦ ਨਾ ਹੋਈ। ਫਿਰ ਰਾਜੀਵ ਛੱਡ ਕੇ ਚਲਾ ਗਿਆ। ਹੁਣ ਡੇਵਿਡ ਮੈਨੂੰ ਜ਼ਲੀਲ ਕਰ ਗਿਆ ਏ।"

ਮੇਰੇ ਕੋਲ਼ ਕਿਵੇਂ ਕਿਰਾਏ ਦੀ ਕੁੱਖ ਲਈ ਸਟੀਵਨ ਬਰਾਊਨ ਤੇ ਡੈਵੀ ਆਏ। ਮੈਂ ਡੇਵਿਡ ਨੂੰ ਜਨਮ ਦਿੱਤਾ। ਇਹ ਸਾਰੀ ਫਲੈਸ਼ਬੈਕ ਮੇਰੀਆਂ ਅੱਖਾਂ ਅੱਗੇ ਹੁਣ ਵੀ ਘੁੰਮ ਰਹੀ ਐ। ... ਉਦੋਂ ਕਿਮ ਕੋਲ ਬੈਠਿਆਂ ਵੀ ਘੁੰਮੀ ਸੀ। ਉਸ ਡੇਵਡ ਨੇ ਮੈਨੂੰ 'ਗੈੱਟ ਲਾਸਟ' ਕਹਿ ਕੇ ਸੁੰਨ ਕਰ ਦਿੱਤਾ ਸੀ। ਇਹ ਸਾਰੀ ਕਹਾਣੀ ਸੁਣਾ ਕੇ ਮੈਂ ਦੁਬਾਰਾ ਰੋਣ ਲੱਗ ਪਈ ਸੀ।

"ਫਿਕਰ ਨਾ ਕਰ ਮਿਸਿਜ਼ ਗੁਪਤਾ। ਇੰਨੇ ਨਾਲ ਦੁਨੀਆਂ ਖਤਮ ਨਹੀਂ ਹੋ ਗਈ। ... ਉਂਝ ਵੀ ਤੂੰ ਮਾਂ ਹੈਂ". ਕਿਮ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਸੀ।

"ਮੈਂ ਬਾਇਓਲੋਜੀਕਲ ਮਦਰ ਨ੍ਹੀਂ ਆਂ ਨਾ। ਉਹ ਡੈਵੀ ਏ," ਮੇਰਾ ਹਉਕਾ ਨਿਕਲ ਗਿਆ ਸੀ।

"ਹੁਣ ਵਿਗਿਆਨਕ ਖੋਜਾਂ ਨੇ ਸਿੱਧ ਕਰ ਦਿੱਤਾ ਏ ਕਿ ਜਿਹੜਾ ਬੱਚਾ ਜਿਸ ਮਾਂ ਦੇ ਸਰੀਰ ਵਿਚ ਪਲ਼ਦਾ ਏ, ਉਸਦਾ ਵੀ ਬਰਾਬਰ ਦਾ ਹੱਕ ਹੁੰਦਾ ਏ।"

"ਕਿਮ, ਇਹ ਗੱਲ ਤੂੰ ਕਹਿ ਰਹੀ ਏਂ। ਕੋਰਟ ਜਾਂ ਕਾਨੂੰਨ ਨਹੀਂ ਮੰਨਦਾ।" ਮੈਂ ਬਿਲਕੁਲ ਬੇਆਸ ਸੀ।

"ਤੂੰ ਫਿਕਰ ਨਾ ਕਰ। ਕੋਰਟ ਨੂੰ ਮੰਨਣਾ ਪੈਣਾਂ।" ਕਿਮ ਨੇ ਹਾਮੀ ਭਰੀ ਸੀ। ਜਿਵੇਂ ਕਹਿ ਰਹੀ ਹੋਵੇ, ਉਹ ਕੋਰਟ ਤੋਂ ਕਹਾ ਲਵੇਗੀ।

"ਕਿਹੜੀ ਕੋਰਟ ਏ, ਜੋ ਚੌਵੀ ਪੱਚੀ ਸਾਲ ਦੇ ਲੜਕੇ 'ਤੇ ਕੇਸ ਕਰਨ ਦੀ ਪ੍ਰਵਾਨਗੀ ਦੇ ਦੇਵੇਗੀ?" ਮੈਂ ਡਰ ਪ੍ਰਗਟ ਕੀਤਾ ਸੀ।

"ਸੁਧਾ, ਵਕੀਲ ਤੂੰ ਨਹੀਂ ਏਂ। ਮੈਂ ਹਾਂ। ਮੈਨੂੰ ਕੇਸ ਲਾਉਣਾ ਆਉਂਦੈ।" ਕਿਮ ਨੇ ਹਿੱਕ ਥਾਪੜੀ ਸੀ।

ਉਹ ਮੇਰਾ ਕੇਸ ਤਿਆਰ ਕਰਨ ਲੱਗ ਪਈ। ਉਸਨੇ ਇਕੱਲੇ ਡੇਵਿਡ ਨੂੰ ਨਹੀਂ, ਬਰਾਊਨ ਫੈਮਿਲੀ ਨੂੰ ਪਾਰਟੀ ਬਣਾਇਆ ਸੀ। ਮੈਂ ਆਪਣਾ ਮਾਂ ਦਾ ਹੱਕ ਲੈਣ ਲਈ ਕੋਰਟ ਦਾ ਜਾ ਦਰਵਾਜ਼ਾ ਖੜਕਾਇਆ।

"ਮੀ ਲਾਰਡ, ਇਹ ਮਾਂ ਨ੍ਹੀਂ ਏ। ਬਰਾਊਨ ਜੋੜੇ ਨੇ ਕਿਰਾਇਆ ਦਿੱਤਾ ਏ। ਜਿਵੇਂ ਕੋਈ ਸਟੋਰ ਨੌਂ ਮਹੀਨੇ ਲਈ ਕਿਰਾਏ 'ਤੇ ਲੈ ਲਿਆ, ਕਿਰਾਇਆ ਦੇ ਕੇ ਖਾਲੀ ਕਰ ਦਿੱਤਾ ਜਾਵੇ। ਮਿਸਿਜ਼ ਗੁਪਤਾ ਤਾਂ ਸਾਮਾਨ ਦੀ ਵੀ ਮਾਲਕ ਬਣਨ ਨੂੰ ਫਿਰਦੀ ਏ।" ਬਰਾਊਨ ਫੈਮਿਲੀ ਦੇ ਵਕੀਲ ਨੇ ਬਹਿਸ ਸ਼ੁਰੂ ਕੀਤੀ ਸੀ।

"ਮੀ ਲਾਰਡ, ਮਾਂ ਦੀ ਕੁੱਖ ਕੋਈ ਸਟੋਰ ਨਹੀਂ ਹੁੰਦੀ। ਜਿਹੜਾ ਮਰਜ਼ੀ ਦਸ ਕੁਇੰਟਲ ਆਲੂ ਰੱਖ ਲਏ। ਕਿਰਾਇਆ ਦਿੱਤਾ ਤੇ ਚੁੱਕ ਲਏ। ਫਿਰ ਕਿਸੇ ਹੋਰ ਨੇ ਪਿਆਜ਼ ਰੱਖ ਲਏ। ... ਜੇ ਸੁਧਾ ਗੁਪਤਾ ਦੀ ਕੁੱਖ ਸਟੋਰ ਹੀ ਸੀ, ਫਿਰ ਮਿਸਿਜ਼ ਡੈਵੀ ਆਪਣੀ ਕੁੱਖ ਨੂੰ ਸਟੋਰ ਬਣਾ ਲੈਂਦੀ। ਇਹ ਬਰਾਊਨ ਜੋੜਾ ਇੰਡੀਆ ਕਿਉਂ ਜਾਂਦਾ?" ਕਿਮ ਨੇ ਵਿਰੋਧੀ ਵਕੀਲ ਦੀ ਦਲੀਲ ਕੱਟੀ ਸੀ।

ਕੋਰਟ ਦੀ ਅਗਲੀ ਤਰੀਕ ਉੱਤੇ ਬਰਾਊਨ ਫੈਮਿਲੀ ਦੇ ਵਕੀਲ ਨੇ ਸਰੋਗੇਸੀ ਦਾ ਕਾਨੂੰਨੀ ਪੱਖ ਜੱਜ ਅੱਗੇ ਰੱਖਦਿਆਂ ਕਿਹਾ ਸੀ—" ਮੀ ਲਾਰਡ, ਕਿਸੇ ਜੋੜੇ ਦੇ ਸ਼ੁਕਰਾਣੂ ਤੇ ਅੰਡੇ ਤੋਂ ਪੈਦਾ ਹੋਇਆ ਭਰੂਣ, ਕਿਸੇ ਸਰੋਗਟ ਮਦਰ ਦੀ ਕੁੱਖ ਵਿਚ ਰੱਖ ਦਿੱਤਾ ਜਾਏ ਤਾਂ ਅਜਿਹੀ ਔਰਤ ਦੇ ਅੰਦਰ ਪਲ਼ ਰਹੇ ਭਰੂਣ ਦਾ ਉਸ ਨਾਲ ਜੈਨਟਿਕ ਸੰਬੰਧ ਨਹੀਂ ਹੁੰਦਾ। ਬੱਚੇ ਦੇ ਜਨਮ ਤਕ ਹੀ ਉਹ ਇਸਨੂੰ ਆਪਣੇ ਅੰਦਰ ਰੱਖਦੀ ਏ। ਇਹ ਮਾਂ ਜਣੇਪੇ ਤੋਂ ਬਾਅਦ ਅੱਗੋਂ ਲਈ ਪਾਲਣ ਅਤੇ ਸਦਾ ਲਈ ਬੱਚਾ ਉਸਦੇ ਜੈਨੇਟਿਕ ਮਾਂ ਪਿਉ ਨੂੰ ਸੌਂਪ ਦਿੰਦੀ ਏ। ... ਮਿਸਿਜ਼ ਗੁਪਤਾ ਨੇ ਵੀ ਅਜਿਹਾ ਹੀ ਕੀਤਾ ਸੀ। ਤੇ ਆਪਣੀ ਪੂਰੀ ਅਦਾਇਗੀ ਵਸੂਲ ਕੀਤੀ ਸੀ। ਇਸ ਕਰਕੇ ਇਹ ਮਾਂ ਦਾ ਹੱਕ ਨ੍ਹੀਂ ਲੈ ਸਕਦੀ।" ਵਕੀਲ ਨੇ ਇਕਰਾਰਨਾਮੇ ਅਤੇ ਅਦਾਇਗੀ ਦੇ ਪੇਪਰਾਂ ਦੀ ਕਾਪੀ ਜੱਜ ਸਾਹਮਣੇ ਪੇਸ਼ ਕੀਤੀ ਸੀ।

"ਜੱਜ ਸਾਹਿਬ, ਮੇਰੇ ਹੱਥ ਵਿਚ ਮੈਡੀਕਲ ਸਾਇੰਸ ਦਾ ਇਹ ਮੈਗਜ਼ੀਨ ਏ। ਇਸ ਵਿਚ ਐਮਨੀਓਟਿਕ ਫਲਿਊਡ ਟੈਸਟ ਦੀ ਖੋਜ ਛਪੀ ਐ। ਪਹਿਲਾਂ ਇਸ ਟੈਸਟ ਮੁਤਾਬਕ ਡਾਕਟਰ ਬੱਚੇ ਦਾ ਟੈਸਟ ਕਰਦੇ ਸਨ ਤਾਂ ਉਹ ਮਾਂ ਦੇ ਸਰਿੰਜ ਖੋਭ ਕੇ ਕੁੱਖ ਅੰਦਰ ਪਲ ਰਹੇ ਬੱਚੇ ਦੇ ਸਰੀਰ ਤਕ ਸੂਈ ਲਿਜਾਂਦੇ ਸਨ। ਇਸ ਨਾਲ ਦਰਦ ਹੁੰਦਾ ਸੀ ਅਤੇ ਬੱਚੇ ਦੇ ਗਿਰਨ ਦੀ ਸੰਭਾਵਨਾ ਰਹਿੰਦੀ ਸੀ। ਵਿਗਿਆਨੀਆਂ ਨੇ ਇਸ ਨਵੇਂ ਟੈਸਟ ਨਾਲ ਬੱਚੇ ਦੇ ਸੂਈ ਚੋਭਣ ਨੂੰ ਰੱਦ ਕਰ ਦਿੱਤੈ। ਮਾਂ ਦੇ ਬਲੱਡ ਸੈਂਪਲ ਤੋਂ ਹੀ ਬੱਚੇ ਦੇ ਡੀ ਐੱਨ ਏ ਦੀ ਜਾਂਚ ਕੀਤੀ ਜਾ ਸਕਦੀ ਐ। ਇਹ ਟੈਸਟ ਡਾਊਨ ਸਿੰਡਰਮ ਵਰਗੇ ਖਤਰਨਾਕ ਰੋਗਾਂ ਲਈ ਕੀਤਾ ਜਾਂਦੈ। ਇਹ ਬਹੁਤ ਹੀ ਸੰਵੇਦਨਸ਼ੀਲ ਟੈਸਟ ਏ। ਜਦੋਂ ਬੱਚਾ ਮਾਂ ਦੀ ਕੁੱਖ ਵਿਚ ਪਲ਼ ਰਿਹਾ ਹੁੰਦੈ. ਬੱਚੇ ਦਾ ਫਲਿਊਡ ਲੀਕ ਹੋ ਕੇ ਮਾਂ ਦੇ ਬਲੱਡ ਵਿਚ ਰਲ਼ ਰਿਹਾ ਹੁੰਦੈ। ਮਾਂ ਤੋਂ ਈ ਬੱਚੇ ਨੂੰ ਖੁਰਾਕ ਮਿਲ਼ਦੀ ਏ। ਬੱਚੇ ਦਾ ਡੀ ਐੱਨ ਏ ਮਾਂ ਦੇ ਡੀ ਐੱਨ ਏ ਵਿਚ ਚਲਾ ਜਾਂਦਾ। ... ਸਰ, ਮੇਰੀ ਬੇਨਤੀ ਇਹ ਐ ਕਿ ਅੱਜ ਵੀ ਮਿਸਿਜ਼ ਗੁਪਤਾ ਦੇ ਖੂਨ ਵਿਚ ਬੱਚੇ ਦਾ ਡੀ ਐੱਨ ਏ ਹੈ ਤਾਂ ਮਾਂ ਦਾ ਡੀ ਐੱਨ ਏ ਬੱਚੇ ਦੇ ਖੂਨ ਵਿਚ ਕਿਉਂ ਨ੍ਹੀਂ ਹੋਏਗਾ? ਸੋ, ਮੀ ਲਾਰਡ, ਮੇਰੀ ਮੁਵੱਕਲ ਨੂੰ ਇਸ ਖੋਜ ਦੇ ਆਧਾਰ 'ਤੇ ਇਨਸਾਫ ਦਿੱਤਾ ਜਾਵੇ।" ਐਡਵੋਕੇਟ ਕਿਮ ਨੇ 'ਮੈਡੀਕਲ ਸਾਇੰਸ' ਦੇ ਐਮਨੀਓਟਿਕ ਟੈਸਟ ਵਾਲੀ ਖੋਜ ਦਾ ਹਵਾਲਾ ਦੇ ਕੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਉਹ ਮੈਨੂੰ ਮਾਂ ਦਾ ਅਧਿਕਾਰ ਦੁਆਉਣ।

"ਸੌਰੀ, ਮੇਰੇ ਲਈ ਬੜਾ ਅਜੀਬ ਕੇਸ ਏ। ਇੱਥੇ ਕੁਝ ਸ਼ਹਿਰੀ ਪਤਵੰਤੇ ਸੱਦੇ ਹੋਏ ਨੇ। ਉਹ ਵੀ ਸਾਨੂੰ ਸਲਾਹ ਦੇਣਗੇ। ਬਾਕੀ ਜੱਜਾਂ ਦਾ ਪੈਨਲ ਕੇਸ ਸਟੱਡੀ ਕਰੇਗਾ। ਅਗਲੀ ਤਰੀਕ ਤਕ ਮੈਂ ਇਹ ਫੈਸਲਾ ਰਾਖਵਾਂ ਰੱਖਦਾ ਹਾਂ।" ਜੱਜ ਨੇ ਕਿਮ ਕੋਲੋਂ ਮੇਰੀ ਡੀ ਐੱਨ ਏ ਦੀ ਰਿਪੋਰਟ ਅਤੇ ਨਵੀਂ ਖੋਜ ਦੇ ਡਾਕੂਮੈਂਟਸ ਲੈਂਦਿਆਂ ਕਿਹਾ ਸੀ।

ਮੈਂ ਡਰ ਰਹੀ ਸੀ। ਦਰਅਸਲ ਇਸ ਤਰੀਕ 'ਤੇ 'ਬੇਬੀ ਕੰਪਨੀ' ਵੀ ਕੇਸ ਵਿਚ ਆ ਫਸੀ ਸੀ। ਲਾਇਰ ਕਹਿ ਰਹੀ ਸੀ—'ਕਾਨੂੰਨ ਤਾਂ ਕਾਨੂੰਨ ਏ। ਕੰਪਨੀਆਂ ਫੈਸਲੇ ਥੋੜ੍ਹਾ ਬਦਲ ਸਕਦੀਆਂ।' ਉਹਨੇ ਮੇਰੀ ਗੱਲ ਹੀ ਨਹੀਂ ਸੀ ਸੁਣੀ। ਅੱਜ ਕਲ ਮੰਮੀ ਵੀ ਮੇਰੀਆਂ ਗੱਲਾਂ ਨਹੀਂ ਸੁਣਦੀ। ਕਹਿੰਦੀ—'ਕਿਹੜਾ ਦੋ ਦੋ ਘੰਟੇ ਕੰਨਾਂ ਨੂੰ ਫੋਨ ਲਾਈ ਰੱਖੇ। ਬੋਲੀ ਥੋੜ੍ਹਾ ਹੋਣਾਂ।' ਇਹ ਉਹੀ ਮਾਂ ਏ, ਜਿਹੜੀ ਕਹਿੰਦੀ ਹੁੰਦੀ ਸੀ—'ਧੀਏ, ਤੂੰ ਹੀ ਟੱਬਰ ਦਾ ਬੇੜਾ ਪਾਰ ਕਰ ਸਕਦੀ ਏਂ।' ਇਕ ਦਿਨ ਵਨੀਤਾ ਕਹਿਣ ਲੱਗੀ—"ਦੀਦੀ, ਤੂੰ ਹਰ ਵਕਤ ਬੱਚੇ ਲਈ ਰੱਟ ਲਾਈ ਰੱਖਦੀ ਏਂ। ਜਿਸ ਹਾਈ

ਕਲਾਸ ਦੀ ਤੂੰ ਹੈਗੀ ਏਂ, ਉਹਦੇ ਵਿਚ ਰਿਸ਼ਤਿਆਂ ਲਈ ਕੋਈ ਥਾਂ ਨਹੀਂ ਹੁੰਦੀ। ਇਹ ਬੱਚੇ ਵਾਲਾ ਮਾਮਲਾ ਛੋਟਾ ਏ। ਲਾਈਫ ਵਿਚ ਫਨ ਕਰੋ।" ਮਾਲਤੀ ਨੇ ਤਾਂ ਸਿਰਾ ਹੀ ਲਾ ਦਿੱਤਾ ਜਦੋਂ ਆਖਿਆ, "ਦੀਦੀ, ਜਿਵੇਂ ਤੁਸੀ ਡੇਵਡ ਲਈ ਸਰੋਗੇਟ ਮਦਰ ਬਣੇ ਸੀ, ਉਵੇਂ ਕਿਸੇ ਹੋਰ ਨੀਡੀ ਨੂੰ ਆਪਣੇ ਲਈ ਸਰੋਗੇਟ ਮਦਰ ਵਜੋਂ ਚੁਣ ਲਵੋ",

ਮੈਂ ਪਰਸੋਂ ਦੀ ਬਹੁਤ ਅਪਸੈੱਟ ਸੀ। ਉਦੋਂ ਇਕ ਲੋਕ ਕਥਾ ਯਾਦ ਆਈ—'ਇਹ ਬਹੁਤ ਪੁਰਾਣੇ ਸਮਿਆਂ ਦੀ ਗੱਲ ਏ। ਇਕ ਬੱਚਾ ਬਚਪਨ ਵਿਚ ਖੋ ਗਿਆ ਸੀ। ਜਦੋਂ ਉਹ ਕੁਝ ਵੱਡਾ ਹੋਇਆ ਮਿਲਿਆ ਤਾਂ ਦੋ ਔਰਤਾਂ ਉਸ ਉੱਤੇ ਮਾਂ ਦਾ ਹੱਕ ਜਤਾਉਣ ਲੱਗੀਆਂ। ਪੁੱਤ ਕਿਸਦਾ ਹੈ? ਦਾ ਫੈਸਲਾ ਕਰਨ ਲਈ ਮਾਮਲਾ ਰਾਜੇ ਦੇ ਦਰਬਾਰ ਪੁੱਜ ਗਿਆ। ਰਾਜੇ ਨੇ ਦੋਵਾਂ ਦਾਅਵੇਦਾਰ ਮਾਵਾਂ ਨੂੰ ਕਿਹਾ-ਬੱਚੇ ਦੀ ਇਕ ਇਕ ਬਾਂਹ ਫੜ ਲਵੋ। ਜਿਹੜੀ ਔਰਤ ਜ਼ੋਰ ਨਾਲ ਲੜਕੇ ਨੂੰ ਆਪਣੇ ਵੱਲ ਖਿੱਚ ਲਵੇਗੀ, ਬੱਚਾ ਉਸਦਾ ਹੋਏਗਾ। ਦੋਨੋਂ ਔਰਤਾਂ ਬੱਚੇ ਨੂੰ ਆਪਣੇ-ਆਪਣੇ ਵੱਲ ਖਿੱਚਣ ਲੱਗੀਆਂ। ਜੋ ਔਰਤ ਬੱਚੇ 'ਤੇ ਕਬਜ਼ਾ ਕਰਨਾ ਚਾਹੁੰਦੀ ਸੀ, ਉਹ ਜ਼ੋਰ ਨਾਲ ਬਾਂਹ ਖਿੱਚਣ ਲੱਗੀ। ਅਸਲੀ ਮਾਂ ਨੂੰ ਲੱਗਾ, ਉਸਦੇ ਬੇਟੇ ਦੀਆਂ ਬਾਹਾਂ ਨਿਕਲ ਜਾਣਗੀਆਂ। ਉਸਨੇ ਬਾਂਹ ਛੱਡ ਦਿੱਤੀ। ਜ਼ੋਰ ਲਾ ਰਹੀ ਔਰਤ ਵੱਲ ਬੱਚਾ ਡਿੱਗ ਪਿਆ। ਅਸਲ ਮਾਂ ਭੱਜ ਕੇ ਬੱਚੇ ਕੋਲ ਗਈ। ਬੋਲੀ-- ਪੁੱਤ, ਤੇਰੀਆਂ ਬਾਹਾਂ ਤਾਂ ਠੀਕ ਨੇ? ਉਹਨੇ ਬੱਚੇ ਨੂੰ ਛਾਤੀ ਨਾਲ ਲਾਇਆ ਸੀ। ਜ਼ੋਰ ਨਾਲ ਖਿੱਚਣ ਵਾਲੀ ਔਰਤ ਨੇ ਉੱਠ ਕੇ ਬੱਚੇ ਨੂੰ ਕਬਜ਼ੇ ਵਿਚ ਲੈ ਲਿਆ ਸੀ। ਰਾਜਾ ਸਮਝ ਗਿਆ ਸੀ, ਇਹ ਉਸਦੀ ਨਕਲੀ ਮਾਂ ਏ। ਜਿਸ ਔਰਤ ਨੇ ਬਾਂਹ ਛੱਡ ਦਿੱਤੀ ਸੀ, ਰਾਜੇ ਨੇ ਬੱਚਾ ਉਸਨੂੰ ਹੈਂਡਓਵਰ ਕਰ ਦਿੱਤਾ।'

ਰਾਤ ਨੂੰ ਏਹੀ ਕਥਾ ਮੇਰੇ ਸੁਪਨੇ ਵਿਚ ਆ ਗਈ। ਡੇਵਿਡ ਕੋਰਟ ਵਿਚ ਖੜ੍ਹਾ ਸੀ। ਇਕ ਬਾਂਹ ਡੈਵੀ ਖਿੱਚ ਰਹੀ ਸੀ ਤੇ ਦੂਜੀ ਬਾਂਹ ਮੈਂ। ਜੱਜ ਧਿਆਨ ਨਾਲ ਦੇਖ ਰਿਹਾ ਸੀ। ਵਕੀਲ ਆਪਣੇ-ਆਪਣੇ ਮੁਵੱਕਲ ਨੂੰ ਬਾਂਹ ਆਪਣੇ ਵੱਲ ਖਿੱਚਣ ਲਈ ਜ਼ੋਰ ਪਾ ਰਹੇ ਸਨ। ਅਸੀਂ ਦੋਨੋਂ ਜ਼ੋਰ ਲਾਉਣ ਲੱਗੀਆਂ। ਮੈਨੂੰ ਲੱਗਾ, ਡੇਵਿਡ ਦਰਦ ਨਾਲ ਕਰਾਹ ਰਿਹਾ ਏ ਤੇ ਸ਼ਾਇਦ ਡੈਵੀ ਨੂੰ ਵੀ ਏਹੀ ਲੱਗਾ। ਮੈਂ ਬਾਂਹ ਛੱਡ ਦਿੱਤੀ ਤੇ ਉਹਨੇ ਵੀ।

ਮੈਂ ਸੁਪਨੇ ਵਿਚੋਂ ਨਿਕਲ ਕੇ ਸੋਚਣ ਲੱਗੀ। ਡੈਵੀ ਵੀ ਬਾਂਹ ਕਿਉਂ ਖਿੱਚੇਗੀ? ਆਖਿਰ ਉਹ ਵੀ ਤਾਂ ਮਾਂ ਏ। ਮੈਨੂੰ ਕਦੇ ਚੰਗੇ ਸੁਪਨੇ ਆਉਂਦੇ ਤੇ ਕਦੇ ਬੁਰੇ। ਮੈਨੂੰ ਲੱਗਣ ਲੱਗ ਪਿਆ ਕਿ ਕਾਰ ਕੰਪਨੀ ਨੇ ਈ ਮੇਰੇ ਜੀਵਨ ਨਾਲ ਖਿਲਵਾੜ ਕੀਤਾ ਏ। ਮੈਂ ਸਰਮਾਏ ਦੇ ਜਾਲ਼ ਵਿਚ ਫਸ ਗਈ। ਉਹ ਕੰਪਨੀ ਹੀ ਮੇਰੇ ਕੀਮਤੀ ਸਾਲ ਖਾ ਗਈ।...

0 0 0

ਹੈਂਅ! ਪਤਾ ਨਹੀਂ ਕਿੰਨੇ ਘੰਟੇ ਹੋ ਗਏ ਆ, ਮੈਨੂੰ ਆਪਣੇ ਆਪ ਵਿਚ ਖੋਈ ਹੋਈ ਨੂੰ। ਮੋਬਾਇਲ ਦੇ ਅਲਾਰਮ ਨੇ ਮੈਨੂੰ ਯਾਦ ਕਰਵਾਇਆ ਏ ਕਿ ਅੱਜ ਕੋਰਟ ਦੀ ਤਰੀਕ ਏ। ਅੱਜ ਕਲ ਮੈਂ ਭੁੱਲਦੀ ਬਹੁਤ ਆਂ। ਇਸੇ ਕਰਕੇ ਰਾਤ ਅਲਾਰਮ ਲਾ ਲਿਆ ਸੀ। ਮੇਰੇ ਤਿਆਰ ਹੋਣ ਲਈ ਕਾਫੀ ਟਾਇਮ ਹੈਗਾ। ਮੈਂ ਅੱਖਾਂ ਸਾਫ ਕੀਤੀਆਂ ਹਨ। ਤਿਆਰ ਹੋਣ ਲੱਗੀ ਹਾਂ। ... ਤਿਆਰ ਹੋ ਕੇ ਟੋਸਟਾਂ 'ਤੇ ਜੈਮ ਤੇ ਬਟਰ ਲਾ-ਲਾ ਖਾਣ ਲੱਗੀ ਹਾਂ। ਟੈਲੀਵੀਜ਼ਨ ਵੀ ਆਨ ਕੀਤਾ ਹੋਇਆ। ਗਰੀਸ ਦੀ ਇਕ ਅਦਾਲਤ ਦੇ ਫੈਸਲੇ ਦੀ ਨਿਊਜ਼ ਪ੍ਰਸਾਰਤ ਹੋ ਰਹੀ ਏ—"ਅਦਾਲਤ ਨੇ ਅੱਜ ਇਕ ਅਹਿਮ ਫੈਸਲਾ ਸੁਣਾਇਆ ਹੈ। ਜਿਸ ਅਨੁਸਾਰ ਸਰੋਗੇਟ ਮਦਰ ਦਾ ਵੀ ਬੱਚੇ ਉੱਤੇ ਹੱਕ ਉਨਾ ਹੀ ਹੋਏਗਾ ਜਿੰਨਾ ਬਾਇਓਲੋਜੀਕਲ ਮਦਰ ਦਾ।ਅਦਾਲਤ ਨੇ ਇਹ ਫੈਸਲਾ ਐਮਨੀਓਟਿਕ ਫਲਿਊਡ ਟੈਸਟ ਦੀ ਖੋਜ ਨੂੰ ਆਧਾਰ ਮੰਨ ਕੇ ਦਿੱਤਾ ਹੈ।"



"ਹਿਪ ਹਿਪ ਹੁਰਾਹ...।" ਖੁਸ਼ੀ ਵਿਚ ਮੇਰੇ ਮੂੰਹੋਂ ਨਿਕਲਿਆ।

ਮੈਂ ਗੀਤ ਗੁਣਗੁਣਾਉਂਦੀ ਕਾਰ ਚਲਾ ਰਹੀ ਹਾਂ। ਗਰੀਸ ਵਾਲੀ ਅਦਾਲਤ ਦਾ ਥੈਂਕਸ ਕਰ ਰਹੀ ਹਾਂ। ਇਸ ਫੈਸਲੇ ਨਾਲ ਜੱਜ ਮੇਰੇ ਹੱਕ ਵਿਚ ਭੁਗਤੇਗਾ। ਉਸਨੂੰ ਲੱਗ ਰਿਹਾ ਸੀ—ਦੁਨੀਆਂ ਵਿਚ ਇਹ ਪਹਿਲੀ ਕਿਸਮ ਦਾ ਕੇਸ ਉਸਦੀ ਅਦਾਲਤ ਵਿਚ ਆਇਆ ਏ। ਹੁਣ 'ਤੇ ਮਾਂ ਦੇ ਹੱਕ ਵਿਚ ਫੈਸਲਾ ਸੁਣਾਉਣ ਲਈ ਉਹਨੂੰ ਆਧਾਰ ਮਿਲ ਗਿਆ। ਮੈਂ ਹੈਪੀ ਮੂਡ ਵਿਚ ਕੋਰਟ ਪੁੱਜੀ ਹਾਂ।

ਕੋਰਟ ਰੂਮ ਵਿਗਿਆਨੀਆਂ, ਪੱਤਰਕਾਰਾਂ ਤੇ ਪਤਵੰਤੇ ਸੱਜਣਾਂ ਨਾਲ ਭਰਿਆ ਪਿਆ ਏ। ਇਸ ਕੇਸ ਦੇ ਫੈਸਲੇ ਬਾਰੇ ਬਹੁਤੇ ਲੋਕਾਂ ਵਿਚ ਬੜੀ ਉਤਸੁਕਤਾ ਏ। ਜੱਜ ਨੇ ਅੱਜ ਕੰਪਨੀ ਦੇ ਵਕੀਲ ਦੀਆਂ ਦਲੀਲਾਂ ਵੀ ਸੁਣੀਆਂ ਨੇ—"ਸਰ, ਜਦੋਂ ਵੀ ਕਿਸੇ ਔਰਤ ਨੂੰ ਸਰੋਗੇਟ ਮਦਰ ਲਈ ਸਾਈਨ ਕੀਤਾ ਜਾਂਦਾ ਏ। ਸਭ ਤੋਂ ਪਹਿਲਾਂ ਉਹਨੂੰ ਕੰਪਨੀ ਦੇ ਟਰਮਜ਼ ਤੇ ਕੰਡੀਸ਼ਨਜ਼ ਤੋਂ ਜਾਣੂ ਕਰਵਾਇਆ ਜਾਂਦਾ ਏ। ਫਿਰ ਕਾਨੂੰਨੀ ਕਾਗਜ਼ੀ ਕਾਰਵਾਈ ਕੀਤੀ ਜਾਂਦੀ ਏ। ਕੰਪਨੀ ਨਾਲ ਹੋਏ ਐਗਰੀਮੈਂਟ ਨੂੰ ਰੱਦ ਨਹੀਂ ਕੀਤਾ ਜਾ ਸਕਦਾ।" ਕੰਪਨੀ ਦਾ ਵਕੀਲ ਆਪਣਾ ਪੱਖ ਰੱਖ ਰਿਹਾ ਏ।

"ਜੇ ਡਾਕਟਰ ਮਾਂ ਦੇ ਖੂਨ ਦੇ ਸੈਂਪਲ ਤੋਂ ਬੱਚੇ ਦੇ ਡੀ ਐੱਨ ਏ ਦਾ ਪਤਾ ਲਾ ਸਕਦੇ ਨੇ ਤਾਂ ਉਹ ਉਸਦੀ ਮਾਂ ਕਿਉਂ ਨਹੀਂ ਹੋ ਸਕਦੀ? ਉਹ ਮਾਂ ਆ, ਜਿਸ ਨੇ ਉਸਨੂੰ ਆਪਣੇ ਲਹੂ ਨਾਲ ਸਿੰਜਿਆ ਏ।" ਲਾਇਰ ਕਿਮ ਨੇ ਆਖਰੀ ਦਲੀਲ ਦਿੱਤੀ ਏ।

ਜੱਜ ਮੁਸਕਰਾਇਆ ਏ। ਉਹ ਫੈਸਲਾ ਸੁਣਾਉਣ ਲੱਗਾ ਏ। ਮੇਰੀ ਧੜਕਣ ਤੇਜ਼ ਹੋ ਗਈ ਏ। ਮੈਨੂੰ ਇਸ ਦੇਸ ਦੇ ਕਾਨੂੰਨ 'ਤੇ ਬਹੁਤ ਆਸ ਏ ਕਿ ਫੈਸਲਾ ਮੇਰੇ ਹੱਕ ਵਿਚ ਹੋਏਗਾ। ਨਾਲੇ ਗਰੀਸ ਦੀ ਕੋਰਟ ਦੇ ਫੈਸਲੇ ਨੇ ਆਸ ਬੰਨ੍ਹਾਈ ਏ।

"ਕੋਰਟ ਇਸ ਨਤੀਜੇ 'ਤੇ ਪੁੱਜੀ ਏ ਕਿ ਇਕਰਾਰਨਾਮੇ ਮੁਤਾਬਕ ਡੈਵੀ ਬਰਾਉਨ ਡੇਵਡ ਬਰਾਊਨ ਦੀ ਮਾਂ ਏ, ਨਾ ਕਿ ਸੁਧਾ ਗੁਪਤਾ। 'ਐਮਨੀਓਟਿਕ ਫਲਿਊਡ ਟੈਸਟ' ਦੀ ਖੋਜ ਅਨੁਸਾਰ ਜੈਵਿਕ ਮਾਂ ਅਤੇ ਕਿਰਾਏ ਦੀ ਕੁੱਖ ਵਾਲੀ ਮਾਂ... ਦੋਨਾਂ ਦਾ ਬੱਚੇ 'ਤੇ ਅਧਿਕਾਰ ਬਣਦਾ ਐ। ਪਰ ਜਦੋਂ ਦੋਨਾਂ ਪਾਰਟੀਆਂ ਵਿਚ ਇਕਰਾਰਨਾਮਾ ਹੋਇਆ ਸੀ, ਉਦੋਂ ਇਹ ਖੋਜ ਨਹੀਂ ਸੀ ਹੋਈ। ਇਸ ਕਰਕੇ ਇਹ ਖੋਜ ਏਥੇ ਆਧਾਰ ਨਹੀਂ ਬਣਦੀ।... ਕੋਰਟ ਸੁਧਾ ਗੁਪਤਾ ਨੂੰ ਹਦਾਇਤ ਕਰਦੀ ਏ ਕਿ ਉਹ ਬਰਾਉਨ ਫੈਮਿਲੀ ਦੀਆਂ ਖੁਸ਼ੀਆਂ ਵਿਚ ਰੁਕਾਵਟ ਨਾ ਪਾਵੇ ਤੇ ਆਪਣੀ ਮਮਤਾ ਦੀ ਪੂਰਤੀ ਲਈ ਕੋਈ ਆਲਟਰਨੇਟਿਵ ਦੇਖੇ।"

ਜੱਜ ਦਾ ਇਹ ਫੈਸਲਾ ਮਮਤਾ ਵਿਰੋਧੀ ਏ। ਮੇਰੇ ਕੋਲੋਂ ਦੂਜੀ ਵਾਰ ਮੇਰੇ ਜਿਗਰ ਦਾ ਟੁਕੜਾ ਖੋਹ ਲਿਆ ਗਿਆ ਏ। ... ਅਸੀਂ ਕੋਰਟ ਤੋਂ ਬਾਹਰ ਆਏ ਹਾਂ। ਬਰਾਉਨ ਫੈਮਿਲੀ ਨੇ ਆਪਣੇ ਘਰ ਜਾਣ ਲਈ ਏਅਰਪੋਰਟ ਵਾਲੀ ਟੈਕਸੀ ਫੜ ਲਈ ਏ। ਮੇਰੀਆਂ ਲੱਤਾਂ ਵਿਚ ਜਾਨ ਨਹੀਂ ਰਹੀ। ਜਿਵੇਂ ਬੁੱਤ ਬਣ ਗਈ ਹੋਵਾਂ। 000

(ਮਾਅਰਫਤ ਜੰਡੇ ਹੇਅਰ ਡਰੈੱਸਰਜ਼, ਚੰਡੀਗੜ੍ਹ ਰੋਡ, ਨਵਾਂਸ਼ਹਿਰ- 144 514 ਫੋਨ: 9463063990)

# ਮੀ-ਲਾਰਡ : ਕਹਾਣੀ : ਬਲਦੇਵ ਢੀਂਡਸਾ

ਲਿਸਟਰ ਦੇ ਜਨਰਲ ਹਸਪਤਾਲ ਵਿਚ ਪਈ ਸਵਤੰਤਰ ਕੌਰ ਉਰਫ਼ ਸਵੀ ਉਰਫ਼ ਸਾਬੋ ਲਗਾਤਾਰ ਛੱਤ ਨੂੰ ਘੂਰ ਰਹੀ ਹੈ। ਹੁਣੇ ਹੁਣੇ ਉਸਦੇ ਘਰਵਾਲਾ ਸੁਮੇਰ ਸਿੰਘ ਗਰੇਵਾਲ ਧੀਮੀ ਪਰ ਗੰਦੀ ਭਾਸ਼ਾ ਵਿਚ ਉਸਦੀ ਕੁੱਤੇਖਾਣੀ ਕਰਕੇ ਗਿਆ ਹੈ। ਉਸਨੇ ਉਸ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਪਰ ਉਸ ਵੱਲੋਂ ਬੋਲੇ ਬੋਲ ਹੁਣ ਵੀ ਉਸਦੇ ਕੰਨਾਂ ਵਿਚ ਗੂੰਜ ਰਹੇ ਹਨ-

"ਮੂਰਖ, ਉਜੱਡ, ਤੈਨੂੰ ਪੰਜਾਹ ਸਾਲ ਹੋ ਗਏ ਨੇ ਇੰਗਲੈਂਡ ਰਹਿੰਦੀ ਨੂੰ, ਪਰ ਤੈਨੂੰ ਇੱਥੇ ਦੇ ਕਾਇਦੇ ਕਾਨੂੰਨ ਦਾ ਪਤਾ ਨਹੀਂ ਲੱਗਾ। ਸਾਰੀ ਉਮਰ ਦੀ ਬਣੀ ਬਣਾਈ ਸਿਰ ਖੇਹ ਪਾ ਦਿੱਤੀ। ਅਖਬਾਰਾਂ ਨੇ ਚੁਸਕੀਆਂ ਲੈ ਲੈ ਖਬਰਾਂ ਛਾਪੀਆਂ ਹਨ। ਨਾ ਤੈਨੂੰ ਖਸਮ ਦੀ ਇੱਜ਼ਤ ਦਾ ਵੀ ਖਿਆਲ ਨੀ ਆਇਆ? ਤੂੰ ਪੁਲਿਸ ਨੂੰ ਫੂਨ ਕਰ ਦਿੰਦੀ। ਤੂੰ ਹੱਥੀਂ ਕਿਉਂ ਉਤਰੀ? ਜੇ ਮੁੰਡਾ ਮਰ ਜਾਂਦਾ? ਸਾਰੀ ਉਮਰ ਜੇਲ੍ਹ ਵਿਚ ਸੜਦੀ। ਹੁਣ ਵੀ ਪੰਜ-ਸੱਤ ਸਾਲ ਤਾਂ ਵੱਟ 'ਤੇ ਪਏ ਹਨ। ਇਕ ਇਹ ਜੱਜ 'ਕ੍ਰਿਸ ਡੂਮਿਨੀ' ਬੜੀ ਔਂਤਰੀ ਹੈ। ਵਕੀਲਾਂ ਅਤੇ ਗਵਾਹਾਂ 'ਤੇ ਵੀ ਪੂਰਾ ਯਕੀਨ ਨਹੀਂ ਕਰਦੀ। ਇੰਟਰਪਰੇਟਰਾਂ 'ਤੇ ਵੀ ਬੇਯਕੀਨੀ। ਤਾਂ ਹੀ ਤਾਂ ਇੰਗਲੈਂਡ ਵਿਚ ਵਸੇ ਵੱਖ-ਵੱਖ ਵੱਡੇ ਫਿਰਕਿਆਂ ਦੀਆਂ ਭਾਸ਼ਾਵਾਂ ਇਸਨੇ ਸਿੱਖ ਰੱਖੀਆਂ ਨੇ। ਪੂਰੀ ਕਹਾਣੀ ਸੁਣਦੀ ਆ ਮਜ਼ਲੂਮ ਅਤੇ ਮੁਲਜ਼ਮ ਦੀ ਜ਼ੁਬਾਨੀ। ਤੂੰ ਕੀ ਦੱਸੇਂਗੀ ਬਈ ਇਕ ਮੁੰਡਾ ਕੁੜੀ ਤੈਥੋਂ ਪਿਆਰ ਕਰਦੇ ਜਰ ਨੀ ਹੋਏ? ਇਹ ਇੰਡੀਆ ਨਹੀਂ। ਇੰਗਲੈਂਡ ਹੈ ਇੰਗਲੈਂਡ। ਕੋਈ ਕਿਸੇ ਦੇ ਕੰਮ 'ਚ ਦਖਲ ਨਹੀਂ ਦਿੰਦਾ। ਸਭ ਅਜ਼ਾਦ ਨੇ ਅਜ਼ਾਦ। ਨਾ ਆ ਤੈਨੂੰ ਕੀ ਬਿਮਾਰੀ ਪਈ ਸੀ? ਅਦਾਲਤ ਵਿਚ ਹੀ ਮੀ-ਲਾਰਡ ਮੀ-ਲਾਰਡ ਰੀ ਓਪਨ-ਰੀ ਓਪਨ ਕਰਦੀ ਟਪੂਸੀਆਂ ਮਾਰਨ ਲੱਗ ਪਈ ਸੀ। ਜਿੱਦਾਂ ਖ਼ੁਦ ਵਕੀਲ ਹੁੰਦੀ ਏ। ਫਿਰ ਡਿੱਗ ਪਈ ਸੀ ਬੇਹੋਸ਼ ਹੋ ਕੇ ਤਾਂ ਹੀ ਤੈਨੂੰ ਇੱਥੇ ਭਰਤੀ ਕਰਾਇਆ। ਗੱਲ ਸੁਣ ਲੈ ਧਿਆਨ ਨਾਲ ਮੇਰੀ। ਅਸੀਂ ਸਿੰਮੀ ਨੂੰ ਵੀ ਸਮਝਾਵਾਂਗੇ। ਬਈ ਤੇਰੇ ਹੱਕ 'ਚ ਬਿਆਨ ਦੇਵੇ। ਮੈਂ ਚੋਟੀ ਦਾ ਵਕੀਲ ਕੀਤਾ ਡੇਵਿਡ ਬਰਾਊਨ। ਉਹ ਸਿੰਮੀ ਨੂੰ ਬਿਆਨ ਸਮਝਾਏਗਾ। ਤੂੰ ਵੀ ਆਪਣੀ ਕੜ੍ਹੀ ਨਾ ਘੋਲਣ ਲੱਗ ਪਈਂ। ਵਕੀਲ ਦੀ ਹਦਾਇਤ ਮੁਤਾਬਕ ਕਹਾਣੀ ਘੜੀਂ। ਕੁੱਤੀ ਨੇ ਬੁੱਢੇ-ਵਾਰੇ ਵਖ਼ਤ ਪਾ ਦਿੱਤਾ।"

ਬੁੜ ਬੁੜ ਕਰਦਾ ਸੁਮੇਰ ਸਿੰਘ ਉੱਠ ਕੇ ਚਲੇ ਗਿਆ ਸੀ। ਸਵੀ ਨੇ ਉਸਦੀ ਕਿਸੇ ਵੀ ਗੱਲ 'ਤੇ ਕਿਸੇ ਵੀ ਕਿਸਮ ਦਾ ਪ੍ਰਤੀਕਰਮ ਨਹੀਂ ਸੀ ਦਿਖਾਇਆ। ਹਾਂ ਤੁਰੇ ਜਾਂਦੇ ਗਰੇਵਾਲ ਦੀ ਪਿੱਠ ਬੜੀ ਹਕਾਰਤ ਨਾਲ ਦੇਖੀ ਅਤੇ ਫਿਰ ਛੱਤ 'ਤੇ ਟਿਕਟਿਕੀ ਲਾ ਲਈ। ਉਸਦੇ ਮਨ ਦਾ ਹਲਟ ਗਿੜਨ ਲੱਗ ਪਿਆ।

-ਬੱਲੇ ਓਏ ਗਰੇਵਾਲਾ! ਮੈਂ ਮੂਰਖ-ਮੈਂ ਉਜੱਡ। ਇਹ ਇੰਗਲੈਂਡ- ਇਹ ਇੰਡੀਆ ਨਹੀਂ। ਸਭ ਅਜ਼ਾਦ ਨੇ। ਪਰ ਤੂੰ ਮੇਰਾ ਖਸਮ। ਮੇਰੀ ਅਜ਼ਾਦੀ? ਅਖੇ ਡੂਮਿਨੀ ਪੂਰੀ ਕਹਾਣੀ ਸੁਣਦੀ ਏ। ਪਰ ਤੂੰ ਆਪਣੀ ਕੜ੍ਹੀ ਨਾ ਘੋਲੀਂ। ਵਕੀਲ ਦੀ ਹਦਾਇਤ ਮੁਤਾਬਕ ਬੋਲੀਂ। ਕਿਉਂ? ਮੈਂ ਆਪਣੀ ਕਹਾਣੀ ਕਹਿਣ ਲਈ ਵੀ ਅਜ਼ਾਦ ਨਹੀਂ?

ਸਵੀ ਨੇ ਆਪਣੇ ਸੀਨੇ 'ਚ ਦਰਦ ਜਿਹਾ ਅਨੁਭਵ ਕੀਤਾ ਹੈ। ਦੋਨੋਂ ਹੱਥਾਂ ਨਾਲ ਛਾਤੀ ਨੱਪੀ ਹੈ। ਅੱਖਾਂ ਬੰਦ ਹੋ ਗਈਆਂ ਹਨ। ਉਸਨੇ ਆਪਣੇ ਆਪ ਨੂੰ ਅਦਾਲਤ ਦੇ ਕਮਰੇ 'ਚ ਖੜ੍ਹੇ ਪਾਇਆ ਹੈ। ਜੱਜ ਕ੍ਰਿਸ ਡੂਮਿਨੀ ਬੈਠੀ ਹੈ। ਵਕੀਲ ਖੜ੍ਹੇ ਹਨ। ਉਸਨੇ ਆਪਣੀ ਕਹਾਣੀ ਸ਼ੁਰੂ ਕੀਤੀ ਹੈ-

-ਮੀ ਲਾਰਡ! ਮੇਰਾ ਨਾਂ ਸਵਤੰਤਰ ਕੌਰ ਉਰਫ਼ ਸਵੀ ਉਰਫ਼ ਸਾਬੋ ਹੈ। ਮੇਰੀ ਉਮਰ ਸਤਾਹਟ



ਸਾਲ ਦੀ ਹੋ ਗਈ ਹੈ। ਮੈਂ ਪੰਜਾਬ ਦੇ ਦੁਆਬੇ ਦੇ ਪਿੰਡ ਖਾਨੋਵਾਲ ਜ਼ਿਲ੍ਹਾ ਜਲੰਧਰ ਦੀ ਜੰਮਪਲ ਹਾਂ। ਠੇਕੇਦਾਰ ਸੁੰਦਰ ਸਿੰਘ ਦੀ ਪੋਤੀ ਤੇ ਠੇਕੇਦਾਰ ਕਰਨੈਲ ਸਿੰਘ ਦੀ ਬੇਟੀ। ਤਿੰਨ ਭਰਾਵਾਂ ਕੇਹਰ, ਸ਼ਮਸ਼ੇਰ ਤੇ ਹਰਮੇਲ ਤੋਂ ਛੋਟੀ। ਮੇਰੇ ਬਾਬੇ ਸੁੰਦਰ ਸਿੰਘ ਦੀ ਪੱਚੀ-ਤੀਹ ਪਿੰਡਾਂ 'ਚ ਸਰਦਾਰੀ ਸੀ। ਬੜਾ ਦਾਨਾ ਬੰਦਾ ਸੀ, ਇਨਸਾਫ਼ ਪਸੰਦ। ਗਰੀਬ ਗੁਰਬੇ ਦਾ ਰਖਵਾਲਾ। ਉੱਚੀ ਸੁੱਚੀ ਸੋਚ ਦਾ ਮਾਲਕ। ਪਟਵਾਰੀ, ਤਹਿਸੀਲਦਾਰ ਅਤੇ ਠਾਣੇਦਾਰ ਆਦਿ ਸਭ ਸਾਡੀ ਹਵੇਲੀ ਹੀ ਉਤਰਦੇ। ਦਸ ਮੀਲ ਦੇ ਘੇਰੇ 'ਚ ਤਿੰਨ ਭੱਠੇ ਸਨ। ਉਨ੍ਹਾਂ ਸਮਿਆਂ 'ਚ ਜਦੋਂ ਲੋਕਾਂ ਕੋਲ ਅਜੇ ਸਾਈਕਲ ਨਹੀਂ ਸੀ ਹੁੰਦੇ ਤਾਂ ਸਾਡੇ ਘਰੇ ਜੀਪ ਤੇ ਕਾਰ ਸਨ।

ਮੀ-ਲਾਰਡ, ਦੱਸਦੇ ਨੇ ਜਿਸ ਸਮੇਂ ਮੇਰਾ ਜਨਮ ਹੋਇਆ ਉਸੇ ਸਮੇਂ ਭਾਰਤ ਦੀ ਅਜ਼ਾਦੀ ਦਾ ਐਲਾਨ ਹੋਇਆ ਸੀ। ਮੈਂ ਜਨਮ ਸਮੇਂ ਹੀ ਬੜੀ ਰਿਸ਼ਟ ਪੁਸ਼ਟ ਤੇ ਸੋਹਣੀ ਸੀ। ਪਰ ਮੈਂ ਰੋਣੋ ਨਹੀਂ ਸੀ ਹਟ ਰਹੀ। ਚੁਬਾਰੇ 'ਚੋਂ ਮੇਰੇ ਬਾਪੂ ਨੂੰ ਸੱਦਿਆ ਗਿਆ। 'ਬੇ ਕਰਨੈਲ ਸਿੰਹਾ ਕੁੜੀ ਤਾਂ ਰੱਬ ਦਾ ਰੂਪ ਹੈ ਪਰ ਪਤਾ ਨੀ ਜੰਮਦੀ ਨੂੰ ਕੀ ਲੇਰੀ ਲੱਗ ਗਈ। ਕਮਲੀ ਰੋਣੋ ਹੀ ਨਹੀਂ ਹਟ ਰਹੀ। ਲੈ ਲਾ ਜ਼ਰਾ ਆਪਣੀ ਹਿੱਕ ਨਾਲ। ਸ਼ਾਇਦ ਬਾਪ ਦੇ ਹੱਥਾਂ 'ਚ ਸ਼ਾਂਤ ਹੋ ਜਾਵੇ।' ਆਖਦਿਆਂ ਦਾਈ ਨੇ ਮੈਨੂੰ ਬਾਪੂ ਦੇ ਹੱਥਾਂ 'ਚ ਦੇ ਦਿੱਤਾ। ਕਹਿੰਦੇ ਮੈਂ ਤਾਂ ਹੋਰ ਵੀ ਉੱਚੀ-ਉੱਚੀ ਚੀਕਣ ਲੱਗ ਪਈ। ਘਰ ਦੇ ਸਾਰੇ ਮੈਂਬਰ ਜਾਗ ਉੱਠੇ। ਬਾਬਾ ਜੀ ਨੂੰ ਹਵੇਲੀਓਂ ਸੱਦ ਲਿਆ ਗਿਆ। 'ਚੌਧਰੀ ਕੁੜੀ ਨੂੰ ਜੰਮਦੀ ਨੂੰ ਕੋਈ ਓਪਰੀ ਕਸਰ ਹੋ ਗਈ ਹੈ। ਬਾਰੂ ਫਾਂਡੇ ਵਾਲ਼ੇ ਨੂੰ ਸੱਦੋ।' ਆਖਦਿਆਂ ਦਾਈ ਨੇ ਮੈਨੂੰ ਬਾਬਾ ਜੀ ਦੇ ਹੱਥਾਂ ਵਿਚ ਦੇ ਦਿੱਤਾ। ਦੱਸਦੇ ਨੇ ਮੈਂ ਰੋਣੋ ਹਟ ਗਈ ਸੀ। 'ਨਾਖਸਮੀ। ਪੇ ਦੇ ਹੱਥਾਂ 'ਚ ਚੁੱਪ ਨੀ ਕੀਤੀ। ਮੇਰੇ ਹੱਥਾਂ 'ਚ ਚੁੱਪ ਨੀ ਕੀਤੀ। ਨਾ ਅਸੀਂ ਤੈਨੂੰ ਖਾਂਦੇ ਸੀ। ਬਾਬਾ ਬਹੁਤ ਰਾਖਾ ਆ ਗਿਆ?' ਬੁੜ ਬੁੜ ਕਰਦੀ ਦਾਈ ਅੰਦਰ ਚਲੇ ਗਈ ਸੀ। ਬਾਬਾ ਜੀ ਨੇ ਮੈਨੂੰ ਲੋਰੀ ਦਿੰਦਿਆਂ ਆਖਿਆ, 'ਅੱਜ ਦੇਸ਼ ਵਿਚ ਅਜ਼ਾਦੀ ਆਈ ਹੈ। ਸਾਰਾ ਦੇਸ਼ ਜਸ਼ਨ ਮਨਾ ਰਿਹਾ ਹੈ। ਮੈਂ ਆਪਣੀ...।' ਕਹਿੰਦੇ ਮੈਂ ਫਿਰ ਉੱਚੀ ਉੱਚੀ ਚੀਕਣ ਲੱਗ ਪਈ। 'ਅੱਛਾ ਨਾ ਸਹੀ ਨਾ ਸਹੀ। ਮੈਂ ਕੁਝ ਨੀ ਬੋਲਦਾ।' ਆਖਦਿਆਂ ਬਾਬੇ ਨੇ ਮੈਨੂੰ ਆਪਣੀ ਹਿੱਕ ਨਾਲ ਲਾ ਲਿਆ। ਮੈਂ ਚੁੱਪ ਹੋ ਗਈ ਸੀ।

ਮੀ-ਲਾਰਡ ਬਾਬੇ ਨੇ ਹੀ ਮੇਰਾ ਨਾਂ ਸਵਤੰਤਰ ਕੌਰ ਰੱਖਿਆ। ਉਹ ਹੀ ਮੈਨੂੰ ਸਵੀ ਵੀ ਆਖ ਲੈਂਦੇ। ਬਾਕੀ ਘਰਦੇ ਅਤੇ ਸਕੂਲ ਸਾਥੀ ਸਾਬੋ ਕਹਿੰਦੇ।

ਮੀ-ਲਾਰਡ ਮੈਂ ਸੁਰਤ ਸੰਭਾਲਦਿਆਂ ਘਰ ਵਿਚ ਖੁਸ਼ੀਆਂ ਹੀ ਦੇਖੀਆਂ। ਅੱਠਵੀਂ 'ਚ ਹੋਈ ਤਾਂ ਹੋਰ ਵੀ ਖੁਸ਼ੀਆਂ। ਵੀਰ ਕੇਹਰ ਦਾ ਵਿਆਹ ਹੋਇਆ। ਹੱਥ ਲਾਇਆਂ ਮੈਲੀ ਹੋਣ ਵਾਲ਼ੀ ਭਾਬੀ ਘਰ ਆਈ। ਮੈਂ ਢੁੱਕ ਢੁੱਕ ਉਸ ਕੋਲ ਬਹਿੰਦੀ। ਪਰ ਵੀਰ ਦੇ ਵਿਆਹ ਤੋਂ ਛੇ ਕੁ ਮਹੀਨੇ ਬਾਅਦ ਸਾਡੇ ਘਰ ਦੀਆਂ ਖੁਸ਼ੀਆਂ ਨਜ਼ਰਾਈਆਂ ਗਈਆਂ। ਵੀਰ ਕੇਹਰ ਨੇ ਖੂਹ 'ਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਘਰ ਵਿਚ ਕੁਹਰਾਮ ਮੱਚ ਗਿਆ। ਭਾਬੀ ਅਤੇ ਮਾਂ ਨੂੰ ਦੰਦਲ਼ਾਂ ਪੈ ਰਹੀਆਂ ਸਨ। ਗੱਭਰੂ ਮੁੰਡੇ ਦੀ ਮੌਤ ਦਾ ਦੁੱਖ ਹਰ ਜੀਅ ਨੂੰ ਸੀ। ਪਰ ਬਾਬਾ ਜੀ ਨੂੰ ਮੌਤ ਪਿੱਛੇ ਬਣੇ 'ਮੰਦਭਾਗੇ ਕਾਰਨ' ਦਾ ਮੌਤ ਨਾਲੋਂ ਵੀ ਵੱਧ ਦੁੱਖ ਸੀ।

ਮੀ-ਲਾਰਡ ਉਹ ਮੰਦਭਾਗਾ ਕਾਰਨ ਪਤਾ ਕੀ ਸੀ? ਲਓ ਮੈਂ ਦੱਸਦੀ ਹਾਂ। ਮੌਤ ਦਾ ਕਾਰਨ ਰੇਖਾ ਨਾਂ ਦੀ ਲੜਕੀ ਸੀ। ਦੱਸਦੇ ਨੇ ਉਹ ਅੱਠ ਨੌਂ ਮਹੀਨੇ ਪਹਿਲਾਂ ਭੱਠੇ 'ਤੇ ਕੰਮ ਕਰਨ ਰਾਜਸਥਾਨ ਤੋਂ ਆਈ ਸੀ। ਉਹ ਯਤੀਮ ਸੀ। ਸੋਹਣੀ ਸੀ। ਜੁਆਨ ਸੀ। ਉਸਦੇ ਤਾਇਆ ਤਾਈ ਉਸਨੂੰ ਲੈ ਕੇ ਆਏ ਸਨ। ਰੇਖਾ ਦੇ ਤਾਏ ਠਾਕਰ 'ਤੇ ਮੇਰੇ ਬਾਪ ਦੀ ਖਾਸ ਮਿਹਰ ਸੀ। ਮੇਰੇ

ਬਾਪ ਨੇ ਤਿੰਨੇ ਭੱਠਿਆਂ 'ਤੇ ਵਧੀਆ ਚੁਬਾਰੇ ਪਾਏ ਹੋਏ ਸਨ। ਕੁੜੀ ਮੇਰੇ ਬਾਪ ਨਾਲ਼ ਚੁਬਾਰੇ ਚੜ੍ਹਨ ਲੱਗ ਪਈ। ਬਾਪੂ ਬਿਮਾਰ ਹੋਣ ਕਾਰਨ ਕੁਝ ਦਿਨ ਭੱਠੇ 'ਤੇ ਜਾ ਨਾ ਸਕਿਆ। ਉਸ ਭੱਠੇ ਦਾ ਕੰਮ ਵੀ ਕੁਝ ਦਿਨਾਂ ਲਈ ਵੀਰ ਕੇਹਰ ਨੂੰ ਦੇਖਣਾ ਪਿਆ। ਜੁਆਨ ਕੁੜੀ ਦੀ 'ਜੁਆਨ ਚਾਹਤ' ਜੁਆਨ ਮੁੰਡੇ ਵੱਲ ਵਹਿ ਤੁਰੀ। ਜੁਆਨੀ ਧਾ ਕੇ ਇਕ ਦੂਜੇ ਦੇ ਗਲ਼ ਲੱਗ ਗਈ। ਕੁੜੀ ਨੇ ਮਜਬੂਰੀ ਬਸ ਪੇ-ਪੁੱਤ ਦੋਨਾਂ ਨੂੰ ਸਵੀਕਾਰ ਕਰ ਲਿਆ। ਪਰ ਬਾਪ-ਬੇਟਾ ਇਕ ਦੂਜੇ ਨੂੰ ਸਵੀਕਾਰ ਨਾ ਕਰ ਸਕੇ। ਇਕ ਦਿਨ ਭੱਠੇ 'ਤੇ ਹੀ ਦੋਨਾਂ ਵਿਚ ਤਕਰਾਰ ਹੋ ਗਿਆ। ਉਹ ਆਪਸੀ ਰਿਸ਼ਤਾ ਵੀ ਭੁੱਲ ਬੈਠੇ। 'ਸ਼ਰਮ ਕਰ ਛੋਕਰੇ ਉਹ ਤੇਰੀ ਮਾਂ ਦਾ ਸਥਾਨ ਰੱਖਦੀ ਹੈ।' ਗੁੱਸੇ ਵਿਚ ਲਾਲ ਪੀਲ਼ੇ ਹੋਏ ਬਾਪ ਨੇ ਆਖ ਮਾਰਿਆ। 'ਮੇਰੇ ਹਾਣ ਦੀ ਮੇਰੀ ਮਾਂ ਕਿਵੇਂ ਬਣ ਗਈ? ਸ਼ਰਮ ਬਾਪੂ ਤੈਨੂੰ ਆਉਣੀ ਚਾਹੀਦੀ ਹੈ। ਉਹ ਤੇਰੀ ਨੂੰਹ-ਧੀ ਦੀ ਉਮਰ ਦੀ ਹੈ?' ਵਿਹੁ ਘੋਲਦਾ ਮੁੰਡਾ ਆਖ ਗਿਆ। ਕਾੜ ਕਰਦਾ ਥੱਪੜ ਬਾਪ ਨੇ ਮੁੰਡੇ ਦੇ ਕੱਢ ਮਾਰਿਆ ਤੇ ਆਖਿਆ, 'ਹੈ ਤੇਰੀ ਬੇਸ਼ਰਮਾ! ਬਾਪ ਮੂਹਰੇ ਬੋਲਦੇ ਨੂੰ ਤੈਨੂੰ ਸ਼ਰਮ ਨਾ ਆਈ? ਡੁੱਬ ਮਰ ਕਿਸੇ ਖੂਹ ਟੋਭੇ ਜੇ ਰਤਾ ਵੀ ਅਣਖ ਹੈ।' ਤੇ ਮੁੰਡਾ ਅਣਖ ਦਿਖਾ ਗਿਆ।

ਮੀ-ਲਾਰਡ ਹੌਲ਼ੀ ਹੌਲ਼ੀ ਬਾਕੀ ਘਰ ਦੇ ਜੀਅ ਸਥਿਰ ਹੋਣ ਲੱਗੇ। ਭਾਬੀ ਨੂੰ ਵੀਰ ਸ਼ਮਸ਼ੇਰ ਦੇ ਬਿਠਾ ਦਿੱਤਾ ਗਿਆ। ਪਰ ਬਾਬਾ ਜੀ ਆਪਣੇ ਆਪ ਨੂੰ ਸਥਿਰ ਨਾ ਕਰ ਸਕੇ। ਉਹ ਬੁਝੇ ਬੁਝੇ ਰਹਿਣ ਲੱਗੇ। ਡਰਾਈਵਰ ਨੂੰ ਨਾਲ਼ ਲੈ ਕੇ ਭੱਠਿਆਂ 'ਤੇ ਮਾਰਨ ਵਾਲ਼ਾ ਹਫ਼ਤਾਵਾਰੀ ਗੇੜਾ ਵੀ ਉਹਨੀਂ ਛੱਡ ਦਿੱਤਾ। ਉਹਨਾਂ ਦੇ ਚਿਹਰੇ ਦਾ ਜਲੌਅ ਹੌਲ਼ੀ ਹੌਲ਼ੀ ਖ਼ਤਮ ਹੋਣ ਲੱਗਾ। ਖੁਸ਼ੀ ਉਹਨਾਂ ਤੋਂ ਦੂਰ ਭੱਜਣ ਲੱਗੀ। ਹਾਂ ਜਿਸ ਦਿਨ ਮੇਰਾ ਅੱਠਵੀਂ ਦਾ ਰੀਜ਼ਲਟ ਆਇਆ ਤਾਂ ਮੇਰਾ ਨਾਂ ਮੈਰਿਟ ਲਿਸਟ ਵਿਚ ਦੇਖਕੇ ਉਨ੍ਹਾਂ ਦੇ ਚਿਹਰੇ 'ਤੇ ਕੁਝ ਸਕੂਨ ਕੁਝ ਖੁਸ਼ੀ ਜ਼ਰੂਰ ਝਲਕੀ ਸੀ। ਉਹਨੀਂ ਉਸ ਦਿਨ ਮੈਨੂੰ ਬਹੁਤ ਪਿਆਰਿਆ-ਦੁਲਾਰਿਆ। ਬਹੁਤ ਹੀ ਗੱਲਾਂ ਕੀਤੀਆਂ। ਬਹੁਤ ਹੀ ਸਿਆਣੀਆਂ। ਗੱਲਾਂ-ਗੱਲਾਂ 'ਚ ਮੈਨੂੰ ਪੁੱਛਿਆ, 'ਮੇਰਾ ਪੁੱਤ ਕੀ ਬਣੇਂਗਾ?' ਮੈਂ ਕਿਹਾ ਮੈਂ ਵਕੀਲ ਬਣਾਂਗੀ। 'ਨਹੀਂ ਨਹੀਂ ਮੇਰਾ ਪੁੱਤ ਜੱਜ ਬਣੇਗਾ। ਹਾਂ ਪਹਿਲਾਂ ਤੂੰ ਵਕੀਲੀ ਕਰ ਲਈਂ ਫੇਰ ਜੱਜੀ। ਹਾਂ ਤੂੰ ਸਭ ਨੂੰ ਇਨਸਾਫ਼ ਦੇਣਾ। ਸਭ ਦੇ ਹੱਕਾਂ ਦੀ ਰਾਖੀ ਕਰਨੀ। ਮੈਂ ਤੈਨੂੰ ਜੱਜ ਬਣਾਵਾਂਗਾ।' ਪਰ ਮੀ-ਲਾਰਡ ਉਹਨੀਂ ਮੈਨੂੰ ਜੱਜ ਕੀ ਬਣਾਉਣਾ ਸੀ। ਉਹਨੀਂ ਤਾਂ ਆਪਣੇ ਆਪ ਨੂੰ ਹਵੇਲੀ ਤਾਈਂ ਸੀਮਤ ਕਰ ਲਿਆ। ਲੋਕਾਂ ਨਾਲ਼ ਮੇਲ ਜੋਲ਼ ਘੱਟ ਕਰਦੇ ਗਏ। ਹਾਂ ਮੈਨੂੰ ਜ਼ਰੂਰ ਹਰ ਰੋਜ਼ ਆਪਣੇ ਕੋਲ਼ ਬਿਠਾਉਂਦੇ। ਪਿਆਰ ਕਰਦੇ। ਬਹੁਤ ਹੀ ਸਿਆਣੀਆਂ ਗੱਲਾਂ ਸਮਝਾਉਂਦੇ। ਮੈਨੂੰ ਲੱਗਣਾ ਕਿ ਜਿਵੇਂ ਉਹ ਮੇਰੇ 'ਚ ਭਵਿੱਖ ਦੇਖ ਰਹੇ ਹੋਣ ਅਤੇ ਮੇਰੇ ਕੋਲ਼ੋਂ ਉੱਚੇ ਸੁੱਚੇ ਕਾਰਜ ਕਰਵਾਉਣਾ ਚਾਹੁੰਦੇ ਹੋਣ।

ਮੀ-ਲਾਰਡ ਮੈਂ ਦਸਵੀਂ 'ਚ ਹੋ ਗਈ ਸੀ। ਬਾਬਾ ਜੀ ਬਹੁਤ ਕਮਜ਼ੋਰ ਹੋ ਚੁੱਕੇ ਸਨ। ਉਹਨੀਂ ਮੰਜਾ ਮੱਲ ਲਿਆ ਸੀ। ਉਹ ਕੋਈ ਵੀ ਦੁਆ ਦਾਰੂ ਨਹੀਂ ਲੈ ਰਹੇ ਸਨ। ਮੇਰੇ ਦਸਵੀਂ ਦੇ ਪੇਪਰ ਪੈ ਚੁੱਕੇ ਸਨ। ਨਤੀਜੇ ਦੀ ਉਡੀਕ ਸੀ। ਬਾਬਾ ਜੀ ਪਾਣੀ ਦੀ ਘੁੱਟ 'ਤੇ ਜੀਅ ਰਹੇ ਸਨ। ਨਤੀਜਾ ਆ ਗਿਆ। ਮੈਂ ਅਤੇ ਬਠਿੰਡੇ ਤੋਂ ਇਕ ਹੋਰ ਕੁੜੀ ਨੇ ਪੰਜਾਬ 'ਚੋਂ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮੈਂ ਖੁਸ਼ੀ-ਖੁਸ਼ੀ ਬਾਬਾ ਜੀ ਨੂੰ ਖ਼ਬਰ ਦਿੱਤੀ। ਉਹਨਾਂ ਦੇ ਕਮਜ਼ੋਰ ਚਿਹਰੇ 'ਤੇ ਖ਼ੁਸ਼ੀ ਚਮਕੀ। ਕਮਜ਼ੋਰ ਅੰਗਾਂ 'ਚ ਹਰਕਤ ਆਈ। ਕਮਜ਼ੋਰ ਜਿਹੀ ਆਵਾਜ਼ ਵਿਚ ਆਖਿਆ, 'ਪੁੱਤ ਜੱਜ ਜ਼ਰੂਰ ਬਣੀਂ।' 'ਬਾਬਾ ਜੀ ਵਕੀਲ ਵੀ ਅਤੇ ਜੱਜ ਵੀ। ਵਾਅਦਾ ਰਿਹਾ।' ਉਹਨਾਂ ਮੇਰੀ ਪਿੱਠ ਥਪਥਪਾਈ।

ਪੰਜਾਬ 'ਚੋਂ ਪਹਿਲਾ ਦਰਜਾ ਪ੍ਰਾਪਤ ਕਰਨ ਦੀ ਘਰ 'ਚ ਅਥਾਹ ਖ਼ੁਸ਼ੀ ਸੀ। ਪਰ ਇਹ ਖੁਸ਼ੀ



ਪੰਜ ਦਿਨ ਤੋਂ ਵੱਧ ਜੀਅ ਨਾ ਸਕੀ। ਇਕ ਤੜਕੇ ਬਾਬਾ ਜੀ ਅੱਖਾਂ ਮੀਟ ਗਏ। ਘਰ 'ਚ ਸੋਗ ਦੀ ਸਫ਼ ਵਿਛ ਗਈ। ਸਾਰੇ ਘਰਦਿਆਂ ਨਾਲ਼ੋਂ ਮੈਂ ਵੱਧ ਰੋਈ। ਬਾਬਾ ਜੀ ਦੇ ਭੋਗ ਮਗਰੋਂ ਵੀ ਮੈਂ ਹਵੇਲੀ ਜਾ ਕੇ ਬਾਬਾ ਜੀ ਦੇ ਚੁਬਾਰੇ ਘੰਟਿਆਂ ਬੱਧੀ ਬੈਠਿਆਂ ਰਹਿਣਾ। ਉਹਨਾਂ ਦੀ ਫੋਟੋ ਨਾਲ਼ ਗੱਲਾਂ ਕਰਦੇ ਰਹਿਣਾ। ਮੈਨੂੰ ਲੱਗਣਾ ਬਾਬਾ ਜੀ ਮੈਨੂੰ ਫੋਟੋ ਵਿਚੋਂ ਹੀ ਆਖ ਰਹੇ ਹੋਣ, 'ਸਵੀ ਜੱਜ ਬਣੀਂ ਜੱਜ! ਸਭ ਨੂੰ ਇਨਸਾਫ਼ ਦੇਈਂ। ਗਰੀਬ ਗੁਰਬੇ ਦਾ ਖ਼ਿਆਲ ਰੱਖੀਂ।'

ਮੀ-ਲਾਰਡ ਫਿਰ ਮੇਰੀ ਅਗਲੀ ਪੜ੍ਹਾਈ ਦੀ ਗੱਲ ਤੁਰੀ। ਸਾਡੇ ਪਿੰਡੋਂ ਸ.ਨ. ਕਾਲਜ ਡੂਢ ਮੀਲ 'ਤੇ ਸੀ। ਮੈਂ ਇਸੇ ਕਾਲਜ ਵਿਚ ਪੜ੍ਹਨਾ ਚਾਹੁੰਦੀ ਸੀ। ਮਾਂ ਵੀ ਮੈਨੂੰ ਅੱਖਾਂ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ। ਪਰ ਬਾਪੂ ਮੈਨੂੰ 'ਕੰਨਿਆਂ ਮਹਾਂ ਵਿਦਿਆਲੇ ਜਲੰਧਰ' ਦਾਖਲ ਕਰਾਉਣ ਅਤੇ ਹੋਸਟਲ 'ਚ ਛੱਡਣ ਲਈ ਬਜ਼ਿੱਦ ਸੀ। ਇਸ ਪਿੱਛੇ ਕਾਰਨ ਦਾ ਮੈਨੂੰ ਇਕ ਦਿਨ ਮਾਂ ਤੇ ਬਾਪੂ ਦੀ ਬਹਿਸ 'ਚੋਂ ਪਤਾ ਲੱਗ ਗਿਆ ਸੀ। ਮਾਂ ਦੀ ਕਿਸੇ ਗੱਲ 'ਤੇ ਬਾਪੂ ਚੀਕਿਆ ਸੀ-

'ਮੂਰਖੇ ਇਹ ਕਾਲਜ ਮੁੰਡਿਆਂ ਕੁੜੀਆਂ ਦਾ 'ਕੱਠਾ ਹੈ। ਕੱਲ ਨੂੰ ਕੋਈ ਐਸੀ ਵੈਸੀ ਗੱਲ ਹੋ ਗਈ। ਫੇ...?'

'ਲੈ ਸਵੀ ਦੇ ਬਾਪੂ ਆਪਣੀ ਕੁੜੀ ਸਿਆਣੀ ਵੀ ਹੈ ਅਤੇ ਅਜੇ ਨਿਆਣੀ ਵੀ। ਤੂੰ ਚਿੰਤਾ ਕਿਉਂ ਕਰਦਾਂ?'

'ਤੁਹਾਡੀ ਮੱਤ ਤਾਂ ਗੁੱਤ ਪਿੱਛੇ ਹੀ ਰਹਿਣੀ ਏ। ਜਦ ਉਹ ਟੈਮ ਆਉਂਦਾ ਤਾਂ ਸਿਆਣਪਾਂ - ਸਿਊਣਪਾਂ ਨਹੀਂ ਰਹਿੰਦੀਆਂ। ਆ ਜਿਹੜੀ ਤੂੰ ਨਿਆਣਪੁਣੇ ਦੀ ਗੱਲ ਕਰਦੀ ਆਂ- ਉਹ ਭੁੱਲ ਜਾ। ਮੈਂ ਹਵੇਲੀ ਖੁਰਲੀ 'ਤੇ ਖੜ੍ਹ ਕੇ ਗੁਆਂਢੀ ਸੋਹਣ ਦੇ ਮੁੰਡੇ ਮੋਹਣ ਨਾਲ਼ ਗੱਲਾਂ ਕਰਦੀ ਆਪ ਦੇਖੀ ਆ।'

ਮੀ-ਲਾਰਡ ਮੈਂ ਤਾਂ ਸੁੰਨ ਹੋ ਕੇ ਰਹਿ ਗਈ ਸੀ। ਇਹ ਮੋਹਣ ਵਾਲ਼ੀ ਕਹਾਣੀ ਪਤਾ ਕੀ ਸੀ? ਲਓ ਸੁਣੋ- ਮੋਹਣ ਕਾ ਛੋਟਾ ਜਿਹਾ ਵਾੜਾ ਸਾਡੀ ਹਵੇਲੀ ਦੇ ਨਾਲ਼ ਹੀ ਸੀ। ਮੋਹਣ ਤੇ ਮੈਂ ਇਕੋ ਸਕੂਲ 'ਚ ਪੜ੍ਹਦੇ ਸੀ। ਮੋਹਣ ਮੇਰੇ ਨਾਲ਼ੋਂ ਇਕ ਕਲਾਸ ਪਿੱਛੇ ਸੀ। ਪਰ ਪੜ੍ਹਨ ਨੂੰ ਮੇਰੇ ਨਾਲ਼ੋਂ ਵੀ ਹੁਸ਼ਿਆਰ। ਜਦੋਂ ਮੈਂ ਦਸਵੀਂ ਦਾ ਨਤੀਜਾ ਬਾਬਾ ਜੀ ਨੂੰ ਦੱਸਕੇ ਚੁਬਾਰੇ ਵਿਚੋਂ ਉਤਰ ਰਹੀ ਸੀ ਤਾਂ ਮੈਨੂੰ ਵਾੜੇ ਵਿਚ ਫਿਰਦਾ ਮੋਹਣ ਦਿਸਿਆ। ਉਹ ਨੰਗੇ ਪੈਰੀਂ ਤੇ ਨੰਗੀ ਲੱਤੀਂ ਪਸ਼ੂਆ ਨੂੰ ਪੱਠੇ ਪਾ ਰਿਹਾ ਸੀ। ਮੈਂ ਆਪਣੀ ਖੁਸ਼ੀ ਮੋਹਣ ਨਾਲ਼ ਸਾਂਝੀ ਕਰਨ ਲਈ ਖੁਰਲੀ 'ਤੇ ਖੜ੍ਹ ਕੇ ਉਸਨੂੰ ਹਾਕ ਮਾਰੀ ਤੇ ਆਪਣੇ ਨਤੀਜੇ ਬਾਰੇ ਦੱਸਿਆ।

'ਦੀਦੀ ਫਿਰ ਤਾਂ ਪਾਰਟੀ ਹੋ ਗਈ।' ਮੋਹਣ ਨੇ ਆਖਿਆ ਸੀ।

'ਹਾਂ ਕੱਲ ਮੈਂ ਤੈਨੂੰ ਇਸੇ ਵਕਤ ਲੱਡੂ ਖੁਆਵਾਂਗੀ। ਪਰ ਅਗਲੇ ਸਾਲ ਤੂੰ ਵੀ ਇਸੇ ਤਰ੍ਹਾਂ ਨੰਬਰ ਲਈਂ।'

'ਓ.ਕੇ. ਦੀਦੀ।'

ਮੀ-ਲਾਰਡ ਘਰ ਵਧਾਈ ਦੇਣ ਆਉਣ ਵਾਲ਼ੇ ਹਰੇਕ ਨੂੰ ਮਾਂ ਲੱਡੂ ਦਿੰਦੀ। ਦੂਸਰੇ ਦਿਨ ਮੈਂ ਲਿਫ਼ਾਫ਼ੇ ਵਿਚ ਚਾਰ ਲੱਡੂ ਪਾ ਕੇ ਹਵੇਲੀ ਲੈ ਗਈ। ਖੁਰਲੀ 'ਤੇ ਚੜ੍ਹਕੇ ਮੋਹਣ ਨੂੰ ਫੜਾ ਦਿੱਤੇ ਅਤੇ ਦੋ ਕੁ ਮਿੰਟ ਗੱਲਾਂ ਕਰਦੀ ਰਹੀ। ਅਜਿਹਾ ਕਰਦੀ ਨੂੰ ਮੈਨੂੰ ਬਾਪੂ ਨੇ ਦੇਖ ਲਿਆ ਸੀ।

ਮੈਨੂੰ ਜਲੰਧਰ ਪਰੈੱਪ ਵਿਚ ਦਾਖਲ ਕਰਾ ਕੇ ਹੋਸਟਲ 'ਚ ਛੱਡ ਦਿੱਤਾ ਗਿਆ। ਰੋ ਰੋ ਮੇਰਾ ਬੁਰਾ ਹਾਲ ਹੋ ਗਿਆ। ਵੀਕ ਇੰਡ 'ਤੇ ਬਾਪੂ ਜੀ ਮੈਨੂੰ ਆਪ ਲੈ ਕੇ ਆਉਂਦੇ ਅਤੇ ਸੋਮਵਾਰ ਸਵਖਤੇ ਆਪ ਛੱਡ ਆਉਂਦੇ। ਮੈਂ ਮਨ ਮਾਰ ਲਿਆ। ਪੜ੍ਹਾਈ ਵਿਚ ਜੁਟ ਗਈ। ਜੱਜ ਜੂ ਬਣਨਾ ਸੀ।

ਪਰ ਅਗਸਤ ਦੇ ਪਹਿਲੇ ਹਫ਼ਤੇ ਬਾਪੂ ਜੀ ਮੈਨੂੰ ਘਰ ਲੈ ਆਏ। ਕੁਝ ਪ੍ਰਾਹੁਣੇ ਸਾਡੇ ਘਰ ਆਏ। ਭੀਰੀ ਨੂੰ ਸ਼ਾਇਦ ਜਾਣ ਬੁੱਝ ਕੇ ਨਹੀਂ ਸੀ ਸੱਦਿਆ ਗਿਆ। ਮੈਂ ਵੀਰ ਸ਼ਮਸ਼ੇਰ ਨਾਲ਼ ਚਾਹ ਲੈ ਕੇ ਗਈ। ਪ੍ਰਾਹੁਣੇ ਚਾਹ ਪੀ ਕੇ ਚਲੇ ਗਏ। ਸ਼ਾਮ ਨੂੰ ਮੈਨੂੰ ਪਤਾ ਲੱਗਾ ਕਿ ਮੇਰਾ ਵਿਆਹ ਰੱਖ ਦਿੱਤਾ ਗਿਆ ਹੈ। ਮੈਂ ਤਾਂ ਰੋ-ਰੋ ਕਮਲ਼ੀ ਹੋ ਗਈ। ਵਿਆਹ ਲਈ ਨਾ ਮੇਰਾ ਮਨ ਤਿਆਰ ਨਾ ਤਨ। ਮੈਂ ਮਾਂ ਦੇ ਰੋ-ਰੋ ਵਾਸਤੇ ਪਾਏ ਪਈ ਮੈਂ ਪੜ੍ਹਨਾ ਹੈ। ਮੈਂ ਵਕੀਲ ਬਣਨਾ ਹੈ-ਮੈਂ ਜੱਜ ਬਣਨਾ ਹੈ। ਮਾਂ ਅੱਗੇ ਬਾਪੂ ਦੀਆਂ ਮਿੰਨਤਾਂ ਕਰਦੀ ਰਹੀ। ਪਰ ਬਾਪੂ ਦਾ ਇੱਕੋ ਜੁਆਬ, 'ਜੱਜ ਬਣਨਾ ਸੌਖਾ। ਨਾਲ਼ੇ ਜੱਜ ਬਣ ਕੇ ਪੈਸੇ ਹੀ ਕਮਾਉਣੇ ਹਨ। ਮੁੰਡੇ ਦਾ ਬਹੁਤ ਵੱਡਾ ਕੱਪੜੇ ਦਾ ਕਾਰੋਬਾਰ ਹੈ ਲਿਸਟਰ ਵਿਚ। ਦੋ ਸੌ ਬੰਦਾ ਕੰਮ ਕਰਦਾ ਫੈਕਟਰੀ 'ਚ। ਅੱਗ ਲਾਇਆਂ ਪੌਂਡ ਨੀ ਮੁੱਕਦੇ। 'ਕੱਲਾ ਮੁੰਡਾ। ਕੁੜੀ ਆਪਣੇ ਘਰ ਜਾਊ। ਆਪਾਂ ਸੁਰਖੁਰੂ। ਸਮਾਂ ਮਾੜਾ। ਦੁੱਧ ਅਤੇ ਬੁੱਧ ਫਿਟਦੇ ਨੂੰ ਚਿਰ ਨੀ ਲਗਦਾ।'

ਮੀ-ਲਾਰਡ ਬਾਪੂ ਨੂੰ ਟੋਕਣ ਵਾਲ਼ਾ ਬਾਬਾ ਸੁੰਦਰ ਸਿੰਘ ਮਰ ਚੁੱਕਾ ਸੀ। ਚੌਦਾਂ ਅਗਸਤ ਦਾ ਮੇਰਾ ਵਿਆਹ ਕਰ ਦਿੱਤਾ ਗਿਆ। ਪੰਦਰਾਂ ਅਗਸਤ ਨੂੰ ਮੇਰੀ ਸੁਹਾਗ ਰਾਤ ਸੀ। ਅੱਧੀ ਰਾਤ ਨੂੰ ਮੈਂ ਸੇਜ 'ਤੇ ਖੂਨ ਨਾਲ਼ ਲੱਥ-ਪੱਥ ਪਈ ਸੀ। ਮੇਰੇ ਅੰਦਰਲੀ ਔਰਤ ਦਾ ਕਤਲ ਹੋ ਚੁੱਕਾ ਸੀ। ਇਕ ਵਕੀਲ ਦਾ, ਇਕ ਜੱਜ ਦਾ ਕਤਲ ਹੋ ਚੁੱਕਾ ਸੀ। ਮੇਰੇ ਨਾਲੋਂ ਡੂਢੀ ਉਮਰ ਤੇ ਦੂਣੇ ਭਾਰ ਦੇ ਸ਼ਰਾਬੀ ਸੁਮੇਰ ਸਿੰਘ ਗਰੇਵਾਲ ਦੇ ਚਿਹਰੇ 'ਤੇ ਜਲੌਅ ਸੀ। ਖੁਸ਼ੀ ਸੀ। ਬਾਬੇ ਸੁੰਦਰ ਸਿੰਘ ਦੀ ਸਵਤੰਤਰ ਕੌਰ, ਗਰੇਵਾਲ ਦੀ ਗੁਲਾਮ ਹੋ ਚੁੱਕੀ ਸੀ ਤੇ ਗਰੇਵਾਲ ਆਖ ਰਿਹਾ ਸੀ, 'ਦੇਖ ਸਵੀ ਆਪਾਂ 'ਤੇ ਪਰਮਾਤਮਾ ਕਿੰਨਾ ਮਿਹਰਬਾਨ ਹੈ। ਤੈਨੂੰ ਤੇਰੇ ਜਨਮ ਦਿਨ ਉੱਤੇ ਲਿਸਟਰ ਦਾ ਧਨਾਢ ਗਰੇਵਾਲ ਤੋਹਫ਼ੇ ਦੇ ਤੌਰ 'ਤੇ ਮਿਲਿਆ ਅਤੇ ਮੈਨੂੰ ਭਾਰਤ ਦੇ ਅਜ਼ਾਦੀ ਦਿਵਸ 'ਤੇ ਇਕ 'ਸੁੱਚੀ ਕਲੀ' ਤੋਹਫ਼ੇ ਦੇ ਤੌਰ 'ਤੇ ਮਿਲ਼ੀ। ਅੱਜ ਦੀ ਰਾਤ ਭਾਰਤ ਦੀ ਅਜ਼ਾਦੀ ਦੇ ਨਾਂ।'

ਮੀ ਲਾਰਡ ਇਹ ਕੀ? ਤੁਹਾਡੀ ਅੱਖਾਂ 'ਚ ਪਾਣੀ? ਅਜੇ ਹੋਰ ਸੁਣੋ ਮੇਰੀ ਵਿਥਿਆ। ਇੰਗਲੈਂਡ ਆ ਕੇ ਮੈਂ ਆਪਣੀ ਸੱਸ ਦੀ ਵੀ ਗੁਲਾਮ ਹੋ ਗਈ। ਹਫ਼ਤੇ ਕੁ ਦੇ ਚਾਅ-ਮਲ੍ਹਾਰ ਮਗਰੋਂ ਇਕ ਦਿਨ ਸੱਸ ਨੇ ਮੈਨੂੰ ਕਿਚਨ ਵਿਚ ਵਾੜ ਦਿੱਤਾ। ਰੋਟੀ ਪਕਾਣ ਲਈ। ਮੀ-ਲਾਰਡ ਮੈਂ ਤਾਂ ਰੋਟੀ ਖਾਣੀ ਮਸੀਂ ਸਿੱਖੀ ਸੀ ਪਕਾਉਣੀ ਕਿੱਥੋਂ ਆਵੇ। ਵਿੰਗੀਆਂ-ਟੇਢੀਆਂ, ਅੱਧ ਕੱਚੀਆਂ ਪੱਕੀਆਂ ਰੋਟੀਆਂ ਚੁੱਕ ਸੱਸ ਨੇ ਸਹੁਰੇ ਮੋਹਰੇ ਲਿਜਾ ਸੁੱਟੀਆਂ ਤੇ ਹੋ ਗਈ ਸ਼ੁਰੂ, 'ਆ ਖਾ ਲੈ ਨੂੰਹ ਰਾਣੀ ਦੇ ਪੱਕੇ ਮੰਨੇ। ਨਾ ਏਹਨੂੰ ਵਿਆਹੁਣ ਗਿਆ ਸੀ ਇੰਡੀਆ? ਅਖੇ ਭੱਠੇ ਵਾਲ਼ੇ ਸਰਦਾਰਾਂ ਦੀ ਕੁੜੀ ਹੈ, ਲੰਮੀ-ਝੰਮੀ, ਸੋਹਣੀ-ਸੁਨੱਖੀ। ਨਾ ਲੰਮੀ-ਝੰਮੀ ਦੀ ਛਾਮੇ ਬਹਿਣਾ ਸੀ? ਵਧ ਬਥੇਰੀ ਗਈ ਆ-ਬੌਲ਼ਦ ਜਿਹਾ। ਮਾਂ-ਰੰਡੀ ਨੇ ਵੀ ਕੁਝ ਨੀ ਸਿਖਾਇਆ।' ਉਹ ਮੇਰੀ ਮਾਂ ਨੂੰ ਨੌਲਦੀ ਰਹੀ। ਮੈਂ ਰਸੋਈ 'ਚ ਰੋਂਦੀ ਰਹੀ।

'ਓ ਹਰਨਾਮ ਕੁਰੇ ਕਾਹਨੂੰ ਖਪਦੀ ਏਂ। ਸਭ ਕੁਝ ਸਿੱਖ ਜੂ ਹੌਲ਼ੀ ਹੌਲ਼ੀ। ਜਿਗਰਾ ਰੱਖ।' ਸਹੁਰੇ ਗੇਂਦਾ ਸਿੰਘ ਨੇ ਸੱਸ ਨੂੰ ਸਮਝਾਇਆ ਸੀ। ਸਹੁਰੇ ਦੇ ਬੋਲਾਂ 'ਚੋਂ ਮੈਨੂੰ ਬਾਬੇ ਸੁੰਦਰ ਸਿੰਘ ਦੇ ਬੋਲਾਂ ਦਾ ਝਾਉਲ਼ਾ ਪਿਆ।

ਹਾਂ ਮੀ-ਲਾਰਡ ਸਿੱਖ ਲਿਆ ਸੀ ਮੈਂ ਸਭ ਕੁਝ। ਨਿਆਣੇ ਜੰਮਣੇ ਵੀ। ਹਾਂ-ਹਾਂ ਅਗਲੇ ਸਾਲ ਮੈਂ ਇਕ ਲੜਕੀ ਨੂੰ ਜਨਮ ਦਿੱਤਾ। ਸੱਸ ਦੀ ਅੱਖ ਦਾ ਟੀਰ ਹੋਰ ਵਧ ਗਿਆ। ਮੈਨੂੰ ਕੀ ਪਰਵਾਹ ਸੀ। ਮੈਂ ਇਕ ਇਕ ਕਰਕੇ ਪੰਜ ਕੁੜੀਆਂ ਜੰਮੀਆਂ। ਸੱਸ ਖਿਝਦੀ ਬਲ਼ਦੀ ਕੁੜ ਕੁੜ ਕਰਦੀ ਅਕਸਰ ਕਹਿੰਦੀ, 'ਵੇ ਸੁਮੇਰ ਏਹਨੂੰ ਤਲਾਕ ਦੇ ਕੇ ਹੋਰ ਵਿਆਹ ਕਰਾ ਲੈ। ਏਹਨੇ ਤੇਰੀਆਂ



ਫੈਕਟਰੀਆਂ ਦਾ ਵਾਰਸ ਨੀ ਪੈਦਾ ਕਰਨਾ। ਬਾਹਰ ਤੇਰੀਆਂ ਫੈਕਟਰੀਆਂ 'ਚ ਕੱਪੜੇ ਬਣਦੇ ਤੇ ਘਰੇ ਕੁੜੀਆਂ ਦੀ ਫੈਕਟਰੀ ਲੱਗ ਗਈ। ਕਿੱਥੋਂ ਆ ਗਈ ਸਾਡੇ ਕਾਲ਼ੇ ਮੂੰਹ ਵਾਲ਼ੀ।'

ਪਰ ਸੁਮੇਰ ਸਿੰਘ ਨੇ ਅਜੇ ਆਸ ਨਹੀਂ ਸੀ ਛੱਡੀ। ਹੋਗੀ ਸੀ ਉਹਦੀ ਆਸ ਵੀ ਪੂਰੀ। ਪੰਜ ਕੁੜੀਆਂ ਤੋਂ ਬਾਅਦ ਮੈਂ ਫੈਕਟਰੀਆਂ ਦਾ ਵਾਰਸ ਜੰਮ ਦਿੱਤਾ ਸੀ। ਮੈਨੂੰ ਨਾ ਕੁੜੀਆਂ ਦਾ ਦੁੱਖ ਸੀ ਨਾ ਮੁੰਡੇ ਦੀ ਖੁਸ਼ੀ। ਪਰ ਬਾਕੀ ਸਾਰੇ ਪਰਿਵਾਰ ਦੇ ਪੈਰ ਭੁੰਜੇ ਨਹੀਂ ਸੀ ਲਗਦੇ। ਮੁੰਡੇ ਦਾ ਨਾਂ ਗੁਰਤੇਜ ਸਿੰਘ ਰੱਖਿਆ। ਸਾਲ ਭਰ ਪਾਰਟੀਆਂ ਹੁੰਦੀਆਂ ਰਹੀਆਂ। ਮੇਰੀ ਘਰ 'ਚ ਕਦਰ ਵਧ ਗਈ। ਮੈਨੂੰ ਕੰਮ ਨੂੰ ਘੱਟ ਅਤੇ ਮੁੰਡੇ ਦੀ ਸੰਭਾਲ਼ ਲਈ ਜ਼ਿਆਦਾ ਕਿਹਾ ਜਾਂਦਾ। ਮੈਂ ਸੰਭਾਲ਼ਦੀ ਰਹੀ। ਪਾਲ਼ਦੀ ਰਹੀ। ਪਰ ਲੱਗਦਾ ਮੈਂ ਕਿਸੇ ਬੱਚੇ ਨੂੰ ਧੁਰ ਅੰਦਰੋਂ ਪਿਆਰ ਨਹੀਂ ਦੇ ਸਕੀ। ਮੀ ਲਾਰਡ ਇਕ ਅੰਦਰੋਂ ਮਰ ਚੁੱਕੀ ਔਰਤ ਕਿਸੇ ਨੂੰ ਸੱਚਾ ਪਿਆਰ ਦੇ ਵੀ ਨਹੀਂ ਸਕਦੀ। ਫਰਜ਼ ਹੀ ਪਾਲ਼ ਸਕਦੀ ਹੈ। ਪਿਆਰ ਅਤੇ ਫ਼ਰਜ਼ ਵਿਚ ਕੋਹਾਂ ਦਾ ਫ਼ਰਕ ਹੈ। ਮੈਂ ਸਭ ਪ੍ਰਤੀ ਫਰਜ਼ ਹੀ ਪਾਲ਼ੇ ਹਨ। ਪਿਆਰ ਨਹੀਂ ਦੇ ਸਕੀ। ਹਾਂ ਛੋਟੀ ਕੁੜੀ ਲਈ ਕਈ ਵਾਰ ਅੰਦਰੋਂ ਮਮਤਾ ਜਾਗਦੀ ਹੈ। ਚਾਰ ਵੱਡੀਆਂ ਨੂੰ ਤਾਂ ਪੇ-ਬਾਬੇ ਨੇ ਇੰਡੀਆ ਤੋਂ ਮੁੰਡੇ ਲਿਆ ਲਿਆ ਵਿਆਹ ਦਿੱਤਾ। ਪਰ ਛੋਟੀ ਅੜ ਗਈ। ਉਸਨੇ ਪੜ੍ਹਾਈ ਪੂਰੀ ਕੀਤੀ। ਜਾਬ ਲਈ। ਫਿਰ ਆਪਣਾ ਘਰ ਲਿਆ। ਫਿਰ ਆਪਣੀ ਮਰਜ਼ੀ ਨਾਲ਼ ਵਿਆਹ ਕਰਾਇਆ। ਗੁਰਤੇਜ ਵੀ ਵਿਆਹ ਕਰਾ ਕੇ ਅਲੱਗ ਹੋ ਗਿਆ।

ਮੀ-ਲਾਰਡ ਕੀ ਪੁੱਛਿਆ? ਰੇਖਾ ਦਾ ਕੀ ਬਣਿਆ? ਲਓ ਉਹ ਵੀ ਦੱਸਦੀ ਹਾਂ। ਮੀ-ਲਾਰਡ ਮੈਂ ਇਕ ਵਾਰ ਇੰਗਲੈਂਡ ਆ ਕੇ ਮੁੜ ਇੰਡੀਆ ਨਹੀਂ ਗਈ। ਵੱਢੀ ਰੂਹ ਨਹੀਂ ਕੀਤੀ। ਮਾਂ ਨੇ ਵਥੇਰਾ ਕਿਹਾ। ਮੈਂ ਨਹੀਂ ਗਈ। ਹਾਂ ਮਾਂ ਹੀ ਦੋ-ਵਾਰ ਮਿਲ਼ ਗਈ ਸੀ ਆ ਕੇ। ਪਰ ਪਿੰਡ ਦੀ ਚੰਗੀ-ਮਾੜੀ ਖ਼ਬਰ ਮੈਨੂੰ ਮਿਲਦੀ ਰਹੀ। ਰੇਖਾ ਬਾਰੇ ਮੈਂ ਆਪ ਘੋਖ ਕਰਦੀ ਰਹੀ। ਅਸਲ ਵਿਚ ਬਾਪ ਮੇਰਾ ਰੇਖਾ ਤੋਂ ਪਹਿਲਾਂ ਹੋਰ ਔਰਤਾਂ ਨਾਲ਼ ਵੀ ਸੰਬੰਧ ਬਣਾਉਂਦਾ ਰਿਹਾ। ਪਰ ਰੇਖਾ ਐਸੀ ਆਈ ਕਿ ਉਸ ਨੇ ਬਾਪੂ ਨੂੰ ਪੂਰੀ ਤਰ੍ਹਾਂ ਜਕੜ ਲਿਆ। ਵੀਰ ਕੇਹਰ ਦੀ ਮੌਤ ਮਗਰੋਂ ਬਾਬਾ ਜੀ ਨੇ ਰੇਖਾ ਨੂੰ ਵਾਪਸ ਰਾਜਸਥਾਨ ਭੇਜ ਦਿੱਤਾ। ਪਰ ਬਾਬਾ ਜੀ ਦੀ ਮੌਤ ਮਗਰੋਂ ਬਾਪੂ ਉਸਨੂੰ ਫਿਰ ਲੈ ਆਇਆ। ਬਾਪੂ ਨੇ ਉਸਦਾ ਵਿਆਹ ਇਕ ਆਪਣੇ ਵਫ਼ਾਦਾਰ ਬੁੱਢੇ ਜਹੇ ਨੌਕਰ ਰਾਮੂੰ ਨਾਲ਼ ਕਰ ਦਿੱਤਾ। ਰਾਮੂੰ ਨੂੰ ਇਕ ਭੱਠੇ 'ਤੇ ਰਹਾਇਸ਼ ਬਣਾ ਦਿੱਤੀ ਅਤੇ ਉਸ ਨੂੰ ਚੌਕੀਦਾਰ ਦੀ ਨੌਕਰੀ ਪੱਕੇ ਤੌਰ 'ਤੇ ਦੇ ਦਿੱਤੀ। ਰੇਖਾ ਨੇ ਬਾਪੂ ਦੇ ਤਿੰਨ ਮੁੰਡਿਆਂ ਨੂੰ ਜਨਮ ਦਿੱਤਾ। ਆ ਜਦੋਂ ਮਗਰੋਂ ਟੇਪ ਰਿਕਾਰਡਰ ਬਜ਼ਾਰ 'ਚ ਆਇਆ ਤਾਂ ਰੇਖਾ ਨੇ ਇਕ ਟੇਪ ਖਰੀਦ ਲਈ। ਬਾਪੂ ਜਦ ਵੀ ਉਸਨੂੰ ਮਿਲਣ ਜਾਂਦਾ ਤਾਂ ਉਹ ਬਾਪੂ ਦੀਆਂ ਪਿਆਰ ਕਲੋਲਾਂ ਰਿਕਾਰਡ ਕਰਦੀ ਰਹਿੰਦੀ। ਸ਼ਰਾਬੀ ਬਾਪੂ ਤੋਂ ਹਰ ਊਲ ਜਲੂਲ ਬਕਾ ਲੈਂਦੀ। ਫਿਰ ਇਕ ਦਿਨ ਕਹਿੰਦੀ, 'ਦੇਖੋ ਸਰਦਾਰ ਜੀ ਤੁਹਾਡੇ ਕੋਲ ਤਿੰਨ ਭੱਠੇ ਨੇ। ਇਕ-ਇਕ ਆਪਣੇ ਦੋਹਾਂ ਮੁੰਡਿਆਂ ਨੂੰ ਦੇ ਦਿਓ ਅਤੇ ਇਕ ਇਹਨਾਂ ਤਿੰਨਾਂ ਨੂੰ ਦੇ ਦਿਓ। ਇਹ ਵੀ ਤੁਹਾਡੇ ਹੀ ਹਨ।' ਦੱਸਦੇ ਨੇ ਬਾਪੂ ਥੋੜ੍ਹਾ ਆਕੜਿਆ ਸੀ। ਪਰ ਕੀਤੀ ਰਿਕਾਰਡਿੰਗ ਨਾਲ਼ ਉਸਨੇ ਬਾਪੂ ਡਰਾ ਲਿਆ ਸੀ। ਬਾਪੂ ਨੇ ਉਸ ਨੂੰ ਪਹਿਲੇ ਤਿੰਨ ਭੱਠਿਆਂ 'ਚੋਂ ਤਾਂ ਭੱਠਾ ਨਾ ਦਿੱਤਾ। ਪਰ ਦੂਰ ਮਾਲਵੇ 'ਚ ਇਕ ਭੱਠਾ ਜ਼ਰੂਰ ਖਰੀਦ ਦਿੱਤਾ। ਉਹ ਅੱਜ ਵੀ 'ਭਈਆਣੀ ਵਾਲਾ ਭੱਠਾ' ਕਰਕੇ ਜਾਣਿਆ ਜਾਂਦਾ ਹੈ।

ਸੌਰੀ ਸਰ ਇਕ ਗੱਲ ਮੈਂ ਭੁੱਲ ਗਈ। ਰੇਖਾ ਨੇ ਤਿੰਨ ਮੁੰਡਿਆਂ ਤੋਂ ਬਾਅਦ ਇਕ ਕੁੜੀ ਵੀ ਜੰਮੀ ਸੀ। ਪਰ ਬਾਪੂ ਦੇ ਕਹਿਣ 'ਤੇ ਰੇਖਾ ਨੇ ਉਸਨੂੰ ਜੰਮਦੀ ਨੂੰ ਮਾਰ ਦਿੱਤਾ। ਜਿਊਂਦੀ ਨੂੰ ਭੱਠੇ ਵਿਚ ਸਾੜ ਦਿੱਤਾ। ਕੀ ਕਿਹਾ ਸਰ, 'ਵ੍ਹਾਈ?' ਉਹ ਇਸ ਕਰਕੇ ਕਿ ਬਾਪੂ ਨਹੀਂ ਸੀ ਚਾਹੁੰਦਾ ਕਿ

ਉਸਦੇ ਖ਼ੂਨ ਤੋਂ ਪੈਦਾ ਹੋਈ ਲੜਕੀ ਵੱਡੀ ਹੋ ਕੇ ਰੇਖਾ ਵਾਂਗੂੰ ਕਿਸੇ ਦੀ ਰਖੇਲ ਬਣੇ।

ਮੀ-ਲਾਰਡ ਤੁਸੀਂ ਮੋਹਣ ਬਾਰੇ ਵੀ ਜਾਨਣਾ ਚਾਹੋਗੇ। ਉਹ ਵੀ ਵਿਚਾਰਾ ਮੇਰੇ ਵਾਂਗ ਰੁਲ ਗਿਆ। ਬੜਾ ਲਾਇਕ ਸੀ ਮੁੰਡਾ। ਗਰੀਬੀ ਅਤੇ ਕਿਸਮਤ ਨੇ ਮਾਰ ਲਿਆ। ਦਸਵੀਂ ਦਾ ਪਹਿਲਾ ਪੇਪਰ ਹੀ ਉਸਦਾ ਹੋਇਆ ਸੀ ਕਿ ਉਸਦੀ ਮਾਂ ਨੂੰ ਜ਼ਹਿਰੀਲੇ ਸੱਪ ਨੇ ਡੱਸ ਲਿਆ। ਮਿੰਟਾਂ ਸੰਕਿਟਾਂ 'ਚ ਉਸਦੀ ਮੌਤ ਹੋ ਗਈ। ਰੋਂਦੇ ਕੁਰਲਾਂਦੇ ਨੇ ਪੇਪਰ ਤਾਂ ਦਿੱਤੇ ਪਰ ਉਹ ਗੱਲ ਨਾ ਬਣੀ। ਘਰ ਵਿਚ ਕੋਈ ਤਾਈ-ਚਾਚੀ ਜਾਂ ਦਾਦੀ ਵਗੈਰਾ ਵੀ ਨਾ। ਉਸ ਤੋਂ ਛੋਟੇ ਦੋ ਭਰਾ ਅਤੇ ਸਭ ਤੋਂ ਛੋਟੀ ਤਿੰਨ-ਚਾਰ ਸਾਲ ਦੀ ਨਿੱਕੀ ਭੈਣ। ਬਾਪ ਖੇਤੀ ਦਾ ਕੰਮ ਕਰੇ ਕਿ ਨਿਆਣੇ ਸਾਂਭੇ। ਅਗਲੇ ਸਾਲ ਉਸ ਦੇ ਬਾਪ ਨੇ ਉਸ ਦਾ ਵਿਆਹ ਕਰ ਲਿਆ। ਉਸ ਤੋਂ ਦੋ ਤਿੰਨ-ਸਾਲ ਵੱਡੀ ਕੁੜੀ ਨਾਲ਼। ਰੋਟੀ ਪੱਕਦੀ ਕਰਨ ਲਈ। ਮੋਹਣ ਬਾਪ ਨਾਲ਼ ਖੇਤੀ ਦੇ ਕੰਮ ਜੁਟ ਗਿਆ। ਦੇਖੀ ਮੀ-ਲਾਰਡ ਸਾਡੀ ਹੋਣੀ। ਇਕੋ ਜਿਹੀ।

ਮੀ-ਲਾਰਡ ਤੁਸੀਂ ਚੌਦਾਂ ਅਗਸਤ ਵਾਲ਼ੀ ਘਟਨਾ ਬਾਰੇ ਪੁੱਛਿਆ, ਲਓ ਸੁਣੋ। ਚੌਦਾ ਅਗਸਤ ਚਾਰ ਕੁ ਵੱਜੇ ਸਨ ਸ਼ਾਮ ਦੇ। ਮੈਂ ਘਰ ਵਿਚ 'ਕੱਲੀ ਸੀ। 'ਕੱਲੀ ਹੀ ਹੁੰਦੀ ਹਾਂ ਅਕਸਰ। ਗਰੇਵਾਲ ਫੈਕਟਰੀ ਚਲੇ ਜਾਂਦੇ ਹਨ। ਨੂੰਹ ਪੁੱਤ ਚਾਰ ਕੁ ਸਟਰੀਟਾਂ ਪਰੇ ਰਹਿੰਦੇ ਹਨ। ਹਾਂ ਪੋਤਾ-ਪੋਤੀ ਕਦੇ-ਕਦੇ ਮਿਲਣ ਆ ਜਾਂਦੇ ਹਨ। ਉਸ ਦਿਨ ਵੀ ਸਿੰਮੀ ਆਈ ਸੀ। ਨਾਲ਼ ਉਸ ਦਾ ਦੋਸਤ ਸੀ ਸੈਮ। ਜਾਣੀ ਸੈਮ ਖਾਨ। ਸੈਮ ਖਾਨ ਪਾਕਿਸਤਾਨੀ ਪੰਜਾਬ ਤੋਂ ਹੈ। ਸਿੰਮੀ ਤੋਂ ਅਗਲੀ ਕਲਾਸ ਵਿਚ ਪੜ੍ਹਦਾ ਹੈ। ਸਿੰਮੀ ਇਲੈਵਨ ਗਰੇਡ 'ਚ ਹੈ ਅਤੇ ਸੈਮ ਟਵੈਲਵ ਗਰੇਡ 'ਚ। ਮੈਂ ਫੈਮਿਲੀ ਰੂਮ 'ਚ ਬੈਠੀ ਸੀ। ਉਹ ਮੈਨੂੰ ਮਿਲ ਕੇ ਸਾਹਮਣੇ ਲਿਵਿੰਗ ਰੂਮ 'ਚ ਬੈਠ ਗਏ। ਸਿੰਮੀ ਕਿਚਨ 'ਚੋਂ ਕੁਝ ਖਾਣ ਪੀਣ ਲਈ ਲੈ ਗਈ। ਉਹ ਖਾਂਦੇ ਪੀਂਦੇ ਆਪਸ 'ਚ ਗੱਲਾਂ ਕਰਦੇ ਗਏ। ਕਦੇ ਪੰਜਾਬੀ 'ਚ ਕਦੇ ਇੰਗਲਿਸ਼ ਵਿਚ। ਮੈਂ ਸਭ ਸਮਝਦੀ ਸੀ। ਸੈਮ ਵਾਰ ਵਾਰ ਆਖ ਰਿਹਾ ਸੀ, 'ਸਿੰਮੀ ਮੈਂ ਨਿਰਾਸ ਹਾਂ- ਬੁਰੀ ਤਰ੍ਹਾਂ ਨਿਰਾਸ ਹਾਂ। ਮੇਰੇ ਅੱਬਾ ਨੇ ਮੇਰਾ ਜਨਮ ਦਿਨ ਨਾ ਮਨਾ ਕੇ ਚੰਗਾ ਨੀ ਕੀਤਾ।'

'ਦੇਖ ਸੈਮ ਸਿਆਣਿਆਂ ਦੀਆਂ ਸਿਆਣੀਆਂ ਗੱਲਾਂ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ। ਹਫ਼ਤਾ ਪਹਿਲਾਂ ਤੁਹਾਡੇ ਬਾਬਾ ਜੀ ਦੀ ਮੌਤ ਹੋਈ ਹੈ। ਉਹ ਤੁਹਾਡੇ ਅੱਬਾ ਦੇ ਪਿਤਾ ਜੀ ਸਨ।'

'ਸਿੰਮੀ ਉਹ ਬੁੱਢੇ ਸਨ। ਮਰਨਾ ਹੀ ਸੀ। ਮਰ ਗਏ। ਨਾਲ਼ੇ ਮੌਤ ਪਾਕਿਸਤਾਨ 'ਚ ਹੋਈ ਹੈ। ਇੱਥੇ ਥੋੜ੍ਹੀ ਹੋਈ ਹੈ। ਮੈਂ ਮਹੀਨੇ ਤੋਂ ਆਪਣੇ ਦੋਸਤਾਂ ਨੂੰ ਪਾਰਟੀ ਦੇ ਸੱਦੇ ਦੇ ਰਿਹਾ ਸੀ।'

'ਸੈਮ ਤੇਰੇ ਅੱਬਾ ਨੇ ਠੀਕ ਫੈਸਲਾ ਲਿਆ ਹੈ।'

'ਸਿੰਮੀ ਮੇਰੇ ਇਹ ਗੱਲਾਂ ਸਮਝ ਨੀ ਪੈਂਦੀਆਂ।'

'ਸੈਮ ਤੂੰ ਮੇਰੇ ਵੱਲ ਦੇਖ ਕਿਵੇਂ ਰਿਹਾ ਏਂ? ਲਗਦਾ ਤੂੰ ਕੋਈ ਨਸ਼ਾ ਕੀਤਾ ਹੋਇਆ ਹੈ। ਜੇ ਮੇਰਾ ਗੈੱਸ ਠੀਕ ਹੈ ਤਾਂ ਇਹ ਗੱਲ ਤੇਰੇ ਲਈ ਮਾੜੀ ਹੈ।'

'ਸਿੰਮੀ ਤੂੰ ਮੈਨੂੰ ਸੋਹਣੀ ਬਹੁਤ ਲਗਦੀ ਏਂ। ਆਈ ਲਵ ਯੂ।'

'ਦੇਖ ਸੈਮ ਮੈਂ ਤੈਨੂੰ ਕਿੰਨੀ ਵਾਰ ਦੱਸ ਚੁੱਕੀ ਹਾਂ ਕਿ ਮੈਂ ਆਪਣੇ ਆਪ ਨਾਲ ਵਾਅਦਾ ਕੀਤਾ ਹੋਇਆ ਹੈ ਕਿ ਮੈਂ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਹੋਣ ਤਕ ਲਵ, ਸ਼ਰਾਬ ਅਤੇ ਸੈਕਸ ਬਾਰੇ ਸੋਚ ਵੀ ਨਹੀਂ ਸਕਦੀ। ਆਪਾ ਸਿਰਫ਼ ਇਕ ਦੂਜੇ ਦੇ ਜਾਣੂ ਹਾਂ। ਦੋਸਤ ਹਾਂ। ਲਵਰ ਨਹੀਂ।'

'ਨਹੀਂ ਸਿੰਮੀ ਮੈਂ ਉਦੋਂ ਤਕ ਸਬਰ ਨਹੀਂ ਕਰ ਸਕਦਾ।'

'ਤਾਂ ਫਿਰ ਆਪਾਂ ਫਰਿੰਡਸ਼ਿਪ ਵੀ ਖ਼ਤਮ ਕਰ ਦਿੰਦੇ ਹਾਂ।'



'ਨਹੀਂ ਸਿੰਮੀ ਮੇਰੇ 'ਤੇ ਇਹ ਜ਼ੁਲਮ ਨਾ ਕਰ। ਅੱਜ ਮੇਰਾ ਜਨਮ ਦਿਨ ਹੈ। ਮੇਰੇ ਪਾਕਿਸਤਾਨ ਦਾ ਜਨਮ ਦਿਨ ਹੈ। ਅੱਗੇ ਸਾਡੇ ਘਰ ਵਿਚ ਇਹ ਦਿਨ ਬਹੁਤ ਧੂਮ ਧਾਮ ਨਾਲ਼ ਮਨਾਇਆ ਜਾਂਦਾ ਸੀ। ਮੈਨੂੰ ਢੇਰ ਸਾਰੇ ਤੋਹਫ਼ੇ ਮਿਲ਼ਦੇ ਹੁੰਦੇ ਸੀ। ਅੱਜ ਤੂੰ ਮੈਨੂੰ ਇਕ ਨਿੱਕਾ ਜਿਹਾ ਤੋਹਫ਼ਾ ਦੇ ਦੇ। ਮੈਂ ਤੈਨੂੰ ਬੁੱਲ੍ਹਾਂ ਤੋਂ ਡੀਪਲੀ ਕਿੱਸ ਕਰਨਾ ਚਾਹੁੰਦਾ ਹਾਂ।'

'ਸੈਮ ਤੋਹਫ਼ੇ ਮੰਗ ਕੇ ਨਹੀਂ ਲਏ ਜਾਂਦੇ।'

'ਪਲੀਜ਼ ਸਿੰਮੀ।'

'ਨੋ ਸੈਮ। ਆਪਣੇ ਆਪ 'ਤੇ ਕਾਬੂ ਰੱਖੋ।'

'ਸਿੰਮੀ ਮੇਰਾ ਮਨ ਬੇਕਾਬੂ ਹੋਈ ਜਾ ਰਿਹਾ ਹੈ। ਚਲ ਉਪਰ ਬੈੱਡ ਰੂਮ 'ਚ ਚਲੀਏ।'

ਸਿੰਮੀ ਉੱਠ ਕੇ ਖੜ੍ਹੀ ਹੋ ਗਈ ਤੇ ਬੋਲੀ, 'ਚੱਲ ਉੱਠ ਛੇਤੀ ਕਰ ਮੈਂ ....।'

ਸੈਮ ਹੈਰਾਨੀ ਨਾਲ ਉਸ ਵੱਲ ਦੇਖ ਰਿਹਾ ਸੀ।

ਚੱਲ ਉੱਠ ਵੀ, ਮੈਂ ਤੈਨੂੰ ਦਰਵਾਜ਼ੇ ਤਕ ਛੱਡ ਆਵਾਂ। ਆਪਣੇ ਘਰ ਜਾਹ।'

ਮੀ-ਲਾਰਡ ਸੈਮ ਉਠ ਖੜ੍ਹਾ ਹੋਇਆ। ਉਹ ਬਾਹਰ ਤੁਰਨ ਦੀ ਬਜਾਏ ਸਿੰਮੀ 'ਤੇ ਝਪਟ ਪਿਆ। ਉਸ ਨੂੰ ਬਾਹਾਂ ਵਿਚ ਜਕੜ ਲਿਆ। ਸੋਫ਼ੇ 'ਤੇ ਢਾਅ ਲਿਆ। ਨਾ ਨਾ ਕਰਦੀ ਸਿੰਮੀ ਦੇ ਬੁੱਲ੍ਹਾਂ 'ਤੇ ਬੁੱਲ੍ਹ ਗੱਡ ਦਿੱਤੇ।

ਮੀ-ਲਾਰਡ ਦੇਖੋ ਕੀ ਇਤਫ਼ਾਕ ਹੈ। ਸੈਮ ਦਾ ਜਨਮ ਦਿਨ। ਉਸਦੇ ਪਾਕਿਸਤਾਨ ਦਾ ਜਨਮ ਦਿਨ। ਮਸਲੀ ਸਿੰਮੀ ਜਾ ਰਹੀ ਸੀ। ਜਾਣੀ ਇਕ ਔਰਤ। ਮੇਰਾ ਜਨਮ ਦਿਨ ਸੀ ਅਤੇ ਮੇਰੇ ਅਜ਼ਾਦ ਭਾਰਤ ਦਾ ਤਾਂ ਵੀ ਇਕ ਔਰਤ ਮਸਲੀ ਗਈ ਸੀ। ਜਾਣੀ ਮੈਂ। ਮੈਨੂੰ ਮਸਲਣ ਲਈ ਮੇਰੇ ਬਾਪ ਨੇ ਮੇਰੀ ਇੱਛਾ ਦੇ ਵਿਰੁੱਧ ਸੁਮੇਰ ਅੱਗੇ ਸੁੱਟ ਦਿੱਤਾ ਸੀ ਅਤੇ ਸੈਮ ਸਿੰਮੀ ਦੀ ਇੱਛਾ ਵਿਰੁੱਧ ਜਾ ਰਿਹਾ ਸੀ। ਕੁੜੀ ਵੱਲੋਂ ਵਿਰੋਧ ਜਾਰੀ ਸੀ। ਉਹ ਛੁੱਟਣ ਦਾ ਯਤਨ ਕਰ ਰਹੀ ਸੀ। ਪਰ ਸਫ਼ਲ ਨਹੀਂ ਸੀ ਹੋ ਰਹੀ। ਪਾਗਲ ਹੋਇਆ ਸੈਮ ਅੱਗੇ ਹੀ ਅੱਗੇ ਵਧ ਰਿਹਾ ਸੀ। ਸਿੰਮੀ ਲਗਾਤਾਰ ਵਿਰੋਧ ਕਰਦੀ ਚੀਕ ਰਹੀ ਸੀ। ਮੇਰਾ ਖ਼ੂਨ ਖੌਲਿਆ। ਮੈਂ ਆਪਣੀ ਸਟੀਲ ਦੀ ਖੂੰਡੀ ਚੁੱਕੀ। ਲੰਙ ਮਾਰਦੀ ਲਿਵਿੰਗ ਰੂਮ ਵੱਲ ਵਧੀ। ਜਾਂਦੀ ਨੇ ਦੋਹਾਂ ਹੱਥਾਂ ਨਾਲ ਖੂੰਡੀ ਸਾਰਾ ਜ਼ੋਰ ਲਾ ਕੇ ਸੈਮ ਦੀ ਗਿੱਚੀ ਵਿਚ ਟਿਕਾ ਦਿੱਤੀ। ਚੀਕਦਾ ਹੋਇਆ ਸੈਮ ਫਰਸ਼ 'ਤੇ ਢਹਿ ਪਿਆ। ਉਸਦੀ ਗਿੱਚੀ 'ਚੋਂ ਖ਼ੂਨ ਦੀ ਤਤੀਰੀ ਨਿਕਲ਼ ਤੁਰੀ। ਉਹ ਬੇਹੋਸ਼ ਹੋ ਗਿਆ। ਘਬਰਾਈ ਹੋਈ ਸਿੰਮੀ ਨੇ ਪੁਲਿਸ ਨੂੰ ਫ਼ੂਨ ਕਰ ਦਿੱਤਾ। ਪੁਲੀਸ ਆਈ। ਮੈਂ ਸਭ ਕੁਝ ਸੱਚੋ ਸੱਚ ਦੱਸ ਦਿੱਤਾ। ਉਹ ਸੈਮ ਨੂੰ ਹਸਪਤਾਲ ਲੈ ਗਏ ਅਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ।

ਸਰ ਕੀ ਪੁੱਛਿਆ? ਮੈਂ ਉਸ ਦਿਨ ਅਦਾਲਤ ਵਿਚ ਰੀ-ਓਪਨ, ਰੀ-ਓਪਨ ਮਾਈ ਕੇਸ ਕਿਉਂ ਕਹਿ ਰਹੀ ਸੀ। ਓਹ ਵੀ ਸੁਣੋ ਮੀ-ਲਾਰਡ। ਮੈਂ ਅੱਠਵੀਂ ਦੇ ਪੇਪਰ ਦੇਣ ਮਗਰੋਂ ਕੁਝ ਦਿਨਾਂ ਲਈ ਆਪਣੀ ਮਾਸੀ ਕੋਲ ਲੁਧਿਆਣੇ ਚਲੇ ਗਈ। ਉੱਥੇ ਮੈਂ ਪਰਿਵਾਰ ਨਾਲ ਇਕ ਫ਼ਿਲਮ ਦੇਖੀ। ਨਾਂ ਹੁਣ ਯਾਦ ਨਹੀਂ। ਉਸ ਦੀ ਨਾਇਕਾ ਦਾ ਨਾਂ, ਚਿਹਰਾ ਅਤੇ ਐਕਸ਼ਨ ਹੁਣ ਤਕ ਯਾਦ ਹਨ। ਮਧੂ ਨਾਂ ਦੀ ਕੁੜੀ ਪਰੈੱਪ ਵਿਚ ਪੜ੍ਹ ਰਹੀ ਹੁੰਦੀ ਹੈ। ਉਹ ਸਾਧਾਰਨ ਪਰਿਵਾਰ ਵਿਚੋਂ ਹੁੰਦੀ ਹੈ। ਪੜ੍ਹਨ ਵਿਚ ਹੁਸ਼ਿਆਰ। ਇਕ ਦਿਨ ਉਸਦਾ ਬਲਾਤਕਾਰ ਹੋ ਜਾਂਦਾ ਹੈ। ਬਲਾਤਕਾਰੀ ਬਹੁਤ ਅਮੀਰ ਅਤੇ ਲੱਠਮਾਰ ਹੁੰਦਾ ਹੈ। ਉਸ ਦੀ ਪਹੁੰਚ ਵੱਡੇ ਵੱਡੇ ਰਾਜਸੀ ਲੀਡਰਾਂ ਤਕ ਹੁੰਦੀ ਹੈ। ਸਵੈ-ਸੇਵੀ ਜਥੇਬੰਦੀਆਂ ਦੀ ਮਦਦ ਨਾਲ ਕੇਸ ਅਦਾਲਤ ਵਿਚ ਪਹੁੰਚ ਜਾਂਦਾ ਹੈ। ਕੇਸ ਚੱਲ ਪੈਂਦਾ ਹੈ। ਪੀੜਤਾ ਦੀ ਗਵਾਹੀ ਵਾਲ਼ਾ ਦਿਨ ਆ ਜਾਂਦਾ ਹੈ। ਸਮੁੱਚੀ ਅਦਾਲਤ ਬਲਾਤਕਾਰੀ ਦੇ ਪ੍ਰਭਾਵ ਥੱਲੇ

ਜਾਪਦੀ ਹੈ। ਇੱਥੋਂ ਤਕ ਕਿ ਪੀੜਤਾ ਦਾ ਵਕੀਲ ਵੀ ਉਸਦੇ ਪ੍ਰਭਾਵ ਤੋਂ ਮੁਕਤ ਨਹੀਂ ਜਾਪਦਾ। ਦੋਸ਼ੀ ਦਾ ਵਕੀਲ ਪੀੜਤ ਲੜਕੀ ਨੂੰ 'ਬਲਾਤਕਾਰ ਵੇਲੇ ਲੱਤ ਕਿੱਥੇ ਸੀ, ਬਾਂਹ ਕਿੱਥੇ ਸੀ' ਆਦਿ ਬਹੁਤ ਊਟ ਪਟਾਂਗ ਸਵਾਲ ਪੁੱਛਦਾ ਹੈ। ਪੀੜਤਾ ਦਾ ਵਕੀਲ ਵੀ ਉਸਨੂੰ ਰੋਕ ਨਹੀਂ ਪਾਉਂਦਾ। ਉਸ ਦੇ ਗੰਦੇ ਸਵਾਲਾਂ ਨਾਲ ਜਲੀਲ ਹੋਈ ਲੜਕੀ ਰੋਂਦੀ ਹੋਈ ਅਦਾਲਤ ਵਿਚੋਂ ਦੌੜ ਜਾਂਦੀ ਹੈ। ਦੋਸ਼ੀ ਬਾ-ਇੱਜ਼ਤ ਬਰੀ ਹੋ ਜਾਂਦਾ ਹੈ। ਮਧੂ ਸ਼ਹਿਰ ਛੱਡ ਕੇ ਕਿਸੇ ਹੋਰ ਸ਼ਹਿਰ ਚਲੀ ਜਾਂਦੀ ਹੈ। ਕੁਝ ਸਾਲਾਂ ਬਾਅਦ ਉਹੀ ਮਧੂ ਪੜ੍ਹ ਲਿਖ ਕੇ ਵਕੀਲ ਬਣ ਕੇ ਉਸੇ ਅਦਾਲਤ ਵਿਚ ਆ ਕੇ ਵਕਾਲਤ ਕਰਨ ਲੱਗ ਪੈਂਦੀ ਹੈ। ਅਦਾਲਤ ਉਹੀ ਪਰ ਜੱਜ ਦੀ ਕੁਰਸੀ 'ਤੇ ਜੱਜ ਹੋਰ ਹੁੰਦਾ ਹੈ। ਅਦਾਲਤ ਵਿਚ ਇਕ ਬਲਾਤਕਾਰ ਦਾ ਕੇਸ ਆਉਂਦਾ ਹੈ। ਮਧੂ ਪੀੜਤਾ ਦੀ ਵਕੀਲ ਹੁੰਦੀ ਹੈ। ਦੋਸ਼ੀ ਇੱਥੇ ਵੀ ਬਹੁਤ ਪ੍ਰਭਾਵ ਵਾਲ਼ਾ ਬੰਦਾ ਹੁੰਦਾ ਹੈ। ਪਰ ਮਧੂ ਏਨੇ ਜ਼ੋਰਦਾਰ ਢੰਗ ਨਾਲ਼ ਕੇਸ ਲੜਦੀ ਹੈ ਕਿ ਦੋਸ਼ੀ ਨੂੰ ਦਸ ਸਾਲ ਦੀ ਸਖ਼ਤ ਸਜ਼ਾ ਹੋ ਜਾਂਦੀ ਹੈ। ਮਧੂ ਦੇ ਮੂੰਹੋਂ ਵਾਰ ਵਾਰ ਮੀ-ਲਾਰਡ ਕਹਿਣਾ ਅਤੇ ਉਸਦੇ ਐਕਸ਼ਨ ਮੈਨੂੰ ਬਹੁਤ ਪਸੰਦ ਆਏ। ਮੈਂ ਵੀ ਮਨ ਨਾਲ਼ ਫ਼ੈਸਲਾ ਕੀਤਾ ਕਿ ਵੱਡੀ ਹੋ ਕੇ ਵਕੀਲ ਬਣਾਂਗੀ। ਪਰ ਬਾਬਾ ਜੀ ਇਸ ਤੋਂ ਵੀ ਅੱਗੇ ਮੈਨੂੰ ਜੱਜ ਬਣਾਉਣਾ ਚਾਹੁੰਦੇ ਸਨ।

ਹਾਂ ਸਰ ਰੀ-ਓਪਨ ਵਾਲ਼ੀ ਗੱਲ ਵੀ ਦੱਸਦੀ ਹਾਂ। ਜਦੋਂ ਸਰ ਮਧੂ ਨੇ ਦੋਸ਼ੀ ਨੂੰ ਸਜ਼ਾ ਦਵਾ ਦਿੱਤੀ ਤਾਂ ਦੋਸ਼ੀ ਨੂੰ ਪੁਲਿਸ ਵਾਲ਼ੇ ਲੈ ਗਏ। ਮਧੂ ਫੁਟ-ਫੁਟ ਕੇ ਰੋਣ ਲੱਗ ਪਈ। ਜੱਜ ਸਾਹਿਬ ਨੇ ਪੁੱਛਿਆ ਕੀ ਉਹ ਫੈਸਲੇ ਤੋਂ ਸੰਤੁਸ਼ਟ ਨਹੀਂ? ਮਧੂ ਬੋਲੀ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।

'ਫਿਰ ਰੋਂਦੀ ਕਿਉਂ ਹੈਂ?' ਜੱਜ ਸਾਹਿਬ ਨੇ ਪੁੱਛਿਆ ਸੀ।

'ਮੀ-ਲਾਰਡ ਅੱਠ ਸਾਲ ਪਹਿਲਾਂ ਮੇਰਾ ਵੀ ਬਲਾਤਕਾਰ ਹੋਇਆ ਸੀ। ਮੇਰਾ ਕੇਸ ਇਸੇ ਅਦਾਲਤ ਵਿਚ ਚੱਲਿਆ ਸੀ। ਦੋਸ਼ੀ ਗੁਨਾਹਗਾਰ ਹੋਣ ਦੇ ਬਾਵਜੂਦ ਬਰੀ ਹੋ ਗਿਆ ਸੀ। ਮੈਨੂੰ ਇਨਸਾਫ਼ ਨਹੀਂ ਸੀ ਮਿਲ਼ਿਆ। ਮੇਰੀ ਕੇਸ ਫਾਈਲ ਅੱਜ ਵੀ ਇਸ ਅਦਾਲਤ ਦੇ ਰਿਕਾਰਡ ਰੂਮ ਵਿਚ ਪਈ ਹੈ। ਮੈਂ ਆਪਣਾ ਕੇਸ ਫਿਰ ਤੋਂ ਲੜਨਾ ਚਾਹੁੰਦੀ ਹਾਂ। ਪਲੀਜ਼ ਰੀ ਓਪਨ ਮਾਈ ਕੇਸ।'

'ਮੀ ਲਾਰਡ ਮਧੂ ਬਲਾਤਕਾਰ ਤੋਂ ਅੱਠ ਸਾਲ ਬਾਅਦ ਆਪਣਾ ਕੇਸ ਰੀ ਓਪਨ ਕਰਵਾਉਣ ਦੀ ਮੰਗ ਕਰਦੀ ਹੈ। ਮੈਂ ਪੰਜਾਹ ਸਾਲ ਬਾਅਦ ਮੰਗ ਕਰਦੀ ਹਾਂ। ਮੇਰਾ ਵੀ ਬਲਾਤਕਾਰ ਹੋਇਆ ਸੀ। ਮੇਰੇ ਜਨਮ ਦਿਨ ਵਾਲ਼ੇ ਦਿਨ। ਭਾਰਤ ਦੀ ਆਜ਼ਾਦੀ ਵਾਲ਼ੇ ਦਿਨ। ਸੁਮੇਰ ਨੇ ਕੀਤਾ ਸੀ। ਮੇਰਾ ਮਰ ਚੁੱਕਾ ਬਾਪ ਵੀ ਸਹਿ ਦੋਸ਼ੀ ਹੈ। ਸਹਿ ਦੋਸ਼ੀ ਹੀ ਨਹੀਂ। ਅਸਲ ਦੋਸ਼ੀ ਸੀ ਮੇਰਾ ਬਾਪ। ਉਸਨੇ ਹੀ ਵਿਆਹ-ਰੱਸੀ ਨਾਲ਼ ਬੰਨ੍ਹਕੇ ਮੈਨੂੰ ਸਮੇਰ ਅੱਗੇ ਸੁੱਟਿਆ ਸੀ। ਪਲੀਜ਼ ਰੀ-ਓਪਨ ਮਾਈ ਕੇਸ।'

'ਮੀ-ਲਾਰਡ ਕੀ ਕਿਹਾ? ਆਪ ਦਾ ਕੇਸ ਤਾਂ ਕਿਸੇ ਅਦਾਲਤ ਵਿਚ ਦਾਖਲ ਹੀ ਨਹੀਂ ਹੋਇਆ। ਫਿਰ ਰੀ-ਓਪਨ ਕਿਸ ਤਰ੍ਹਾਂ ਕਰੀਏ।'

'ਓ ਮਾਈ ਗੌਡ! ਮੈਂ ਤਾਂ ਭੁੱਲ ਹੀ ਗਈ। ਮੇਰਾ ਕੇਸ ਤਾਂ ਦਾਖਲ ਹੀ ਨਹੀਂ ਹੋਇਆ। ਹਾਂ ਮੀ-ਲਾਰਡ ਮੇਰੇ ਵਰਗੇ ਲੱਖਾਂ ਕੇਸ ਅਦਾਲਤਾਂ ਦੇ ਬੂਹਿਆਂ ਤੋਂ ਬਾਹਰ ਹੀ ਰਹਿ ਜਾਂਦੇ ਹਨ। ਤੁਸੀ ਕਿਰਪਾ ਕਰੋ ਮੇਰਾ ਕੇਸ ਦਾਖਲ ਕਰੋ। ਪਲੀਜ਼ ਦਾਖਲ ਕਰੋ। ਦੋਸ਼ੀਆਂ ਨੂੰ ਸਜ਼ਾ ਦਿਓ। ਦੋਸ਼ੀਆਂ ਨੂੰ ...।'

ਦਾਖਲ ਕਰੋ- ਦੋਸ਼ੀਆਂ ਨੂੰ ਸਜ਼ਾ ਦਿਓ- ਵਾਰ ਵਾਰ ਅਤੇ ਉੱਚੀ ਉੱਚੀ ਆਖਦੀ ਸਵਤੰਤਰ ਕੌਰ ਉੱਠ ਬੈਠੀ ਹੈ। ਡਾਕਟਰ ਅਤੇ ਨਰਸ ਭੱਜੇ ਆਏ ਨੇ। ਉਹਨੀਂ ਫੜਕੇ ਬੈੱਡ 'ਤੇ ਲੰਮੀ ਪਾਇਆ ਹੈ। ਨੀਂਦ ਦਾ ਟੀਕਾ ਲਾਇਆ ਹੈ। ਉਹ ਫਿਰ ਸ਼ਾਂਤ ਹੋ ਗਈ ਹੈ। 000

**(ਪਿੰਡ ਰਹਿਪਾ, ਡਾ. ਹਕੀਮਪੁਰ ਜ਼ਿਲ੍ਹਾ ਨਵਾਂਸ਼ਹਿਰ- 144 507)**



# ਬੰਦ ਦਰਵਾਜ਼ਾ : ਕਹਾਣੀ : ਚਰਨਜੀਤ ਸਿੰਘ ਪੰਨੂੰ

'ਡੂ ਨਾਟ ਡਿਸਟਰਬ।' ਵੇਨੇਸ਼ੀਅਮ ਹੋਟਲ ਦੇ ਸੂਇਟ ਨੰਬਰ 336 ਦੇ ਬਾਹਰ ਲਟਕਦੀ ਤਖ਼ਤੀ ਵੇਖ ਕੇ ਮੇਰਾ ਮਨ ਬੇਚੈਨ ਹੋ ਗਿਆ।

'ਵਿਘਨ ਨਾ ਪਾਓ! ਕੀ ਰੈਣੀਆਂ ਤੋਲ ਰਹੇ ਨੇ ਇਹ ਅੰਦਰ ਦਰਵਾਜ਼ਾ ਬੰਦ ਕਰ ਕੇ?' ਬਿਜਲੀ ਝਟਕੇ ਵਾਂਗ ਛਟਪਟਾ ਕੇ ਮੈਂ ਪਿੱਛੇ ਮੁੜ ਆਪਣੇ 324 ਨੰਬਰ ਕਮਰੇ ਵਿਚ ਆ ਕੇ ਢਹਿ ਪਿਆ। ਸਿੱਧੂ ਸਾਹਿਬ ਨੂੰ ਮੈਂ ਗਰਮੀ ਕਾਰਨ ਸਾਕਰ ਹਾਲ ਦੇ ਬਾਹਰ ਛੱਡ ਕੇ ਮੁੜ ਆਇਆ ਸੀ। ਬੱਚਿਆਂ ਦਾ ਮੈਚ ਦੋ ਘੰਟੇ ਲੇਟ ਸੀ ਕਿਉਂਕਿ ਦੂਸਰੀ ਮੁਕਾਬਲੇ ਵਾਲੀ ਟੀਮ ਜਹਾਜ਼ ਲੇਟ ਹੋਣ ਕਰ ਕੇ ਨਿਸ਼ਚਤ ਸਮੇਂ ਪਹੁੰਚ ਨਹੀਂ ਸਕੀ। ਸਿੱਧੂ ਸਾਹਿਬ ਲਾਸ-ਏਂਜਲਸ ਤੋਂ ਮੇਰੇ ਦੋਸਤ ਹਨ। ਉਨ੍ਹਾਂ ਨਾਲ ਉਨ੍ਹਾਂ ਦੇ ਪੁੱਤ ਪੋਤੇ ਨੂੰਹ ਅਤੇ ਮੇਰੇ ਨਾਲ ਮੇਰੇ ਪੁੱਤ ਪੋਤਰੇ ਨੂੰਹ ਇਸ ਯਾਤਰਾ ਵਿਚ ਸ਼ਾਮਲ ਸਨ। ਵਾਢੀਆਂ ਦੇ ਦਿਨਾਂ ਵਾਂਗ ਜਾਨ ਹੂਲਦੀ ਗਰਮੀ ਤੋਂ ਤੋਬਾ ਕਰ ਕੇ ਮੈਂ ਆਪਣੇ ਅੰਦਰ ਆ ਪਿਆ। ਏ ਸੀ ਨਾਲ ਠੰਢਾ ਹੋਇਆ ਕਮਰਾ ਮੈਨੂੰ ਜੀ ਆਇਆਂ ਕਹਿ ਰਿਹਾ ਸੀ, ਮੇਰੀ ਜਾਨ ਵਿਚ ਜਾਨ ਆਈ।

ਹੁਣ ਜਦ ਮੈਂ ਦੋ ਘੰਟੇ ਆਰਾਮ ਫਰਮਾ ਕੇ ਬਾਹਰ ਨਿਕਲਿਆ ਤਾਂ ਸ਼ਾਇਦ ਉਨ੍ਹਾਂ ਦੇ ਆਰਾਮ ਦਾ ਵੇਲਾ ਹੋ ਗਿਆ! ਮੈਂ ਨਿਰਾਸ ਜਿਹਾ ਹੋ ਕੇ ਬਾਹਰ ਨੂੰ ਨਿਕਲਨ ਦਾ ਮਨ ਬਣਾਇਆ। ਮਖ਼ਮਲੀ ਗਲੀਚਿਆਂ ਦੀ ਰੰਗਸ਼ਾਲਾ ਵਿਚੋਂ ਨਿਕਲ ਕੇ ਮੈਂ ਥੱਲੇ ਕੈਸੀਨੋ ਵਿਚ ਆ ਗਿਆ। ਤਰ੍ਹਾਂ ਤਰ੍ਹਾਂ ਦੇ ਸੰਗੀਤ ਦਿੰਦੀਆਂ ਜੂਆ ਮਸ਼ੀਨਾਂ ਨੇ ਮੈਨੂੰ ਕੀਲ ਕੇ ਆਪਣੇ ਵੱਲ ਖਿੱਚ ਲਿਆ। ਲਾਸ-ਵੇਗੱਸ ਆਉਣ ਵਾਲੇ ਬਹੁਤੇ ਯਾਤਰੀਆਂ ਦੀ ਮਨਸ਼ਾ ਜੂਆ ਖੇਡਣ ਦੀ ਜ਼ਰੂਰ ਹੁੰਦੀ ਹੈ ਤੇ ਇਸ ਤੋਂ ਬਿਨਾਂ ਉਨ੍ਹਾਂ ਦੀ ਫੇਰੀ ਸਫਲ ਨਹੀਂ ਮੰਨੀ ਜਾਂਦੀ। ਦਸਾਂ ਡਾਲਰਾਂ ਦਾ ਜੂਆ ਮਨ ਵਿਚ ਧਾਰ ਕੇ ਮੈਂ ਇਕ ਕੁਰਸੀ 'ਤੇ ਬੈਠ ਗਿਆ ਕਿ ਏਨੇ ਕੁ ਜੋਖ਼ਮ ਨਾਲ ਕਿਸਮਤ ਅਜ਼ਮਾਈ ਕੀਤੀ ਜਾਵੇ, ਇਸ ਤੋਂ ਜ਼ਿਆਦਾ ਨਹੀਂ ਲਗਾਉਣੇ। ਭਾਗਭਰੀ ਮਸ਼ੀਨ ਨੇ ਪਹਿਲੀ ਸੱਟੇ ਹੀ ਇਕ ਡਾਲਰ ਦਾ ਸੌ ਬਣਾ ਕੇ ਮੇਰਾ ਹੌਸਲਾ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਫਿਰ ਦਸ ਲਗਾਉਣ 'ਤੇ ਚਕਰੀ ਝਕਾਨੀ ਮਾਰ ਗਈ। ਤੀਸਰੇ ਦਾਅ 'ਤੇ ਫਿਰਕੀ ਮੇਰੇ ਨੰਬਰ 'ਤੇ ਆ ਅਟਕੀ। ਮਸ਼ੀਨ ਨੇ ਦੋ ਸੌ ਪੰਜਾਹ ਡਾਲਰ ਮੇਰੇ ਖਾਤੇ ਹੋਰ ਜੋੜ ਦਿੱਤੇ। ਸੋਚਿਆ ਇਹ ਲੈ ਕੇ ਟਿਭਦਾ ਬਣਾਂ ਪਰ ਚਾਲੀ ਦਾ ਇਕ ਹੋਰ ਦਾਅ ਪਤਾ ਨਹੀਂ ਕਿਵੇਂ ਮੇਰੇ ਕੋਲੋਂ ਲੱਗ ਗਿਆ। ਫਿਰਕੀ ਜ਼ੀਰੋ 'ਤੇ ਆ ਕੇ ਇਹ ਚਾਲ ਫੁੱਸ ਕਰ ਗਈ। ਮਸ਼ੀਨ ਨੇ ਸੰਕੇਤ ਦਿੱਤਾ, 'ਸੌਰੀ! ਟਰਾਈ ਅਗੇਨ'। ਮੈਂ ਮਸ਼ੀਨ ਦਾ ਕਹਿਣਾ ਨਹੀਂ ਮੰਨਿਆ। ਫਟਾਫਟ ਤਿੰਨ ਸੌ ਦੀਆਂ ਟਿਕਟਾਂ ਕੱਢੀਆਂ ਤੇ ਕੈਸ਼ ਕਰਾ ਕੇ ਨਕਦੀ ਬਟੂਏ ਅੰਦਰ ਤੁੰਨ ਲਈ। 'ਠੀਕ ਹੀ ਹੋਇਆ, ਉਨ੍ਹਾਂ ਦੇ ਬੰਦ ਦਰਵਾਜ਼ੇ ਕਾਰਨ ਹੀ ਮੈਨੂੰ ਇਹ ਤਿੰਨ ਸੌ ਡਾਲਰ ਨਸੀਬ ਹੋ ਗਏ, ਨਹੀਂ ਤੇ ਉਨ੍ਹਾਂ ਸੱਗਾਰਿੱਤਾਂ ਦੇ ਸਾਥ ਵਿਚ ਇਹ ਹਿੰਮਤ ਮੇਰੀ ਸ਼ਰਮ ਨੇ ਪੀ ਜਾਣੀ ਸੀ।' ਮੈਂ ਅੰਦਰੋਂ ਖ਼ੁਸ਼ ਸਾਂ।

ਹੋਟਲ ਦੇ ਅੰਦਰ ਚੱਕਰ ਲਗਾਉਣ ਦੀ ਜੁਗਤ ਬਣਾਈ। ਵੱਡੀਆਂ ਵੱਡੀਆਂ ਅੱਖਾਂ-ਚੁੰਧਾਊ ਬੱਤੀਆਂ, ਸਾਊਂਡ ਸਿਸਟਮ, ਸਜਾਵਟ ਭਰਪੂਰ ਚੌਗਿਰਦਾ, ਖ਼ੁਸ਼ਬੂਆਂ ਨਾਲ ਓਤ-ਪੋਤ ਵੱਡੇ ਸਾਰੇ ਭਵਨ, ਇਮਾਰਤਾਂ, ਕਮਰੇ, ਹਾਲ, ਬਾਗ਼ ਬਗੀਚੇ ਭਾਵੇਂ ਨਕਲੀ ਹੀ ਸਹੀ, ਸੜਕਾਂ, ਝੀਲਾਂ, ਖੇਡ ਮੈਦਾਨ, ਕਾਨਫ਼ਰੰਸ ਹਾਲ, ਪ੍ਰਯੋਗਸ਼ਾਲਾਵਾਂ, ਸਟੇਡੀਅਮ, ਕੈਸੀਨੋ ਅਤੇ ਕਈ ਕਿਸਮਾਂ ਦੀਆਂ ਹਜ਼ਾਰਾਂ ਅਦਭੁਤ ਮਸ਼ੀਨਾਂ, ਸਭ ਇਕ ਵਲਗਣ ਵਿਚ, ਇਕ ਦਰਵਾਜ਼ੇ ਅੰਦਰ ਕਿਸੇ ਸਾਧਾਰਨ ਵਿਅਕਤੀ ਵਾਸਤੇ ਸੁਰਗਾਪੁਰੀ ਤੋਂ ਘੱਟ ਨਹੀਂ ਸੀ। ਇਕ ਦਿਨ ਵਿਚ ਤੁਸੀਂ ਸਾਰਾ ਕੁਝ ਰੀਝ ਨਾਲ ਦੇਖ ਮਾਣ ਨਹੀਂ ਸਕਦੇ। ਇਸ ਵਾਸਤੇ ਖੁੱਲ੍ਹਾ ਸਮਾਂ ਤੇ ਜੇਬ ਭਾਰੀ ਹੋਣੀ ਚਾਹੀਦੀ ਹੈ। ਇੱਥੋਂ

ਬਹੁਤੇ ਬਦਕਿਸਮਤ ਸੈਲਾਨੀ ਆਪਣੇ ਕਰੈਡਿਟ ਕਾਰਡ ਵੀ ਖ਼ਾਲੀ, ਓਵਰ-ਡਰਾਫਟ ਕਰ ਕੇ ਮੁੜਦੇ ਹਨ। ਕਈ ਖ਼ੁਸ਼ਕਿਸਮਤੀਆਂ ਦੀਆਂ ਪੌਂ-ਬਾਰਾਂ ਹੋ ਜਾਂਦੀਆਂ ਹਨ ਪਰ ਬਚਾਉਂਦੇ ਘੱਟ ਹੀ ਵੇਖੇ ਗਏ ਹਨ। ਇਹ ਮੈਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੂਏ ਦਾ ਜਿੱਤਿਆ ਮਾਲ ਅਜਾਈਂ ਫ਼ਜ਼ੂਲ ਖ਼ਰਚੀ ਵਿਚ ਰੁੜ੍ਹ ਜਾਣਾ ਸੁਭਾਵਕ ਹੈ। ਵਕਤ-ਕਟੀ ਵਾਸਤੇ ਕਿਧਰ ਜਾਵਾਂ? ਕੀ ਕਰਾਂ? ਥੋੜ੍ਹੀ ਦੇਰ ਸਰਸਰੀ ਜਿਹੀ ਝਾਤੀ ਮਾਰ ਕੇ ਮੇਰਾ ਬੇਚੈਨ ਮਨ ਬਾਹਰ ਨਿਕਲਣ ਲਈ ਤਤਪਰ ਹੋ ਗਿਆ।

ਗਰਮੀ ਦੇ ਬਾਵਜੂਦ ਲਾਸ-ਵੇਗੱਸ ਸਟਰਿੱਪ 'ਤੇ ਕਾਫ਼ੀ ਗਹਿਮਾ-ਗਹਿਮੀ ਸੀ। ਸੜਕ ਦੇ ਦੋਹੀਂ ਪਾਸੇ ਆਉਣ ਤੇ ਜਾਣ ਵਾਲੇ ਬੇਸ਼ੁਮਾਰ ਵਾਹਨਾਂ ਦਾ ਦਰਿਆ ਹੜ੍ਹ ਰਿਹਾ ਸੀ। 'ਸੁੰਦਰ ਅਦਭੁਤ ਸ਼ਹਿਰ ਲਾਸ-ਵੇਗੱਸ ਵਿਚ ਤੁਹਾਡਾ ਸਵਾਗਤ ਹੈ। ਦੁਨੀਆ ਦੇ ਹਰ ਕੋਨੇ ਤੋਂ ਸ਼ਰਾਬ ਸ਼ਬਾਬ ਦੇ ਦੀਵਾਨੇ, ਐਸ਼ਪ੍ਰਸਤ, ਅਮੀਰ ਵਜ਼ੀਰ ਤਫ਼ਰੀਹ ਬਹਾਨੇ ਇਸ ਸਵਰਗ ਦਾ ਅਨੰਦ ਲੁਤਫ਼ ਲੈਣ ਲਈ ਇੱਥੇ ਚਲੇ ਆਉਂਦੇ ਬੇਤਹਾਸ਼ਾ ਮਾਇਆ ਪਾਣੀ ਵਾਂਗ ਰੋੜ੍ਹਦੇ ਆਪਣੀਆਂ ਮਾਨਸਿਕ ਤੇ ਸਰੀਰਕ ਤ੍ਰਿਪਤੀਆਂ ਦਾ ਲੁਤਫ਼ ਮਾਣਦੇ ਹਨ। ਬਰੇਕ ਹੋਏ ਰਿਸ਼ਤਿਆਂ ਵਾਲੇ ਤੀਵੀਂ ਮਰਦ ਵੀ ਟੁੱਟੀ ਹੋਈ ਜ਼ਿੰਦਗੀ ਦੀ ਕੁੜੱਤਣ ਮਿਟਾਉਣ ਲਈ ਇੱਧਰ ਭਾਜੜਾਂ ਪਾਉਂਦੇ ਹਨ। ਮਨ-ਪਰਚਾਵੇ ਦੇ ਅਨੇਕਾਂ ਕਿਸਮ ਦੇ ਭਰਪੂਰ ਸਰੋਤ ਅਤੇ ਸਾਧਨ ਇੱਥੇ ਉਪਲਭਦ ਹਨ। ਸਾਨੂੰ ਅਜ਼ਮਾਓ, ਇਕ ਵੇਰਾਂ ਸੇਵਾ ਦਾ ਮੌਕਾ ਦਿਓ।' ਨੋਟਿਸ ਬੋਰਡ 'ਤੇ ਇਕਸਾਰ ਚਲਦੇ ਜਗਦੇ ਬੁਝਦੇ ਇਸ਼ਤਿਹਾਰ ਯਾਤਰੀਆਂ ਨੂੰ ਆਕਰਸ਼ਤ ਨਿਉਂਦਾ ਦੇ ਰਹੇ ਸਨ।

ਓਪਰੇ ਪਏ ਡਾਲਰ ਮੇਰੀ ਜੇਬ ਵਿਚ ਮੈਨੂੰ ਹੁੱਝਾਂ ਮਾਰਨ ਲੱਗੇ। ਜੂਏ ਦੇ ਜਿੱਤੇ ਨੋਟ ਮੇਰੇ ਖੀਸੇ ਵਿਚ ਮੱਛਰੇ ਘੋੜੇ ਵਾਂਗ ਖੌਰੂ ਪਾ ਰਹੇ ਸਨ। 'ਅੱਜ ਤਕਦੀਰ ਰਾਸ਼ੀ ਠੀਕ ਲਗਦੀ ਹੈ, ਹੋਰ ਅਜ਼ਮਾਇਸ਼ ਕੀਤੀ ਜਾਵੇ।' ਮੈਂ ਆਪਣੇ ਸਾਥੀਆਂ ਦੇ ਮਿਲ਼ਣ ਤਕ ਇਕ ਸੌ ਦਾ ਨਵਾਂ ਟੀਚਾ ਮਿੱਥ ਲਿਆ। ਇਸ਼ਤਿਹਾਰ ਨੇ ਟੁਣਕਾ ਮਾਰਿਆ, ਮੈਂ ਹੋਟਲ ਅੰਦਰ ਪਉੜੀਆਂ ਚੜ੍ਹ ਗਿਆ। ਇੱਥੇ ਮਸ਼ੀਨਾਂ ਤੋਂ ਇਲਾਵਾ ਤਾਸ਼, ਕੌਡੀਆਂ, ਸ਼ਤਰੰਜ ਤੇ ਹੋਰ ਕਈ ਕਿਸਮ ਦਾ ਜੂਆ ਖੇਡਿਆ ਜਾ ਰਿਹਾ ਸੀ। ਹਜ਼ਾਰਾਂ ਮਸ਼ੀਨਾਂ ਵਿਚੋਂ ਇਕ ਖ਼ਾਲੀ ਸੀਟ 'ਤੇ ਜਾ ਬੈਠਾ। ਦਸ, ਵੀਹ, ਪੰਜਾਹ ... ਪਰ ਮਸ਼ੀਨ ਨੇ ਮੇਰਾ ਦਾਅ ਪਛਾਣਨ ਤੋਂ ਸਿਰ ਫੇਰ ਦਿੱਤਾ। ਸਾਰੇ ਹੰਭਲੇ ਖ਼ਾਲੀ ਗਏ। ਗ਼ੁੱਸੇ ਵਿਚ ਆ ਕੇ ਸੌ ਵਾਲਾ ਬਟਨ ਨੱਪਿਆ। 'ਖ਼ਾਲੀ' ਰਿਜ਼ਲਟ ਵੇਖ ਕੇ ਮੇਰਾ ਮਨ ਤੜਪ ਉਠਿਆ। ਇਕ ਸੌ ਵੀਹ ਫ਼ਾਲਤੂ ਡਾਲਰ ਕਿਸੇ ਵੀ ਫ਼ਜ਼ੂਲ ਖ਼ਰਚੀ ਵਾਸਤੇ ਮੇਰੇ ਕੋਲ਼ ਅਜੇ ਬਾਕੀ ਸਨ। ਮੇਰੀ ਬੁੱਧੀ ਅਨੁਸਾਰ ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਸੀ ਵਿਗੜਿਆ। ਨਜ਼ਦੀਕ ਹੀ ਬੱਚਿਆਂ ਦੇ ਖਿਡਾਉਣੇ ਵਾਲੇ ਸਟੋਰ ਦੀ ਕਸ਼ਿਸ਼ ਮੈਨੂੰ ਉਧਰ ਲੈ ਵੜੀ। ਭਲਕੇ ਮੇਰੇ ਪੋਤਰੇ ਦਾ ਜਨਮ ਦਿਨ ਸੀ ਤੇ ਇਸ ਜਸ਼ਨ ਵਾਸਤੇ ਉਸ ਨੂੰ ਅਚੰਭਾ ਦੇਣ ਲਈ ਹੀ ਸਾਰੇ ਇੱਥੇ ਪਹੁੰਚੇ ਸਾਂ, ਭਾਵੇਂ ਇਸ ਦਾ ਸਿੱਧਾ ਮਤਲਬ 'ਬੱਚੇ ਦਾ ਪੱਜ ਤੇ ਆਪਣਾ ਰੱਜ' ਵੀ ਸੀ। ਜੇਦੀਪ ਦਾ ਮਨਭਾਉਂਦਾ ਖਿਡਾਉਣਾ ਪਸਤੌਲ ਮੇਰੇ ਪਸੰਦ ਆ ਗਿਆ। ਮੈਂ ਬਿਨਾਂ ਕਿਸੇ ਸੌਦੇਬਾਜ਼ੀ ਵੀਹ ਡਾਲਰ ਦੀ ਪਰਚੀ ਕਟਵਾਈ ਤੇ ਪਸਤੌਲ ਹੱਥ ਵਿਚ ਨਿਹਾਰਦਾ ਬਾਹਰ ਹੋ ਤੁਰਿਆ।

ਵਾਹੋਦਾਹੀ ਵਾਪਸ ਵਿਨੇਸ਼ੀਅਮ ਦੀ ਐਲੀਵੇਟਰ ਅੰਦਰ ਵੜ ਕੇ 33 ਨੰਬਰ ਬਟਨ ਨੱਪਿਆ ਤੇ ਝਬਦੇ ਹੀ ਇਹ 33 ਮੰਜ਼ਲ 'ਤੇ ਲੈ ਗਈ। ਕਮਰਿਆਂ ਵੱਲ ਵੇਖਿਆ, ਮੇਰੇ ਸਾਥੀ ਨਿਕਲ ਚੁੱਕੇ ਸਨ। ਉਨ੍ਹਾਂ ਦੇ ਖੁੰਝ ਜਾਣ ਦੇ ਝੋਰੇ ਨੇ ਮੈਨੂੰ ਨਵੀਂ ਸਮੱਸਿਆ ਵਿਚ ਘਸੋੜ ਦਿੱਤਾ। ਕਮਰੇ ਅੰਦਰ ਆਦਮ-ਕੱਦ ਸ਼ੀਸ਼ਾ ਮੈਨੂੰ ਘੂਰ ਰਿਹਾ ਸੀ। ਮੇਰੀ ਖਿੰਡੀ ਹੋਈ ਦਾੜ੍ਹੀ, ਮੁੱਛਾਂ, ਉਖੜੀ ਹੋਈ ਸ਼ਕਲ ਤੇ ਢਿੱਲੜ ਜਿਹੀ ਸ਼ਖ਼ਸੀਅਤ ਦਿਖਾ ਕੇ ਉਸ ਨੇ ਮੈਨੂੰ ਮਿਹਣਾ ਜਿਹਾ ਮਾਰਿਆ। 'ਫ਼ੈਸ਼ਨ ਭਰਪੂਰ ਬਸਤੀ ਵੱਲ ਜਾਣ ਲਈ ਆਪਣੇ ਆਪ ਨੂੰ ਤੜਕ-ਭੜਕ ਤਰੋਤਾਜ਼ਾ ਬਣਾ ਸੰਵਾਰ ਕੇ ਸੁੰਦਰ ਬਣਨਾ



ਪੈਂਦਾ ਹੈ, ਤੂੰ ਆਪਣੀ ਸ਼ਕਲ ਵੇਖ।' ਸ਼ੀਸ਼ੇ ਦੀ ਸ਼ਰਾਰਤ 'ਤੇ ਦੋਬਾਰਾ ਲੜ ਖੋਲ੍ਹੇ, ਪੱਗ ਪੋਚ ਕੇ ਬੰਨ੍ਹੀ, ਬੁਰਸ਼ ਫੇਰਿਆ ਤੇ ਖਿੱਲਰੇ ਵਾਲ਼ ਸਾਂਭਣ ਵਾਸਤੇ ਠਾਠੀ ਬੰਨ੍ਹ ਲਈ। ਘੜੀ ਦਾ ਘੁੱਸਾ ਸੌ ਕੋਹ 'ਤੇ ਜਾ ਕੇ ਮਿਲਦਾ ਹੈ। ਮੈਂ ਮੁੜ ਮੁੜ ਪਛਤਾ ਰਿਹਾ ਸਾਂ ਕਿ ਮੈਂ ਆਪਣੇ ਸਾਥੀਆਂ ਦਾ ਸਾਥ ਕਿਉਂ ਛੱਡਿਆ। ਮਾਰਗ-ਦਰਸ਼ਨ ਤੋਂ ਊਣਾ ਮੈਂ ਜਲਦੀ ਉਨ੍ਹਾਂ ਦੀ ਤਲਾਸ਼ ਕਰਨਾ ਚਾਹੁੰਦਾ ਸਾਂ। ਉਨ੍ਹਾਂ ਤੋਂ ਬਿਨਾਂ ਮੈਂ ਇੱਥੇ ਸਿਫ਼ਰ ਦੇ ਬਰਾਬਰ ਸਾਂ।

ਮੈਨੂੰ ਯਾਦ ਆਇਆ... ਘੜੀ ਵੇਖੀ। ਸੱਤ ਵੱਜਣ ਵਿਚ ਸਿਰਫ਼ ਪੰਜ ਮਿੰਟ ਬਾਕੀ ਸਨ ਤੇ ਪਾਣੀ ਦਾ ਸ਼ੋਅ ਸੱਤ ਵਜੇ ਸ਼ੁਰੂ ਹੋਣਾ ਸੀ। ਉਹ ਜ਼ਰੂਰ ਮੈਨੂੰ ਲੱਭਦੇ ਉੱਥੇ ਪਹੁੰਚ ਗਏ ਹੋਣਗੇ। ਨੱਚਦੇ ਗਾਉਂਦੇ ਪਾਣੀਆਂ ਦਾ ਤਮਾਸ਼ਾ ਵੇਖਣ ਦਾ ਅੱਜ ਦਾ ਪ੍ਰੋਗਰਾਮ ਨਿਸ਼ਚਤ ਸੀ। ਇਸ ਲਈ ਉਨ੍ਹਾਂ ਨੂੰ ਮਿਲ਼ਣ ਦੀ ਮੇਰੀ ਪ੍ਰਥਮ ਚਾਹਤ ਨੇ ਮੈਨੂੰ ਕਾਹਲ਼ੇ ਕਦਮੀਂ ਮੁੜ ਬਿਜਲਈ ਪਉੜੀਆਂ 'ਤੇ ਜਾ ਚੜ੍ਹਾਇਆ ਤੇ ਮੈਂ ਬਾਹਰ ਨਿਕਲ ਕੇ ਫਿਰ ਕੇਂਦਰੀ ਸੜਕ ਦੀ ਭੀੜ ਵਿਚ ਜਾ ਰਲ਼ਿਆ।

ਠੰਢੀ ਠੰਢੀ ਹਵਾ ਦੇ ਬੁੱਲੇ ਰੁਮਕਣ ਲੱਗੇ ਸਨ। ਦੁਪਹਿਰ ਦੀ ਗਰਮੀ ਤੋਂ ਬਾਅਦ ਹੁਣ ਮੌਸਮ ਕੁਝ ਸੁਹਾਵਣਾ ਹੋ ਗਿਆ ਸੀ। ਮੁਰਗਾਬੀਆਂ ਦੇ ਝੁੰਡਾਂ ਵਾਂਗ ਅਸਮਾਨ 'ਤੇ ਨਿੱਤਰ ਆਈਆਂ ਬਦਲੋਟੀਆਂ ਦੇ ਪਰਛਾਵੇਂ ਇਸ ਭੜਕੀਲੀ ਸੜਕ ਦੀ ਚੰਚਲਤਾ ਵਿਚ ਨਵੀਨ ਸ਼ੋਖ਼ੀਆਂ ਭਰ ਰਹੇ ਸਨ। ਮੀਂਹ ਤੋਂ ਬਾਅਦ ਕੀੜਿਆਂ ਦੇ ਭੌਣ ਵਾਂਗ ਦੁਪਹਿਰ ਦੀ ਜਾਨ ਨੋਚਦੀ ਗਰਮੀ ਤੇ ਲੂ ਤੋਂ ਡਰਦੇ ਅੰਦਰੀਂ ਤਾੜੇ ਟੂਰਿਸਟ ਬਾਹਰ ਨਿਕਲ ਤੁਰੇ ਸਨ। ਨਵੇਂ ਪੁਰਾਣੇ ਜੋੜੇ ਇਕ ਦੂਸਰੇ ਦੀਆਂ ਬਾਂਹਾਂ 'ਚ ਬਾਂਹਾਂ ਪਾਈ ਜ਼ਿੰਦਗੀ ਦੇ ਲੁਤਫ਼ ਵਿਚ ਵਿਅਸਤ ਸਨ। ਹਰੇਕ ਨੂੰ ਇਕ ਦੂਸਰੇ ਤੋਂ ਅੱਗੇ ਨਿਕਲ ਜਾਣ ਦੀ ਕਾਹਲ ਸੀ। ਸਰੀਰਾਂ ਨਾਲ ਸਰੀਰ ਘਸਰ ਰਹੇ ਸਨ। ਸੜਕ ਕਿਨਾਰੇ ਨੁਮਾਇਸ਼ ਕੀਤੇ ਪਾਣੀ ਦੀ ਹਿੱਕ 'ਤੇ ਮੱਚਦੇ ਅੱਗ ਦੇ ਭਾਂਬੜ ਵੇਖਦੇ ਵਿਸਮਾਦੀ ਲੋਕ ਆਪਣੇ ਆਪ ਵਿਚ ਉਛਲ ਰਹੇ ਸਨ। 40 ਫੁੱਟ ਉੱਚੇ ਅਸਮਾਨ ਦਾ ਢਿੱਡ ਪਾੜਦੇ ਸੰਗੀਤਕ ਫੁਹਾਰਿਆਂ ਦੀਆਂ ਸੰਗੀਤ ਨਾਲ ਸੁਰ-ਤਾਲ ਮਿਲਾਉਂਦੀਆਂ ਵਿੰਗੀਆਂ ਟੇਢੀਆਂ ਤੇਜ਼ ਧਾਰਾਂ ਅਤੇ ਧਾਰਾਂ 'ਚੋਂ ਉਪਜੀਆਂ ਸਤਰੰਗੀ ਪੀਂਘਾਂ ਘੁਮੱਕੜਾਂ ਨੂੰ ਮੰਤਰ ਮੁਗਧ ਕਰ ਰਹੀਆਂ ਸਨ।

ਪਿਛਲੇ ਕਈ ਦਿਨਾਂ ਦੇ ਸੁਪਨਿਆਂ ਦਾ ਸਿਰਜਿਆ ਆਭਾ-ਮੰਡਲ ਅੱਜ ਸਾਖਸ਼ਾਤ ਮੇਰੇ ਸਾਹਮਣੇ ਸੀ। ਮੇਰੀ ਅੰਤਹਿਕਰਨ ਵਿਚ ਉਗਮੀ ਭਾਖਿਆ ਹੂਬਹੂ ਮੇਰੀ ਅੱਖਾਂ ਸਾਹਮਣੇ ਪ੍ਰਗਟ ਹੋ ਉੱਠੀ ਸੀ। ਦੂਰ ਦੂਰ ਤਕ ਰੰਗ ਬਰੰਗੀਆਂ ਗੱਡੀਆਂ ਦਾ ਸਮੁੰਦਰ ਚਾਰ ਚੁਫੇਰੇ ਫੈਲ ਰਿਹਾ ਸੀ। ਸੜਕ ਬੇਸ਼ੁਮਾਰ ਕਾਰਾਂ, ਟੈਕਸੀਆਂ, ਟਰੱਕਾਂ ਨਾਲ ਮਾਲਾ-ਮਾਲ ਹੋਈ ਪਈ ਸੀ। ਲੋਕਲ ਬੱਸਾਂ ਵੀ ਹਰਲ ਹਰਲ ਕਰਦੀਆਂ ਫਿਰ ਰਹੀਆਂ ਸਨ। ਮੈਨੂੰ ਪੂਰਾ ਪਤਾ ਨਹੀਂ ਸੀ ਕਿੱਥੋਂ ਬੱਸ 'ਤੇ ਚੜ੍ਹਨਾ ਹੈ ਤੇ ਕਿੱਥੇ ਉਤਰਨਾ ਹੈ। ਕਿਉਂਕਿ ਇਹ ਡਰਾਈਵਰ ਮਨਜ਼ੂਰ-ਸ਼ੁਦਾ ਠਹਿਰਾਊ ਤੋਂ ਬਗ਼ੈਰ ਕਿਤੇ ਬੱਸ ਖੜ੍ਹੀ ਨਹੀਂ ਕਰਦੇ, ਇਸ ਲਈ ਮੈਂ ਪੈਦਲ ਜਾਣਾ ਹੀ ਬਿਹਤਰ ਸਮਝਿਆ।

ਘੜੀ ਦੀਆਂ ਸੂਈਆਂ ਮੇਰੇ ਕਾਲਜੇ ਧੂਹ ਪਾ ਰਹੀਆਂ ਸਨ। ਸਿਨੇਮੇ ਵਾਲੇ ਚੌਂਕ ਦੀ ਮੈਨੂੰ ਮਾੜੀ ਜਿਹੀ ਤੱਕ ਸੀ। ਇਕ ਆਹ ਚੌਂਕ ਤੇ ਫਿਰ ਦੂਸਰਾ ਲੰਘ ਕੇ, ਖੱਬੇ ਮੁੜ ਕੇ ਉਹ ਥੀਏਟਰ ਆਉਣਾ ਸੀ। ਮੋਢੇ ਮਾਰਦਾ ਸਾਰੇ ਝੁਰਮਟ ਪਛਾੜਦਾ ਮੈਂ **'ਓ' ਸ਼ੋ** ਥੀਏਟਰ ਦੀ ਤਲਾਸ਼ ਵਿਚ ਕਾਹਲੇ ਕਦਮੀਂ ਦੌੜਦਾ ਗਿਆ। ਮੇਰੇ ਹਮਰਾਹੀ ਇਹ ਪ੍ਰਦਰਸ਼ਨ ਪਿਛਲੀ ਫੇਰੀ ਸਮੇਂ ਵੀ ਵੇਖ ਚੁੱਕੇ ਸਨ। ਮਹਿੰਗੇ ਭਾਅ ਦਾ ਇਹ ਆਡੰਬਰ ਵੇਖਣ ਲਈ ਮੈਂ ਇਨਕਾਰ ਕਰ ਦਿੱਤਾ ਸੀ। ਉਹ ਕਹਿੰਦੇ, 'ਪਾਪਾ ਜੀ! ਆਹ ਵੇਖੋ ਕਿੰਨਾ ਵੱਡਾ ਸਾਰਾ ਹਜੂਮ, ਲੋਕਾਂ ਦਾ ਹੜ੍ਹ! ਇਹ ਸਾਰੇ ਲੋਕ ਇੱਥੇ ਡਾਲਰ ਲੁਟਾਉਣ ਹੀ ਆਏ ਨੇ। ਪਿਛਲੇ ਮਹੀਨੇ ਦੀ ਕਮਾਈ ਇਨ੍ਹਾਂ ਇੱਥੇ ਐਸ਼-ਇਸ਼ਰਤ 'ਤੇ ਰੋੜ੍ਹ ਜਾਣੀ ਹੈ ਤੇ ਖ਼ਾਲੀ ਗੀਝੇ ਲੈ ਕੇ ਵਾਪਸ ਮੁੜ ਕੋਹਲੂ ਦੇ ਬੈਲ ਵਾਂਗ ਸ਼ਿਫ਼ਟਾਂ ਅੱਗੇ ਜੁਪ ਜਾਣਾ ਹੈ। ਅਸੀਂ

ਵੀ ਜਹਾਜ਼ ਦਾ ਕਿਰਾਇਆ ਖ਼ਰਚ ਕੇ ਏਡੀ ਦੂਰ ਆਏ ਹਾਂ ਤਾਂ ਫਿਰ ਖ਼ਰਚੇ ਤੋਂ ਝਪੀੜ ਕਿਉਂ ਵੱਟਣੀ।' ਕਿਰਸ ਅਤੇ ਕੰਜੂਸੀ ਦਾ ਪੰਜਾਬੀ ਮਾਦਾ ਮੇਰੇ ਜ਼ਿਹਨ ਵਿਚ ਵਸਿਆ ਕਈ ਵੇਰਾਂ ਬੱਚਿਆਂ ਨਾਲ ਤਕਰਾਰ ਦਾ ਕਾਰਨ ਬਣਿਆ। ਜਦ ਉਨ੍ਹਾਂ ਵਾਪਸ ਆ ਕੇ ਦੱਸਿਆ ਕਿ ਇਹ ਸੁੰਦਰ ਨੁਮਾਇਸ਼ ਸੱਚਮੁੱਚ ਮੇਰੇ ਵੇਖਣ ਲਾਇਕ ਸੀ ਤਾਂ ਮੈਨੂੰ ਘੋਰ ਸ਼ਰਮਿੰਦਗੀ ਦੀ ਬੁੱਕਲ਼ ਵਿਚ ਮੂੰਹ ਲੁਕਾਉਣਾ ਪਿਆ ਸੀ। ਉਨ੍ਹਾਂ ਦੱਸਿਆ ਕਿ ਡੇਢ ਮਿਲੀਅਨ ਲੀਟਰ ਪਾਣੀ ਦੇ ਭੰਡਾਰ ਵਾਲਾ ਇਹ ਚਬੂਤਰਾ ਪਾਣੀ ਦੇ ਅਦਭੁਤ ਖੇਲ੍ਹ ਦਿਖਾਉਂਦਾ ਹੈ। ਇਸ ਵਿਚ ਅੱਖ ਦੇ ਫੋਰ ਵਿਚ ਹੀ ਦਰਿਆ, ਛੰਭ, ਸਮੁੰਦਰ ਦਾ ਨਜ਼ਾਰਾ ਸਾਹਮਣੇ ਆ ਜਾਂਦਾ ਹੈ ਤੇ ਪਲਕ ਝਲਕ ਵਿਚ ਹੀ ਇਹ ਇਕ ਬੜੀ ਸੁੰਦਰ ਆਧੁਨਿਕ ਨਿੱਗਰ ਸਟੇਜ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ 'ਤੇ ਜਿਊਂਦੇ ਜਾਗਦੇ ਪਾਤਰ ਨਿਵੇਕਲੇ ਕਿਸਮ ਦੇ ਜਲਵੇ ਦਿਖਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦੇ ਹਨ। ਅੱਜ ਦੇ ਮੁਜਰੇ ਦਾ ਪ੍ਰੋਗਰਾਮ ਉਨ੍ਹਾਂ ਵਿਸ਼ੇਸ਼ ਤੌਰ 'ਤੇ ਮੇਰੇ ਕਰ ਕੇ ਹੀ ਉਲੀਕਿਆ ਸੀ ਤੇ ਟਿਕਟਾਂ ਵੀ ਟਿਕਟ-ਮਾਸਟਰ ਤੋਂ ਆਨਲਾਈਨ ਖ਼ਰੀਦ ਲਈਆਂ ਸਨ। ਇੱਥੇ ਦਲ਼ੀ-ਮਲ਼ੀ ਵਿਚ ਹੀਰਾਂ ਹੀ ਨਹੀਂ ਹੂਰਾਂ ਵੀ ਕਮਲ਼ੀਆਂ ਹੋਈਆਂ ਪਈਆਂ ਸਨ।

ਮੇਰੇ ਜੋਟੀਦਾਰ ਸ਼ਾਇਦ ਅੰਦਰ ਚਲੇ ਗਏ ਹੋਣਗੇ, ਕਿਉਂਕਿ ਸੱਤ ਵਜੇ ਵਾਲਾ ਸ਼ੋਅ ਲਗਪਗ ਸ਼ੁਰੂ ਹੋ ਚੁੱਕਾ ਸੀ। ਵੇਟਿੰਗ ਲਾਊਂਜ ਵਿਚ ਨਿਵੇਕਲਾ ਤਮਾਸ਼ਾ ਸੀ। ਸੌ ਡਾਲਰ ਤੋਂ ਲੈ ਕੇ ਤਿੰਨ ਸੌ ਡਾਲਰ ਪ੍ਰਤੀ ਵਿਅਕਤੀ ਵਾਲੀਆਂ ਲਾਈਨਾਂ ਅਜੇ ਵੀ ਭਰੀਆਂ ਪਈਆਂ ਸਨ। ਜ਼ਾਹਰ ਹੈ ਕਿ ਇਹ ਦਰਸ਼ਕ ਅਗਲੇ ਸ਼ੋਅ ਦੀ ਇੰਤਜ਼ਾਰ ਵਾਲੇ ਸਨ। ਲੋਕਾਂ ਨੂੰ ਆਪਣੇ ਵੱਲ ਹੈਰਾਨੀ ਭਰੀਆਂ ਤਿੱਖੀਆਂ ਓਪਰੀਆਂ ਨਜ਼ਰਾਂ ਨਾਲ ਘੂਰਦੇ ਵੇਖ ਕੇ ਮੈਂ ਝਟਪਟ ਠਾਠੀ ਲਾਹ ਕੇ ਜੇਬ ਵਿਚ ਪਾ ਲਈ। 'ਮੈਂ ਵੀ ਇਕ ਸਿਨੇਮਾ-ਚੇਟਕੀ ਟੂਰਿਸਟ ਹੀ ਹਾਂ ਤੁਹਾਡੇ ਵਰਗਾ।' ਮੈਂ ਮਨ ਹੀ ਮਨ ਵਿਚ ਉਨ੍ਹਾਂ ਨੂੰ ਸੁਨੇਹਾ ਦੇਣਾ ਚਾਹਿਆ। 'ਦੇਖੋ ਡੈਡ! ਇਹ ਬੰਦਾ ਠੀਕ ਠਾਕ ਹੈ ਬਿਲਕੁਲ, ਇਹਨੂੰ ਕੁਝ ਨਹੀਂ ਹੋਇਆ। ਜ਼ਖ਼ਮਾਂ ਦਾ ਬਹਾਨਾ ਲਾ ਕੇ ਪੱਟੀ ਬੰਨ੍ਹੀ ਸੀ ਕੋਹੜੀਆਂ ਵਾਂਗ।' ਡੌਰ-ਭੌਰਾ ਹੋਇਆ ਇਕ ਬੱਚਾ ਆਪਣੇ ਪਿਤਾ ਨੂੰ ਚਿੰਬੜ ਗਿਆ। ਮੇਰੇ ਵੱਲ ਸ਼ੱਕੀ ਨਿਗਾਹਾਂ ਨਾਲ ਝਾਕਦੇ ਅਜਨਬੀਆਂ ਨੂੰ ਮੈਂ ਸਪਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ, 'ਪਗੜੀ ਤੋਂ ਨਾ ਡਰੋ, ਇਹ ਅੱਤਵਾਦੀ ਨਹੀਂ, ਸਗੋਂ ਸੁਰੱਖਿਆ ਦੀ ਸੂਚਕ ਹੈ। ਜੁਲਾਈ 27, 2012 ਕਲੋਰਾਡੋ ਅਰੂਰਾ ਸਿਨੇਮਾ-ਘਰ ਵਿਚ ਜਿਸ ਸਿਰ-ਫਿਰੇ ਜੇਮਜ਼ ਨੇ ਛਾਣਾ ਮਾਰ ਕੇ ਵੀਹ ਦਰਸ਼ਕ ਭੁੰਨ ਦਿੱਤੇ ਤੇ ਪੰਜਾਹ ਜ਼ਖਮੀ ਕਰ ਦਿੱਤੇ ਸਨ ਉਹ ਕਿਹੜਾ ਪਗੜੀ ਵਾਲਾ ਸੀ? ਬਹੁਤ ਵੇਰਾਂ ਕਈ ਹੋਰਾਂ ਪਾਗ਼ਲ ਕਿਸਮ ਦੇ ਲੋਕਾਂ ਨੇ ਸਕੂਲਾਂ ਕਾਲਿਜਾਂ ਜਾਂ ਸ਼ਰ੍ਹੇਆਮ ਬਾਜ਼ਾਰਾਂ ਵਿਚ ਬੇਮਤਲਬ ਗੋਲੀਆਂ ਦਾ ਛਾਣਾ ਵਰ੍ਹਾਇਆ, ਉਹ ਕਿਹੜੇ ਪਗੜੀਧਾਰੀ ਸਨ?' ਉਹ ਮੈਨੂੰ ਸੁਣਨ ਦੀ ਬਜਾਏ ਮੇਰੀਆਂ ਹਰਕਤਾਂ ਨਾਪਦੇ ਮੈਥੋਂ ਪਰੇ ਖਿਸਕ ਗਏ। ਉਨ੍ਹਾਂ ਨਾਲ ਹੋਰ ਅੱਗੇ ਮੱਥਾ ਲਾਉਣ ਦਾ ਮੇਰਾ ਮਤਲਬ ਮੱਝ ਅੱਗੇ ਬੀਨ ਵਜਾਉਣ ਦੇ ਬਰਾਬਰ ਸੀ।

'ਦਰਿਆ, ਝੀਲਾਂ, ਸਮੁੰਦਰ ਦਾ ਨਜ਼ਾਰਾ ਇਕ ਹੀ ਜਗ੍ਹਾ! ਵੇਖਣ ਵਾਲੇ ਮੰਤਰ-ਮੁਗਧ ਹੋ ਜਾਂਦੇ ਹਨ। ਸਮੁੰਦਰ ਵਿਚ ਲਾਈਟ-ਹਾਊਸ ਨਿਗਰਾਨੀ ਕਰ ਰਿਹਾ ਹੈ। ਇਕਦਮ ਚਾਰ ਥੰਮ੍ਹ ਪ੍ਰਗਟ ਹੁੰਦੇ ਹਨ। ਸਰਕਸ ਵਾਂਗ ਥੰਮ੍ਹਾਂ 'ਤੇ ਚੜ੍ਹੇ ਸੈਂਕੜੇ ਕਲਾਕਾਰ ਪੀਂਘਾਂ ਝੂਟਦੇ ਕਲਾਬਾਜ਼ੀਆਂ ਲਗਾਉਂਦੇ ਡੂੰਘੇ ਪਾਣੀ ਵਿਚ ਛਾਲ਼ਾਂ ਮਾਰਦੇ ਹਨ ਤੇ ਫਿਰ ਥੰਮ੍ਹਾਂ ਰਾਹੀਂ ਉਪਰ ਚੜ੍ਹ ਕੇ ਦਰਸ਼ਕਾਂ ਲਈ ਉਤਸੁਕਤਾ ਪੈਦਾ ਕਰਦੇ ਹਨ। ਬੱਦਲ ਗੱਜਦੇ ਹਨ। ਮੀਂਹ ਵਰ੍ਹਦਾ ਹੈ। ਤਾਰੇ ਲਿਸ਼ਕਦੇ ਹਨ, ਚੰਦ ਨਿਕਲਦਾ ਹੈ। ਜਜ਼ੀਰੇ ਦਿਸਣ ਲਗਦੇ ਹਨ, ਧਰਤੀ ਨਿਕਲ ਆਉਂਦੀ ਹੈ। ਜੰਗਲ ਦਿਸਦਾ ਹੈ। ਸ਼ਹਿਰ ਦਾ ਨਜ਼ਾਰਾ ਹੈ। ਸੁੰਦਰ ਮੰਚ ਸਜਦਾ ਹੈ। ਪਨਘਟ ਦਿਸਦਾ ਹੈ। ਅੱਗ ਲਗਦੀ ਹੈ, ਅੱਗ ਬੁਝਦੀ ਹੈ।



ਪੰਘੂੜੇ ਵਿਚ ਬੈਠੀ ਅਸਮਾਨੀ ਅਪੱਛਰਾਂ ਥੱਲੇ ਆਉਂਦੀ ਹੈ, ਇਕ ਨੌਜੁਆਨ ਉਸ ਪਿੱਛੇ ਦੌੜਦਾ ਹੈ, ਉਹ ਉਸ ਨੂੰ ਝਕਾਨੀ ਦਿੰਦੀ ਪੰਘੂੜੇ ਸਮੇਤ ਉਪਰ ਚੜ੍ਹਦੀ ਅਲੋਪ ਹੋ ਜਾਂਦੀ ਹੈ। ਨੱਚਦੇ ਹੱਸਦੇ ਪਾਣੀਆਂ ਦਾ ਇਹ ਵਰਾਇਟੀ-ਸ਼ੋਅ ਦੋ ਘੰਟੇ ਵਾਸਤੇ ਆਪਣੀ ਗੋਦ ਵਿਚ ਲੋਰੀਆਂ ਦਿੰਦਾ ਤੁਹਾਨੂੰ ਦੀਨ ਦੁਨੀਆ ਦੇ ਝੱਖੜ ਝਮੇਲੇ ਭੁਲਾ ਛੱਡਦਾ ਹੈ।' ਸਾਥੀਆਂ ਦੀਆਂ ਸੁਣਾਈਆਂ ਪਰੀ-ਦੇਸ਼ ਜਿਹੀਆਂ ਅਦਭੁਤ ਕਹਾਣੀਆਂ ਦੇ ਅਹਿਸਾਸ ਅਤੇ ਕੰਧਾਂ 'ਤੇ ਵਿਗਿਆਪਨ ਕੀਤੀਆਂ ਤਸਵੀਰਾਂ ਵੇਖਣ ਨਾਲ ਮੇਰੇ ਮਨ ਦੀ ਜਗਿਆਸਾ ਹੋਰ ਪ੍ਰਚੰਡ ਹੋ ਗਈ। ਜਜ਼ਬਾਤ ਦਾ ਤੀਬਰ ਜਵਾਰਭਾਟਾ ਮੇਰੇ ਮਨ ਵਿਚ ਧਮਾਲਾਂ ਪਾਉਣ ਲੱਗਾ। ਉਨ੍ਹਾਂ ਦੇ ਦੱਸੇ ਸੀਨ ਮੇਰੀ ਮਾਨਸਿਕ ਭੁੱਖ ਨੂੰ ਹੋਰ ਉਤੇਜਤ ਕਰ ਗਏ। ਮੈਂ ਮਲਕੜੇ ਜਿਹੇ ਅੰਦਰ ਗੈਲਰੀ ਵੱਲ ਘੁੱਸ ਗਿਆ ਕਿ ਸ਼ਾਇਦ ਕੋਈ ਗੇਟਕੀਪਰ ਮਿਹਰਬਾਨ ਟੱਕਰ ਗਿਆ ਤਾਂ ਉਸ ਨੂੰ ਬੇਨਤੀ ਕਰਾਂਗਾ, 'ਮੇਰੇ ਸਾਥੀ ਅੰਦਰ ਚਲੇ ਗਏ ਨੇ, ਮੇਰੀ ਟਿਕਟ ਉਨ੍ਹਾਂ ਕੋਲ਼ ਹੈ। ਸ਼ਾਇਦ ਉਹ ਮੇਰੀ ਟਿਕਟ ਤੁਹਾਨੂੰ ਫੜਾ ਗਏ ਹੋਣ, ਉਹ ਮੇਰੇ ਤੋਂ ਏਨੇ ਅਵੇਸਲੇ ਨਹੀਂ ਹੋ ਸਕਦੇ ਜਾਂ ਉਨ੍ਹਾਂ ਨੂੰ ਘੋਸ਼ਣਾ ਕਰਵਾ ਕੇ ਅੰਦਰੋਂ ਬੁਲਾ ਦਿਓ।' ਇਸ ਦੁਰਬਲ ਜਿਹੀ ਸੋਚ ਨਾਲ ਮੇਰੇ ਪੈਰ ਅੰਦਰਲੇ ਗੇਟ ਵੱਲ ਵਧੇ।

'ਨੋ... ਨੋ...।' ਪਹਿਰੇਦਾਰ ਨੇ ਦੂਰੋਂ ਹੀ ਹੱਥ ਹਿਲਾ ਦਿੱਤੇ। ਮੈਂ ਹੋਰ ਅੱਗੇ ਵਧਿਆ ਕਿ ਉਸ ਦੀ ਮੁੱਠੀ ਵਿਚ ਦਸ ਵੀਹ ਦੇ ਕੇ ਆਪਣੀ ਹੱਡਬੀਤੀ ਸੁਣਾ ਕੇ ਅੰਦਰ ਜਾਣ ਦੀ ਬੇਨਤੀ ਕਰਾਂਗਾ। 'ਖੇਲ੍ਹ ਸ਼ੁਰੂ ਹੋਣ ਤੇ ਦਰਵਾਜ਼ੇ ਬੰਦ ਹੋ ਜਾਂਦੇ ਨੇ ਤੇ ਫਿਰ ਨਾ ਕੋਈ ਅੰਦਰ ਆ ਸਕਦਾ ਹੈ ਤੇ ਨਾ ਬਾਹਰ।' ਦਰਵਾਜ਼ੇ 'ਤੇ ਲੱਗੀ ਚੇਤਾਵਨੀ ਪੜ੍ਹ ਕੇ ਮੈਂ ਠਠੰਬਰ ਗਿਆ। ਮੈਂ ਵੀਹ ਮਿੰਟ ਲੇਟ ਸਾਂ। ਮੌਕੇ 'ਤੇ ਹਾਜ਼ਰ ਕਾਲ਼ਾ ਚੌਕਸੀ ਗਾਰਡ, 'ਗੋ ਬੈਕ... ਗੋ ਬੈਕ...' ਦਬਕੇ ਨਾਲ ਡੱਬ ਨੂੰ ਹੱਥ ਪਾਉਂਦਾ ਮੇਰੇ ਵੱਲ ਦਹਾੜਿਆ। ਉਸ ਦਾ ਗ਼ੁਸੈਲ਼ਾ ਵੱਢ-ਖਾਣਾ ਮਜਾਜ਼ ਵੇਖ ਕੇ ਹੱਥ ਵਿਚ ਫੜਿਆ ਪੰਜਾਹ ਦਾ ਨੋਟ ਮੈਂ ਬਟੂਏ ਵਿਚ ਵਾਪਸ ਪਾ ਲਿਆ ਤੇ ਮੁੜਦੇ ਪੈਰੀਂ ਪਿੱਛੇ ਖਿਸਕ ਆਇਆ। ਉਸ ਦੀ ਵਾਰਨਿੰਗ ਸੁਣ ਕੇ ਹੋਰ ਖੜ੍ਹੇ ਲੋਕਾਂ ਨੇ ਵੀ ਮੇਰੇ ਵੱਲ ਇਵੇਂ ਝਾਕਿਆ ਜਿਵੇਂ ਮੈਂ ਕਿਸੇ ਗ਼ੈਬੀ ਮਹਾਂਦੀਪ ਦਾ ਏਲੀਅਨ ਹੋਵਾਂ। 'ਦਾਖੇ ਹੱਥ ਨਾ ਅੱਪੜੇ ਥੂਹ ਕੌੜੀ' ਕਹਿ ਕੇ ਆਪਣੇ ਸਾਥੀਆਂ 'ਤੇ ਗ਼ੁੱਸਾ ਥੁੱਕਦਾ ਨਿਰਾਸ ਵਾਪਸ ਨਿਕਲ ਤੁਰਿਆ। ਨੇੜੇ ਹੀ ਬਹੁਤ ਲੋਕ ਜੋ ਮੇਰੇ ਵਰਗੇ ਪਾਣੀ-ਸ਼ੋਅ ਤੋਂ ਵਾਂਝੇ ਰਹਿ ਗਏ, ਸੰਗੀਤਕ ਫੁਹਾਰਿਆਂ ਦੇ ਸਮੇਂ ਦਾ ਇੰਤਜ਼ਾਰ ਕਰ ਰਹੇ ਸਨ ਜੋ ਹਰ ਘੰਟੇ ਬਾਅਦ ਦਸ ਮਿੰਟ ਮੁਫ਼ਤ ਦਿਖਾਏ ਜਾਂਦੇ ਹਨ। ਕੁੱਝ ਪਲ ਆਪਣੀ ਅਨੰਤ ਇਕੱਲਤਾ ਵਿਚ ਉਲਝਿਆ ਮੈਂ ਅਣਮੰਨੇ ਮਨ ਨਾਲ ਆਕਾਸ਼ ਤਕ ਉਭਰਦੇ ਇਸ ਗਾਉਂਦੇ ਪਾਣੀ ਦਾ ਰਾਗ ਸੁਣਿਆ। ਆਪਣੇ ਸਾਥੀਆਂ ਦੇ ਵੈਰਾਗ ਵਿਚ ਹਉਕੇ ਭਰਦਾ ਮੈਂ ਇਸ ਰੰਗੀਨ ਤੇ ਹੁਸੀਨ ਚੌਗਿਰਦੇ ਵਿਚ ਗਵਾਚਿਆ ਠੱਗਿਆ ਠੱਗਿਆ ਉਸ ਕਲਹਿਣੀ ਘੜੀ 'ਤੇ ਪਸ਼ਚਾਤਾਪ ਕਰ ਰਿਹਾ ਸਾਂ ਜਦ ਮੈਂ ਉਨ੍ਹਾਂ ਨੂੰ ਆਪ ਝਕਾਨੀ ਦੇ ਆਇਆ ਸੀ।

ਸ਼ਹਿਰ ਵਿਚ ਖ਼ਤਰੇ ਦੇ ਸਾਇਰਨ ਨੇ ਅੜਾਟ ਛੂਹ ਕੇ ਅਸਮਾਨ ਸਿਰ 'ਤੇ ਚੁੱਕ ਲਿਆ। ਜ਼ਰੂਰ ਕੋਈ ਭਿਆਨਕ ਵਾਰਦਾਤ ਹੋਈ ਹੈ, ਐਕਸੀਡੈਂਟ ਜਾਂ ਕੋਈ ਡਾਕਾ। ਫਾਇਰ ਬ੍ਰਿਗੇਡ ਅਤੇ ਚਕਿਤਸਾ ਗੱਡੀਆਂ ਦੇ ਧੂਤੂਆਂ ਦੀਆਂ ਆਵਾਜ਼ਾਂ ਕਈ ਪਾਸਿਉਂ ਉਭਰੀਆਂ। ਦੋ ਚਾਰ ਮਿੰਟ ਵਿਚ ਲੰਘ ਗਈਆਂ ਤੇ ਪੁਲੀਸ ਦੀ ਹਰਕਤ ਵਿਚ ਤੇਜ਼ੀ ਫੁਰਤੀ ਆ ਗਈ। ਆਕਾਸ਼ ਤੇ ਟੋਹੀ-ਹੈਲੀਕਾਪਟਰ ਮੰਡਲਾਉਣ ਲੱਗੇ।

ਮਹਿਰਾਜ ਹੋਟਲ ਦੀ ਨੁੱਕਰੇ ਸੜਕ ਵੱਲ ਨੁਮਾਇਸ਼ ਕਰਦੀ ਵੱਡੀ ਟੀ. ਵੀ. ਸਕਰੀਨ 'ਤੇ ਹੋਰ ਆਕਰਸ਼ਕ ਸਮੱਗਰੀ ਅਤੇ ਇਸ਼ਤਿਹਾਰਬਾਜ਼ੀ ਨਾਲ ਚਿੱਟੀ ਪਗੜੀ ਦਾੜ੍ਹੀ ਵਾਲੀ ਬਿਨ ਲਾਦੇਨ ਦੀ ਫ਼ੋਟੋ ਬਾਰ-ਬਾਰ ਉਜਾਗਰ ਕੀਤੀ ਜਾ ਰਹੀ ਸੀ। 'ਉਸ ਸ਼ਖ਼ਸ ਨੇ ਗਿਆਰਾਂ ਸਤੰਬਰ 2001 ਨੂੰ ਨਿਊਯਾਰਕ ਦੇ ਕੌਮਾਂਤਰੀ ਟਰੇਡ ਸੈਂਟਰ, ਵਰਜਿਨੀਆ ਦੇ ਪੈਂਟਾਗਨ ਅਤੇ ਵਾਸ਼ਿੰਗਟਨ ਡੀ. ਸੀ. ਦੇ

ਮਹੱਤਵਪੂਰਨ ਟਿਕਾਣਿਆਂ 'ਤੇ ਦਰਿੰਦਗੀ ਭਰਿਆ ਹਮਲਾ ਕਰ ਕੇ ਸ਼ੇਰ ਦੇ ਮੂੰਹ ਹੱਥ ਪਾਇਆ ਸੀ। ਅਮਰੀਕਾ ਦੀ ਨੇਵੀ ਸੀਲ ਨੇ ਮਈ, 2011 ਨੂੰ ਐਬਟਾਬਾਦ ਵਿਖੇ ਉਸ ਨੂੰ ਦਬੋਚ ਕੇ ਉਸ ਦੇ ਕੀਤੇ ਮਹਾਂ ਅਪਰਾਧ ਦੀ ਸਜ਼ਾ ਦੇ ਦਿੱਤੀ ਸੀ।' ਉਸ ਦੇ ਮਾਰਨ ਦਾ ਰੋਮਾਂਟਿਕ ਡਰਾਮਈ ਘਟਨਾ-ਕ੍ਰਮ ਦਰਸ਼ਕ ਸਾਹ ਸੂਤ ਕੇ ਵੇਖ ਰਹੇ ਸਨ। ਉਹ ਆਪ ਤਾਂ ਮਾਰਿਆ ਗਿਆ ਪਰ ਉਸ ਦੇ ਬਾਕੀ ਮੁੱਠੀ ਭਰ ਵਹਿਸ਼ੀ ਅਜੇ ਵੀ ਦੁਨੀਆ ਨੂੰ ਡਰਾ ਧਮਕਾ ਰਹੇ ਨੇ। ਅਮਰੀਕਾ ਦੀਆਂ ਅੱਖਾਂ ਵਿਚ ਰੋੜੇ ਵਾਂਗ ਰੜਕਦੇ ਇਸ ਮਨਹੂਸ ਸ਼ਖ਼ਸ ਦੀ ਫ਼ੋਟੋ ਵੇਖ ਕੇ ਮੁਸਾਫ਼ਰ ਵੀ ਕੁੜੱਤਣ ਥੁੱਕ ਰਹੇ ਹਨ।

ਟੀ. ਵੀ. ਸਕਰੀਨ ਤੋਂ ਪਾਸੇ ਹਟਦੀਆਂ, ਤੀਰਾਂ ਵਾਂਗ ਵਿੰਨ੍ਹਦੀਆਂ ਨਜ਼ਰਾਂ ਮੇਰੇ ਵੱਲ ਖੁੱਭੀਆਂ ਵੇਖ ਕੇ ਮੈਂ ਘਬਰਾ ਗਿਆ ਜਿਵੇਂ ਮੈਂ ਹੀ ਬਿਨ ਲਾਦੇਨ ਹੋਵਾਂ। ਮੈਂ ਆਪਣੇ ਆਪ ਵੱਲ ਦੇਖਿਆ, ਪਲ ਦੀ ਪਲ ਸੋਚਿਆ। ਦੂਰ ਤਕ ਦਿਸਦੀ ਦਸ ਵੀਹ ਹਜ਼ਾਰ ਸੈਲਾਨੀਆਂ ਦੀ ਭੀੜ ਵਿਚ ਮੈਂ ਹੀ ਇਕ ਇਕੱਲਾ ਪਗੜੀ,ਦਾੜ੍ਹੀ ਵਾਲਾ ਨਿੱਖੜਵਾਂ ਨਿਆਰਾ ਵਿਅਕਤੀ ਸਾਂ। ਸੋਚਿਆ ਉੱਚੀ ਉੱਚੀ ਚਿੱਲਾਵਾਂ ਤੇ ਉਨ੍ਹਾਂ ਨੂੰ ਵਕਾਲਤ ਕਰਾਂ, 'ਮੈਂ ਲਾਦੇਨ ਨਹੀਂ, ਮੈਂ ਬਿਨ ਲਾਦੇਨ ਨਹੀਂ... ਮੈਂ ਤਾਲਿਬਾਨ ਨਹੀਂ...' ਪਰ ਏਨੀ ਵਣੀ ਵਣੀ ਦੀ ਲੱਕੜੀ, ਅੰਨ੍ਹੀ ਭੀੜ ਵਿਚ ਚੱਕੀਰਾਹ ਦੀ ਕਿਸ ਨੇ ਸੁਣਨੀ ਹੈ। 'ਆਪਣਾ ਆਪ ਸੰਭਾਲ ਕੇ ਰੱਖੋ, ਕਿਸੇ ਨੂੰ ਦੋਸ਼ ਨਾ ਦਿਓ।' ਜਿਵੇਂ ਕੱਲ੍ਹ ਹੀ ਮੇਰੇ ਸਾਥੀਆਂ ਨੇ ਸਲਾਹ ਦਿੱਤੀ ਸੀ। 'ਇਹ ਲੋਕ ਪਗੜੀ ਤੋਂ ਬਹੁਤ ਖ਼ੌਫ਼ ਖਾਂਦੇ ਨਫ਼ਰਤ ਕਰਦੇ ਨੇ। ਪਗੜੀ ਨੂੰ ਹੀ ਸ਼ਾਇਦ ਤਬਾਹੀ ਮਚਾਉਂਦੀ, ਭੜਕਾਉਂਦੀ ਮਿਜ਼ਾਈਲ ਸਮਝੀ ਬੈਠੇ ਨੇ।' ਮੈਂ ਬੈਗ ਵਿਚੋਂ ਪਟਕਾ ਕੱਢ ਕੇ ਪਗੜੀ ਲਾਹ ਕੇ ਬੈਗ ਵਿਚ ਲੁਕਾਉਣ ਦੀ ਸੋਚੀ ਪਰ ਨਹੀਂ! ਇਹ ਦਸਤਾਰ ਮੇਰੀ ਵਿਲੱਖਣ ਨਿਵੇਕਲੀ ਪਹਿਚਾਣ ਹੈ, ਮੈਂ ਇਸ ਨੂੰ ਕਦੇ ਕਿਸੇ ਵੀ ਕੀਮਤ 'ਤੇ ਆਪਣੇ ਸਿਰ ਤੋਂ ਅਲੱਗ ਨਹੀਂ ਹੋਣ ਦਿਆਂਗਾ। ਅੰਦਰਲੀ ਆਵਾਜ਼ ਨੇ ਮੇਰਾ ਇਰਾਦਾ ਬਦਲ ਦਿੱਤਾ। ਅਸਮਾਨ ਉਪਰ ਉਡਦੇ ਹੈਲੀਕਾਪਟਰ ਦੀਆਂ ਸਰਚ-ਲਾਈਟਾਂ ਮੇਰੇ 'ਤੇ ਕੇਂਦਰਤ ਹੋਣ ਲੱਗੀਆਂ। ਮੇਰੇ ਨੇੜਿਉਂ ਭੀੜ ਕੰਨੀਂ ਕਤਰਾਉਣ ਲੱਗੀ। ਮੇਰੇ ਉਦਾਲ਼ੇ ਲੋਕ ਵਿਰਲੇ ਹੋ ਗਏ ਤੇ ਮੈਂ ਇਕੱਲਾ ਸ਼ਿਕਾਰੀ ਨਜ਼ਰਾਂ ਦੇ ਘੇਰੇ ਵਿਚ ਆ ਗਿਆ।

'ਹੈਲੋ! ਗੁੱਡ ਈਵਨਿੰਗ!' ਬਿੱਲੀ ਦੇ ਰਸਤਾ ਕੱਟਣ ਵਾਂਗ ਚਾਣਚੱਕ ਇਕ ਪੁਲਸੀਏ ਨੇ ਮੇਰੇ ਅੱਗੇ ਆ ਸਾਈਕਲ ਖੜ੍ਹਾ ਕਰ ਦਿੱਤਾ। ਉਸ ਨੇ ਵਿੰਗੀ ਜਿਹੀ ਮੁਸਕਰਾਹਟ ਸੁੱਟ ਕੇ ਮੈਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਪਹਿਲਾਂ ਹੀ ਮਾਨਸਿਕ ਬਦਹਾਲੀ ਨਾਲ ਜੂਝ ਰਹੀ ਮੇਰੀ ਮਨੋਦਸ਼ਾ ਹੋਰ ਬੌਂਦਲ ਗਈ।

'ਸ਼ਰਨਜਿੱਥ?' ਇਕ ਨੇ ਅਟਕ ਅਟਕ ਕੇ ਪੁਕਾਰਿਆ।

'ਪੈਨਯੂ?' ਦੂਜੇ ਨੇ ਉਸ ਦਾ ਵਾਕ ਪੂਰਾ ਕਰ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿੱਚ ਲਈ ਕਿਉਂਕਿ ਇਹ ਮੇਰੇ ਨਾਮ ਦਾ ਹੀ ਵਿਗਾੜਿਆ ਗ਼ਲਤ ਉਚਾਰਨ ਸੀ।

ਸਾਈਕਲ ਵਾਲੇ ਸਿਪਾਹੀਆਂ ਦੀ ਜੋੜੀ ਮੇਰੇ ਉਦਾਲੇ ਗਿਰਝਾਂ ਵਾਂਗ ਝਪਟੀ। ਰੌਸ਼ਨੀਆਂ ਦੇ ਸਮੁੰਦਰ ਵਿਚ ਤਾਰੀਆਂ ਲਾ ਰਹੇ ਸਮੇਂ ਨੂੰ ਜਿਵੇਂ ਮਗਰਮੱਛ ਨੇ ਹੜੱਪ ਲਿਆ, ਪਤਾ ਨਹੀਂ ਕੀ ਭਾਣਾ ਵਰਤਣ ਵਾਲਾ ਹੈ। ਜੂਏ ਵਿਚ ਜਿੱਤੇ ਬਾਕੀ ਰਹਿੰਦੇ ਸੌ ਡਾਲਰ ਮੇਰੀ ਜੇਬ ਵਿਚ ਫਨੀਅਰ ਵਾਂਗ ਫੁੰਕਾਰਨ ਲੱਗੇ। ਸ਼ਾਇਦ ਜੂਆ ਪ੍ਰਣਾਲੀ ਵਿਚ ਹੀ ਮੈਥੋਂ ਕੋਈ ਕੁਤਾਹੀ ਹੋ ਗਈ? ਇਹ ਮੇਰੇ ਅੱਗੇ ਆਣ ਖੜ੍ਹੇ ਨੇ। ਮੈਂ ਕੋਈ ਗ਼ੈਰ-ਕਾਨੂੰਨੀ ਕਾਰਾ ਤਾਂ ਨਹੀਂ ਕੀਤਾ, ਨਾ ਹੀ ਕਿਸੇ ਨੂੰ ਆਪਣਾ ਨਾਂ ਪਤਾ ਦੱਸਿਆ ਹੈ। ਇਹ ਮੇਰਾ ਨਾਮ ਕਿਵੇਂ ਜਾਣਦੇ ਨੇ?... ਹੋ ਸਕਦਾ ਕਿਸੇ ਬਦਨਾਮ ਅਪਰਾਧੀ ਨਾਲ ਕੰਪਿਊਟਰ ਨੇ ਮੇਰਾ ਨਾਂ, ਪਤਾ, ਹੁਲੀਆ ਮਿਲਾ ਦਿੱਤਾ ਹੋਵੇ। ਇਹੋ ਹੀ ਹੈ ਨਵਾਂ ਕੰਬਖ਼ਤ! ਜੋ ਆਕਾਸ਼, ਪਾਤਾਲ, ਧਰਤੀ ਹੰਗਾਲ਼ ਛੱਡਦਾ ਹੈ। ਜ਼ਰੂਰ ਇਸ ਨੂੰ ਗ਼ਲਤੀ ਲੱਗੀ ਹੈ। ਕੁਝ



ਤਮਾਸ਼ਬੀਨ ਮੇਰੀ ਦੁਰਦਸ਼ਾ ਵੇਖਣ ਲਈ ਰੁਕ ਗਏ, ਮੈਂ ਉਨ੍ਹਾਂ ਲਈ ਕੋਈ ਖ਼ੂੰਖ਼ਾਰ ਦਹਿਸ਼ਤਪਸੰਦ ਹੀ ਤਾਂ ਸੀ। ਝਬਦੇ ਹੀ ਹੂਟਰ ਮਾਰਦੀ ਇਕ ਹੋਰ ਪੁਲੀਸ ਕਾਰ ਆ ਪਹੁੰਚੀ। ਸਾਈਕਲ ਬਰਗੇਡ ਪਾਸੇ ਹੋ ਗਿਆ।

'ਥੱਲੇ ਬੈਠੋ।' ਆਗਿਆਕਾਰੀ ਬੱਚੇ ਵਾਂਗ ਮੈਂ ਤੁਰੰਤ ਥੱਲੇ ਬੈਠ ਗਿਆ। ਪੁਲਸੀਆਂ ਦਾ ਆਦੇਸ਼ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਮੈਨੂੰ ਭਲੀ ਭਾਂਤ ਪਤਾ ਸੀ, ਇਹ ਇਕ ਵੇਰਾਂ ਹੀ ਕਹਿੰਦੇ ਹਨ ਤੇ ਦੂਜੀ ਵੇਰ ਉਡੀਕਣ ਤੋਂ ਪਹਿਲਾਂ ਹੀ ਗੋਲੀ ਮਾਰ ਦਿੰਦੇ ਹਨ। ਹਰ ਡਰਾਈਵਰ ਨੂੰ ਵੀ ਇਹੀ ਉਪਦੇਸ਼ ਹੁੰਦਾ ਹੈ ਕਿ ਜਦ ਪੁਲੀਸ ਵਾਲੇ ਤੁਹਾਨੂੰ ਰੋਕਣ, ਗੱਡੀ ਪਾਸੇ ਕੱਢ ਕੇ ਸਟੇਅਰਿੰਗ 'ਤੇ ਹੱਥ ਰੱਖ ਕੇ ਬੈਠ ਜਾਓ। ਜ਼ਰਾ ਵੀ ਹੱਥਾਂ ਦੀ ਹਰਕਤ ਨਹੀਂ ਕਰਨੀ, ਨਹੀਂ ਤੇ ਹੋ ਸਕਦਾ ਹੈ ਕਿ ਉਹ ਇਹ ਸਮਝ ਲੈਣ ਕਿ ਇਸ ਕੋਲ ਅਸਲਾ ਹੈ ਤੇ ਤੁਹਾਡੇ ਗੋਲੀ ਚਲਾਉਣ ਤੋਂ ਪਹਿਲਾਂ ਹੀ ਉਹ ਆਪਣਾ ਵੱਤਰ ਵਾਹ ਜਾਂਦੇ ਨੇ। ਚਾਰ ਜੁਲਾਈ 2011 ਨੂੰ ਏਸੇ ਕਾਰਨ ਕਰ ਕੇ ਯੂਬਾਸਿਟੀ ਵਿਖੇ ਇਕ 72 ਸਾਲਾ ਬਜ਼ੁਰਗ ਜਗਤਾਰ ਸਿੰਘ ਕੰਗ ਨੂੰ ਕਾਰ ਵਿਚ ਬੈਠੇ ਨੂੰ ਸ਼ੈਰਿਫ ਨੇ ਗੋਲੀ ਨਾਲ ਢੇਰੀ ਕਰ ਦਿੱਤਾ ਸੀ ਤੇ ਬਾਅਦ ਵਿਚ ਉਸ ਦਾ ਕੋਈ ਮੁੱਲ ਨਹੀਂ ਪਿਆ।

ਉਨ੍ਹਾਂ ਇਕ ਪਟੇ ਨਾਲ ਮੇਰੇ ਹੱਥ ਬੰਨ੍ਹ ਦਿੱਤੇ। ਸ਼ੁਕਰ! ਉਨ੍ਹਾਂ ਹੱਥਕੜੀ ਨਹੀਂ ਲਗਾਈ ਤੇ ਪੰਜਾਬ ਪੁਲਸ ਵਾਂਗ ਮੇਰੀ ਦਸਤਾਰ ਲਾਹ ਕੇ ਨਹੀਂ ਬੰਨ੍ਹੀ। ਮੇਰਾ ਹੱਥ-ਬੈਗ ਉਨ੍ਹਾਂ ਝਪਟ ਲਿਆ। 'ਚਲੋ ਵੜੋ ਵਿਚ।' ਇਸ਼ਾਰੇ ਨਾਲ ਮੈਂ ਕਾਰ ਅੰਦਰ ਵੜ ਗਿਆ। ਦਰਵਾਜ਼ੇ ਬੰਦ ਹੋ ਗਏ। ਕੁੱਕੜਾਂ ਦੇ ਖੁੱਡੇ ਵਰਗੇ ਜਾਲੀਦਾਰ ਖ਼ਾਨੇ ਵਿਚ ਸੁੱਟਣ ਤੋਂ ਪਹਿਲਾਂ ਉਨ੍ਹਾਂ ਮੇਰੀਆਂ ਨਜ਼ਰਾਂ ਬੰਦ ਕਰਨ ਲਈ ਇਕ ਪੱਟੀ ਬੰਨ੍ਹ ਦਿੱਤੀ।

'ਤੁਸੀਂ ਸਿਨਮਾ ਹਾਲ ਵਿਚ ਕੀ ਕਰਦੇ ਸੀ?' ਉਸ ਦੀ ਅੰਗਰੇਜ਼ੀ ਦਾ ਮਤਲਬ ਮੈਂ ਚੰਗੀ ਤਰ੍ਹਾਂ ਸਮਝ ਗਿਆ।

'ਮੈਂ ਉੱਥੇ ਸ਼ੋਅ ਵੇਖਣ ਗਿਆ ਸੀ ਪਰ ਆਪਣੇ ਸਾਥੀਆਂ ਤੋਂ ਖੁੰਝ ਗਿਆ।' ਮੈਂ ਆਪਣਾ ਜੁਆਬ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਮੋੜ ਦਿੱਤਾ।

'ਕਿੱਥੇ ਨੇ ਤੇਰੇ ਸਾਥੀ? ਤੇਰੇ ਨਾਲ ਹੋਰ ਕੌਣ ਨੇ?' ਉਸ ਸਿਕਿਉਰਿਟੀ ਗਾਰਡ ਦੇ ਚਿੱਟੇ ਡੇਲੇ ਯਾਦ ਕਰ ਕੇ ਮੈਨੂੰ ਯਕੀਨ ਆ ਗਿਆ ਕਿ ਪੁਲਸ ਨੂੰ ਇਤਲਾਹ ਦੇ ਕੇ ਪੰਗਾ ਪਾਉਣ ਦੀ ਇਹ ਉਸ ਦੀ ਹੀ ਕਾਰਸਤਾਨੀ ਹੋਵੇਗੀ।

'ਇਸ ਪਸਤੌਲ ਨਾਲ ਕਿੰਨੇ ਬੰਦੇ ਮਾਰੇ ਨੇ? ਕਿੱਥੇ ਕਿੱਥੇ ਪਟਾਕੇ ਚਲਾ ਕੇ ਦਹਿਸ਼ਤ ਫੈਲਾਉਂਦਾ ਰਿਹਾ ਹੈਂ ਤੂੰ?' ਛੁਰਲੀਆਂ ਵਰਗੇ ਉਸ ਦੇ ਸੁਆਲ ਮੇਰੀ ਆਤਮਾ ਲੂਹਣ ਲੱਗੇ।

'ਇਹ ਪਸਤੌਲ ਨਕਲੀ ਹੈ, ਬੱਚੇ ਦਾ ਖਿਡਾਉਣਾ ਹੈ।' ਮੇਰਾ ਦੋ-ਟੁੱਕ ਸੰਖੇਪ ਜੁਆਬ ਸੀ।

'ਮੈਨੂੰ ਚੰਗੀ ਤਰ੍ਹਾਂ ਪਤਾ! ਲੋਕਾਂ ਨੂੰ ਡਰਾਉਣ ਤੇ ਲੁੱਟਣ ਵਾਸਤੇ ਤਾਂ ਨਕਲੀ ਵੀ ਕੰਮ ਆ ਜਾਂਦੇ ਨੇ। ਤੇਰਾ ਕੈਂਪ ਕਿੱਥੇ ਹੈ? ਅਸਲਾ ਬਰੂਦ ਕਿੱਥੇ ਲੁਕਾ ਰੱਖਿਆ? ਵਿਸਫੋਟਕ ਪਦਾਰਥ ਕਿੱਥੇ ਲੁਕਾਇਆ? ਹੂਵਰ-ਡੈਮ ਉਡਾਉਣ ਦਾ ਨਿਰਧਾਰਤ ਸਮਾਂ ਕਦੋਂ ਰੱਖਿਆ ਹੈ? ਡਰੱਗ ਕਿੰਨੀ ਹੈ? ਕਿਹੜੀ ਐ ਤੇਰੇ ਕੋਲ? ਬਾਥ-ਸਾਲਟ ਇੱਥੇ ਜ਼ਿਆਦਾ ਵਿਕਦਾ ਹੈ। ਸਾਡੇ ਪੁਲੀਸ ਵਾਲੇ ਵੀ ਇਸ ਦੇ ਖ਼ਾਸ ਸ਼ੌਕੀਨ ਨੇ। ਤੇਰੇ ਗਾਹਕ ਬਣ ਜਾਣਗੇ।' ਉਹ ਪੁਲਸ ਅਧਿਕਾਰੀ ਬਦਮਜ਼ਗੀ ਜਿਹੀ ਨਾਲ ਮੈਨੂੰ ਯਰਕਾਉਂਦਾ ਰਿਹਾ। ਕਾਰ ਦੌੜਦੀ ਥੋੜ੍ਹੀ ਦੇਰ ਵਿਚ ਅਣਦੱਸੀ ਥਾਂ ਲੈ ਗਈ। ਪੁਲੀਸ ਹੈੱਡਕੁਆਟਰ ਜਾਪਦੀ ਇਹ ਇਮਾਰਤ ਨੇੜੇ ਹੀ ਸੀ। ਅੰਦਰ ਵੜ ਕੇ ਤੇਰ੍ਹਵੀਂ ਮੰਜ਼ਲ 'ਤੇ ਪਹੁੰਚ ਗਏ। ਤੇਰਾਂ ਸ਼ਬਦ ਗੋਰੀ ਸਭਿਅਤਾ ਵਿਚ ਕਲਹਿਣਾ/ਖ਼ਤਰਨਾਕ ਸਮਝਿਆ ਜਾਂਦਾ ਹੈ ਜਿਵੇਂ ਚੰਡੀਗੜ੍ਹ ਬਣਾਉਣ ਵਾਲੇ ਗੋਰੇ ਇੰਜੀਨੀਅਰ ਨੇ 'ਤੇਰਾਂ' ਸੈਕਟਰ ਦਾ ਨਾਮ ਹੀ ਨਹੀਂ ਸੀ ਰੱਖਿਆ

ਤੇ ਸਾਡੇ ਦੇਸੀ ਵਿਉਂਤ-ਘਾੜਿਆਂ ਨੇ ਇਸ ਸੰਕਲਪ ਨੂੰ ਸਤਿ ਕਰ ਕੇ ਅਪਣਾ ਲਿਆ ਸੀ। ਇਸ ਧਾਰਨਾ ਦੇ ਉਲਟ ਤੇਰਾਂ ਸ਼ਬਦ ਮੇਰੇ ਲਈ ਬਹੁਤ ਸ਼ੁਭ ਮੇਰਾ ਅਜ਼ਮਾਇਆ ਤੇ ਹੰਢਾਇਆ ਹੋਇਆ ਹੈ। ਮੈਨੂੰ ਯਕੀਨ ਤੇ ਮਾਨਸਿਕ ਤਸੱਲੀ ਹੋ ਗਈ ਕਿ ਇੱਥੇ ਮੇਰਾ ਕੁਝ ਵਿਗੜਨ ਵਾਲਾ ਨਹੀਂ ਤੇ ਸਭ ਅੱਛਾ ਹੀ ਰਹੇਗਾ।

ਬਿਜਲਈ ਯੰਤਰ ਨਾਲ ਮੇਰੀ ਜਾਮਾ ਤਲਾਸ਼ੀ ਲਈ ਗਈ। ਕਈ ਤਰ੍ਹਾਂ ਦੀਆਂ ਸਕਰੀਨਿੰਗ ਮਸ਼ੀਨਾਂ ਵਿਚ ਦੀ ਲੰਘਾ ਕੇ ਇਕ ਹਨੇਰੇ ਭੋਰੇ ਵਿਚ ਤਾੜ ਕੇ ਮੇਰੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਪੱਟੀ ਮੈਂ ਆਪੇ ਖਿਸਕਾ ਲਈ। ਕੜਾ, ਘੜੀ, ਮੁੰਦੀ, ਪੈੱਨ, ਪਰਸ ਮੈਥੋਂ ਉਨ੍ਹਾਂ ਹਥਿਆ ਲਏ। ਮਸ਼ੀਨਾਂ ਇਕ ਅੱਧ ਵਾਰ ਟੂੰ ਟਾਂ ਕਰ ਕੇ ਬੰਦ ਹੋ ਗਈਆਂ। ਕਲੋਲਾਂ ਕਰਦੇ ਹੰਸ ਨੂੰ ਜਿਵੇਂ ਅਚਨਚੇਤ ਬਾਜ਼ ਝਪਟਾ ਮਾਰ ਕੇ ਉਸ ਦੇ ਰੰਗ ਵਿਚ ਭੰਗ ਪਾ ਕੇ ਪਹੁੰਚਿਆਂ 'ਚ ਲੈ ਕੇ ਉਡ ਜਾਂਦਾ ਹੈ, ਕੱਝ ਇਵੇਂ ਹੀ ਹੋਇਆ ਮੇਰੇ ਨਾਲ਼। ਕਾਲੀ ਕੋਠੜੀ ਅੰਦਰ ਡੱਕਿਆ ਮੈਂ ਆਪਣੀ ਕਿਸਮਤ ਤੇ ਪ੍ਰਾਸ਼ਚਿਤ ਕਰ ਰਿਹਾ ਸਾਂ। ਝਿਲਮਿਲ ਕਰਦੇ ਸੁਪਨਿਆਂ ਦੀ ਸਾਕਾਰ ਮੰਜ਼ਰ ਲਾਸ-ਵੇਗੱਸ ਮੇਰੀ ਬੜੀ ਮਨਭਾਉਂਦੀ ਵਿਲੱਖਣ ਤਫ਼ਰੀਹ ਸੈਰਗਾਹ ਸੀ, ਪਰ ਹੁਣ ਮੇਰੇ ਸਾਰੇ ਅਰਮਾਨ ਟੁੱਟਦੇ ਤਾਰੇ ਵਾਂਗ ਝਕਾਨੀ ਮਾਰ ਕੇ ਓਝਲ ਹੋ ਗਏ। ਰੇਗਿਸਤਾਨ ਵਿਚ ਸਮੁੰਦਰ ਦੀਆਂ ਉਠਦੀਆਂ ਛੱਲਾਂ ਸੰਗ ਖੇਲ੍ਹਣ ਦੇ ਮੇਰੇ ਚਾਅ ਅਤੇ ਹੁਸੀਨ ਪਲਾਂ ਦੀ ਤਵੱਕੋ ਅਮਰੀਕੀ ਪੁਲਸ ਦੇ ਟੇਟੇ ਚੜ੍ਹ ਗਈ। ਇਹ ਕਾਲ ਕੋਠੜੀ ਮੇਰੇ ਵਾਸਤੇ ਨਵੀਂ ਨਹੀਂ ਸੀ। 1984 ਪੰਜਾਬ ਘੱਲੂਘਾਰੇ ਦੌਰਾਨ ਅੰਮ੍ਰਿਤਸਰ ਦੇ ਮਾਲ ਮੰਡੀ ਤਸ਼ੱਦਦ ਘਰ ਦੀਆਂ ਚੱਡੇ-ਪਾੜ ਯਾਚਨਾਵਾਂ ਯਾਦ ਕਰ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ। ਮੈਂ ਮਾਨਸਿਕ ਰੂਪ ਵਿਚ ਆਪਣੇ ਆਪ ਨੂੰ ਅਜਿਹੇ ਪਰਿਣਾਮ ਲਈ ਤਿਆਰ ਕਰ ਲਿਆ।

ਮੈਨੂੰ ਆਪਣੇ ਸਾਥੀਆਂ ਦੀ ਬਿਗਾਨਿਆਂ ਵਰਗੀ ਗ਼ੈਰ-ਜ਼ਿੰਮੇਵਾਰ ਹਰਕਤ 'ਤੇ ਵਾਰ ਵਾਰ ਚਿੜ੍ਹ ਆ ਰਹੀ ਸੀ। ਮੈਂ ਤਾਂ ਉਨ੍ਹਾਂ ਨੂੰ ਸਿਹਤ ਠੀਕ ਨਾ ਠੀਕ ਹੋਣ ਬਹਾਨੇ ਛੱਡ ਆਇਆ ਸੀ, ਪਰ ਉਨ੍ਹਾਂ ਮੇਰਾ ਪਿੱਛਾ ਹੀ ਨਹੀਂ ਕੀਤਾ। ਕੋਈ ਖ਼ਬਰ-ਸਾਰ ਨਹੀਂ ਲਈ, ਕਿੱਥੇ ਖੂਹ ਖਾਤੇ ਧੱਕੇ ਖਾਂਦਾ ਹੋਊ। ਮੈਂ ਤਾਂ ਏਨੀ ਭੀੜ ਵਿਚ ਉਨ੍ਹਾਂ ਨੂੰ ਪਛਾਣ ਨਹੀਂ ਸਕਿਆ ਪਰ ਉਹ ਤਾਂ ਸਵਾ ਲੱਖ ਵਰਗੇ ਇਕ ਪਗੜੀਧਾਰੀ ਨੂੰ ਦੂਰੋਂ ਪਛਾਣ ਸਕਦੇ ਸਨ। ਠੀਕ ਹੀ ਕਹਿੰਦੇ ਨੇ, 'ਅਮਰੀਕਾ ਦੇ ਪਦਾਰਥਵਾਦੀ ਪਾਣੀਆਂ ਨਾਲ ਰਿਸ਼ਤਿਆਂ ਦੇ ਲਹੂ ਚਿੱਟੇ ਹੋ ਜਾਂਦੇ ਨੇ ਤੇ ਦੁੱਖ ਦੀਆਂ ਘੜੀਆਂ ਸਮੇਂ ਆਪਣੇ ਵੀ ਮੁੱਖ ਮੋੜ ਜਾਂਦੇ ਨੇ। ਸਾਰੇ ਆਪਣੀ ਆਪਣੀ ਪੀਹੜੀ ਸਾਂਭਦੇ ਨੇ, ਹੋਰ ਕਿਸੇ ਬਾਰੇ ਸੋਚਣ ਝਾਕਣ ਦੀ ਕਿਸੇ ਤੂੰ ਫ਼ੁਰਸਤ ਨਹੀਂ।' ਇਹ ਸੱਚ ਹੀ ਤਾਂ ਸੀ.. ਫ਼ੌਲਾਦ ਵਰਗੀ ਪੱਕੀ ਹਕੀਕਤ ਅੱਜ ਮੇਰੇ ਸਾਹਮਣੇ ਸੀ। 'ਹੋ ਸਕਦਾ, ਇੱਥੇ ਕਈ ਕਿਸਮ ਦੇ ਨਿਰਲੱਜ ਕਲੱਬ, ਬਾਲ-ਰੂਮ, ਡਾਰਕ-ਰੂਮ ਡਾਂਸ, ਕੈਬਰੇ ਡਾਂਸ, ਜਾਂ ਬੇਸਮੈਂਟ ਜਿੱਥੇ ਇਹ ਨੌਜੁਆਨ ਪੀੜ੍ਹੀ ਵਡਾਰੂਆਂ ਦੇ ਨਾਲ ਜਾਣਾ ਪਸੰਦ ਨਹੀਂ ਕਰਦੀ, ਵਾਸਤੇ ਮੈਨੂੰ ਜਾਣ ਬੁੱਝ ਕੇ ਟਰਕਾਈ ਮਾਰ ਗਏ ਹੋਣ।' ਕਈ ਤਰ੍ਹਾਂ ਦੇ ਛਿਣ-ਭੰਗਰ ਖ਼ਿਆਲ ਉਤਰਦੇ ਚੜ੍ਹਦੇ ਮੇਰੀ ਰੂਹ ਨੂੰ ਝੰਜੋੜਦੇ ਰਹੇ।

ਘੰਟੇ ਕੁ ਬਾਅਦ ਅਚਨਚੇਤ ਹਨੇਰੇ ਕਮਰੇ ਵਿਚ ਸਪੀਕਰ ਦੀ ਆਵਾਜ਼ ਨੇ ਮੇਰੀ ਉਤਸੁਕ ਉਡਾਣ ਭੰਗ ਕਰ ਦਿੱਤੀ। 'ਹੈਲੋ ਸਰ! ਕੀ ਹਾਲ ਹੈ ਤੁਹਾਡਾ?' ਨਾਲ ਦੀ ਕੈਬਿਨ ਵਿਚ ਬੱਤੀ ਜਗਣ ਨਾਲ ਇਕ ਤਫ਼ਤੀਸ਼ੀ ਅਫ਼ਸਰ ਪ੍ਰਗਟ ਹੋ ਗਿਆ। ਉਹ ਮੇਰਾ ਬਟੂਆ ਫੋਲ ਰਿਹਾ ਸੀ।

'ਠੀਕ! ਬਿਲਕੁਲ ਠੀਕ ਹਾਂ ਅਜੇ! ਧੰਨਵਾਦ।' ਮੈਂ ਸਾਵਧਾਨ ਹੋ ਗਿਆ।

'ਨਾਈਨ ਇਲੈਵਨ ਵੇਲੇ ਤੇਰੀ ਡਿਊਟੀ ਬੜੀ ਸਖ਼ਤ ਸੀ। ਤੂੰ ਚੰਗਾ ਖ਼ੁਸ਼ਕਿਸਮਤ ਰਿਹਾ। ਏਨੇ ਭਿਆਨਕ ਹਮਲੇ ਵਿਚੋਂ ਬਚ ਨਿਕਲਿਆ ਸਾਬਤ ਸਬੂਤਾ। ਤੁਹਾਡੀ ਜਥੇਬੰਦੀ ਬੜੀ ਤਕੜੀ ਹੈ। ਬੜੇ ਵਫ਼ਾਦਾਰ ਨੇ ਇਸ ਦੇ ਸਿਪਾਹੀ। ਬੜੀਆਂ ਜਗੀਰਾਂ ਮਿਲਦੀਆਂ ਨੇ ਤੁਹਾਨੂੰ... ਬੜੀਆਂ



ਸਹੂਲਤਾਂ ਨੇ, ਮੈਂ ਵੀ ਭਰਤੀ ਹੋਣਾ ਚਾਹੁੰਦਾ ਹਾਂ ਤੁਹਾਡੀ ਸੰਸਥਾ ਵਿਚ। ਮੇਰੀ ਮਦਦ ਕਰੇਂਗਾ?' ਉਸ ਦੀ ਮਿਸ਼ਰੀ ਲਿੱਬੜੀ ਜ਼ਹਿਰੀਲੀ ਭਾਸ਼ਾ ਮੇਰੇ ਕੰਨਾਂ ਨੂੰ ਮਿਰਚਾਂ ਵਾਂਗ ਚੁਭੀ।

'ਬਿਨ ਲਾਦੇਨ ਨੂੰ ਕਦੋਂ ਮਿਲੇ ਸੀ, ਖੁਮੀਨੀ, ਸੱਦਾਮ ਹੁਸੈਨ ਬਾਰੇ ਕੀ ਖ਼ਬਰ ਹੈ।' ਉਹ ਊਟ-ਪਟਾਂਗ ਸਵਾਲਾਂ ਨਾਲ ਮੈਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੀ ਘਬਰਾਹਟ ਵਧਣ ਲੱਗੀ। ਸਾਹ ਸੁੱਕਣ ਲੱਗਾ। ਮੈਨੂੰ ਜਾਪਿਆ ਇਹ ਐਵੇਂ ਮੇਰੀ ਪਗੜੀ ਕਾਰਨ ਏਨੀ ਭੀੜ ਵਿਚੋਂ ਵੱਖਰਾ ਖਿੱਚ ਕੇ ਮੇਰੇ ਨਾਲ ਸ਼ਰ੍ਹੇਆਮ ਨਸਲੀ ਵਿਤਕਰਾ ਕਰ ਰਹੇ ਨੇ।

'ਇਹ ਸਾਰੇ ਭੱਦਰ-ਪੁਰਖ ਜਹੰਨਮ ਦੇ ਵਾਸੀ ਨੇ। ਮੈਂ ਉੱਥੋਂ ਨਹੀਂ ਆਇਆ ਤੇ ਨਾ ਹੀ ਮੇਰਾ ਉੱਥੇ ਜਾਣ ਦਾ ਇਰਾਦਾ ਹੈ ਅਜੇ। ਤੁਸੀਂ ਮੈਨੂੰ ਇਹ ਬੇਢੰਗੇ ਸਵਾਲ ਕਿਉਂ ਪੁੱਛ ਰਹੇ ਹੋ?' ਸ਼ਿਕਾਰੀ ਹੱਥ ਆਏ ਬੇਵੱਸ ਸ਼ਿਕਾਰ ਵਾਂਗ ਮੈਂ ਤਿਲਮਿਲਾ ਉਠਿਆ।

'ਕੀ ਤੁਸੀਂ ਈਰਾਨੀ ਹੋ? ਅਫ਼ਗ਼ਾਨੀ ਹੋ? ਸ਼ੀਆ ਜਾਂ ਸੁੰਨੀ?' ਉਹ ਮੇਰਾ ਸ਼ਨਾਖਤੀ-ਬਿੱਲਾ ਫੜ ਕੇ ਮੇਰੇ ਵੱਲ ਝਾਕਦਾ ਮੇਰੀ ਸ਼ਕਲ ਨਾਲ ਮਿਲਾ ਰਿਹਾ ਸੀ।

'ਨਹੀਂ! ਮੈਂ ਭਾਰਤੀ ਮੂਲ ਦਾ ਅਮਰੀਕੀ ਨਾਗਰਿਕ ਹਾਂ, ਸਿੱਖ ਹਾਂ, ਪੰਜਾਬੀ ਹਾਂ?' ਮੇਰਾ ਨਿਧੜਕ ਬਿਆਨ ਸੁਣ ਕੇ ਉਸ ਨੇ ਕੰਪਿਊਟਰ 'ਤੇ ਮਾਊਸ ਘੁਮਾ ਕੇ ਅਗਲਾ ਪੰਨਾ ਕੱਢਿਆ।

'ਸੀਕ??...ਵੇਖ! ਤੇਰੀ ਦਾੜ੍ਹੀ ਵੀ ਉਹੀ, ਮੁੱਛਾਂ ਵੀ ਉਹੀ, ਸਿਰ ਦਾ ਲਪੇਟਾ ਵੀ ਉਹੀ।' ਕੰਪਿਊਟਰ 'ਤੇ ਟੋਣੇ ਮਾਰਦਾ ਕਈ ਕਿਸਮ ਦੀਆਂ ਫ਼ੋਟੋ ਵੇਖਦਾ ਮੈਨੂੰ ਵਿਖਾਉਂਦਾ ਅਸਾਧਾਰਨ ਨਗਲੇ ਜਿਹੇ ਸਵਾਲਾਂ ਨਾਲ ਮੈਨੂੰ ਪੁਣ ਰਿਹਾ ਸੀ।

'ਸਮਝੇ! ... ਇੰਦਰਾ ਗਾਂਧੀ ਵੀ ਤੁਸੀਂ ਮਾਰੀ ਸੀ?' ਉਹ ਠਹਾਕਾ ਮਾਰ ਕੇ ਹੱਸਿਆ।

'ਜੀ...ਜੀ'। 'ਮੇਰਾ ਜੀਅ ਕੀਤਾ ਮੋਢੇ ਉੱਚੇ ਕਰਾਂ। ਉਖਲੀ ਵਿਚ ਸਿਰ ਆਇਆ ਤਾਂ ਇਕ ਸੱਟ ਹੋਰ ਸਹੀ ਪਰ ਮੇਰਾ ਜੁਆਬ ਉਡੀਕਣ ਤੋਂ ਬਿਨਾਂ ਹੀ ਉਹ ਬੇਰੋਕ ਅੱਗੇ ਬੋਲਦਾ ਗਿਆ।

'ਤੁਹਾਡੀ ਕੌਮ ਚੰਗੀ ਹੈ, ਤਲਵਾਰਾਂ ਘੁਮਾਓ, ਤਵੀਆਂ 'ਤੇ ਬੈਠੋ, ਬੰਦ ਬੰਦ ਕਟਵਾਓ, ਪ੍ਰਭੂ ਦੇ ਗੀਤ ਗਾਓ, ਭੰਗ ਪੀਓ, ਮਸਤ ਹੋ ਜਾਓ। ਫਿਰ ਆਪਣੇ ਆਪ ਨੂੰ ਏਦਾਂ ਛੁਪਾਉਂਦੇ ਕਿਉਂ ਹੋ? ਜੇ ਕੋਈ ਬੰਦਾ ਕੋਈ ਗੁਨਾਹ ਨਹੀਂ ਕਰਦਾ, ਤਾਂ ਇਹ ਮੜਾਸਾ ਜਿਹਾ ਬੰਨ੍ਹੀ ਮੂੰਹ ਸਿਰ ਕਿਉਂ ਛੁਪਾਈ ਫਿਰਦੇ ਹੋ?' ਉਸ ਨੇ ਮੇਰੀ ਪਗੜੀ ਵੱਲ ਹੱਥ ਉਲਾਰਿਆ।

'ਤੂੰ ਸੱਚੋ ਸੱਚ ਦੱਸ ਦੇ ਆਪਣੀ ਔਕਾਤ... ਮੈਂ ਤੇਰੇ ਨਾਲ ਤੇਰਾ ਹਮਦਰਦ ਹਾਂ... ਨਹੀਂ ਤੇ ਤੂੰ ਵੀ ਪ੍ਰੇਸ਼ਾਨ ਹੋਵੇਂਗਾ ਤੇ ਮੈਂ ਵੀ ਪਸ਼ੇਮਾਨ।' ਉਸ ਦਾ ਅਖੀਰਲਾ ਪੈਂਤੜਾ ਮੈਨੂੰ ਬਰਛੀ ਵਾਂਗੂੰ ਚੁਭਿਆ। ਉਸ ਦੇ ਲਗਾਤਾਰ ਸਵਾਲਾਂ ਨਾਲ ਮੈਂ ਜ਼ਰਾ ਜਿੰਨਾ ਵੀ ਨਹੀਂ ਉਭਾਸਰਿਆ। ਜੋਤਸ਼ੀ, ਮਨੋਵਿਗਿਆਨਕ, ਪਾਰਖੂ ਜਿਹੇ ਉਸ ਦੇ ਸਾਰੇ ਹਰਬੇ ਮੇਰੇ ਮੱਥੇ ਦੀਆਂ ਲਕੀਰਾਂ ਵਿਚੋਂ ਕੋਈ ਵੀ ਉਪੱਦਰ ਪੜ੍ਹਨ ਤੋਂ ਨਾਕਾਮ ਸਿੱਧ ਹੋਏ।

ਮੈਂ ਘੇਸਲਾ ਜਿਹਾ ਬਣਿਆ ਰਿਹਾ। ਮੈਂ ਨਹੀਂ ਸੀ ਚਾਹੁੰਦਾ ਉਹ ਮੇਰੀ ਵਜ੍ਹਾ ਨਾਲ ਮੇਰੇ ਦੂਸਰੇ ਸਾਥੀਆਂ ਨੂੰ ਫੜ ਕੇ ਉਨ੍ਹਾਂ ਦੇ ਮੌਜ ਮੇਲੇ ਵਿਚ ਖਲਬਲੀ ਮਚਾਉਣ। ਆਖ਼ਰ ਤਾਂ ਮੇਰੇ ਹੀ ਨੇ, ਮੌਜਾਂ ਮਾਣਨ। ਪੁਲਸ ਦੇ ਡਹਿਲ ਨਾਲ ਮੈਨੂੰ ਹੋਟਲ ਦਾ ਨਾਮ ਭੁੱਲ ਗਿਆ। ਕਮਰਾ ਨੰਬਰ 324 ਸਿਰਫ਼ ਯਾਦ ਸੀ। ਉਹ ਵੀ ਮੈਂ ਨਾ ਦੱਸਣ ਦਾ ਨਿਰਣਾ ਲੈ ਲਿਆ। ਅਮਰੀਕੀ ਕਾਨੂੰਨ ਅਨੁਸਾਰ 'ਕੋਈ ਵੀ ਅਧਿਕਾਰੀ ਮੁਨਾਸਬ ਵਾਰੰਟ ਤੋਂ ਬਗ਼ੈਰ ਤੁਹਾਡੀ ਤਲਾਸ਼ੀ ਲੈਣ ਜਾਂ ਤੁਹਾਨੂੰ ਮੂੰਹ ਖੋਲ੍ਹਣ ਤੇ ਇਕਬਾਲੀਆ ਬਿਆਨ ਦੇਣ ਲਈ ਮਜਬੂਰ ਨਹੀਂ ਕਰ ਸਕਦਾ।' ਇਹ ਮੈਨੂੰ ਪਤਾ ਸੀ ਤੇ ਅਮਰੀਕੀ ਸਿਟੀਜ਼ਨ ਬਣਨ ਕਰ ਕੇ ਮੈਂ ਅੱਜ ਉਸ ਤੋਂ ਫ਼ਾਇਦਾ ਲੈਣ ਦੀ ਵਕਾਲਤ ਕਰਨ ਲੱਗਾ। ਉਨ੍ਹਾਂ ਦੇ ਵਾਰ ਵਾਰ ਜਿਰ੍ਹਾ ਕਰਨ 'ਤੇ ਮੈਂ ਜ਼ਿਆਦਾ ਸਿਰ ਹੀ ਹਿਲਾਉਂਦਾ ਰਿਹਾ। ਉਨ੍ਹਾਂ ਦੇ ਪਿੜ

ਪੱਲੇ ਕੁੱਝ ਨਹੀਂ ਪਾਇਆ। ਅਜਿਹੀ ਨਮੋਸ਼ੀ ਸਮੇਂ ਆਪਣੇ ਸਾਥੀਆਂ ਨੂੰ ਇਸ ਅਚਾਨਕ ਪਈ ਜਾਂ ਆਪੇ ਸਹੇੜੀ ਬਲਾਮਤ ਵਿਚ ਉਲਝਾਉਣਾ ਮੈਂ ਮੁਨਾਸਬ ਨਹੀਂ ਸਮਝਿਆ। ਮੈਂ ਤਾਂ ਫਸਿਆ ਹੀ ਹਾਂ, ਉਨ੍ਹਾਂ ਨੂੰ ਕਿਉਂ ਉਲਝਾਵਾਂ। ਇਹ ਮੈਨੂੰ ਲਾਦੇਨ ਦਾ ਸਾਥੀ, ਪੈਰੋਕਾਰ, ਹਮਰਾਹੀ ਸਮਝੀ ਬੈਠੇ ਨੇ। ਬਦ ਨਾਲੋਂ ਬਦਨਾਮ ਬੁਰਾ, ਜ਼ਰੂਰ ਕੋਈ ਪਸਤੌਲ ਬੰਦੂਕ ਦੀ ਗੋਲੀ ਠੰਢੀ ਕਰਨਗੇ ਮੇਰੇ 'ਤੇ।

'ਇਹ ਕੁਝ ਹੋਰ ਜਾਪਦਾ ਹੈ, ਅੰਦਰਲੇ ਕਪਾਟ ਨਹੀਂ ਖੋਲ੍ਹਦਾ।' ਲੈਪਟਾਪ ਤੋਂ ਪਿੱਛੇ ਹਟਦੇ ਉਸ ਨੇ ਹੱਸਦੇ ਹੱਸਦੇ ਹੱਥ ਘੁਮਾਉਂਦੇ ਕਿਸੇ ਨੂੰ ਸੰਕੇਤ ਕੀਤਾ।

'ਓ. ਕੇ. ਥੈਂਕਸ' ਉਹ ਆਪੋ ਵਿਚ ਦਿਲਲਗੀ ਮਸਕੂਲੇ ਕਰ ਰਹੇ ਸਨ ਪਰ ਮੇਰੀ ਜਾਨ ਨੂੰ ਬਣੀ ਹੋਈ ਸੀ। ਲੈਪਟਾਪ ਬੰਦ ਕਰ ਕੇ ਉਹ ਬਾਹਰ ਨਿਕਲ ਗਿਆ।

'ਮੁਆਫ਼ ਕਰਨਾ, ਆਓ ਉਪਰ ਬੈਠੋ।' ਦੂਸਰੀ ਕੈਬਿਨ ਵਿਚੋਂ ਇਕ ਔਰਤ ਮੁਲਾਜ਼ਮ ਨਿਕਲੀ। ਉਸ ਨੇ ਬੰਦੀਖ਼ਾਨਾ ਖੋਲ੍ਹ ਦਿੱਤਾ ਤੇ ਮੈਨੂੰ ਕੁਰਸੀ ਵੱਲ ਇਸ਼ਾਰਾ ਕੀਤਾ। ਉਸ ਦੇ ਰਸ-ਮਲਾਈ ਜਿਹੇ ਕੋਮਲ ਬੋਲਾਂ ਨੇ ਮੇਰੀ ਨਿੱਘਰਦੀ ਜਾ ਰਹੀ ਮਨੋ-ਅਵਸਥਾ ਨੂੰ ਢਾਰਸ ਦਿੱਤਾ ਪਰ ਉਸ ਦੇ ਫ਼ੋਨ ਘੁਮਾਉਣ ਦੀ ਕਾਹਲ ਨਾਲ ਮੇਰੇ ਮੱਥੇ ਦੀਆਂ ਤਰੇਲੀਆਂ ਫੇਰ ਸੱਪ ਵਾਂਗ ਪਲਸੇਟੇ ਮਾਰਨ ਲੱਗੀਆਂ। ਇਹ ਥਾਣੇ ਦੀ ਮੁਨਸ਼ੀ! ਜ਼ਰੂਰ ਆਪਣੇ ਉਪਰਲੇ ਅਧਿਕਾਰੀ ਨੂੰ ਫ਼ੋਨ ਕਰ ਕੇ ਆਪਣੀ ਕਾਰਗੁਜ਼ਾਰੀ ਦੱਸ ਰਹੀ ਹੈ ਕਿ ਇਹ ਆਤੰਕਵਾਦੀ ਸਾਡੇ ਕੋਲੋਂ ਨਹੀਂ ਬਕ ਰਿਹਾ, ਇਸ ਦੀ ਬਾਰੀਕ ਪੁੱਛ ਪੜਤਾਲ ਲਈ ਕੋਈ ਹੋਰ ਰਸਤਾ ਅਪਣਾਉਣਾ ਪਵੇਗਾ। ਜਿਵੇਂ ਪੰਜਾਬੀ ਥਾਣੇ ਖ਼ਤਰਨਾਕ ਦਸ ਨੰਬਰੀਏ ਬਦਮਾਸ਼ਾਂ ਨੂੰ ਉਚੇਰੀ ਛਾਣਬੀਣ ਵਾਸਤੇ ਸੀ. ਆਈ. ਏ. ਸਟਾਫ਼ ਦੇ ਹਵਾਲੇ ਕਰ ਦਿੰਦੇ ਹਨ, ਜਾਂ ਜੇ ਕਦੇ ਤਕੜਾ ਸ਼ਿਕਾਰ ਕਾਬੂ ਆ ਜਾਏ ਤਾਂ ਉਪਰਲੇ ਆਪ ਹੀ ਤਸ਼ੱਦਦ-ਘਰ ਲੈ ਜਾਂਦੇ ਹਨ ਕਿ ਇਸ ਦਾ ਛੋਟੇ ਪੱਧਰ 'ਤੇ ਨਿਸਤਾਰਾ ਨਹੀਂ ਹੋਣਾ। ਉਸ ਦੇ ਹੱਥ ਦੇ ਇਸ਼ਾਰੇ ਤੇ ਭਰਵੱਟਿਆਂ ਦੇ ਫੈਲਾਅ ਤੋਂ ਸਪਸ਼ਟ ਸੀ ਕਿ ਇਨ੍ਹਾਂ ਨੂੰ ਤਕੜਾ ਕੇਸ ਮਿਲਣ ਕਰ ਕੇ ਪਦਵੀਆਂ ਤਰੱਕੀਆਂ ਦੇ ਗੱਫੇ ਮਿਲਣ ਦੀ ਸੰਭਾਵਨਾ ਵਧੀ ਹੈ। ਜ਼ਰੂਰ ਬਹੁਤ ਵੱਡੀ ਗ਼ਲਤਫ਼ਹਿਮੀ ਹੋਈ ਹੈ, ਕਿਸੇ ਨੇ ਪੱਕੀ ਸੂਹ ਦੇ ਕੇ ਮੂੰਹ ਮਾਰਿਆ ਹੈ ਮੇਰੇ ਬਾਰੇ।

'ਲੱਭ ਗਿਆ ਜੀ! ਮਿਲ ਗਿਆ! ਫੜ ਲਿਆ। ਹਾਂ... ਹਾਂ... ਬਿਲਕੁਲ। ਉਹ ਭੀੜ ਵਿਚ ਗੁੰਮ ਹੋਇਆ ਫਿਰਦਾ ਸੀ ਰਮਤਾ ਵਿਚਾਰਾ।' ਮੇਰੀ ਜਾਨ ਵਿਚ ਜਾਨ ਆਈ। ਇਹ ਫ਼ੋਨ ਨਿਸ਼ਚੇ ਹੀ ਕਿਸੇ ਹੋਰ ਗਵਾਚੇ ਸ਼ਖ਼ਸ ਬਾਰੇ ਸੀ। ਮੈਨੂੰ ਐਵੇਂ ਆਪਣੀ ਹੋਣੀ ਬਾਰੇ ਮਨਹੂਸ ਸੁਪਨੇ ਆਉਂਦੇ ਪਏ ਨੇ ਜਿਵੇਂ ਚੂਹਿਆਂ ਨੂੰ ਬਿੱਲੀ ਦੇ।

'ਮੈਨੂੰ ਦੱਸੋ ਤਾਂ ਸਹੀਂ, ਮੈਨੂੰ ਕਿਉਂ ਫੜਿਆ ਹੈ? ਕਿਉਂ ਬੰਦ ਕੀਤਾ ਹੈ? ਮੈਂ ਕੀ ਗੁਨਾਹ ਕੀਤਾ ਹੈ?' ਮੈਂ ਉਸ ਵੱਲ ਸਿੱਧਾ ਹੋਇਆ।

'ਥੋੜ੍ਹੀ ਦੇਰ ਇੰਤਜ਼ਾਰ ਕਰੋ, ਮਿਹਰਬਾਨੀ ਕਰ ਕੇ।' ਉਸ ਨੇ ਦੋਬਾਰਾ ਕੰਨ ਨੂੰ ਫ਼ੋਨ ਲਾ ਲਿਆ।

'ਮੁਆਫ਼ ਕਰਨਾ! ਆਰਾਮ ਨਾਲ ਬੈਠੋ।' ਉਸ ਨੇ ਮੇਰਾ ਸਮਾਨ ਮੇਰੇ ਅੱਗੇ ਢੇਰੀ ਕਰ ਦਿੱਤਾ। ਵੇਖ ਸੁਣ ਕੇ ਢਿੱਲਾ ਤੇ ਬੋਝਲ ਪਿਆ ਮੇਰਾ ਸਰੀਰ ਕੁਝ ਵਿਸਮਿਆ। ਹੁਣ ਛੁਟਕਾਰਾ ਹੋਣ ਦਾ ਮੁਕਾਮ ਯਕੀਨਨ ਸੀ।

'ਪ੍ਰੇਸ਼ਾਨੀ ਲਈ ਮੁਆਫ਼ੀ।' ਉਹ ਮਹਿਲਾ ਅਧਿਕਾਰੀ ਅਜੇ ਵੀ ਫ਼ੋਨ 'ਤੇ ਸੀ। ਇਕ ਅਗੰਮੀ ਮੁਸਕਰਾਹਟ ਉਸ ਦੇ ਚਾਂਦੀ ਰੰਗੇ ਬੁੱਲ੍ਹਾਂ 'ਤੇ ਨਿੱਤਰ ਆਈ। 'ਮੱਥੇ ਤਿਊੜੀ ਤਾਂ ਇਹ ਕਦੇ ਕਿਸੇ ਮੁਜਰਮ ਨੂੰ ਵੀ ਨਹੀਂ ਪਾਉਂਦੇ, ਨਾ ਹੀ ਕੁੱਟਦੇ ਮਾਰਦੇ ਹਨ, ਹਾਂ ਸਿਰਫ਼ ਪ੍ਰੇਮ ਪਿਆਰ, ਮੁਸਕਰਾਹਟ ਦੀ ਤਲਵਾਰ ਦੇ ਗੁੱਝੇ ਵਾਰ ਕਰਦੇ ਹਨ।' ਇਸ ਪੂਰਵ-ਅਨੁਮਾਨ ਨਾਲ ਮੇਰਾ ਮਨ ਹੋਰ ਸੁੰਗੜਨ ਲੱਗਾ। ਇਸ ਬਾਬਲ ਦਾ ਕੀ ਭਰਵਾਸਾ, ਡੋਲੀ ਪਾਈ ਕੱਢ ਲਵੇ। ਇਨ੍ਹਾਂ ਕਿਹਾ ਦਾਅ ਆਇਆ ਲਾਦੇਨ ਦਾ ਸਾਥੀ, ਖੂਹ 'ਚ ਡਿੱਗਾ ਢੱਗਾ ਨੱਥ ਪਾ ਲਓ... ਸ਼ਾਇਦ ਕੁੱਝ ਬਕ ਪਵੇ।

ਦਸ ਵੱਜਣ ਵਿਚ ਕੁੱਝ ਮਿੰਟ ਬਾਕੀ ਨੇ। ਮੇਰੇ ਸਾਥੀ ਅੰਦਰ ਵੜਦੇ ਵੇਖ ਕੇ ਮੇਰੀ ਪ੍ਰੇਸ਼ਾਨੀ ਸਾਰੀਆਂ ਹੱਦਾਂ ਟੱਪ ਗਈ। 'ਇਨ੍ਹਾਂ ਨੂੰ ਵੀ ਫੜ ਲਿਆਏ ਨੇ। ਹੁਣ ਹੋਰ ਚੰਗੀ ਤਰ੍ਹਾਂ ਰਗੜਾ ਬੰਨ੍ਹਣਗੇ। ਇਹਨਾਂ ਤੋਂ ਵੀ ਬਿਆਨ ਲੈਣਗੇ ਤੇ ਫਿਰ ਆਪਾ-ਵਿਰੋਧੀ ਵਿਵਾਦਪੂਰਵਕ ਗਰਦਾਨ ਕੇ ਹੋਰ ਤੀਖਣ ਤਸ਼ੱਦਦ ਕਰਨਗੇ।' ਉਨ੍ਹਾਂ ਦੇ ਚਿਹਰੇ ਮੁਸਕਰਾਹਟ ਖਿੜੀ ਵੇਖ ਕੇ ਮੇਰਾ ਅੰਦੇਸ਼ਾ ਹੌਸਲੇ ਵਿਚ ਬਦਲਣ ਲੱਗਾ। ਉਹ ਮੈਨੂੰ ਟਾਹ ਟਾਹ ਕਰਦੇ ਸਵਾਗਤੀ ਖਿੜਕੀ ਵੱਲ ਚਲੇ ਗਏ। ਆਪਣਾ ਪਹਿਚਾਣ ਪੱਤਰ ਦਿਖਾਉਂਦੇ ਨੇ। ਸ਼ੁਕਰ ਹੈ ਮੈਨੂੰ ਛੁਡਾ ਲੈਣਗੇ। ਮੇਰੀ ਮਾਨਸਿਕ ਦੁਰਬਲਤਾ ਅਤੇ ਮੱਥੇ 'ਤੇ ਉਕਰੇ ਗ਼ਮਗੀਨੀ ਨਿਸ਼ਾਨ ਛਾਈਂ-ਮਾਈਂ ਹੋਣ ਲੱਗੇ। ਅਫ਼ਸਰ ਇੰਚਾਰਜ ਔਰਤ ਨੇ ਉਨ੍ਹਾਂ ਨਾਲ ਹੱਥ ਮਿਲਾ ਕੇ ਮੇਰੇ ਵੱਲ ਇਸ਼ਾਰਾ ਕੀਤਾ।

'ਮੁਆਫ਼ ਕਰਨਾ ਸਰ! ਗ਼ਲਤ ਪਹਿਚਾਣ ਦੇ ਭੁਲੇਖੇ ਇਨ੍ਹਾਂ ਨੂੰ ਅਤੇ ਤੁਹਾਨੂੰ ਏਨੀ ਪ੍ਰੇਸ਼ਾਨੀ ਝੱਲਣੀ ਪਈ। ਤੁਹਾਨੂੰ ਪਤਾ ਹੀ ਹੈ ਕਿ ਇਸ ਪਹਿਰਾਵੇ ਨੇ ਨਾਈਨ ਇਲੈਵਨ ਨੂੰ ਕਿਵੇਂ ਕਹਿਰ ਮਚਾਇਆ। ਉਨ੍ਹਾਂ ਰਾਖਸ਼ਾਂ ਨੇ ਵੱਡੇ ਵੱਡੇ ਥੰਮ੍ਹ ਢਾਹੇ ਤੇ ਹੁਣ ਤਕ ਵੀ ਦੁਨੀਆ 'ਤੇ ਕਿੱਦਾਂ ਤਰਥੱਲੀ ਮਚਾ ਰੱਖੀ ਹੈ।

'ਸਾਡੀ ਇਕ ਗਸ਼ਤੀ ਟੋਲੀ ਨੇ ਇਨ੍ਹਾਂ ਨੂੰ ਗੁੰਮਸ਼ੁਦਾ ਰਿਪੋਰਟ ਅਨੁਸਾਰ ਸ਼ਨਾਖ਼ਤ-ਪੁਸ਼ਟੀ ਲਈ ਰੋਕਿਆ ਸੀ, ਪਰ ਉਸੇ ਵੇਲੇ ਇਕ ਹੋਰ ਇਤਲਾਹ ਆ ਗਈ ਕਿ ਕੋਈ ਸ਼ੱਕੀ ਵਿਅਕਤੀ ਸਿਰ ਮੂੰਹ ਬੰਨ੍ਹੀਂ ਸਿਨੇਮੇ ਅੰਦਰ ਕੁੱਝ ਕਾਰਾ ਕਰਨ ਦੇ ਚੱਕਰ ਵਿਚ ਮੌਕਾ ਤਾੜ ਰਿਹਾ ਹੈ। ਇਕ ਆਪਾਤ-ਕਾਲ ਸਾਇਰਨ ਅਤੇ ਸ਼ਹਿਰ ਵਿਚ ਡਾਕੇ ਦੀ ਵਾਰਦਾਤ ਨੇ ਘੜਮੱਸ ਪਾ ਦਿੱਤੀ। ਇਹ ਵੀ ਭਲਾ ਹੀ ਹੋਇਆ ਸਮਝੋ ਕਿ ਇਹ ਸਾਡੀ ਮਹਿਫ਼ੂਜ਼ ਹਿਫ਼ਾਜ਼ਤ ਵਿਚ ਆ ਗਿਆ, ਨਹੀਂ ਤੇ ਹੋ ਸਕਦਾ ਹੁੱਲੜ ਹਜੂਮ ਇਸ ਦਾ ਕੋਈ ਨੁਕਸਾਨ ਕਰ ਦਿੰਦਾ। ਸਾਡੇ ਕੋਲ ਨਸਲੀ ਵਿਤਕਰੇ ਅਤੇ ਹੇਟ-ਕਰਾਈਮ ਦੇ ਕਈ ਮਾਮਲੇ ਖ਼ਾਸ ਕਰ ਕੇ ਸੀਕ ਕਮਿਊਨਿਟੀ ਦੇ, ਆਉਂਦੇ ਰਹਿੰਦੇ ਹਨ। ਇਨ੍ਹਾਂ ਦੀ ਪਰਖ-ਪੜਤਾਲ ਕਰਨੀ ਜ਼ਰੂਰੀ ਹੋ ਗਈ। ਸਾਡੀ ਇਹ ਡਿਊਟੀ ਸੀ, ਮੁਆਫ਼ ਕਰਨਾ। ਇਹ ਸਾਰੀਆਂ ਕਸਵੱਟੀਆਂ ਵਿਚੋਂ ਸਬਰ ਸਿਦਕ ਤੇ ਅਡੋਲਤਾ ਨਾਲ ਪਾਸ ਹੋਏ ਹਨ। ਲੈ ਜਾਓ। ਇਹ ਬਿਲਕੁਲ ਸਹੀ-ਸਲਾਮਤ ਨੇ...ਵੇਖ ਲਓ। ਗੁੱਡ-ਲੱਕ! ਇੰਜਾਏ ਲਾਸ-ਵੇਗੱਸ ਐਬਸੋਲਿਊਟ! ਗੁੱਡ ਨਾਈਟ। ਮੇਰੇ ਲਈ ਕੋਈ ਸੇਵਾ ਹੋਵੇ ਤਾਂ ਮੈਂ ਹਾਜ਼ਰ ਹਾਂ...ਸ਼ੁਭ ਰਾਤਰੀ।'

ਬੱਚਿਆਂ ਨੂੰ ਮਿਲ ਕੇ ਮੈਂ ਭਾਵੁਕ ਹੋ ਗਿਆ। 'ਖੂਹ ਵਿਚ ਡਿੱਗੀ ਇੱਟ ਤੇ ਥਾਣੇ ਗਿਆ ਬੰਦਾ ਸੁੱਕਾ ਨਹੀਂ ਨਿਕਲਦਾ... ਪਰ ਵੇਖੋ ਮੈਂ ਇਹ ਕਥਨ ਝੁਠਲਾ ਦਿੱਤਾ ਹੈ।' ਮੈਂ ਸਦਮੇ 'ਚੋਂ ਨਿਕਲਣ ਦਾ ਝੂਠਾ ਜਿਹਾ ਪ੍ਰਗਟਾਵਾ ਕੀਤਾ ਪਰ ਮੇਰੀਆਂ ਡਲ੍ਹਕਦੀਆਂ ਅੱਖਾਂ ਵੇਖ ਕੇ ਉਹ ਚਿੰਤਾਤੁਰ ਹੋ ਗਏ।

'ਭਾਅ ਜੀ! ਇਨ੍ਹਾਂ ਨਾਲ ਤੁਹਾਡੀ ਕੋਈ ਪੁਰਾਣੀ ਸਾਂਝ ਲਗਦੀ ਹੈ, ਤੁਸੀਂ ਸਾਨੂੰ ਟਪਲਾ ਮਾਰ ਕੇ ਇਨ੍ਹਾਂ ਕੋਲ ਆ ਬੈਠੇ।' ਮਾਨਸਿਕ ਸੰਤਾਪ ਨਾਲ ਜੂਝ ਰਹੀ ਮੇਰੀ ਆਤਮਾ 'ਤੇ ਸਿੱਧੂ ਸਾਹਿਬ ਦੇ ਵਿਅੰਗਾਤਮਕ ਸ਼ਬਦ ਭਾਰੇ ਪੱਥਰ ਵਾਂਗ ਡਿੱਗੇ।

'ਇਹ ਤੁਹਾਡੇ ਬੰਦ ਦਰਵਾਜ਼ੇ ਦਾ ਹੀ ਚਮਤਕਾਰ ਹੋਇਆ ਹੈ।' ਮੈਂ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

'ਅਸੀਂ ਹੀ ਤੁਹਾਡੀ ਗੁੰਮਸ਼ੁਦਗੀ ਰਿਪੋਰਟ ਲਿਖਾਈ ਸੀ।' ਉਹ ਸਾਰੇ ਹੱਸ ਹੱਸ ਦੂਹਰੇ ਹੋ ਰਹੇ ਸਨ। 000

pannucs@yahoo.com

# ਇਕ ਚਿੱਟੀ ਚਾਨਣੀ ਰਾਤ: ਕਹਾਣੀ: ਗੁਰਚਰਨ ਸਿੰਘ ਸਹਿੰਸਰਾ

***ਕੌਮੀ ਆਜ਼ਾਦੀ ਦੀ ਲਹਿਰ ਵਿਚ ਕੰਮ ਕਰਦਿਆਂ ਗੁਰਚਰਨ ਸਿੰਘ ਸਹਿੰਸਰਾ ਨੇ ਲਗਪਗ ਡੇਢ ਦਹਾਕੇ ਦਾ ਸਮਾਂ ਸਰਹੱਦੀ ਸੂਬੇ ਦੇ ਪਠਾਨੀ ਇਲਾਕੇ ਵਿਚ ਬਿਤਾਇਆ ਸੀ। ਲੰਮਾ ਸਮਾਂ ਬੀਤਣ ਉਪਰੰਤ ਜਦੋਂ ਉਸਨੇ ਆਪਣੇ ਤਜਰਬੇ ਵਿਚੋਂ ਕਹਾਣੀਆਂ ਲਿਖੀਆਂ ਤਾਂ ਉਹਨਾਂ ਵਿਚਲੀ ਕਲਾਤਮਕਤਾ ਤੇ ਭਾਸ਼ਾ ਸ਼ੈਲੀ ਨੇ ਇਕ ਦਮ ਪੰਜਾਬੀ ਸਾਹਿਤ-ਜਗਤ ਦਾ ਧਿਆਨ ਖਿੱਚਿਆ ਤੇ ਪ੍ਰਸ਼ੰਸਾ ਖੱਟੀ ਸੀ। ਸੱਤਰਵਿਆਂ ਅੱਸੀਵਿਆਂ ਵਿਚ ਛਪੀਆਂ 'ਉਹ ਵੀ ਦਿਨ ਸਨ' ਅਤੇ 'ਡੱਠੇ ਸੁਣੇ ਪਠਾਨ' ਨਾਂ ਦੀਆਂ ਉਸਦੀਆਂ ਪੁਸਤਕਾਂ ਵਿਚ ਕੌਮੀ ਲਹਿਰ ਦੇ ਨਾਲ ਨਾਲ ਪਠਾਨੀ ਰਹਿਤਲ ਦਾ ਵੀ ਬਹੁਤ ਸੁੰਦਰ ਬਿਰਤਾਂਤ ਸਿਰਜਿਆ ਹੋਇਆ ਮਿਲਦਾ ਹੈ। ਇਸ ਨਵੇਕਲੀ ਤਰਜ਼ ਦੀ ਬਿਰਤਾਂਤਕਾਰੀ ਦਾ ਨਮੂਨਾ ਹੈ ਏਥੇ ਪੇਸ਼ ਕੀਤੀ ਜਾ ਰਹੀ ਇਕ ਕਹਾਣੀ। -ਸੰਪਾਦਕ***

ਉਹ ਦੋਵੇਂ ਸਵੇਰੇ ਕੁੱਕੜ ਦੀ ਵਾਂਗ ਨਾਲ ਕੁਰਮ ਕਿਲੇ ਦੇ ਇਲਾਕੇ ਰਜ਼ਮਕ ਪਹੁੰਚਣ ਲਈ ਤੁਰੇ। ਰਾਹ ਕੋਈ ਸਿੱਧੀ ਸੜਕ ਨਹੀਂ ਸੀ। ਸਾਰਾ ਪਹਾੜੀ ਖੱਡਾਂ, ਘਾਟੀਆਂ ਤੇ ਪੱਥਰ ਵੱਟਿਆਂ ਦੀਆਂ ਡੰਡੀਆਂ ਦਾ ਪੈਂਡਾ ਸੀ। ਉਹ ਪਹਾੜਾਂ ਦੀਆਂ ਘਾਟੀਆਂ ਚੜ੍ਹਦੇ, ਖੱਡਾਂ ਉਤਰਦੇ, ਉਚਾਈਆਂ ਵਲਦੇ, ਵੱਖੀਆਂ ਭੰਨਦੇ, ਗਲੀਆਂ ਲੰਘਦੇ, ਘਰਲ ਪਲਾਂਘਦੇ, ਪੱਥਰ ਵੱਟੇ ਮਿੱਧਦੇ, ਮੈਦਾਨੀ ਵਿਰਲ ਚੀਰਦੇ ਤੇ ਨਦੀ ਨਾਲੇ ਉਲਾਂਘਦੇ ਸਾਰਾ ਦਿਨ ਚਲਦੇ ਰਹੇ। ਉਹਨਾਂ ਸਾਰੇ ਰਾਹ ਤਿੰਨੀਂ ਕੁ ਥਾਈਂ ਗੋਡੇ ਮਿਹਰ ਕੀਤੀ। ਦੋ ਥਾਈਂ ਤਾਂ ਉਹ ਨਮਾਜ਼ ਲਈ ਅਟਕੇ ਤੇ ਇਕ ਥਾਂ ਉਹਨਾਂ ਇਕ ਪਿੰਡ ਵਿਚੋਂ ਰੋਟੀ ਖਾਧੀ। ਬਾਕੀ ਸਾਰਾ ਰਾਹ ਉਹਨਾਂ ਖੁੱਚਾ ਵਿਚ ਦੀ ਕੱਢਿਆ। ਉਹ ਬੰਗਸ਼ਾਂ ਦੀ ਹੱਦ ਕਿਤੇ ਪਿਛਾਂਹ ਛੱਡ ਆਏ ਸਨ ਤੇ ਹੁਣ ਵਜ਼ੀਰਸਤਾਨ ਵਿਚ ਦੀ ਲੰਘ ਰਹੇ ਸਨ। ਸੂਰਜ ਛਿਪਦੇ ਨੂੰ ਉਹ ਕੋਈ ਤੀਹ ਪੈਂਤੀ ਕੋਹ ਪੈਂਡਾ ਕੱਢ ਚੁੱਕੇ ਸਨ ਤੇ ਬਹੁਤ ਥੱਕ ਗਏ ਸਨ। ਇਸ ਲਈ ਉਹਨਾਂ ਨੇ ਉਸ ਦਿਹਾੜੀ ਦੇ ਪੰਧ ਦਾ ਕੋਟਾ ਕਿਸੇ ਅਗਲੇ ਪਿੰਡ ਮੁਕਾਉਣ ਦੀ ਸਲਾਹ ਕਰ ਲਈ।

ਉਹ ਹੁਣ ਆਪਣੇ ਪੈਂਡੇ ਦੀ ਤਕ ਵਿਚੋਂ ਆਖਰੀ ਘਾਟੀ ਚੜ੍ਹਕੇ ਅਗਲੇ ਪਾਰ ਖੱਡ ਵਿਚ ਉਤਰ ਰਹੇ ਸਨ ਜਿਸ ਦੇ ਹੇਠਾਂ ਪੈਰਾਂ ਵਿਚ ਟੋਚੀ ਦਰਿਆ ਵਗ ਰਿਹਾ ਸੀ। ਪਰਲੇ ਪਾਸੇ ਦੱਖਣ ਵੱਲ ਕਈਆਂ ਮੀਲਾਂ ਦਾ ਲੰਮਾ ਚੌੜਾ ਹਰਿਆ ਭਰਿਆ ਆਬਾਦ ਜ਼ਮੀਨੀ ਵਿਰਲ ਸੀ ਜਿਸ ਵਿਚ ਤਰਕਾਲਾਂ ਵੇਲੇ ਦੇ ਧੂੰਏਂ ਤੇ ਧੂੜ ਦੇ ਗੁਬਾਰ ਵਿਚ ਵਲ੍ਹੇਟੇ ਹੋਏ ਤਿੰਨ ਚਾਰ ਪਿੰਡ ਨਜ਼ਰ ਆ ਰਹੇ ਸਨ। ਇਕ ਪਿੰਡ ਤਾਂ ਦਰਿਆ ਦੇ ਪਰਲੇ ਕੰਢੇ ਉਹਨਾਂ ਦੇ ਰਾਹ ਉੱਤੇ ਹੀ ਸੀ। ਉਹਨਾਂ ਨੇ ਏਸੇ ਪਿੰਡ ਰਾਤ ਕੱਟਣ ਦਾ ਫੈਸਲਾ ਕੀਤਾ।

ਪਹਾੜ ਉਤਰਕੇ ਉਹ ਦਰਿਆ ਦੀ ਘਾਟੀ ਉਤਰੇ ਤੇ ਪਿੰਡ ਦੇ ਲਾਂਘੇ ਕੋਲ਼ ਰਾਹ ਤੋਂ ਜ਼ਰਾ ਹਟ ਕੇ ਇਸਦੇ ਵਹਿਣ ਦੇ ਸੁੱਕੇ ਬੰਨੇ 'ਤੇ ਵਿਛੇ ਬਜਰੀ ਵੱਟਿਆਂ 'ਤੇ ਖਲੋ ਗਏ। ਮੋਢਿਆਂ ਉੱਤੋਂ ਦੀ ਪਿੱਠਾਂ 'ਤੇ ਲਮਕਾਈਆਂ ਰਫਲਾਂ ਲਾਹਕੇ ਦਰਿਆ ਦੇ ਉੱਚੇ ਢਾਹੇ ਨਾਲ ਖੜ੍ਹੀਆਂ ਕਰ ਦਿੱਤੀਆਂ ਤੇ ਲੱਕਾਂ ਨਾਲੋਂ ਕਾਰਤੂਸਾਂ ਦੀਆਂ ਪੇਟੀਆਂ ਖੋਲ੍ਹਕੇ ਭੁੰਜੇ ਪੈਰਾਂ ਕੋਲ਼ ਰੱਖ ਲਈਆਂ। ਉਪਰੰਤ ਕੁਲੰਜ ਕੇ ਸਿਰਾਂ 'ਤੇ ਰੱਖੀਆਂ ਚਾਦਰਾਂ, ਜਿਨ੍ਹਾਂ ਨੇ ਰਸਤੇ ਦੀ ਧੁੱਪ ਵਿਚ ਛਤਰੀ ਦਾ ਕੰਮ ਦਿੱਤਾ ਸੀ, ਹੇਠਾਂ ਸੁੱਟਕੇ ਪੈਰਾਂ ਭਾਰ ਬੈਠ ਗਏ। ਜ਼ਰਾ ਕੁ ਸਾਹ ਲੈ ਕੇ ਆਪੋ ਆਪਣੀਆਂ ਜੇਬਾਂ ਵਿਚੋਂ ਹਜਾਮਤ ਦੇ ਸਾਬਣ ਵਾਲੀਆਂ ਗੋਲ ਸਿਲਵਰ ਦੀਆਂ ਲੰਮੀਆਂ ਡੱਬੀਆਂ ਕੱਢੀਆਂ ਤੇ ਢੱਕਣ ਲਾਹਕੇ ਸੱਜੇ ਹੱਥਾਂ ਦੀਆਂ ਅਗਲੀਆਂ ਉਂਗਲਾਂ ਨਾਲ ਬੀੜਾ ਕੱਢਕੇ ਦੰਦਾਂ ਵਿਚ ਦੇ ਲਿਆ ਤੇ ਡੱਬੀਆਂ ਮੋੜਕੇ ਜੇਬਾਂ ਵਿਚ ਪਾ ਲਈਆਂ। ਮੁੜ ਬੀੜੇ ਦੇ ਚੁਸਕੇ ਲੈਂਦਿਆਂ ਸਲਵਾਰਾਂ ਦੇ ਪਹੁੰਚਿਆਂ ਤੋਂ ਹੱਥ ਮਾਰ ਮਾਰ ਘੱਟਾ ਝਾੜਿਆ ਤੇ ਪੈਰਾਂ ਦੀ ਧੂਪ ਕੱਢਣ ਲਈ ਧੂੜ ਭਰੀਆਂ ਤੇ ਰਾਹ ਦੇ ਪੱਥਰਾਂ ਤੇ ਵੱਟਿਆਂ ਦੀਆਂ



ਰਗੜਾਂ ਨਾਲ ਰੰਗੋਂ ਬੇਰੰਗ ਹੋ ਗਈਆਂ ਹੋਈਆਂ ਚੱਪਲੀਆਂ ਵਿਚੋਂ ਵਿਆਈਆਂ ਪਾਟੇ, ਘੱਟੇ ਨਾਲ ਲਿਬੜੇ ਤੇ ਚਮੜੇ ਦੀ ਘਾਸ ਨਾਲ ਉਂਗਲਾਂ ਤੇ ਪੱਬਾਂ ਤੋਂ ਕਾਲ਼ੇ ਸ਼ਾਹ ਹੋ ਗਏ ਪੈਰ ਕੱਢ ਲਏ।

"ਗੁਲਾ! ਪੈਂਡੇ ਤਾਂ ਅੱਗੇ ਵੀ ਬੜੇ ਲੰਮੇ ਲੰਮੇ ਕੀਤੇ ਨੇ, ਪਰ ਅੱਜ ਤਾਂ ਬੁਰੇ ਥੱਕੇ ਆਂ।" ਦੁਹਾਂ ਵਿਚੋਂ ਜਵਾਨੀ ਟੱਪ ਤੁਰੇ ਹੋਏ ਵਜ਼ੀਰੀ ਨੇ ਆਪਣੀਆਂ ਚੱਪਲੀਆਂ ਝਾੜਨ ਲਈ ਪੱਥਰ ਵੱਟਿਆਂ 'ਤੇ ਮਾਰਦਿਆਂ ਕਿਹਾ ਤੇ ਲੱਕ ਸਿੱਧਾ ਕਰਨ ਲਈ ਭੁੰਜੇ ਪਈ ਚਾਦਰ 'ਤੇ ਸਿਰ ਰੱਖ ਬਕੇ ਪਿਛਾਂਹ ਕੰਡ ਪਰਨੇ ਹੋ ਗਿਆ।

"ਹਾਂ ਚਾਚਾ", ਦੂਸਰੇ ਨੇ ਵੀ ਲੰਮਾ ਸਾਹ ਬਾਹਰ ਕੱਢਦਿਆ ਹੋਇਆਂ ਥਕੇਵਾਂ ਪ੍ਰਵਾਨ ਕਰ ਲਿਆ ਤੇ ਖੱਬੇ ਹੱਥ ਨਾਲ ਫੜ ਕੇ ਉਹ ਵੀ ਆਪਣੀਆਂ ਚਪਲੀਆਂ ਝਾੜਨ ਲੱਗ ਪਿਆ।

"ਕਲ੍ਹ ਦੀਗਰੀ ਪਹੁੰਚਾਂਗੇ," ਲੰਮੇ ਪੈ ਗਏ ਹੋਏ ਜਣੇ ਨੇ ਆਪਣੇ ਬਾਕੀ ਰਹਿ ਗਏ ਹੋਏ ਪੰਧ ਦਾ ਅੰਦਾਜ਼ਾ ਦੱਸ ਦਿੱਤਾ।

"ਵੇਖੀਏ," ਦੂਸਰੇ ਨੇ ਸ਼ੱਕੀ ਜਿਹੀ ਹਾਮੀ ਭਰੀ ਤੇ ਪਿੱਠ ਜ਼ਮੀਨ 'ਤੇ ਲਾ ਦਿੱਤੀ। ਇਹ ਵੀਹ ਕੁ ਸਾਲਾਂ ਦਾ ਕੱਕੇ ਵਾਲਾਂ ਤੇ ਬਿੱਲੀਆਂ ਅੱਖਾਂ ਵਾਲਾ ਬੜਾ ਸੁਨੱਖਾ ਤੇ ਨਰੋਆ ਖਟਕ ਜਵਾਨ, ਸ਼ਾਹ ਨਿਵਾਜ਼ ਸੀ। ਉਸਦੇ ਸਰੀਰ ਨੇ ਤੇ ਪਹਿਰਾਵੇ ਦੀ ਬਣ ਠਣ ਨੇ ਉਸਨੂੰ ਸ਼ਾਹ ਬਹਿਰਾਮ ਨਾਲੋਂ ਵੀ ਕੁਝ ਵੱਧ ਸੁੰਦਰ ਬਣਾ ਰਖਿਆ ਸੀ।

ਦੂਸਰਾ ਜਣਾ ਭਰਵੇਂ ਸਮੱਧਰ ਤੇ ਸਾਉਲੇ ਸਰੀਰ ਦਾ ਬੜਾ ਕੁਲੱਕੜ ਵਜ਼ੀਰੀ ਸੀ। ਉਸਦੀਆਂ ਖ਼ੂਨੋ ਖ਼ੂਨ ਦਿਸ ਰਹੀਆਂ ਮੋਟੀਆਂ ਲਾਲ ਰੱਤੀਆਂ ਅੱਖਾਂ ਨੇ ਉਸਨੂੰ ਬੜਾ ਡਰਾਉਣਾ ਰਾਖਸ਼ੀ ਰੂਪ ਦਿੱਤਾ ਹੋਇਆ ਸੀ।

ਉਹ ਬੰਗਸ਼ ਇਲਾਕੇ ਵਿਚੋਂ ਫਕੀਰ ਇਪੀ ਦੇ ਖਲੀਫੇ ਮਿਹਰ ਗੁਲ ਵੱਲੋਂ ਰਜ਼ਮਕ ਲਾਗੇ ਕਿਸੇ ਪਿੰਡ ਭੇਜੇ ਜਾ ਰਹੇ ਸਨ। ਉਹਨਾਂ ਨੇ ਓਥੇ ਮਸਊਦੀ ਵਜ਼ੀਰੀਆਂ ਨਾਲ ਮਿਲ ਕੇ ਕਿਸੇ ਫੌਜੀ ਕਾਨਵੋਈ ਦੇ ਜਾਣ ਆਉਣ ਦਾ ਪਤਾ ਕਰਨਾ ਤੇ ਉਸ ਦੇ ਲੁੱਟਣ ਦਾ ਪ੍ਰੋਗਰਾਮ ਬਣਾਉਣਾ ਸੀ। ਵਜ਼ੀਰੀ ਤਾਂ ਇਹਨਾਂ ਕੰਮਾਂ ਵਿਚ ਵਾਹਵਾ ਹੰਢਿਆ ਵਰਤਿਆ ਬੰਦਾ ਸੀ ਅਤੇ ਕਾਨਵੋਈਆਂ ਤੇ ਸ਼ਹਿਰ ਬਾਜ਼ਾਰਾਂ ਦੀਆਂ ਲੁੱਟਮਾਰਾਂ ਵਿਚ ਹਿੱਸਾ ਲੈਂਦਾ ਰਿਹਾ ਬੜਾ ਤਾਕ ਜਥੇਦਾਰ ਸੀ। ਪਰ ਸ਼ਾਹ ਨਿਵਾਜ਼ ਖਾਂ ਅਜੇ ਨਵਾਂ ਵਛੇਰਾ ਸੀ ਜੋ ਅੰਗਰੇਜ਼ੀ ਇਲਾਕੇ ਵਿਚੋਂ ਕਿਸੇ ਦਾ ਖ਼ੂਨ ਕਰ ਕੇ ਆਜ਼ਾਦ ਇਲਾਕੇ ਵਿਚ ਲੁਕਣ ਆਇਆ ਹੋਇਆ ਸੀ। ਉਸਨੂੰ ਮਾਰਾਂਧਾੜਾਂ ਦਾ ਕੰਮ ਸਿੱਖਣ ਲਈ ਇਸ ਘਾਗ ਜਥੇਦਾਰ ਨਾਲ ਲਾਇਆ ਗਿਆ ਸੀ। ਕਮਾਂਡਰੀ ਤੇ ਮਾਤਹਿਤੀ ਦੇ ਇਸ ਰਿਸ਼ਤੇ ਕਰਕੇ ਉਹ ਆਪਸ ਵਿਚ, ਸਵਾਏ ਕੰਮ ਕਾਰ ਦੀਆਂ ਗੱਲਾਂ ਤੋਂ, ਹੋਰ ਘੱਟ ਹੀ ਬੋਲਦੇ ਸਨ।

ਸੂਰਜ ਤਾਂ ਧੁੱਪ ਲਾਈ ਤੇ ਦਿਨ ਚਾੜ੍ਹੀ ਰੱਖਣ ਦੇ ਕੰਮ ਤੋਂ ਛੁੱਟੀ ਕਰ ਕੇ ਪਹਾੜੀ ਦੇ ਉਹਲੇ ਉਹਲੇ ਧਰਤੀ ਦੇ ਦੂਸਰੇ ਪਾਸੇ ਲੰਘ ਚੁੱਕਾ ਸੀ। ਪਰ ਆਸਮਾਨ ਵਿਚ ਉਸਦੀ ਲੋਅ ਨੇ ਅਜੇ ਹਨੇਰਾ ਨਹੀਂ ਸੀ ਹੋਣ ਦਿੱਤਾ। ਥੋੜ੍ਹੇ ਬਹੁਤੇ ਪੰਛੀ ਜੋ ਉਸ ਇਲਾਕੇ ਵਿਚ ਸਨ, ਰੈਣ ਬਸੇਰਾ ਕਰਨ ਲਈ ਆਪੋ ਆਪਣੇ ਰਾਤ ਟਿਕਾਣਿਆਂ ਨੂੰ ਉਡਦੇ ਜਾ ਰਹੇ ਸਨ। ਹਨੇਰੇ ਅੰਦਰ ਦੀਵੇ ਦੀ ਲੋੜ ਪ੍ਰਤੀਤ ਕਰਨ ਲੱਗ ਪਏ ਸਨ।

ਉਹਨਾਂ ਰਾਹੀਆਂ ਨੇ ਦਸ ਪੰਦਰਾਂ ਮਿੰਟ ਹੋ ਸਸਤਾਕੇ ਵਟਵਾਣੀ ਕੀਤੀ, ਦਰਿਆ ਦੇ ਪਾਣੀ ਨਾਲ ਵੁਜ਼ੂ ਸਾਜਿਆ ਤੇ ਨਮਾਜ਼ ਪੜ੍ਹੀ। ਨਮਾਜ਼ ਦਾ ਸਲਾਮ ਫੇਰਕੇ ਉਹ ਉੱਠੇ, ਪਾਣੀ ਵਿਚ ਵੜਕੇ ਹੱਥ ਮੂੰਹ ਬਣਾ ਕੇ ਧੋਤੇ ਤੇ ਪੈਰ ਕੂਚੇ। ਇਸ ਸਮੇਂ ਪਿੰਡ ਦੇ ਕਈ ਜੀਅ ਕੰਮਾਂ ਕਾਰਾਂ ਤੋਂ ਮੁੜਦੇ ਹੋਏ ਕੋਲ ਦੀ ਰਾਹ ਉੱਤੋਂ ਦੀ ਪਿੰਡ ਨੂੰ ਲੰਘ ਗਏ। ਭੇਡਾਂ ਦੇ ਦੋ ਤਿੰਨ ਇੱਜੜ ਵੀ ਪਾਣੀ ਲੰਘਕੇ ਪਿੰਡ ਵਿਚ ਜਾ ਵੜੇ। ਪਿੰਡ ਦੇ ਘਰਾਂ ਵਿਚੋਂ ਬਲ਼ ਰਹੀਆਂ ਅੱਗਾਂ ਦੇ ਧੂੰਏਂ ਦੇ ਗੁਬਾਰ ਅਸਮਾਨੇ ਚੜ੍ਹਨ ਲੱਗ ਪਏ।

ਪਾਣੀ ਵਿਚੋਂ ਨਿਕਲਕੇ ਉਹ ਮੁੜ ਆਪਣੀ ਥਾਂ ਆ ਬੈਠੇ ਤੇ ਵਾਸਕਟਾਂ ਦੀਆਂ ਜੇਬਾਂ ਵਿਚੋਂ

ਗੋਲ਼ ਟਿੱਕੀ ਦੇ ਨਿੱਕੇ ਨਿੱਕੇ ਸ਼ੀਸ਼ੇ ਕੱਢਕੇ ਉਹਨਾਂ ਆਪਣਾ ਮੂੰਹ ਮੱਥਾ ਵੇਖਿਆ, ਪੱਗਾਂ ਦੇ ਪੇਚ ਠੀ ਕੀਤੇ ਤੇ ਸ਼ੀਸ਼ਿਆਂ ਨੂੰ ਭਿੰਨ ਭਿੰਨ ਕੋਨਿਆਂ ਤੋਂ ਵੇਖਕੇ ਆਪਣੇ ਆਪਣੇ ਫਬਾਅ ਦੀ ਤਸੱਲੀ ਕ ਲਈ ਤੇ ਮੁੜ ਜ਼ਮੀਨ ਤੋਂ ਚਾਦਰਾਂ ਧੂਹ ਕੇ ਮੋਢਿਆਂ 'ਤੇ ਸੁੱਟ ਲਈਆਂ, ਕਾਰਤੂਸਾਂ ਦੀਆਂ ਪੇਟੀਆਂ ਲੱਕ ਨਾਲ ਕਸੀਆਂ, ਰਫਲਾਂ ਲੈ ਕੇ ਮੋਢਿਆਂ ਉੱਤੋਂ ਦੀ ਕੰਡ 'ਤੇ ਲਮਕਾਈਆਂ, ਚਪਲੀਆਂ ਹੱ ਵਿਚ ਫੜਕੇ ਸਲਵਾਰਾਂ ਕੁਲੰਜੀਆਂ ਤੇ ਟੋਚੀ ਦਾ ਮਸਾਂ ਪਿੰਨੀਆਂ ਤਕ ਡੂੰਘਾ ਤੇ ਚਾਰ ਪੰਜ ਕਰਮਾ ਚੌੜਾ ਸਾਫ ਨਿਰਮਲ ਪਾਣੀ ਲੰਘ ਕੇ ਪਿੰਡ ਜਾਣ ਲਈ ਦਰਿਆ ਦੀ ਨੌਂ ਦਸ ਫੁੱਟ ਉੱਚੀ ਢੱਕੀ ਚੜ੍ਹ ਗਏ। ਇਹ ਢੱਕੀ ਦਾ ਲਾਂਘਾ ਕੁਝ ਤਾਂ ਮਨੁੱਖੀ ਹੱਥਾਂ ਦੀ ਮਿਹਨਤ ਨਾਲ ਤੇ ਬਾਹਲਾ ਪਸ਼ੂਆਂ ਦੇ ਲੰਘਣ ਲੰਘਾਉਣ ਨਾਲ ਚੰਗਾ ਤੇ ਢਾਲ਼ਵਾਂ ਬਣ ਗਿਆ ਸੀ ਤੇ ਇਸਦੇ ਵਿਚਕਾਰ ਜਿਹੇ ਬਾਰਸ਼ਾਂ ਦੇ ਪਾਣੀ ਦੇ ਰੁਹੜ ਨੇ ਇਕ ਉਲਾਂਘ ਦਾ ਡੂੰਘਾ ਘਰਲ ਪਾ ਦਿੱਤਾ ਸੀ, ਜਿਸ ਵਿਚ ਦੀ ਪੱਠ ਪਠੋਰੇ ਤੇ ਬੱਚੇ ਐਵੇਂ ਚਾਹਮਲ਼ ਖਾਤਰ ਜਾਣ ਬੁੱਝਕੇ ਲੰਘਦੇ ਰਹਿੰਦੇ।

ਅੱਗੇ ਅੱਗੇ ਵਜ਼ੀਰੀ ਤੇ ਪਿੱਛੇ ਪਿੱਛੇ ਖਟਕ ਪਿੰਡ ਦੀ ਵਿਚਕਾਰਲੀ ਗਲ਼ੀ ਪੈ ਕੇ ਸਿੱਧੇ ਪਿੰਡੋਂ ਪਾਰ ਲੰਘ ਗਏ। ਗਲ਼ੀ ਵਿਚੋਂ ਗੋਹੇ ਮੇਂਗਣਾਂ, ਤੰਮਾਕੂ ਤੇ ਧੂੰਏਂ ਦੀਆਂ ਵੰਨ ਸੁਵੰਨੀਆਂ ਬੋਆਂ ਆ ਰਹੀਆਂ ਸਨ। ਪਰ ਇਹਨਾਂ ਉੱਤੇ ਘਰਾਂ ਵਿਚ ਪੱਕ ਰਹੇ ਪਕਵਾਨਾਂ ਦੀ ਹਵਾੜ ਜ਼ਿਆਦਾ ਪ੍ਰਬਲ ਸੀ। ਕਿਸੇ ਕਸੇ ਘਰ ਅੱਗੋਂ ਲੰਘਣ ਲੱਗਿਆਂ ਡੰਗਰਾਂ ਦੇ ਗੋਹੇ ਮੂਤ ਦੀ ਤੂਸ ਨਾਸਾਂ ਸਾੜ ਦਿੰਦੀ ਸੀ। ਕਈ ਘਰੀਂ ਦੀਵੇ ਜਗ ਰਹੇ ਸਨ। ਪਰ ਤੇਰ੍ਹਵੀਂ ਦੇ ਚੰਨ ਦੀ ਗਲ਼ੀ ਤੇ ਵਿਹੜਿਆਂ ਵਿਚ ਕਾਫੀ ਲੋਅ ਸੀ। ਉਹ ਪਿੰਡੋਂ ਅਗਲੇ ਬੰਨੇ ਦੱਖਣ ਵੱਲ ਇਕ ਮਸੀਤੇ ਚਲੇ ਗਏ, ਜਿਸ ਦੇ ਅੱਗੋਂ ਦੀ ਇਕ ਕੂਹਲ ਵਗ ਰਹੀ ਸੀ।

ਉਹ ਰਾਤ ਦੀ ਨਮਾਜ਼ ਤਕ ਉਥੇ ਬੈਠੇ ਰਹੇ ਤੇ ਉਹਨਾਂ ਆਪਣੇ ਪਰਾਹੁਣੇ ਹੋਣ ਦੀ ਇਤਲਾਹ ਮਸੀਤੜ ਨੂੰ ਦੇ ਦਿੱਤੀ। ਨਮਾਜ਼ ਤੋਂ ਬਾਅਦ ਮਸੀਤੜ ਨੇ ਸ਼ਾਹ ਨਿਵਾਜ਼ ਨੂੰ ਤਾਂ ਆਪਣੇ ਨਾਲ ਲੈ ਲਿਆ ਤੇ ਵਜ਼ੀਰੀ ਨੂੰ ਇਕ ਹੋਰ ਘਰ ਵਾਲੇ ਨਾਲ ਤੋਰ ਦਿੱਤਾ।

0 0 0

ਮਸੀਤਢ ਸੱਠਾਂ ਤੋਂ ਟੱਪਿਆ ਹੋਇਆ ਸਮੱਧਰ ਜਿਹਾ ਬੁੱਢਾ ਪਠਾਣ ਸੀ। ਵਜ਼ੀਰੀ ਵੇਖਿਆ ਉਸਦੀ ਸ਼ੇਖਾਂ ਵਰਗੀ ਲੰਮੀ ਦਾਹੜੀ, ਲਬਾਂ, ਸਿਰ, ਭਰਵੱਟਿਆਂ ਤੇ ਹੱਕ ਦੇ ਵਾਲ਼, ਜੋ ਕੁੜਤੇ ਦੇ ਖੁਲ੍ਹੇ ਗਲ਼ਮੇ ਵਿਚਦੀ ਦਿਸਦੇ ਸਨ, ਇਕ ਦਮ ਚਿੱਟੇ ਦੁੱਧ ਸਨ। ਮੂੰਹ ਵਿਚ ਕੋਈ ਲੁਕੀ ਛਿਪੀ ਹੁਣੋ ਦਾੜ੍ਹ ਹੋਵੇ ਤਾਂ ਪਤਾ ਨਹੀਂ, ਪਰ ਬਾਹਰੋਂ ਤਾਂ ਮੂੰਹ ਬਿਲਕੁਲ ਬੋੜਾ ਜਾਪਦਾ ਸੀ। ਉਸਦੇ ਗੋਰੇ ਰੰਗ ਨੂੰ, ਬੁਢਾਪੇ ਵਿਚ ਹੋ ਗਈ ਹੋਈ ਲਹੂ ਦੀ ਘਾਟ ਤੇ ਸਰੀਰ ਦੀ ਮੜੱਤਣ ਨੇ ਡੱਡੂ ਦੇ ਢਿੱਡ ਵਰਗਾ ਚਿੱਟਾ ਕਰ ਛੱਡਿਆ ਸੀ।

ਮਸੀਤੋਂ ਚੜ੍ਹਦੇ ਗਲ਼ੀ ਵਿਚ ਪੰਜ ਸੱਤ ਬੂਹੇ ਲੰਘ ਕੇ ਬਾਹਰਵਾਰ ਹੀ ਬੁੱਢੇ ਦਾ ਘਰ ਆ ਗਿਆ। ਉਸ ਨੇ ਪਰਾਹੁਣੇ ਨੂੰ 'ਕੌਣ ਹੋ, ਕਿੱਥੋਂ ਆਏ ਹੋ, ਕਿੱਥੇ ਤੇ ਕਿਸ ਕੰਮ ਜਾਣਾ ਏ' ਆਦਿ ਪੁੱਛੇ ਜਾਣ ਵਾਲੇ ਸਭ ਸਵਾਲ ਘਰ ਨੂੰ ਤੁਰੇ ਜਾਂਦਿਆਂ ਰਾਹ ਵਿਚ ਹੀ ਪੁੱਛ ਲਏ। ਘਰ ਵੜਦਿਆਂ ਵਿਹੜੇ ਵਿਚ ਡੱਠੇ ਹੋਏ ਮੰਜੇ ਤੋਂ ਉਠ ਕੇ ਇਕ ਚੀਚ ਵਹੁਟੀ ਜਿਹੀ ਨਾਰ ਨੇ ਖੁਸ਼ੀਆਂ ਭਰੀ ਮੁਸਕੜੀ ਨਾਲ ਦੁਹਾਂ ਨੂੰ 'ਖੈਰੀਂ ਆਏ' ਆਖਿਆ ਤੇ ਉਹ ਮੰਜੇ 'ਤੇ ਪਿਆ ਨਿਕਸੁਕ ਚੁੱਕਕੇ ਸਾਹਮਣੇ ਅੰਦਰ ਚਲੀ ਗਈ।

ਬਾਹਰ ਤਾਂ ਤੇਰ੍ਹਵੀਂ ਦੀ ਚੰਨ ਚਾਨਣੀ ਸੀ ਤੇ ਅੰਦਰ ਦੀਵੇ ਵਰਗੀ ਲੋਅ। ਮੌਲਵੀ ਨੇ ਸ਼ਾਹ ਨਿਵਾਜ਼ ਨੂੰ ਮੰਜੇ 'ਤੇ ਬਿਠਾਇਆ ਤੇ ਇਹ ਦੱਸਕੇ ਕਿ ਉਹ ਉਹਦੇ ਘਰੋਂ ਸੀ, ਆਪ ਉਸ ਨਾਰ ਦੇ ਨਾਲ ਹੀ ਅੰਦਰ ਚਲਾ ਗਿਆ।

ਸ਼ਾਹ ਨਿਵਾਜ਼ ਮੰਜੇ 'ਤੇ ਲੱਤਾਂ ਲਮਕਾ ਕੇ ਬਹਿ ਗਿਆ ਤੇ ਰਫਲ ਮੋਢੇ ਤੋਂ ਲਾਹ ਕੇ ਲਾਗੇ ਰੱਖ ਲਈ। ਉਹ ਇਹ ਵੇਖਕੇ ਬੜਾ ਹੈਰਾਨ ਤੇ ਦੁਖੀ ਹੋਇਆ ਕਿ ਉਸ ਉਮਰੋਂ ਪੁੱਗੇ ਹੋਏ ਬੁੱਢੜ ਨੇ



ਪੋਤਰੀਆਂ ਜਿਹੀ ਕੁੜੀ ਘਰ ਪਾਈ ਹੋਈ ਸੀ। ਵਰੇਸ ਦੇ ਇਸ ਫਰਕ ਨੇ ਉਸਦੇ ਦਿਲ ਅੰਦਰ ਪਚੱਤਰੀ ਜਿਹੀ ਲਾ ਦਿੱਤੀ।

ਉਸ ਨੇ ਸੋਚਾਂ ਸੋਚਦਿਆਂ ਮੌਲਵੀ ਦਾ ਘਰ ਤਾੜਿਆ। ਵਾਹਵਾ ਵੀਹਾਂ ਪੰਝੀਆਂ ਮੰਜੀਆਂ ਦਾ ਵਿਹੜਾ, ਜਿਸਦੇ ਬਾਹਰੋਂ ਅੰਦਰ ਵੜਦਿਆਂ ਹੀ ਥੋੜ੍ਹਾ ਕੁ ਰਾਹ ਛੱਡਕੇ ਖੱਬੇ ਹੱਥ ਚੰਗੀ ਖੁਲ੍ਹੀ ਬੈਠਕ ਸੀ। ਬੈਠਕ ਦੇ ਪਿਛਵਾੜੇ ਸੱਜੀ ਵੱਖੀ ਲਗਦੀ ਸਾਂਝੀ ਕੰਧ ਦੀ ਬਾਲਣ ਤਿੰਬੜ ਰੱਖਣ ਜਾਂ ਡੰਗਰ ਵੱਛਾ ਬੰਨ੍ਹਣ ਵਾਲੀ ਇਕ ਲੰਮੀ ਤੰਮੀ ਕੁੜ ਸੀ ਤੇ ਇਸਦੇ ਨਾਲ ਲਗਦੀ ਵਿਹੜੇ ਵੱਲ ਕਰ ਕੇ ਇਕ ਸਬਾਤ, ਜੋ ਰਸੋਈ ਦਾ ਕੰਮ ਸਾਰਦੀ ਸੀ। ਰਸੋਈ ਦੇ ਅਗਾਂਹ ਨਾਲ ਵਿਹੜੇ ਦੇ ਸਾਹਮਣੇ ਇਕ ਵੱਡਾ ਸਾਰਾ ਦਲਾਨ ਸੀ, ਜੋ ਸਾਰੇ ਵਿਹੜੇ ਨਾਲ ਲੱਗਵਾਂ ਤੇ ਰਸੋਈ ਦੀ ਵੱਖੀ ਵਿਚ ਪਿਛਾਂਹ ਗਿਆ ਹੋਇਆ ਸੀ। ਚੌਥੇ ਪਾਸੇ ਗੁਆਂਢੀਆਂ ਨਾਲ ਸਾਂਝੀ ਕੰਧ ਸੀ ਜਿਸ ਨਾਲ ਰਸੋਈ ਦੇ ਸਾਹਮਣੇ ਪਰਾਹੁਣੇ ਵਾਲਾ ਮੰਜਾ ਡਾਹਿਆ ਹੋਇਆ ਸੀ। ਘਰ ਚੰਗਾ ਲਿੱਪਿਆ ਪੋਚਿਆ ਤੇ ਬਣਾ ਸੰਵਾਰ ਕੇ ਰਖਿਆ ਹੋਇਆ ਸੀ, ਜਿਸਤੋਂ ਸੁਆਣੀ ਦੇ ਸੁਚੱਜੇ ਹੋਣ ਤੇ ਘਰ ਨਾਲ ਪ੍ਰੇਮ ਰੱਖਣ ਦਾ ਪਤਾ ਲਗਦਾ ਸੀ।

ਘੜੀ ਕੁ ਪਿੱਛੋਂ ਜਦ ਘਰ ਦਾ ਸਾਈਂ ਤੇ ਸੁਆਣੀ ਦਲਾਨ ਵਿਚੋਂ ਬਾਹਰ ਆਏ ਤਾਂ ਸ਼ਾਹ ਨਿਵਾਜ਼ ਨੇ ਇਸ ਅਜੋੜ ਜੋੜੇ ਨੂੰ ਕੇਵਲ ਵੇਖਣ ਜਾਚਣ ਦੀ ਨੀਯਤ ਨਾਲ, ਪਰ ਡਰਦੇ ਡਰਦੇ, ਅੱਖਾਂ ਸੁਆਣੀ ਵੱਲ ਸਿੱਧੀਆਂ ਕੀਤੀਆਂ। ਸੁਆਣੀ ਨੂੰ ਵੇਖਦਿਆਂ ਹੀ ਉਸਦੇ ਮੂੰਹੋਂ ਹੌਲੀ ਦੇ ਕੇ ਨਿਕਲਿਆ 'ਲਾ ਹੌਲ ਵਲਾ ਕੁਵਤ'। ਉਂਝ ਤਾਂ ਪਠਾਣੀ ਮਰਯਾਦਾ ਅਨੁਸਾਰ ਨਾਰੀ ਨੂੰ ਤੱਕਣਾ ਐਬ ਹੁੰਦਾ ਹੈ, ਕਿਉਂਕਿ ਜੇ ਜ਼ਨਾਨੀ ਬੁਰਾ ਮਨਾ ਬਹੇ ਤਾਂ ਲੈਣੇ ਦੇ ਦੇਣੇ ਪੈ ਜਾਂਦੇ ਹਨ। ਓਧਰ ਸੁਆਣੀ ਨੇ ਵੀ ਇਸ ਦਰਸ਼ਨੀ ਜੁਆਨ ਨੂੰ ਤਾੜਨ ਲਈ ਜਦ ਆਪਣੀਆਂ ਨਜ਼ਰਾਂ ਸ਼ਾਹ ਨਿਵਾਜ਼ ਵੱਲ ਸੁੱਟੀਆਂ ਤਾਂ ਸ਼ਾਹ ਨਿਵਾਜ਼ ਦੇ ਪਠਾਣੀ ਡਰ ਤੇ ਸੰਗ ਨਿਰਮੂਲ ਸਾਬਤ ਹੋਏ। ਪਰ ਸ਼ਾਹ ਨਿਵਾਜ਼ ਨੇ ਨਿਗਾਹਾਂ ਨੂੰ ਸੁਆਣੀ ਨਾਲ ਭਿੜਨੋਂ ਬਚਾਉਣ ਤੇ ਮੌਲਵੀ ਦੀ ਤਾੜ ਤੋਂ ਲੁਕਾਈ ਰੱਖਣ ਲਈ ਝੱਟ ਅੱਖਾਂ ਥੱਲੇ ਕਰ ਲਈਆਂ ਤੇ ਇਸ ਅਲੋਕਾਰਤਾ ਕਾਰਨ ਦਿਲੋਂ ਤੁਰ ਕੇ ਚਿਹਰੇ ਉੱਤੇ ਆ ਗਈ ਹੋਈ ਆਪਣੀ ਲੱਜ ਨੂੰ ਛੁਪਾਉਣ ਲਈ ਉਹ ਮੰਜਿਉਂ ਲਮਕ ਰਹੇ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚਣ ਲੱਗ ਪਿਆ। ਪਰ ਉਸਦੇ ਦਿਲ ਵਿਚ ਉਸ ਨਾਰੀ ਦੀ ਤੱਕਣੀ ਨਾਲ ਲੱਗ ਗਈ ਹੋਈ ਖੁਤਖੁਤੀ ਮੱਠੀ ਨਾ ਹੋਈ ਤੇ ਉਹ ਨੀਵੀਂ ਅੱਖੀਂ ਸੁਆਣੀ ਦੇ ਮੂੰਹ ਤੋਂ ਹੇਠਾਂ ਉਸਦੇ ਸਾਰੇ ਸਰੀਰ ਨੂੰ ਚੋਰੀ ਚੋਰੀ ਦੇਖੀ ਗਿਆ। ਉਸਦੇ ਸਰੀਰੀ ਸੁਹੱਪਣ ਤੇ ਜੁਆਨੀ ਦੇ ਮੱਚ ਨੂੰ ਵੇਖ ਦੇਖ ਉਹ ਰੱਜ ਨਹੀਂ ਸੀ ਰਿਹਾ ਤੇ ਕੀਲਿਆ ਗਿਆ ਜਾਪਦਾ ਸੀ।

ਮੌਲਵੀ ਪਰਾਹੁਣੇ ਕੋਲ ਮੰਜੇ ਉੱਤੇ ਹੀ ਬੈਠ ਗਿਆ। ਸੁਆਣੀ ਰਸੋਈ ਵਿਚ ਚਲੀ ਗਈ। ਪਰ ਅੰਦਰ ਵੜਨ ਲੱਗਿਆਂ ਉਹ ਕੁਕੜੀ ਵਾਂਗ ਧੌਣ ਭੰਵਾ ਕੇ ਪਰਾਹੁਣੇ ਉੱਤੇ ਇਕ ਝਾਤ ਹੋਰ ਮਾਰ ਗਈ। ਉਸਦੇ ਅੰਦਰ ਗਿਆਂ ਰਸੋਈ ਵਿਚ ਦੀਵੇ ਦੀ ਲੋਅ ਹੋ ਗਈ।

ਪੰਜਾਂ ਕੁ ਮਿੰਟਾਂ ਬਾਅਦ ਉਹ ਰਸੋਈ ਤੋਂ ਖਾਣ ਪੀਣ ਦੀਆਂ ਚੀਜ਼ਾਂ ਦਲਾਨ ਵਿਚ ਢੋਣ ਲੱਗ ਪਈ। ਜਿੰਨੀ ਵਾਰ ਵੀ ਉਹ ਰਸੋਈ ਜਾਂ ਦਲਾਨ ਵਿਚ ਨਿਕਲੀ, ਉਸਨੇ ਧੌਣ ਮਰੋੜ ਮਰੋੜ ਕੇ ਪਰਾਹੁਣੇ ਨੂੰ ਜ਼ਰੂਰ ਵੇਖਿਆ। ਸੁੰਦਰ ਜੁਆਨ ਨਾਰੀ ਦੀਆਂ ਅਜਿਹੀਆਂ ਤੱਕਣੀਆਂ ਕਿੱਡੇ ਵੀ ਪੱਥਰ ਦਿਲ ਪਠਾਣ ਨੂੰ ਪੰਘਰਾਉਣ ਦੀ ਸ਼ਕਤੀ ਰੱਖਦੀਆਂ ਹਨ। ਸੋ ਸ਼ਾਹ ਨਿਵਾਜ਼ ਉਸਨੂੰ ਨੀਵੀਂ ਅੱਖੀਂ ਤਾੜਨ ਲੱਗ ਪਿਆ। ਫੇਰ ਉਹ ਮੌਲਵੀ ਤੋਂ ਅੱਖ ਬਚਾ ਕੇ ਕਿਤੇ ਕਿਤੇ ਆਪਣੀਆਂ ਅੱਖਾਂ ਵੀ ਉਸ ਉੱਤੇ ਚੁੱਕਣ ਡਹਿ ਪਿਆ। ਇਸ 'ਤੇ ਸੁਆਣੀ ਨੂੰ ਹੋਰ ਸ਼ਹਿ ਮਿਲੀ ਤੇ ਉਸਦੀ ਹਰ ਵੇਖਣੀ ਨਾਲ ਉਸਦੇ ਚਿਹਰੇ ਉੱਤੇ ਖੇੜੇ ਦਾ ਪ੍ਰਕਾਸ਼ ਹੋਣ ਲੱਗ ਪਿਆ। ਤੇ ਉਸ ਦੀਆਂ ਪ੍ਰੇਮ ਕਾਮਨਾਵਾਂ ਮੁੜ੍ਹਕੇ ਦੀਆਂ ਬੂੰਦਾਂ ਬਣਕੇ ਉਸਦੇ ਮੱਥੇ 'ਤੇ ਮੋਤੀਆਂ ਵਾਂਗ ਚਮਕਣ ਲੱਗ ਪਈਆਂ।

ਮੌਲਵੀ ਸ਼ਾਹ ਨਿਵਾਜ਼ ਨੂੰ ਦਲਾਨ ਵਿਚ ਲੈ ਗਿਆ ਜਿੱਥੇ ਭੁੰਜੇ ਹੀ ਦਸਤਰਖਾਨ ਵਿਛਿਆ ਹੋਇਆ ਸੀ। ਦੋਵੇਂ ਉਹ ਤੇ ਸੁਆਣੀ ਖਾਣ ਬੈਠ ਗਏ।

ਰੋਟੀ ਖਾਦਿਆਂ ਮੌਲਵੀ ਨੇ ਅੰਗਰੇਜ਼ੀ ਇਲਾਕੇ ਬਾਰੇ ਪੰਜ ਸੱਤ ਗੱਲਾਂ ਹੋਰ ਕੀਤੀਆਂ। ਪਰ ਸ਼ਾਹ ਨਿਵਾਜ਼ ਦਾ ਧਿਆਨ ਐਨਾ ਮੌਲਵੀ ਦੀਆਂ ਗੱਲਾਂ ਵੱਲ ਨਹੀਂ ਸੀ ਜਿੰਨਾ ਸੁਆਣੀ ਦੀਆਂ ਪ੍ਰੇਮ ਲੇਲ੍ਹੜੀਆਂ ਵੱਲ। ਜੋ ਸਾਈਂ ਦੇ ਸਾਹਵੇਂ ਬੈਠਿਆਂ ਹੀ ਸ਼ਾਹ ਨਿਵਾਜ਼ ਨੂੰ ਆਪਣੀਆਂ ਹਸਮੁਖੀਆਂ ਨਜ਼ਰਾਂ ਦੀ ਮਾਰ ਹੇਠ ਰੱਖ ਰਹੀ ਸੀ। ਉਹ ਰੋਟੀ ਨਾਲੋਂ ਬੁਰਕੀ ਤੋੜਨ ਲੱਗਿਆਂ ਸ਼ਾਹ ਨਿਵਾਜ਼ ਦੀਆਂ ਬੁਰਕੀ ਤੋੜ ਰਹੀਆਂ ਉਂਗਲਾਂ ਨਾਲ ਉਂਗਲਾਂ ਜਾ ਲਾਉਂਦੀ ਤੇ ਉਸਨੂੰ ਹੋਰ ਲਾਵਣ ਜਾਂ ਪਾਣੀ ਦੀ ਸੁਲ੍ਹਾ ਮਾਰਨ ਲਈ ਬੜੀ ਸੁਰੀਲੀ ਤੇ ਮਿੱਠੀ ਆਵਾਜ਼ ਵਿਚ ਬੋਲਦੀ। ਉਸਨੇ ਉਸਨੂੰ ਪਾਣੀ ਦਾ ਗਲਾਸ ਫੜਾਉਣ ਤੇ ਪੀਣ ਤੋਂ ਬਾਅਦ ਵਾਪਸ ਫੜਨ ਲੱਗਿਆਂ ਆਪਣੀਆਂ ਉਂਗਲਾਂ ਨਾਲ ਉਸਦੀਆਂ ਉਂਗਲਾਂ ਵੀ ਨੱਪੀਆਂ।

ਰੋਟੀ ਖਾਂਦਿਆਂ ਖਾਂਦਿਆਂ ਸ਼ਾਹ ਨਿਵਾਜ਼ ਨੂੰ ਪੂਰਾ ਯਕੀਨ ਹੋ ਗਿਆ ਕਿ ਸੁਆਣੀ ਆਪਣੇ ਅੰਦਰ ਉਸਦੇ ਇਸ਼ਕ ਦੀ ਧੂਣੀ ਧੁਖਾ ਬੈਠੀ ਸੀ ਤੇ ਇਸ ਨੂੰ ਮਚਾਉਣ ਲਈ ਉਹ ਉਸਨੂੰ ਅੱਖਾਂ ਵਿਚ ਰੱਖਣ ਤੇ ਅੰਜੀਂ ਪੰਜੀਂ ਛੂਹਣ ਦੀਆਂ ਝੱਲਾਂ ਮਾਰ ਰਹੀ ਸੀ।

ਕੋਈ ਪੱਥਰ ਪਠਾਣ ਵੀ ਅਜਿਹੀ ਸੁੰਦਰ ਜ਼ਨਾਨੀ ਦੇ ਇਸ ਤਰ੍ਹਾਂ ਮੱਚ ਪਏ ਹੋਏ ਇਸ਼ਕ ਅੱਗੇ ਅਡੋਲ ਨਹੀਂ ਰਹਿ ਸਕਦਾ। ਸੋ ਸ਼ਾਹ ਨਿਵਾਜ਼ ਵੀ ਇਸ ਸੁੰਦਰ ਪਰੀ ਦੇ ਇਸ਼ਕ ਅੱਗੇ ਆਪਣੀ ਪਠਾਣੀ ਲੱਜ ਗੰਵਾ ਬੈਠਾ ਤੇ ਉਸਦੀ ਹਰ ਤੱਕ 'ਤੇ ਘੋੜੇ ਵਾਂਗ ਕੰਨ ਚੁੱਕਣ ਲੱਗ ਪਿਆ। ਸੁਆਣੀ ਦੀਆਂ ਅੱਖਾਂ ਵਿਚੋਂ ਲਿਸ਼ਕ ਮਾਰ ਰਹੇ ਪ੍ਰੇਮ ਤਰਲਿਆਂ ਨੇ ਸ਼ਾਹ ਨਿਵਾਜ਼ ਦਾ ਰਿਦਾ ਵੀ ਰੁਸ਼ਨਾ ਦਿੱਤਾ ਤੇ ਉਹ ਵੀ ਚੋਰ ਅੱਖੀਂ ਸੁਆਣੀ 'ਤੇ ਆਪਣੀਆਂ ਨਜ਼ਰਾਂ ਸੁੱਟ ਉਸਨੂੰ ਆਪਣੇ ਦਿਲ ਅੰਦਰ ਮੱਚ ਪਈ ਹੋਈ ਪ੍ਰੇਮ ਤ੍ਰਿਸ਼ਨਾ ਦੀ ਰਸੀਦ ਦੇਣ ਲੱਗ ਪਿਆ।

ਸੁਆਣੀ ਦੇ ਇਹ ਪ੍ਰੇਮ ਝੱਲ ਬੁੱਢੇ ਤੋਂ ਗੁੱਝੇ ਨਾ ਰਹੇ। ਉਸਨੇ ਸੁਆਣੀ ਨੂੰ ਹਟਕਣ ਲਈ ਦੋ ਕੁ ਵਾਰ ਨਿਊਲ਼ੀ ਵੀ ਵੱਟੀ, ਪਰ ਆਪਣੀ ਇਸ ਪ੍ਰੇਮ ਮਾਰ 'ਤੇ ਮਸਤ ਹੋਈ ਸੁਆਣੀ ਐਨੀ ਚਾਹਮਲ ਗਈ ਸੀ ਕਿ ਉਸਨੇ ਸਿਰ ਦੇ ਸਾਈਂ ਦੀਆਂ ਘੂਰੀਆਂ ਦੀ ਕੋਈ ਪ੍ਰਵਾਹ ਨਾ ਕੀਤੀ। ਹੁਣ ਉਹ ਖਾਣ ਪੀਣ ਦੇ ਭਾਂਡੇ ਚੁੱਕ ਰਸੋਈ ਨੂੰ ਲਿਜਾਣ ਲੱਗਿਆਂ ਮੌਲਵੀ ਦੇ ਪਿੱਛੇ ਹੋ ਕੇ ਧੌਣ ਭੰਵਾਉਣ ਦੀ ਥਾਂ ਆਪ ਭੌਂ ਕੇ ਰਤਾ ਕੁ ਖਲੋ ਜਾਂਦੀ ਤੇ ਸ਼ਾਹ ਨਿਵਾਜ਼ ਨੂੰ ਵੇਖਦੀ ਰਹਿੰਦੀ। ਉਹ ਸਿਰ ਦੇ ਸਾਈਂ ਹਾਜ਼ਰ ਨਾਜ਼ਰ ਹੁੰਦਿਆਂ ਵੀ ਜ਼ੁਲੈਖਾਂ ਵਾਂਗ ਇਸ਼ਕੇ ਦੀ ਅੱਗ ਅੰਦਰ ਤਪ ਉੱਠੀ। ਉਸਦੀਆਂ ਤੱਕਣੀਆਂ, ਮੁਸਕੜੀਆਂ ਤੇ ਲੇਲ੍ਹੜੀਆਂ ਵਿਚੋਂ ਆ ਰਹੇ ਸੁਆਦ ਨੇ ਸ਼ਾਹ ਨਿਵਾਜ਼ ਨੂੰ ਤੱਤੇ ਤਵੇ 'ਤੇ ਪਾ ਦਿੱਤਾ।

ਭਾਂਡੇ ਟੀਂਡੇ ਸਾਂਭ ਸੂਤ ਕੇ ਸੁਆਣੀ ਫੇਰ ਦਲਾਨ ਵਿਚ ਆਈ ਤੇ ਇਕ ਸੋਤ ਲੈ ਕੇ ਬੈਠਕ ਨੂੰ ਚਲੀ ਗਈ। ਉਸਦੇ ਵਾਪਸ ਆਉਣ 'ਤੇ ਮੌਲਵੀ ਸ਼ਾਹ ਨਿਵਾਜ਼ ਨੂੰ ਬੈਠਕੇ ਛੱਡ ਆਇਆ।

000

ਸ਼ਾਹ ਨਿਵਾਜ਼ ਲਈ ਬਿਸਤਰਾ ਲੱਗਾ ਹੋਇਆ ਸੀ। ਬੈਠਕ ਦਾ ਇਕ ਬੂਹਾ ਵਿਹੜੇ ਵਿਚ ਦਲਾਨ ਨੂੰ ਸਾਹਮਣਾ ਤੇ ਦੂਸਰਾ ਬਾਹਰ ਗਲੀ ਵਿਚ ਖੁੱਲ੍ਹਦਾ ਸੀ, ਜਿਸਦਾ ਅੰਦਰੋਂ ਕੁੰਡਾ ਲੱਗਾ ਹੋਇਆ ਸੀ। ਸਰਹਾਣਾ ਅੰਦਰਲੇ ਬੂਹੇ ਅੱਗੇ ਸੀ ਜਿੱਥੋਂ ਲੰਮੇਂ ਪਿਆਂ ਸਾਹਮਣੇ ਦਲਾਨ ਦਾ ਬੂਹਾ ਦਿਸਦਾ ਸੀ। ਬਾਹਰਲੀ ਚੰਨ ਦੀ ਚਾਨਣੀ ਨਾਲ ਬੈਠਕ ਅੰਦਰ ਘੁਸਮੁਸੀ ਲੋਅ ਸੀ, ਜਿਸ ਨਾਲ ਅੰਦਰਲੇ ਕੰਧਾਂ ਕੌਲੇ ਤੇ ਚੀਜ਼ਾਂ ਵਸਤਾਂ ਮੱਧਮ ਦਿਸ ਰਹੀਆਂ ਸਨ। ਸ਼ਾਹ ਨਿਵਾਜ਼ ਨੇ ਅੰਦਰਲਾ ਹਾਲ ਚਾਲ ਵੇਖ ਕੇ ਕਾਰਤੂਸਾਂ ਦੀ ਪੇਟੀ ਸਰਹਾਣੇ ਬਾਹਰਲੇ ਪਾਸੇ ਵਾਲੇ ਪਾਵੇ ਉਦਾਲ਼ੇ ਲਮਕਾਈ, ਰਫਲ ਸੱਜੀ ਵੱਖੀ ਨਾਲ ਮੰਜੇ 'ਤੇ ਲੰਮੀ ਪਾਈ ਤੇ ਚਾਦਰ ਤੇ ਲੂੰਗੀ ਸਰਹਾਣੇ ਰੱਖਕੇ ਲੇਟ ਗਿਆ।

ਉਸਦੇ ਅੰਤਹਕਰਨ ਵਿਚ ਉਸ ਸੁੰਦਰ ਮੁਟਿਆਰ ਦੇ ਪ੍ਰੇਮ ਤਰਲਿਆਂ ਨੇ ਹਰਫਲੀ ਮਚਾ ਦਿੱਤੀ ਸੀ। ਉਹ ਲੰਮਾ ਪਿਆ ਹੋਰ ਸਾਰੀਆਂ ਗੱਲਾਂ ਛੱਡਕੇ ਉਸਦੀਆਂ ਸੋਚਾਂ ਵਿਚ ਡੁੱਬ ਗਿਆ। ਓਹ ਪਤਲੇਰੇ ਸਰੀਰ ਤੇ ਜੁਆਨੀ ਦੇ ਖੂਨ ਨਾਲ ਸੂਹੀ ਭਾਅ ਮਾਰ ਰਹੇ ਗੋਰੇ ਚਿੱਟੇ ਰੰਗ ਦੀ ਗੰਦਲ



ਵਰਗੀ ਕੂਲੀ, ਲਗਰ ਵਰਗੀ ਸਿੱਧੀ ਤੇ ਪਠੋਰੀ ਵਰਗੀ ਮਲੂਕ ਰੰਨ ਸੀ। ਉਸਦੀਆਂ ਸੁਰਮੇ ਦੀ ਕਾਲੀ ਧਾਰ ਬੰਨ੍ਹੀਆਂ ਹਰਨੀ ਵਰਗੀਆਂ ਹਸੂੰ ਹਸੂੰ ਕਰਦੀਆਂ ਅੱਖਾਂ, ਸਰੀਰ ਦੇ ਹਰ ਅੰਗ, ਹਰ ਥਾਂ ਤੇ ਹਰ ਨਕਸ਼ ਦੀ ਖੂਬਸੂਰਤੀ ਤੇ ਮੱਥੇ ਉੱਤੇ ਚਮਕ ਰਹੇ ਪ੍ਰੇਮ ਤ੍ਰੇਲ ਦੇ ਤੁਪਕਿਆਂ ਦੀ ਲਿਸ਼ਕ ਉਹਦੇ ਦਿਲ ਨੂੰ ਪ੍ਰੇਮ ਸੱਦ ਦੇ ਰਹੀ ਸੀ।

ਉਸਨੇ ਉਸਦੇ ਆਪਣੇ ਹੁਸਨ ਨੂੰ ਸ਼ਿੰਗਾਰਨ ਦੀ ਸੁਚੱਜਤਾ ਉੱਤੇ ਵੀ ਝਾਤ ਮਾਰੀ। ਉਸਦੇ ਹੱਥਾਂ ਦੇ ਪੁੱਠੇ ਪਾਸੇ ਖੁਣੀਆਂ ਘੁੱਗੀਆਂ, ਬਾਹਵਾਂ 'ਤੇ ਪਵਾਏ ਬੇਲ ਬੂਟਿਆਂ, ਠੋਡੀ ਤੇ ਗੱਲ੍ਹਾਂ ਉੱਤੇ ਉਕਰਾਏ ਤਿਲਾਂ ਨੇ ਉਸਦੇ ਰੂਪ ਨੂੰ ਲੋਹੜਾ ਲਿਆਂਦਾ ਹੋਇਆ ਸੀ। ਉਸ ਦਿਆਂ ਕੰਨਾਂ ਤੇ ਗਿੱਚੀ ਉੱਤੇ ਦੀ ਸਪਲੀਆਂ ਵਰਗੀਆਂ ਲਮਕ ਰਹੀਆਂ ਪਤਲੀਆਂ ਪਤਲੀਆਂ ਤੀਹ ਪੈਂਤੀ ਮੀਢੀਆਂ ਮੋਰਾਂ 'ਤੇ ਆ ਕੇ ਚਾਂਦੀ ਦੇ ਛੱਬੇ ਤੇ ਬੋਰਾਂ ਵਾਲੀ ਇਕੋ ਹੀ ਲਾਲ ਪਰਾਂਦੀ ਵਿਚ ਗੁੱਤ ਕੀਤੀਆਂ ਹੋਈਆਂ ਸਨ। ਉਹ ਉਸਦੇ ਕਸੀਦੇ ਕੱਢੀ ਪਹੁੰਚਿਆਂ ਵਾਲੀ ਲਾਲ ਸੂਹੀ ਚੂੜੀਦਾਰ ਸੁੱਥਣ, ਸਕੜੰਜਾਂ ਤਕ ਲੰਮੀ ਲਾਲ ਸੂਹੀ ਪੁਸ਼ਵਾਜ਼ ਤੇ ਸਿਰ ਬੱਧੇ ਲਾਲ ਰੇਸ਼ਮੀ ਫੁੱਲਦਾਰ ਸਿਰਪੱਲੂ ਦੇ ਸੂਹੇ ਵਜ਼ੀਰੀ ਪਹਿਰਾਵੇ ਦੇ ਸਦਕੇ ਵਾਰੀ ਜਾ ਰਿਹਾ ਸੀ। ਪੁਸ਼ਵਾਜ਼ ਦੇ ਗਲਮੇ ਦੇ ਨਾਲ ਨਾਲ ਦੂਹੀਂ ਪਾਸੀਂ, ਲੱਕ ਦੀ ਪੇਟੀ ਉਦਾਲੇ ਅਤੇ ਬਾਹਾਂ ਤੇ ਘੱਗਰੇ ਦੀਆਂ ਕੋਰਾਂ ਉੱਤੇ ਹਰੇ ਪੀਲੇ ਧਾਗਿਆਂ ਨਾਲ ਕੱਢੇ ਕਸੀਦੇ ਦੀਆਂ ਦੋ ਦੋ ਚਾਰ ਚਾਰ ਲੜੀਆਂ ਉਸਦੇ ਬਾਣੇ ਨੂੰ ਫਬਾ ਰਹੀਆਂ ਸਨ। ਕੁੜਤੇ ਦੇ ਗਲਮੇ ਦੇ ਕਸੀਦੇ ਵਿਚ ਸ਼ੀਸ਼ੇ ਦੀਆਂ ਟਿੱਕੀਆਂ ਤੇ ਚਾਂਦੀ ਦੀਆਂ ਦਵਾਨੀਆਂ ਚਵਾਨੀਆਂ ਮੜ੍ਹੀਆਂ ਹੋਈਆਂ ਸਨ। ਉਸ ਦੇ ਗਲ ਪਈਆਂ ਦਹੁੰ ਹਮੇਲਾਂ ਵਿਚ ਪਰੋਤੇ ਮਲਕਾ ਦੇ ਰੁਪਇਆਂ ਨੂੰ ਦਿਲ ਵਿਚ ਕਈ ਵਾਰ ਗਿਣਿਆ ਤੇ ਇਹਨਾਂ ਦੇ ਲਾਕਟਾਂ 'ਤੇ ਉਕਰੇ ਹੋਏ ਕਲਮੇ ਨੂੰ ਚਿਤਾਰਿਆ। ਉਸਨੂੰ ਉਸਦੇ ਗਲ਼ ਕਾਲੀ ਮੋਟੀ ਡੋਰ ਵਿਚ ਪਰੋ ਕੇ ਪਾਏ ਦੋ ਮੰਤਰਾਏ ਹੋਏ ਚਾਂਦੀ ਦੇ ਢੇਡੂ ਤੇ ਵਿਚਾਲੇ ਸੋਨੇ ਦੀ ਇਕ ਤਵੀਤੜੀ ਬਹੁਤ ਹੀ ਸੋਹਣੇ ਲੱਗ ਰਹੇ ਸਨ। ਬੁਕ ਬੁਕ ਚਾਂਦੀ ਦੀਆਂ ਵਾਲ਼ੀਆਂ ਨੇ ਸੁਆਣੀ ਦੇ ਕੰਨਾਂ ਦੇ ਛੱਜੇ ਲਿਫਾ ਛੱਡੇ ਸਨ।

ਉਸਦੇ ਇਸ ਉਚ ਕੋਟੀ ਦੇ ਸ਼ਿੰਗਾਰ ਤੋਂ ਸ਼ਾਹ ਨਿਵਾਜ਼ ਨੇ ਅੰਦਾਜ਼ਾ ਲਾਇਆ ਕਿ ਬੁੱਢਾ ਆਪਣੇ ਇਸ ਨਰੜ ਦੀ ਵਰੇਸ ਦੇ ਐਡੇ ਵੱਡੇ ਪਾੜੇ ਨੂੰ ਕੁੜੀ ਦੇ ਮਨ 'ਤੇ ਆਉਣੋਂ ਰੋਕੀ ਰੱਖਣ ਲਈ ਉਸਨੂੰ ਮੂੰਹ ਮੰਗੀਆਂ ਸ਼ਿੰਗਾਰ ਵਸਤਾਂ ਦੇ ਕੇ ਪਰਚਾਈ ਜਾਂਦਾ ਸੀ।

ਉਸਨੇ ਸੁਆਣੀ ਦੇ ਸਰੀਰੀ ਰੂਪ, ਜਵਾਨੀ ਦੇ ਸ਼ਿੰਗਾਰ ਅਤੇ ਦਿਲ ਦੇ ਪ੍ਰੇਮ ਉਛਾਲੇ ਨੂੰ ਆਪਣੇ ਜੀਵਨ ਵਿਚ ਆਈਆਂ ਸਭ ਮੁਟਿਆਰਾਂ ਨਾਲ ਮੇਚਕੇ ਵੇਖਿਆ, ਜੋ ਉਸਨੂੰ ਯਾਦ ਆ ਉਸਦੇ ਮਨ ਦੀ ਤਾਣੀ ਹੋਈ ਵਿਚਾਰ ਚਾਦਰ ਉੱਤੇ ਫਿਲਮੀ ਸਿਤਾਰਿਆਂ ਵਾਂਗ ਲੰਘ ਜਾਂਦੀਆਂ ਸਨ। ਇਸਦਾ ਸਭ ਤੋਂ ਨੰਬਰ ਸੀ। ਉਸਦੀ ਡੁੱਸ ਅੱਗੇ ਉਹ ਹਥਿਆਰ ਸੁੱਟ ਬੈਠਾ ਸੀ।

ਉਸਨੂੰ ਸੁਆਣੀ ਦੇ ਆਪਣੇ ਪ੍ਰੇਮ ਲਈ ਤਰਲੇ ਮਾਰਨ ਤੋਂ ਪੱਕਾ ਨਿਸਚਾ ਹੋ ਗਿਆ ਸੀ ਕਿ ਰਾਤ ਨੂੰ ਨਿਵੇਕਲੇ ਵਿਚ ਉਹ ਜ਼ਰੂਰ ਉਸਦੇ ਪਾਸ ਆਵੇਗੀ। ਇਸ ਦੁਵੱਲੀ ਮੱਚ ਪਈ ਹੋਈ ਪ੍ਰੇਮ ਖੇਡ ਨੇ ਉਸਦੇ ਦਿਲ ਵਿਚ ਵੀ ਪ੍ਰੇਮ ਦੇ ਭਾਂਬੜ ਬਾਲ਼ ਦਿੱਤੇ ਸਨ ਤੇ ਉਹ ਉਸਨੂੰ ਪ੍ਰਾਪਤ ਕਰਨ ਦੀਆਂ ਵਿਚਾਰਾਂ ਕਰਨ ਲੱਗ ਪਿਆ। ਉਸਨੇ ਉਸਨੂੰ ਏਥੋਂ ਭਜਾ ਲਿਜਾਣ ਦੇ ਪਲਾਨ ਵੀ ਸੋਚੇ, ਰਾਹ ਵੀ ਤਾੜੇ ਤੇ ਨਾਲ ਰੱਖਣ ਦੇ ਟਿਕਾਣੇ ਵੀ ਟਿੱਕ ਲਏ।

ਅਜਿਹੇ ਮੱਚ ਪਏ ਪ੍ਰੇਮ ਕਾਂਡ ਦੀ ਪੂਰਤੀ ਲਈ, ਜੋ ਇਕ ਅਣਪਠਾਣੀ ਕਰਤੂਤ ਸੀ, ਕਈ ਕੁਲਸਾਂ ਕੱਢ ਲਈਆਂ ਜਾਂਦੀਆਂ ਹਨ। ਸ਼ਾਹ ਨਿਵਾਜ਼ ਨੂੰ ਇਸ ਨਰੜ ਦੀਆਂ ਉਮਰਾਂ ਦਾ ਐਡਾ ਪਾੜਾ ਉਸ ਸੁਆਣੀ ਉੱਤੇ ਬਹੁਤ ਹੀ ਵੱਡਾ ਜ਼ੁਲਮ ਜਾਪਿਆ। ਤੇ ਉਸਨੂੰ ਉਸ ਜ਼ੁਲਮ ਤੋਂ ਮੁਕਤ ਕਰਾਉਣ ਲਈ ਕੱਢ ਲਿਜਾਣਾ ਸਵਾਬ ਦਿਸਿਆ। ਜਿਸਨੂੰ ਉਹ ਵਜ਼ੀਰੀ ਪਨਾਹਗੀਰੀ ਤੇ ਪਰਾਹੁਣਾਚਾਰੀ ਦੀ ਮਹਿਮਾਨਗੀ ਦੀ ਪ੍ਰਵਾਹ ਕੀਤੇ ਬਗ਼ੈਰ ਜਾਨ ਤਲੀ 'ਤੇ ਰੱਖ ਕੇ ਵੀ ਕਰਨ ਦੀਆਂ ਸੋਚਾਂ ਸੋਚਣ ਲੱਗ ਪਿਆ। ਨਾਲ ਹੀ ਉਸਨੂੰ ਇਹ ਪਠਾਣੀ ਡਰ ਵੀ ਮਾਰ ਰਿਹਾ ਸੀ, 'ਜੇ ਮੌਲਵੀ ਘਰੋਂ ਤੇ ਪਿੰਡੋਂ

ਨਿਕਲਣ ਤੋਂ ਪਹਿਲਾਂ ਹੀ ਜਾਗ ਪਿਆ ਤਾਂ ਅੱਵਲ ਤਾਂ ਮੌਲਵੀ ਦੀ ਆਪਣੀ ਰਫਲ ਸਾਡਾ ਫਾਤਿਆ ਪੜ੍ਹ ਦੇਵੇਗੀ ਪਰ ਜੇ ਮੌਲਵੀ ਤੋਂ ਬਚ ਵੀ ਗਏ ਤਾਂ ਪਿੰਡ ਦੀ ਵਾਅਰ ਤੋਂ ਬਚਕੇ ਕਿਸ ਤਰ੍ਹਾਂ ਨਿਕਲਿਆ ਜਾ ਸਕੇਗਾ?'

ਇਸ ਖਤਰੇ ਤੇ ਔਖਿਆਈ ਦੇ ਬਾਵਜੂਦ ਉਸਦੇ ਮਨ ਵਿਚ ਇਕੇਰਾਂ ਮਿਰਜ਼ਾ ਬਣ ਵੇਖ ਲੈਣ ਦੀ ਸਲਾਹ ਪੱਕੀ ਹੋ ਗਈ।

ਉਸਦੀਆਂ ਇਹਨਾਂ ਪ੍ਰੇਮ ਸੋਚਾਂ, ਸੁਆਣੀ ਦੇ ਆਉਣ ਦੀਆਂ ਆਸਾਂ, ਉਡੀਕਾਂ, ਉਧਾਲੇ ਦੀਆਂ ਸਕੀਮਾਂ ਤੇ ਪਤਾ ਲੱਗ ਜਾਣ ਦੇ ਡਰ ਤੋਂ ਢਹਿ ਪੈਂਦੀਆਂ ਢੇਰੀਆਂ ਦੇ ਦਿਲ ਵਿਚ ਪੈਂਦੇ ਖੁਰਦੁਲ ਨੇ ਉਸਨੂੰ ਨੀਂਦ ਨਾ ਆਉਣ ਦਿੱਤੀ। ਉਹ ਮੰਜੇ 'ਤੇ ਪਿਆ ਇਸ ਤਰ੍ਹਾਂ ਬੇਚੈਨ ਸੀ ਜਿਸ ਤਰ੍ਹਾਂ ਚੜ੍ਹੇ ਹੋਏ ਗੜਗਜਵੇਂ ਤੇਈਏ ਤਾਪ ਵਿਚ ਹੋਈਦਾ ਹੈ।

ਉਧਰ ਇਸ ਬੇਚੈਨੀ ਤੋਂ ਬੇਖਬਰ ਸਾਰੀ ਦੁਨੀਆਂ ਸੁਸਰੀ ਵਾਂਗ ਸੌਂ ਗਈ ਸੀ। ਸਾਰੇ ਪਿੰਡ 'ਤੇ ਮਸਾਣਾਂ ਵਰਗੀ ਚੁੱਪ ਵਰਤੀ ਹੋਈ ਸੀ। ਇਸ ਸੁੰਨ ਮਸਾਣ ਵਿਚ ਉਸਨੂੰ ਆਪਣੇ ਦਿਲ ਦੀ ਧੜਕਣ ਉਖਲੀ ਵਿਚ ਵੱਜ ਰਹੇ ਮੁਹਲੇ ਦੀ ਧਮਕ ਵਾਂਗ ਸੁਣ ਰਹੀ ਸੀ। ਪਿਛਵਾੜੇ ਕਿਸੇ ਕੂਹਲ ਵਿਚ ਕਿਤੇ ਕਿਤੇ ਕੋਈ ਡੱਡ ਬੋਲ ਪੈਂਦੀ ਸੀ। ਇਕ ਦੋ ਵਾਰ ਕਿਤੇ ਟਟੀਹਰੀ ਵੀ ਟਟਿਆਈ ਸੀ। ਇਸ ਤੋਂ ਇਲਾਵਾ ਚਿੱਟੀ ਚਾਨਣੀ ਰਾਤ ਵਿਚ ਸਭ ਪਾਸੇ ਚੁੱਪ ਚਾਂ ਸੀ। ਉਹ ਆਪਣੀ ਲੱਗੀ ਹੋਈ ਲਿਵ ਵਿਚ ਗਲਤਾਨ ਹੋਇਆ ਸੁਆਣੀ ਦੇ ਆਉਣ ਦੀ ਆਸ ਵਿਚ ਦਲਾਨ ਦੇ ਸਾਹਮਣੇ ਬੂਹੇ ਨੂੰ ਬਿਟ ਬਿਟ ਵੇਖੀ ਜਾਂਦਾ ਸੀ।

ਵਿਹੜੇ ਵਿਚੋਂ ਕੰਧਾਂ ਦੇ ਪਰਛਾਵੇਂ ਵੀ ਮਿਟ ਗਏ ਤੇ ਸਾਰਾ ਵਿਹੜਾ ਚਾਨਣਿਆ ਗਿਆ। ਕੁੱਕੜ ਦੀ ਅੱਧੀ ਰਾਤ ਟੱਪ ਕੇ ਆਉਣ ਵਾਲੀ ਵਾਲੀ ਬਾਂਗ ਵੀ ਹੋ ਗਈ। ਇਸ ਤੋਂ ਕੁਝ ਸਮੇਂ ਬਾਅਦ ਸਾਹਮਣੇਦਲਾਨ ਦਾ ਬੂਹਾ ਮਲਕੜੇ ਜਿਹੇ ਖੁਲ੍ਹਿਆ। ਸੁਆਣੀ ਕਾਲੇ ਊਨੀ ਸਾਲੂ ਦਾ ਅਧੜਵੰਜਾ ਕਰੀ ਦਬੇ ਪੈਰੀਂ ਬਾਹਰ ਨਿਕਲਕੇ ਸਿੱਧੀ ਬੈਠਕ ਨੂੰ ਆਈ।

ਸ਼ਾਹ ਨਿਵਾਜ਼ ਦੀਆਂ ਮੁਰਾਦਾਂ ਵੀ ਵਰ ਆਈਆਂ। ਉਸਦੇ ਮਨ ਵਿਚ ਖੁਸ਼ੀ ਤੇ ਡਰ ਆਪੋ ਵਿਚ ਪੱਗੋ ਹੱਥੀ ਹੋਣ ਲੱਗ ਪਏ। ਉਸਦੇ ਮਨ ਦੇ ਖੇੜੇ ਉੱਤੇ ਇਸ ਡਰ ਦੀ ਪਲਿੱਤਣ ਆ ਚੜ੍ਹੀ: 'ਮਤਾਂ ਬੁੱਢੜਾ ਜਾਗ ਪਵੇ।' ਇਸ ਡਰ ਨਾਲ ਉਹਦਾ ਦਿਲ ਧਕ ਧਕ ਵੱਜਣ ਲੱਗ ਪਿਆ।

ਪਰ ਕਾਮ ਨੂੰ ਸਾਲੂ ਵਿਚ ਵਲ੍ਹੇਟੀ ਤੁਰੀ ਆਉਂਦੀ ਸੁਆਣੀ ਨੂੰ ਉਸਦੇ ਡਰ ਨਾਲ ਕੀ? ਅਹੁ ਰਵਾਂ ਰਵੀ ਅੰਦਰ ਆ ਵੜੀ। ਸੁੱਤਾ ਜਾਗਿਆ ਵੇਖਣ ਲਈ ਪਲ ਕੁ ਮੰਜੇ ਕੋਲ ਖਲੋਤੀ, ਸਾਲੂ ਲਾਹ ਕੇ ਪੁਆਂਦੀ ਸੁੱਟ ਦਿੱਤਾ ਤੇ ਨੰਗੀ ਹੋ ਕੇ ਸ਼ਾਹ ਨਿਵਾਜ਼ ਉੱਤੇ ਲੰਮੀ ਪੈ ਗਈ।

ਉਹ ਉਸਨੂੰ ਜੱਫੀ ਵਿਚ ਲੈਣ ਲਈ ਅਹੁਲਣ ਹੀ ਲੱਗਾ ਸੀ, ਕਿ ਉਸਨੇ ਬੁੱਢੇ ਨੂੰ ਹੱਥ ਵਿਚ ਰਫਲ ਲਈ ਸਾਹਮਣੇ ਅੰਦਰੋਂ ਨਿਕਲਦਾ ਵੇਖ ਲਿਆ। ਉਸਨੇ ਅੱਖ ਦੇ ਫੋਰ ਵਿਚ ਸੁਆਣੀ ਦੀਆਂ ਕੱਛਾਂ ਭਰੀਆਂ ਤੇ ਉਸਨੂੰ ਸਾਰੇ ਜ਼ੋਰ ਨਾਲ ਆਪਣੇ ਨਾਲੋਂ ਝਮਜੋੜਕੇ ਲੱਕੜ ਦੇ ਮੋਛੇ ਵਾਂਗ ਉਲੱਦਿਆ ਤੇ ਅੰਦਰਲੇ ਬੂਹੇ ਵਿਚ ਵਗਾਹ ਮਾਰਿਆ। ਉਧਰੋਂ ਮੌਲਵੀ ਬੂਹੇ ਵਿਚ ਆ ਵੜਿਆ ਸੀ। ਉਹ ਮੌਲਵੀ ਦੀ ਹਿੱਕ ਵਿਚ ਵੱਜੀ। ਹੇਠਾਂ ਮੌਲਵੀ ਤੇ ਉੱਤੇ ਉਹ ਦੋਵੇਂ ਬੂਹੇ ਵਿਚ ਡਿਗ ਪਏ।

ਏਨੇ ਨੂੰ ਸ਼ਾਹ ਨਿਵਾਜ਼ ਰਫਲ ਸਣੇ ਮੰਜੇ ਤੋਂ ਉੱਠਿਆ, ਕਾਰਤੂਸਾਂ ਦੀ ਪੇਟੀ, ਲੁੰਗੀ ਤੇ ਚਾਦਰ ਖਿੱਚੀ ਤੇ ਗਲ਼ੀ ਦੇ ਬੂਹੇ ਦਾ ਕੁੰਡਾ ਖੋਲ੍ਹਕੇ ਬਾਹਰ ਭੱਜ ਵਗਿਆ। ਦਰਵਾਜ਼ਿਉਂ ਨਿਕਲਦਿਆਂ ਹੀ ਡੱਜ ਹੋਈ ਤੇ ਸ਼ੂੰ ਕਰਦੀ ਹੋਈ ਗੋਲ਼ੀ ਦਰਵਾਜ਼ੇ ਦੇ ਤਖਤੇ 'ਤੇ ਆ ਵੱਜੀ। ਉਹ ਸਨਤੋੜ ਨੱਠ ਤੁਰਿਆ। ਇਕ ਵਾਰ ਹੋਰ ਡੱਜ ਹੋਈ ਤੇ ਟੀਂ ਟੀਂ ਕਰਦੀ ਗੋਲ਼ੀ ਕੰਨਾਂ ਕੋਲ ਦੀ ਲੰਘ ਗਈ। ਹੋਰ ਜ਼ੋਰ ਲਾ ਕੇ ਦੌੜਿਆ ਅਤੇ ਸਕਿੰਟਾਂ ਵਿਚ ਚੜ੍ਹਦੇ ਪਾਸੇ ਨੂੰ ਪਿੰਡੋਂ ਬਾਹਰ ਨਿਕਲ ਗਿਆ।

ਪਿੰਡ ਵਿਚ ਹੋਏ ਹੋਏ ਹੋ ਗਈ। ਕੀ ਹੋਇਆ? ਕੌਣ ਸੀ? ਕਿਧਰ ਗਿਆ? ਹਹੋਣ ਲੱਗ ਪਈ। ਵਾਅਰ ਜੁੜਦਿਆਂ ਤੇ ਤੁਰਦਿਆਂ ਨੂੰ ਉਹ ਪਿੰਡੋਂ ਪਰਾਂਹ ਪਰਾਂਹ ਉੱਤੋਂ ਦੀ ਉਹ ਚੜ੍ਹਦੇ ਤੋਂ ਲਹਿੰਦੇ ਹੋ ਗਿਆ ਤੇ ਟੋਕੀ ਵਿਚ ਉਤਰਕੇ ਰਜ਼ਮਕ ਜਾਣ ਦੀ ਥਾਂ ਇਸਦੇ ਹਿਠਾੜ ਵਿਚ ਪੈ ਕੇ ਦੱਤਾ ਖੇਲ ਵੱਲ ਚਲਾ ਗਿਆ। 000



# ਬਹੁਤ ਸਾਰੇ ਚੁਰਸਤੇ: ਕੁਝ ਸਵਾਲ ਬਲਬੀਰ ਪਰਵਾਨਾ ਨਾਲ

**ਮੁਲਾਕਾਤੀ : ਸਤਪਾਲ ਭੀਖੀ**

**–? ਪਰਵਾਨਾ ਜੀ, ਮੈਂ ਗੱਲ ਤੁਹਾਡੇ ਵੱਡ ਅਕਾਰੀ, ਬਹੁ-ਪਾਸਾਰੀ, ਮਿਆਰੀ ਨਾਵਲ 'ਬਹੁਤ ਸਾਰੇ ਚੁਰਸਤੇ' ਬਾਰੇ ਕਰਨੀ ਹੈ। ਨਾਵਲਕਾਰੀ ਤੋਂ ਪਹਿਲਾਂ ਤੁਸੀਂ ਕਵੀ, ਕਹਾਣੀਕਾਰ, ਸੰਪਾਦਕ ਦੇ ਤੌਰ 'ਤੇ ਜਾਣੇ-ਪਹਿਚਾਣੇ ਸੀ। ਨਾਵਲ ਸਿਰਜਣਾ ਵੱਲ ਕਿਵੇਂ ਮੁੜ ਪਏ?**

-ਮੈਂ ਲਿਖਣਾ ਸ਼ੁਰੂ ਕਵਿਤਾ ਅਤੇ ਮਿੰਨੀ ਕਹਾਣੀ ਤੋਂ ਕੀਤਾ ਸੀ। ਇਹ ਸੱਤਰਵਿਆਂ ਦੇ ਸ਼ੁਰੂ ਦੀਆਂ ਗੱਲਾਂ। ਫਿਰ ਨਾਲ ਕਹਾਣੀ ਲਿਖਣ ਲੱਗਾ। ਲੰਮਾ ਸਮਾਂ ਮੈਂ ਕਹਾਣੀ ਤੇ ਕਵਿਤਾ ਨਾਲੋ-ਨਾਲ ਲਿਖੇ ਪਰ ਇਹ ਲਿਖ ਕੇ ਮੇਰੀ ਤਸੱਲੀ ਨਾ ਹੁੰਦੀ। ਮੈਨੂੰ ਲਗਦਾ ਰਹਿੰਦਾ, ਜਿਹੜੀ ਗੱਲ ਮੇਰੇ ਮਨ 'ਚ ਸੀ, ਉਹ ਤਾਂ ਕਹੀ ਹੀ ਨਹੀਂ ਗਈ, ਖ਼ਾਸ ਕਰਕੇ ਕਵਿਤਾ ਵਿਚ। ਤੁਸੀਂ ਦੇਖੋਗੇ ਕਿ ਮੇਰੀ ਕਵਿਤਾ ਵਿਚ ਕਹਾਣੀ ਅੰਸ਼ ਤੇ ਦ੍ਰਿਸ਼ ਚਿਤਰਣ ਕਿਸੇ ਨਾ ਕਿਸੇ ਰੂਪ 'ਚ ਹਾਵੀ ਰਿਹਾ ਹੈ। ਮੇਰੇ ਮਨ 'ਚ ਬਦਲ ਰਹੀ ਜ਼ਿੰਦਗੀ ਨੂੰ ਸਮੁੱਚ 'ਚ ਫੜਨ ਦੀ ਤਾਂਘ ਬੜੀ ਤੀਬਰ ਸੀ/ਹੈ। ਇਹ ਤਾਂਘ-ਤੀਬਰਤਾ ਹੀ ਮੈਨੂੰ ਨਾਵਲ ਵੱਲ ਲੈ ਕੇ ਆਈ। ਭਾਵੇਂ ਇਸਦੇ ਪਿਛੇ ਸਪੱਸ਼ਟ ਕਾਰਨ ਇਕ ਸਬੱਬ ਬਣਿਆ। 2007 'ਚ ਮੈਂ ਇਕ ਕਹਾਣੀ ਲਿਖੀ 'ਦੀਨ ਕੇ ਹੇਤ'। ਛਪਣ ਤੋਂ ਪਹਿਲਾਂ ਇਹ ਡਾ. ਰਜਨੀਸ਼ ਬਹਾਦਰ ਸਿੰਘ ਨੂੰ ਪੜ੍ਹਾਈ ਤਾਂ ਉਸਦਾ ਪ੍ਰਤੀਕਰਮ ਸੀ-'ਇਸ ਕਹਾਣੀ ਦੇ ਪਲਾਟ 'ਚ ਨਾਵਲ ਬਣਨ ਦੀਆਂ ਸੰਭਾਵਨਾਵਾਂ ਹਨ... ਇਸ ਨੂੰ ਫੈਲਾਅ ਕੇ ਨਾਵਲ ਕਿਉਂ ਨਹੀਂ ਬਣਾ ਦਿੰਦਾ।'

ਮੈਂ ਉਸ ਕਹਾਣੀ ਨੂੰ ਨਾਵਲ ਦੇ ਰੂਪ 'ਚ ਤਾਂ ਨਾ ਫੈਲਾਅ ਸਕਿਆ, ਪਰ ਹਰੇ ਇਨਕਲਾਬ ਦੇ ਪ੍ਰਭਾਵਾਂ ਨਾਲ ਬਦਲੇ ਹੋਏ ਪਿੰਡ ਨੂੰ ਆਧਾਰ ਬਣਾ ਕੇ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ 'ਨਿੱਕੇ-ਨਿੱਕੇ ਯੁੱਧ', ਜਿਹੜਾ ਇਸ ਵੱਡੇ ਨਾਵਲ 'ਬਹੁਤ ਸਾਰੇ ਚੁਰਸਤੇ' ਦਾ ਦੂਸਰਾ ਭਾਗ ਬਣਿਆ। ਫਿਰ ਤਾਂ ਚੱਲ ਸੋ ਚੱਲ... ਜਿਵੇਂ ਮੇਰੀ ਤਾਂਘ ਨੂੰ ਸਹੀ ਨਿਕਾਸ ਮਿਲ ਗਿਆ ਹੋਵੇ।

**–? ਇਹ ਨਾਵਲ ਚਾਰ ਨਾਵਲਾਂ ਦਾ ਸਮੂਹ ਹੈ, ਭਾਵ ਪਹਿਲਾ ਭਾਗ 2008 'ਚ 'ਨਿੱਕੇ-ਨਿੱਕੇ ਯੁੱਧ', ਦੂਸਰਾ 2009 'ਚ 'ਆਪਣੇ-ਆਪਣੇ ਮੋਰਚੇ', ਤੀਜਾ 'ਗਹਿਰ ਚੜ੍ਹੀ ਅਸਮਾਨ' 2010 'ਚ ਤੇ 2011 ਵਿਚ ਚੌਥਾ ਭਾਗ 'ਕਥਾ ਇਸ ਯੁਗ ਦੀ' ਤੇ ਫਿਰ 2014 ਵਿਚ ਇਨ੍ਹਾਂ ਦਾ ਸਮੁੱਚ 'ਬਹੁਤ ਸਾਰੇ ਚੁਰਸਤੇ' ਰਾਹੀਂ ਸਾਹਮਣੇ ਆਇਆ। ਇਨ੍ਹਾਂ ਨੂੰ ਇਕ ਜਿਲਦ ਵਿਚ ਛਾਪਣ ਦੀ ਲੋੜ ਕਿਉਂ ਪਈ?**

-ਇਹ ਨਾਵਲ ਸ਼ੁਰੂ 'ਚ ਹੀ ਚਾਰ ਭਾਗਾਂ 'ਚ ਨਹੀਂ ਸੀ ਵਿਉਂਤਿਆ ਗਿਆ। ਹਰੇ ਇਨਕਲਾਬ ਨੇ ਪਿੰਡ ਦੀ ਜ਼ਿੰਦਗੀ 'ਚ ਜਿਹੜੇ ਨਵੇਂ ਬਦਲਾਅ ਲਿਆਂਦੇ, ਉਨ੍ਹਾਂ 'ਚੋਂ ਮੁੱਖ ਜਾਤੀ ਤੇ ਭਾਈਚਾਰਕ ਜਕੜ ਦਾ ਕਮਜ਼ੋਰ ਪੈਣਾ ਹੈ। ਇਸ ਨੇ ਜੀਉਣ ਦੇ ਨਵੇਂ-ਦਿਸਹੱਦੇ ਵੀ ਪੈਦਾ ਕੀਤੇ, ਸਗੋਂ ਨਵੇਂ ਧੰਦੇ ਤੇ ਕਿੱਤੇ ਹੋਂਦ 'ਚ ਆਏ। ਖੇਤੀ 'ਚ ਮਸ਼ੀਨ ਦਾ ਦਖ਼ਲ ਹਾਵੀ ਹੋ ਗਿਆ। ਇਹ ਲਿਖ ਕੇ ਮੈਂ ਕੁਝ ਦੋਸਤਾਂ ਨੂੰ ਪੜ੍ਹਾਇਆ ਤਾਂ ਜਸ ਮੰਡ ਦੀ ਟਿੱਪਣੀ ਸੀ: 'ਇਸਦਾ ਅੰਤ ਕੁਝ ਵਧੇਰੇ ਹੀ ਸੁਖਾਂਤ ਹੋ ਗਿਆ ਹੈ। ਕੀ ਜ਼ਿੰਦਗੀ ਏਨੀ ਹੀ ਸਹਿਜ ਤੇ ਸੁਖਾਂਤਕ ਹੈ?'

ਮੈਨੂੰ ਉਨ੍ਹਾਂ ਦੀ ਗੱਲ ਜਚ ਗਈ ਤੇ ਮੈਂ ਨਾਵਲ ਦਾ ਦੂਜਾ ਭਾਗ ਵਿਉਂਤਣਾ ਸ਼ੁਰੂ ਕਰ ਦਿੱਤਾ। ਨਵੇਂ ਧੰਦੇ, ਨਵੇਂ ਮੌਕੇ ਜਿਹੜੇ ਤਣਾਅ ਪੈਦਾ ਕਰ ਰਹੇ ਹਨ, ਸਮਾਜਕ ਉਥਲ-ਪੁਥਲ ਦੀ ਅਸਹਿਜਤਾ ਜਿਵੇਂ ਬੰਦੇ ਤੋਂ ਪ੍ਰਬੰਧ ਦੇ ਅਨੁਸਾਰੀ ਹੋਣ ਦੀ ਮੰਗ ਕਰ ਰਹੀ ਹੈ, ਉਸਨੂੰ ਕੇਂਦਰ 'ਚ ਰੱਖਿਆ ਤੇ ਇਹ ਵੀ ਕਿ ਜੇ ਪ੍ਰਬੰਧ ਦੇ ਅਨੁਸਾਰੀ ਨਹੀਂ ਹੋਵੋਗੇ ਤਾਂ ਦਰੜ ਦਿੱਤੇ ਜਾਵੋਗੇ। ਇਹ ਦੌਰ ਹਰੇ ਇਨਕਲਾਬ ਤੋਂ ਬਾਅਦ ਵਾਲਾ ਦੌਰ ਹੈ, ਜਦੋਂ ਪੂੰਜੀ ਦਾ ਸਿੱਧਾ ਦਖ਼ਲ ਪਿੰਡ 'ਚ ਭਾਰੂ ਹੋਣ ਲੱਗਾ। ਪ੍ਰਬੰਧ ਦਾ ਵਿਰੋਧ ਪਹਿਲਾਂ ਤੋਂ ਕਿਤੇ ਵਧੇਰੇ ਔਖਾ ਤੇ ਪੇਚੀਦਾ ਹੋ ਗਿਆ ਹੈ। ਇਹ ਭਾਗ

'ਆਪਣੇ-ਆਪਣੇ ਮੋਰਚੇ' ਲਿਖ ਰਿਹਾ ਸਾਂ ਤਾਂ ਮੈਨੂੰ ਇਹ ਲੱਗਣ ਲੱਗਾ, ਜਗਵਿੰਦਰ ਅਜਿਹਾ ਕਿਉਂ ਹੈ, ਇਸ ਦੀਆਂ ਜੜ੍ਹਾਂ ਉਸਦੇ ਬਚਪਨ 'ਚ ਹੀ ਹੋਣਗੀਆਂ। ਉਸਦੇ ਬਚਪਨ ਨੂੰ ਚਿਤਰਨਾ ਚਾਹੀਦਾ। ਇਉਂ ਇਸ ਦਾ ਪਹਿਲਾ ਭਾਗ 'ਗਹਿਰ ਚੜ੍ਹੀ ਅਸਮਾਨ' ਨਾਵਲ ਹੋਂਦ 'ਚ ਆਇਆ।

ਇਹ ਤਿੰਨੇ ਭਾਗ ਲਿਖ ਕੇ ਵੀ ਮੇਰੀ ਤਸੱਲੀ ਨਹੀਂ ਸੀ। ਮੈਨੂੰ ਲੱਗੇ ਕਿ ਪ੍ਰਬੰਧ ਦੇ ਵਿਰੋਧ 'ਚ ਬੰਦਾ ਮਹਿਜ਼ ਇਕੱਲਾ ਕਿਉਂ ਪੈ ਜਾਂਦਾ ਹੈ। ਇਸ ਨੂੰ ਸਮਝਣ ਲਈ ਮੈਂ ਬਹੁਤ ਪੜ੍ਹਿਆ। ਏਂਗਲਜ, ਮਾਰਕਸ, ਡਾਰਵਿਨ, ਫਰਾਇਡ, ਤਾਲਸਤਾਏ ਤੋਂ ਲੈ ਕੇ ਭਾਰਤੀ ਕਲਾਸਿਕੀ ਸਾਹਿਤ ਤੇ ਰਿਗਵੇਦ ਦਾ ਸੰਪੂਰਨ ਅਨੁਵਾਦ ਵੀ। ਇਸ 'ਚੋਂ ਮੈਂ ਇਸ ਨਤੀਜੇ 'ਤੇ ਪੁੱਜਿਆ ਕਿ ਜੇ ਪ੍ਰਬੰਧ ਦੇ ਬਦਲ ਦੀ ਗੱਲ ਕਰਨੀ ਹੈ ਤਾਂ ਅੱਜੋਕੇ ਪ੍ਰਬੰਧ ਦੇ ਮੁੱਢਲੇ ਆਧਾਰਾਂ, ਪਰਿਵਾਰ ਨੂੰ ਵੀ ਸਮਝਣਾ ਪਵੇਗਾ ਕਿ ਅੱਜੋਕੇ ਦੌਰ 'ਚ ਇਹ ਕਿੰਨਾ ਕੁ ਪ੍ਰਸੰਗਕ ਰਹਿ ਗਿਆ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਸਮਾਜ ਦਾ ਵਿਸ਼ਲੇਸ਼ਣ ਸ਼ੁਰੂ ਕੀਤਾ ਤਾਂ ਹੈਰਾਨੀਜਨਕ ਨਤੀਜਿਆਂ 'ਤੇ ਪੁੱਜਿਆ। ਇਸ ਸੱਚ ਦਾ ਚਿਤਰਨ ਹੈ ਆਖਰੀ ਭਾਗ ਜਾਂ 'ਕਥਾ ਇਸ ਯੁੱਗ ਦੀ' ਵਿਚ।

ਇਹ ਚਾਰੇ ਭਾਗ 2011 ਤਕ ਵੱਖਰੇ-ਵੱਖਰੇ ਰੂਪ 'ਚ ਆਪਣੇ-ਆਪ 'ਚ ਸੁਤੰਤਰ ਇਕਾਈਆਂ ਵਜੋਂ ਛਪ ਗਏ ਸਨ ਤੇ ਚੰਗੀ ਚਰਚਾ 'ਚ ਵੀ ਰਹੇ, ਸਗੋਂ ਮੇਰੀ ਇਕ ਤਰ੍ਹਾਂ ਨਾਵਲਕਾਰ ਦੇ ਤੌਰ 'ਤੇ ਪਹਿਚਾਣ ਵੀ ਬਣਾ ਦਿੱਤੀ। ਪਰ ਇਨ੍ਹਾਂ ਚਾਰ ਭਾਗਾਂ ਦੇ ਆਧਾਰ 'ਚ, ਜਿਵੇਂ ਲਗਾਤਾਰਤਾ 'ਚ ਸਮਕਾਲੀ ਸਮਾਜ, ਰਾਜਨੀਤੀ ਤੇ ਬੰਦੇ ਨੂੰ ਬਦਲਦਾ ਦਿਖਾਇਆ ਗਿਆ, ਉਸ ਬਾਰੇ ਗੱਲ ਬਹੁਤੀ ਨਾ ਤੁਰੀ ਜਾਂ ਸ਼ਾਇਦ ਪਾਠਕ ਦੇ ਮਨ 'ਚ ਉਹ ਟੁਕੜਿਆਂ 'ਚ ਤਾਂ ਸੀ ਪਰ ਇੰਞ ਕੋ-ਰਿਲੇਟ ਨਾ ਹੋ ਸਕੀ ਜਿਵੇਂ ਇਹ ਇਕੋ ਜਿਲਦ 'ਚ, ਇਕ ਨਾਵਲ ਵਜੋਂ ਛਪਣ 'ਤੇ ਤੁਰੀ ਹੈ। ਉਂਞ ਮੈਂ ਇਸਦੇ ਇਕੋ ਭਾਗ 'ਚ ਛਪਣ ਵੇਲੇ ਕੁਝ ਸੋਧਾਂ ਵੀ ਕੀਤੀਆਂ ਹਨ ਕਿ ਪਾਠਕਾਂ ਨੂੰ ਇਹ ਇਕ ਸੰਗਠਤ ਇਕਾਈ ਲੱਗੇ।

**-? ਜਦੋਂ ਕੋਈ ਨਾਵਲਕਾਰ ਵੱਡੀ ਕੈਨਵਸ 'ਤੇ ਗੱਲ ਕਰਦਾ ਹੈ ਤਾਂ ਜ਼ਰੂਰ ਉਸਦੇ ਸਾਹਮਣੇ ਵਿਸ਼ਾਲ ਅਣਕਹੇ ਨੂੰ ਕਹਿਣ, ਵੱਡੇ ਸਰੋਕਾਰਾਂ ਨੂੰ ਪੇਸ਼ ਕਰਨ ਦੀ ਇੱਛਾ ਹੋਵੇਗੀ। ਇਸ ਨਾਵਲ ਦੀ ਵਿਲੱਖਣਤਾ ਜਾਂ ਭਿੰਨਤਾ ਕੀ ਮੰਨਦੇ ਹੋ?**

-ਮੇਰੇ ਸਾਹਮਣੇ ਸਪੱਸ਼ਟ ਸੀ ਕਿ ਹਰੇ ਇਨਕਲਾਬ ਤੋਂ ਬਾਅਦ ਜਿਵੇਂ ਪਿੰਡ ਬਦਲਿਆ ਹੈ, ਪਿੰਡ ਦੇ ਆਰਥਿਕ, ਸਮਾਜਕ ਆਧਾਰ ਬਦਲੇ ਹਨ; ਤੇ ਉਹਨਾਂ ਅਨੁਸਾਰ ਰਿਸ਼ਤੇ-ਨਾਤੇ, ਜ਼ਿੰਦਗੀ ਤੇ ਸਭਿਆਚਾਰ ਬਦਲੇ ਹਨ, ਉਸਨੂੰ ਕੇਂਦਰ 'ਚ ਰੱਖਣਾ। ਇਸ ਦੇ ਨਾਲ ਪਿੰਡ ਤੇ ਸ਼ਹਿਰੀ ਜੀਵਨ ਜਾਚ 'ਚ ਘਟਦੇ ਫਰਕ, ਨਵੇਂ-ਧੰਦਿਆਂ ਦਾ ਉਦੈ ਹੋਣਾ, ਮੱਧ-ਵਰਗ ਦੇ ਸੇਵਾ ਖੇਤਰ ਵਾਲੇ ਪਰਿਵਾਰਾਂ ਦੀ ਬਦਲਦੀ ਮਾਨਸਿਕਤਾ, ਅੰਧਾ-ਧੁੰਦ ਖਪਤ ਦੀ ਹਨੇਰੀ 'ਚ ਰੁੜ੍ਹਦਾ ਹੋਇਆ ਬੰਦਾ... ਬਹੁਤ ਕੁਝ ਅਜਿਹਾ ਹੈ, ਜਿਹੜਾ ਮੈਂ ਸੁਚੇਤ ਰੂਪ 'ਚ ਚਿਤਰਿਆ ਹੈ।

**-? ਇਸ ਦਾ ਪਹਿਲਾ ਚੈਪਟਰ ਲਿਖਣਾ ਸ਼ੁਰੂ ਕਰਨ ਲੱਗਿਆਂ ਤੁਹਾਡੇ ਮਨ ਅੰਦਰ ਕੀ ਚੱਲ ਰਿਹਾ ਸੀ? ਕਿਸ ਕਿਸਮ ਦਾ ਖਾਕਾ ਸੀ? ਅੰਤਮ ਛੋਹਾਂ ਦੇਣ ਲੱਗਿਆਂ ਮਨ 'ਚ ਕੀ ਉੱਭਰਿਆ?**

-ਮੈਂ ਪਹਿਲਾਂ ਵੀ ਕਿਹਾ ਹੈ ਕਿ ਜਦੋਂ ਲਿਖਣਾ ਸ਼ੁਰੂ ਕੀਤਾ, ਉਹ ਹੋਰ ਰੂਪ ਸੀ। ਇੰਨੇ ਵੱਡੇ ਕੈਨਵਸ 'ਤੇ ਜ਼ਿੰਦਗੀ ਨੂੰ ਚਿਤਰਨ ਦਾ ਸ਼ਾਇਦ ਮੁੱਢ 'ਚ ਹੌਂਸਲਾ ਵੀ ਨਾ ਕਰਦਾ! ਇਸਦੀ ਰੂਪ ਰੇਖਾ ਨਾਲੋ-ਨਾਲ ਬਦਲਦੀ ਰਹੀ ਹੈ। ਅੰਤਮ ਛੂਹਾਂ ਦੇਣ ਤਕ ਮੈਂ ਇਸ ਨੂੰ ਬਦਲਿਆ, ਰੂਪ-ਰੇਖਾ 'ਚ ਤਬਦੀਲੀਆਂ ਕਰਦਾ ਰਿਹਾ ਹਾਂ। ਇਸ ਨੂੰ 2007 'ਚ ਲਿਖਣਾ ਸ਼ੁਰੂ ਕੀਤਾ ਸੀ ਤੇ 2011 ਤਕ, ਲਗਪਗ ਚਾਰ ਸਾਲ ਮੈਂ ਇਸ ਤੋਂ ਬਿਨਾਂ ਹੋਰ ਕੁਝ ਨਾ ਸੋਚਿਆ। ਮੈਨੂੰ ਸੰਤੁਸ਼ਟੀ ਹੈ ਕਿ ਮੈਂ ਏਡਾ ਵੱਡਾ ਸੰਸਾਰ ਸਿਰਜ ਸਕਿਆ ਹਾਂ।



**-? ਇਸ ਦੇ ਛਪਣ/ਪੜ੍ਹਨ ਤੋਂ ਬਾਅਦ ਆਏ ਪ੍ਰਭਾਵਾਂ/ਪ੍ਰਤੀਕਰਮਾਂ ਤੋਂ ਕੀ ਵਿਚਾਰ ਬਣ ਰਹੇ ਹਨ?**

-ਹੁੰਗਾਰਾ ਤਾਂ ਚੰਗਾ ਹੀ ਮਿਲ ਰਿਹਾ ਹੈ। ਖਾਸ ਕਰਕੇ ਪੰਜਾਬ ਦੇ ਪਿੰਡਾਂ ਦੇ ਅਖੌਤੀ ਵਿਕਾਸ ਨੇ ਕੁਦਰਤੀ ਸਰੋਤਾਂ ਨੂੰ ਜਿਵੇਂ ਅੰਨ੍ਹੇਵਾਹ ਸ਼ੋਸ਼ਣ ਦੇ ਰਾਹ ਧੱਕਿਆ ਹੈ, ਤੇ ਇਸ ਨਾਲ ਜਿਹੜੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਉਨ੍ਹਾਂ ਬਾਰੇ ਚਿੰਤਾ ਉਭਰੀ ਹੈ। ਆਲੋਚਨਾ ਵੀ ਹੋ ਰਹੀ ਹੈ, ਖਾਸ ਕਰਕੇ ਕੁਝ ਥਾਵਾਂ 'ਤੇ ਇਸਦੀ ਸ਼ਬਦਾਵਲੀ ਨੂੰ ਲੈ ਕੇ, ਕਿ ਇਹ ਅਸ਼ਲੀਲਤਾ ਨੂੰ ਛੂਹਦੀ ਹੈ। ਪਰ ਮੈਨੂੰ ਲਗਦਾ ਹੈ ਕਿ ਨਵੀਂ ਉਭਰ ਰਹੀ ਜੀਵਨ-ਜਾਚ ਨੂੰ ਪੇਸ਼ ਕਰਨ ਲਈ ਕੁਝ ਖੁੱਲ੍ਹਾਂ ਤਾਂ ਲੈਣੀਆਂ ਹੀ ਪੈਣਗੀਆਂ। ਤੁਸੀਂ ਪੰਜਾਹਵਿਆਂ ਵਾਲੀ ਸ਼ਬਦਾਵਲੀ ਤੇ ਦ੍ਰਿਸ਼ਟੀ ਨਾਲ, ਇਕੀਵੀਂ ਸਦੀ ਦੇ ਪਹਿਲੇ ਜਾਂ ਦੂਸਰੇ ਦਹਾਕੇ ਦੀ ਜ਼ਿੰਦਗੀ ਨੂੰ ਨਹੀਂ ਚਿਤਰ ਸਕਦੇ।

**-? ਠੀਕ ਹੈ, ਪੰਜਾਹਵਿਆਂ ਵਾਲੀ ਦ੍ਰਿਸ਼ਟੀ ਨਾਲ ਨਹੀਂ ਚਿਤਰ ਸਕਦੇ, ਪਰ ਕੀ ਸਮਕਾਲੀ ਦ੍ਰਿਸ਼ਟੀ ਜ਼ਿਆਦਾ ਨੰਗੇਜ ਦੀ ਮੰਗ ਕਰਦੀ ਹੈ?**

-ਨੰਗੇਜ ਦਾ ਮਿਆਰ ਹਰ ਦੌਰ ਵਿਚ ਵੱਖਰਾ-ਵੱਖਰਾ ਹੁੰਦਾ ਹੈ। ਸੱਤਰਵਿਆਂ ਦੇ ਅੱਧ ਤਕ ਪਿੰਡਾਂ 'ਚ ਕੋਈ ਨਵੀਂ ਆਈ ਵਹੁਟੀ ਘੁੰਡ ਤੋਂ ਬਿਨਾਂ ਨਹੀਂ ਸੀ ਨਿੱਕਲਦੀ ਘਰੋਂ ਬਾਹਰ। 1976-77 ਦੇ ਆਸਪਾਸ ਸਾਡੇ ਪਿੰਡ ਕਾਮਰੇਡ ਕੇਹਰ ਜੋਸ਼ ਦਾ ਵਿਆਹ ਹੋਇਆ। ਉਸਦੀ ਬੀਵੀ ਪਹਿਲੀ ਔਰਤ ਸੀ ਜਿਹੜੀ ਦੂਸਰੇ ਦਿਨ ਨੰਗੇ ਮੂੰਹ ਗਲ਼ੀ 'ਚ ਨਿੱਕਲੀ ਤਾਂ ਪਿੰਡ 'ਚ ਗੱਲਾਂ ਤੁਰੀਆਂ ਸਨ। ਅੱਜ ਕਿਸੇ ਵੀ ਪਿੰਡ ਦੀ ਗਲ਼ੀ 'ਚ ਕੁੜੀਆਂ/ਵਹੁਟੀਆਂ ਸਲੀਵ-ਲੈੱਸ ਤੇ ਹਾਫ਼ ਪੈਂਟਾਂ ਪਾਈ ਫਿਰਦੀਆਂ ਦੇਖੀਆਂ ਜਾ ਸਕਦੀਆਂ। ਵਿਆਹੇ ਜੋੜੇ ਲਈ ਵੱਖਰੇ 'ਬੈੱਡ ਰੂਮ' ਦਾ ਵਰਤਾਰਾ ਪੰਜਾਬ ਦੇ ਪੇਂਡੂ ਸਮਾਜ 'ਚ 1960 ਤੋਂ ਪਹਿਲਾਂ ਨਹੀਂ ਸੀ - ਸੋ 1960 ਦੇ ਦਹਾਕੇ ਤੋਂ ਪਹਿਲਾਂ ਦੀ ਜ਼ਿੰਦਗੀ ਤੇ ਇਸ ਤੋਂ ਬਾਅਦ ਦੀ ਜ਼ਿੰਦਗੀ - ਜੋ ਕੁਝ ਉਦੋਂ ਨੰਗੇਜ ਸੀ, ਉਹ ਅੱਜ ਸਾਧਾਰਨ ਹੈ! ਜੋ ਕੁਝ ਅੱਜ ਅਸੀਂ ਨੰਗੇਜ ਜਾਂ ਅਸ਼ਲੀਲ ਕਹਿ ਰਹੇ ਹਾਂ, ਉਹ ਭਲਕੇ ਕੀ ਹੋਵੇਗਾ? ਲੇਖਕ ਦਾ ਕਰਤੱਵ ਤਾਂ ਹੈ ਆਪਣੇ ਸਮਕਾਲ ਦੀ ਜ਼ਿੰਦਗੀ ਨੂੰ ਉਸ ਦੇ ਸਮੁੱਚੇ ਸੰਦਰਭਾਂ 'ਚ ਚਿਤਰਨਾ।

**-? ਨਾਵਲ ਚਾਰ ਮੁੱਖ ਖੇਤਰਾਂ ਪੇਂਡੂ ਜੀਵਨ, ਸ਼ਹਿਰੀ ਜ਼ਿੰਦਗੀ, ਖੱਬੇ-ਪੱਖੀ ਲਹਿਰ ਅਤੇ ਪੱਤਰਕਾਰਤਾ ਨੂੰ ਸਮਾਨਾਂਤਰ ਲੈ ਕੇ ਤੁਰਦਾ ਹੈ। ਲੇਖਕ ਮੁੱਖ ਰੂਪ 'ਚ ਕਿਸ ਨੂੰ ਚਿਤਰ ਰਿਹਾ ਹੈ, ਇਹ ਫੈਸਲਾ ਕਰਨਾ ਵੀ ਔਖਾ ਜਾਪਦਾ ਹੈ। ਤੁਹਾਡੇ ਮੁਤਾਬਕ ਨਾਵਲ ਦੇ ਕੇਂਦਰ ਵਿਚ ਕੀ ਹੈ?**

-ਮੈਂ ਜ਼ਿੰਦਗੀ ਨੂੰ ਚਿੱਤਰ ਰਿਹਾ ਹਾਂ, ਜਗਵਿੰਦਰ ਦੀ ਜ਼ਿੰਦਗੀ ਨੂੰ। ਉਹ ਆਪਣੀ ਹੋਂਦ ਲਈ ਜਿਵੇਂ ਟੱਕਰਾਂ ਮਾਰਦਾ ਫਿਰਦਾ ਹੈ, ਜਿਵੇਂ ਜੀਊਣ ਲਈ ਤਾਂਘਦਾ ਹੈ, ਇਹ ਉਸਦਾ ਚਿਤਰਣ ਹੈ। ਇਕ ਚਿੰਤਨਸ਼ੀਲ ਬੰਦੇ ਦਾ ਜਿਊਣਾ ਇਸ ਖਪਤਵਾਦ ਦੇ ਦੌਰ ਵਿਚ ਬਹੁਤ ਔਖਾ ਹੁੰਦਾ ਜਾ ਰਿਹਾ ਹੈ। ਇਹ ਔਖਾ ਕਿਉਂ ਹੈ, ਇਸਦੀ ਕਹਾਣੀ ਹੈ ਨਾਵਲ। ਖਪਤਵਾਦ ਕਿਵੇਂ ਸੰਵੇਦਨਾਵਾਂ ਨੂੰ ਹੜੱਪ ਕਰ ਰਿਹਾ ਹੈ, ਇਹ ਇਸਦੀ ਕਹਾਣੀ ਵੀ ਹੈ। ਮੇਰੇ ਮਨ 'ਚ ਕੋਈ ਨਿਸ਼ਚਤ ਸਿਧਾਂਤਕ ਚੌਖਟਾ ਨਹੀਂ ਕਿ ਮੈਂ ਹਰ ਗੱਲ ਨੂੰ ਉਸ ਵਿੱਚ ਬੰਨ੍ਹ ਕੇ ਕਰਨਾ। ਬਦਲ ਦਾ ਕੋਈ ਨਿਸ਼ਚਤ ਚੌਖਟਾ ਅੱਜ ਦੇ ਬੰਦੇ ਸਾਹਮਣੇ ਹੈ ਵੀ ਨਹੀਂ? ਜਿਵੇਂ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਸੀ। ਅੱਜ ਦੇ ਸੁਲਗਦੇ ਸਵਾਲਾਂ ਲਈ ਮਾਰਕਸਵਾਦੀ ਦ੍ਰਿਸ਼ਟੀ ਦੀ ਤਾਂ ਲੋੜ ਹੈ, ਮਾਰਕਸ ਜਾਂ ਲੈਨਿਨ ਦੀਆਂ ਕੁਟੇਸ਼ਨਾਂ ਦੀ ਨਹੀਂ।

**-? ਇਸ ਪੇਸ਼ਕਾਰੀ ਵਿਚ ਕਿੰਨ੍ਹਾਂ ਸਥਿਤੀਆਂ, ਸੰਦਰਭਾਂ, ਪਹਿਲੂਆਂ ਤੇ ਸੰਕਲਪਾਂ ਦੀਆਂ ਸਮੱਸਿਆਵਾਂ ਸਾਹਮਣੇ ਆਈਆਂ?**

-ਔਕੜਾਂ ਤਾਂ ਬਹੁਤ ਆਈਆਂ। ਮਸਲਨ ਚੌਥੇ ਭਾਗ 'ਚ, ਜਦ ਜਗਵਿੰਦਰ ਪੱਤਰਕਾਰਤਾ ਦੇ

ਮਿਸ਼ਨ ਤੋਂ ਪ੍ਰਾਡਕਟ 'ਚ ਬਦਲ ਜਾਣ ਦੀ ਗੱਲ ਕਰਦਾ ਤਾਂ ਇਸ ਲਈ ਮੈਨੂੰ ਬਹੁਤ ਅਧਿਐਨ ਕਰਨਾ ਪਿਆ। ਪਹਿਲਾਂ ਮੈਂ ਸਮਝਦਾ ਸਾਂ ਕਿ ਪੱਤਰਕਾਰਤਾ ਦਾ ਮਿਆਰ ਇਸ ਲਈ ਡਿੱਗ ਰਿਹਾ ਕਿ ਇਸ ਵਿਚ ਕੁਝ ਗ਼ਲਤ ਕਿਸਮ ਦੇ ਬੰਦੇ ਆ ਗਏ ਹਨ ਜਿਨ੍ਹਾਂ ਲਈ ਪੈਸਾ ਪ੍ਰਮੁੱਖ ਹੈ। ਪਰ ਇਸ ਬਾਰੇ ਅਧਿਐਨ ਤੋਂ ਬਾਅਦ ਇਸ ਨਤੀਜੇ 'ਤੇ ਪੁੱਜਿਆ ਕਿ ਇਸਦਾ ਆਧਾਰ-ਸਰੂਪ ਹੀ ਬਦਲ ਚੁੱਕਾ ਹੈ। ਫਿਰ ਮਾਰਕਸਵਾਦ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੇ ਬਹੁਤੇ ਅੰਦਰੋਂ ਕਿਉਂ ਨਹੀਂ ਬਦਲੇ, ਇਸ ਬਾਰੇ ਵੀ ਬਹੁਤ ਖੌਝਲਨਾ ਪਿਆ। ਕਿਸੇ ਸਥਾਪਤ ਧਾਰਾ ਨੂੰ ਰੱਦ ਕਰਨਾ ਸੌਖਾ ਨਹੀਂ ਹੁੰਦਾ, ਪਰ ਮੈਨੂੰ ਖ਼ੁਸ਼ੀ ਹੈ ਕਿ ਲਿਖਣ ਵੇਲੇ ਜੋ ਮੇਰੇ ਮਨ 'ਚ ਸੀ, ਉਹੀ ਪਾਠਕਾਂ ਨੇ ਸਮਝਿਆ। ਸੰਵਾਦ ਦਾ ਬਹੁਤ ਗੈਪ ਨਾ ਪੈਦਾ ਹੋਇਆ।

**-? ਨਾਵਲ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਇਹ ਨਾਇਕਤਵ ਦੀ ਗ਼ੁਲਾਮੀ ਤੋਂ ਮੁਕਤ ਹੈ। ਕਦੇ-ਕਦੇ ਸਥਿਤੀਆਂ ਨਾਇਕ ਜਾਪਦੀਆਂ ਹਨ। ਯਥਾਰਥ ਦਾ ਇਹ ਵੀ ਇਕ ਪੱਖ ਹੈ। ਪਾਤਰਾਂ ਦੇ ਗੁਣ-ਔਗੁਣ ਨਾਲ-ਨਾਲ ਚੱਲਦੇ ਹਨ। ਮੈਨੂੰ ਇਹ ਵਖਰੇਵਾਂ ਲੱਗਿਆ?**

-ਹਰ ਦੌਰ ਦੇ ਨਾਇਕ ਆਪਣੀ ਤਰ੍ਹਾਂ ਦੇ ਹੁੰਦੇ ਹਨ, ਅੱਜ ਦੇ ਦੌਰ 'ਚ 'ਚਰਨ' ਵਰਗਾ ਨਾਇਕ ਨਹੀਂ ਸਿਰਜਿਆ ਜਾ ਸਕਦਾ। ਉਹ ਦੌਰ ਹੋਰ ਸੀ, ਸਤਵੰਜਾ ਅਠਵੰਜਾ ਵਾਲਾ। ਜਗਵਿੰਦਰ ਅੱਜ ਦੇ ਦੌਰ ਦਾ 'ਚਰਨ' ਹੈ, ਜਦੋਂ ਸਮਾਜ 'ਚ ਪੂੰਜੀਵਾਦ ਦੇ ਵਿਰੋਧ 'ਚ ਕੋਈ ਸ਼ਕਤੀਸ਼ਾਲੀ ਲਹਿਰ ਮੌਜੂਦ ਨਹੀਂ। ਸਗੋਂ ਜਿਹੜੀ ਲਹਿਰ ਪਹਿਲਾਂ ਸੀ, ਉਹ ਵੀ ਵਿਚਾਰਧਾਰਾ ਦੇ ਭੰਬਲ-ਭੂਸਿਆਂ ਦਾ ਸ਼ਿਕਾਰ ਹੋ ਚੁੱਕੀ ਹੈ। ਜਗਵਿੰਦਰ ਅੱਜ ਦਾ ਨਾਇਕ ਹੈ, ਖਪਤਵਾਦ ਦੀ ਹਨੇਰੀ ਦੇ ਖ਼ਿਲਾਫ਼ ਟਿਮਟਿਮਾਉਂਦਾ ਨਾਇਕ।

**-? ਅਨੇਕਾਂ ਚੁਰਸਤਿਆਂ 'ਤੇ ਕਾਮਰੇਡ ਗੁਰਮੇਲ ਸਿੰਘ, ਕਾਮਰੇਡ ਜਲਵੰਤ ਸਿੰਘ, ਕਾਮਰੇਡ ਭੀਮ ਸਿੰਘ, ਕਾਮਰੇਡ ਜਗਵਿੰਦਰ ਸਿੰਘ ਆਦਿ ਸਾਹਮਣੇ ਆਉਂਦੇ ਹਨ। ਇਨ੍ਹਾਂ ਦੇ ਉੱਧੜ ਰਹੇ ਕਿਰਦਾਰ ਵਿਚੋਂ ਲੀਰਾਂ ਨਜ਼ਰ ਆਉਂਦੀਆਂ ਹਨ ਤੇ ਤੁਸੀਂ ਚਿਤਰਿਆ ਵੀ ਨੀਝ ਨਾਲ ਹੈ। ਉਸ ਦੌਰ ਦੇ ਅਨੇਕਾਂ ਕਾਮਰੇਡ ਲੋਕ ਦਿਲਾਂ ਦੇ ਨਾਇਕ ਹੋ ਨਿੱਬੜੇ, ਉਹ ਕਿਧਰੇ ਨਜ਼ਰ ਨਹੀਂ ਆਉਂਦੇ, ਹਾਂ ਕੁਝ ਆਉਂਦੇ ਤਾਂ ਹਨ ਸਿਰਫ਼ ਜ਼ਿਕਰ ਮਾਤਰ?**

-ਮੈਂ ਆਪਣੇ ਕਾਲਿਜ ਵੇਲੇ ਤੋਂ ਕਿਸੇ ਨਾ ਕਿਸੇ ਰੂਪ 'ਚ ਕਮਿਊਨਿਸਟ ਲਹਿਰ ਨਾਲ ਹਾਂ; ਨਾ ਕੇਵਲ ਸਿਧਾਂਤਕ ਰੂਪ 'ਚ ਸਗੋਂ ਇਸ ਵਿਚ ਗਹਿਗੱਚ ਹੋ ਕੇ ਵਿਚਰਿਆ ਵੀ ਹਾਂ। ਗੁਰਮੇਲ, ਜਲਵੰਤ, ਭੀਮ ਸਿੰਘ ਵਰਗਿਆਂ ਨਾਲ ਲੰਮਾ ਸਮਾਂ ਵਾਹ ਵੀ ਰਿਹਾ ਹੈ ,ਭਾਵੇਂ ਨਾਂ ਉਹਨਾਂ ਦੇ ਹੋਰ ਸਨ। ਤੁਹਾਨੂੰ ਅਜਿਹੇ ਪਾਤਰ ਆਪਣੇ ਆਸੇ-ਪਾਸੇ ਆਮ ਮਿਲ ਜਾਣਗੇ, ਜਿਹੜੇ ਲਹਿਰ ਨੂੰ ਆਪਣੇ ਨਿੱਜੀ ਹਿੱਤਾਂ/ਕਰੀਅਰ ਲਈ ਵਰਤ ਰਹੇ ਹਨ। ਪਰ ਇਨ੍ਹਾਂ ਨਾਲ ਹੀ ਜਗਵਿੰਦਰ ਵੀ ਹੈ, ਜਿਹੜਾ ਆਪਣੀ ਜ਼ਿੰਦਗੀ ਦਾ ਪਲ-ਪਲ ਇਸ ਲਹਿਰ ਲਈ ਲਾ ਰਿਹਾ ਹੈ। ਕਾਮਰੇਡ ਦਸੌਂਧਾ ਸਿੰਘ, ਕਰਨ, ਸਮਸ਼ੇਰ ਵਰਗੇ ਕਿੰਨੇ ਹਨ ਜਿਨ੍ਹਾਂ ਲਈ ਲਹਿਰ ਰੱਬ ਹੈ ਤੇ ਉਹਨਾਂ ਦੀ ਪਹਿਲ ਵੀ, ਹੋਰ ਸਭ ਕੁਝ ਤੋਂ। ਮੈਨੂੰ ਲੱਗਦਾ ਹੈ ਲੇਖਕ ਆਪਣੀ ਮਨਮਰਜ਼ੀ ਕਰਨ ਲਈ ਬਹੁਤਾ ਸੁਤੰਤਰ ਨਹੀਂ ਹੁੰਦਾ। ਉਸਨੇ ਆਪਣੀ ਲਿਖਤ ਲਈ ਜਿਸ ਕਾਲਖੰਡ ਨੂੰ ਚੁਣਿਆ ਹੁੰਦਾ, ਉਸਦੇ ਸਾਧਾਰਨੀਕਰਨ ਤੋਂ ਬਾਹਰ ਨਹੀਂ ਜਾ ਸਕਦਾ। ਕਾਮਰੇਡ ਸੁਤੰਤਰ, ਧਰਮ ਸਿੰਘ ਫੱਕਰ, ਡਾਂਗ ਵਰਗੇ ਇਕ ਦੌਰ ਦਾ ਭਾਰੂ ਸੱਚ ਸੀ। ਅੱਜ ਦੇ ਦੌਰ 'ਚ ਹੋਰ ਕਿਸਮ ਦੇ ਨੇਤਾਵਾਂ ਦੀ ਭਰਮਾਰ ਹੈ, ਤੇ ਇਸ ਸੱਚ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ।

**-? ਨਾਵਲ ਦੀਆਂ ਪ੍ਰਮੁੱਖ ਔਰਤ ਪਾਤਰਾਂ 'ਚੋਂ ਕਾਂਤਾ ਤਲਾਕਸ਼ੁਦਾ ਹੈ, ਅਚਲਾ**



**ਵਿਆਹ ਨੂੰ ਤਿਲਾਂਜਲੀ ਦੇ ਚੁੱਕੀ ਹੈ, ਪ੍ਰਿਅੰਕਾ ਵਿਆਹ ਦੇ ਬਾਵਜੂਦ ਬਾਹਰੀ ਸੰਬੰਧਾਂ ਨੂੰ ਤਰਜੀਹ ਦੇ ਰਹੀ ਹੈ। ਦੀਪੀ ਵੀ ਹੈ। ਇਨਕਲਾਬੀ ਸਰਗਰਮੀਆਂ 'ਚੋਂ ਔਰਤ ਗ਼ਾਇਬ ਹੈ। ਇਹ ਨਿੱਜੀ ਅਨੁਭਵ ਦੀ ਤੀਖਣਤਾ ਹੈ ਜਾਂ ਨਾਵਲ ਦੀ ਸੀਮਾ?**

-ਤੁਹਾਡੇ ਸਵਾਲ ਦੇ ਅੰਤਲੇ ਹਿੱਸੇ ਤੋਂ ਹੀ ਗੱਲ ਸ਼ੁਰੂ ਕਰਦਾ ਹਾਂ। ਹਰ ਰਚਨਾ ਦੀ ਇਕ ਸੀਮਾ ਹੁੰਦੀ ਹੈ। ਕੁਝ ਖਾਸ ਮੁੱਦਿਆਂ ਨੂੰ ਕੇਂਦਰਤ ਕਰਕੇ ਲੇਖਕ ਲਿਖਦਾ ਹੈ, ਜ਼ਿੰਦਗੀ ਦੇ ਕੁਝ ਛਿਣ ਫੜਨ ਦੀ ਕੋਸ਼ਿਸ਼। ਪਰ ਇਹ ਛਿਣ ਉਸਨੇ ਇੰਝ ਫੜਨੇ ਹੁੰਦੇ ਹਨ ਕਿ ਸਮੁੱਚ ਲੱਗਣ। ਕਾਂਤਾ ਤੇ ਪ੍ਰਿਅੰਕਾ ਉਸ ਚੁੰਧਿਆਹਟ ਦੀ ਪੈਦਾਵਾਰ ਹਨ ਜਿਹੜੀ ਪੂੰਜੀਵਾਦ ਨੇ ਪੈਦਾ ਕੀਤੀ। ਉਹਨਾਂ ਨੂੰ ਲੱਗਦਾ ਕਿ ਦੁਨੀਆਂ ਦੀ ਹਰ ਚੀਜ਼ ਉਹਨਾਂ ਦੇ ਕਲਾਵੇ 'ਚ ਹੋਣੀ ਚਾਹੀਦੀ ਹੈ, ਹਰ ਖ਼ੁਸ਼ੀ। ਪਰ ਅਚਲਾ ਅਜਿਹੀ ਨਹੀਂ। ਉਹ ਆਪਣੀਆਂ ਸ਼ਰਤਾਂ 'ਤੇ ਜੀਉਂਦੀ ਹੈ। ਵਿਆਹ ਨੂੰ ਤਿਲਾਂਜਲੀ ਦੇਣ ਦਾ ਮਤਲਬ ਬੁਰੇ ਹੋਣਾ ਨਹੀਂ ਹੁੰਦਾ, ਨਾ ਹੀ ਇਖ਼ਲਾਕਹੀਣ ਹੋਣਾ। ਅੱਜ ਕਿੰਨੇ ਨੌਜੁਆਨ ਮੁੰਡੇ-ਕੁੜੀਆਂ ਲਿਵ-ਇਨ 'ਚ ਜਾਂ ਉਂਝ ਇਕੱਠੇ ਰਹਿ ਰਹੇ ਹਨ। ਇਹ ਅੱਜ ਦੇ ਦੌਰ ਦਾ ਸੱਚ ਹੈ। ਇਹ ਕੁਝ ਉੱਨੀ ਸੌ ਸੱਠ 'ਚ ਨਹੀਂ ਸੀ ਚਿਤਰਿਆ ਜਾ ਸਕਦਾ। ਪੰਜਾਬ 'ਚ ਅੱਜ ਸਮਾਜਵਾਦੀ ਸੁਰ ਦੀ ਸਮਾਜਕ ਤਬਦੀਲੀ ਦੀ ਸ਼ਕਤੀਸ਼ਾਲੀ ਲਹਿਰ ਹੈ ਕਿੱਥੇ? ਜਿੱਥੋਂ ਜੁਝਾਰਵਾਦੀ ਪਾਤਰ ਆਵੇ! ਇਸਦਾ ਮਤਲਬ ਇਹ ਵੀ ਨਹੀਂ ਕਿ ਅਜਿਹੀਆਂ ਪਾਤਰ ਹੈ ਹੀ ਨਹੀਂ। ਪਰ ਨਾਵਲਕਾਰ ਦੀ ਇਹ ਸੀਮਾ ਹੁੰਦੀ ਹੈ ਕਿ ਉਸਨੇ ਆਪਣੇ ਸਮੇਂ ਦੇ ਭਾਰੂ ਸੱਚ ਨੂੰ ਪੇਸ਼ ਕਰਨਾ ਹੁੰਦਾ ਅਤੇ ਉਹ ਜਿਸ ਤਰ੍ਹਾਂ ਦਾ ਹੈ, ਮੈਂ ਇਮਾਨਦਾਰੀ ਨਾਲ ਚਿਤਰਿਆ ਹੈ। ਮੇਰੀ ਸੁਰ ਹੈ ਕਿ ਅਜੋਕਾ ਵਿਕਾਸ ਤੇ ਖਪਤਕਾਰੀ ਬੰਦਾ ਮਾਨਵ-ਵਿਰੋਧੀ ਹੈ।

**-? ਇਹ ਤਿੰਨੋਂ ਪਾਤਰ ਕਿਸੇ ਬਹੁਤ ਤਣਾਅ ਜਾਂ ਸੰਕਟ ਦਾ ਸ਼ਿਕਾਰ ਨਹੀਂ ਹਨ। ਬਚਨੀ (ਜਗਿੰਦਰ ਦੀ ਮਾਂ) ਪਿੰਡ ਤੇ ਸ਼ਹਿਰ ਵਿਚ ਸੰਤਾਪ ਭੋਗਦੀ ਹੈ। ਵਿਸ਼ਵੀਕਰਨ ਨੇ ਜਿੱਥੇ ਪੈਸੇ ਦੀ ਚਕਾਚੌਂਧ ਪੈਦਾ ਕੀਤੀ ਹੈ ਉੱਥੇ ਰਿਸ਼ਤਿਆਂ ਦੀ ਟੁੱਟ-ਭੱਜ ਤੋਂ ਬਾਅਦ ਔਰਤ ਵਧੇਰੇ ਸੰਕਟਾਂ ਦਾ ਸ਼ਿਕਾਰ ਹੋਈ ਹੈ। ਉਹ ਵਸਤੂ ਦੇ ਰੂਪ 'ਚ ਉਭਰ ਰਹੀ ਹੈ। ਹੋਰ ਅਨੇਕਾਂ ਸੰਕਟ ਰੌਸ਼ਨੀ ਵਿਚ ਨਹੀਂ ਆਉਂਦੇ?**

-ਬਚਨੀ ਦਾ ਸੰਕਟ, ਕਦਰਾਂ-ਕੀਮਤਾਂ ਦਾ ਸੰਕਟ ਹੈ। ਉਹ ਜਗੀਰੂ ਕਦਰਾਂ-ਕੀਮਤਾਂ 'ਚ ਪਲੀ, ਜਵਾਨ ਹੋਈ ਤੀਵੀਂ ਹੈ, ਪਰ ਆਖ਼ਰੀ ਉਮਰੇ ਉਸਨੂੰ ਜਿਸ ਜ਼ਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ, ਉਹ ਪੂੰਜੀਵਾਦ ਦੀ ਵਿਅਕਤੀਵਾਦੀ ਖੁੱਲ੍ਹ 'ਚ ਖਪਤਵਾਦ ਦੀ ਅੰਨ੍ਹੀ ਹਵਸ ਦੀ ਜ਼ਿੰਦਗੀ ਹੈ। ਇਹ ਓਪਰੀ ਨਜ਼ਰੇ ਤਾਂ ਚੰਗੀ ਲੱਗਦੀ ਹੈ ਪਰ ਜਿਉਂ-ਜਿਉਂ ਇਸ 'ਚ ਡੂੰਘੇ ਉਤਰਦੇ ਜਾਓ, ਇਹ ਤੋੜਦੀ ਹੈ। ਪ੍ਰਿਅੰਕਾ, ਦੀਪੀ ਤੇ ਕਾਂਤਾ ਖਪਤਵਾਦ ਦੀ ਹਨੇਰੀ 'ਤੇ ਸਵਾਰ ਹਨ। ਉਹ ਤਾਂ ਉਦੋਂ ਹੀ ਸੰਤਾਪ ਦਾ ਸ਼ਿਕਾਰ ਹੁੰਦੀਆਂ ਜਦੋਂ ਉਹ ਮਨਚਾਹੇ ਸੁਪਨਿਆਂ ਤਕ ਨਹੀਂ ਪੁੱਜ ਸਕਦੀਆਂ। ਉਂਝ ਉਹਨਾਂ ਨੂੰ ਨਵੀਂ ਜੀਵਨ-ਜਾਚ ਨਾਲ ਕੋਈ ਟਕਰਾਅ ਨਹੀਂ। ਬਾਕੀ ਹਰ ਰਚਨਾ ਦੀ ਇਕ ਸੀਮਾ ਹੁੰਦੀ ਹੈ। ਮੁੱਖ ਸਵਾਲ ਹੈ ਕਿ ਉਹ ਜਿਸ ਗੱਲ 'ਤੇ ਕੇਂਦਰਤ ਹੋ ਰਹੀ ਹੈ, ਉਸ ਨਾਲ ਇਨਸਾਫ਼ ਹੋ ਰਿਹਾ ਹੈ ਕਿ ਨਹੀਂ।

**-? ਪਿੰਡ ਦਾ ਚਿਤਰਣ ਬਹੁਤ ਖ਼ੂਬ ਕੀਤਾ ਹੈ। ਬਦਲਦੇ ਿੰਡ ਨੂੰ ਪੇਸ਼ ਕਰਦਿਆਂ ਜੋ ਦ੍ਰਿਸ਼ ਅੱਖਾਂ ਸਾਹਮਣੇ ਆਉਂਦੇ ਹਨ, ਨਾ ਭੁੱਲਣਯੋਗ ਹਨ। ਏਨਾ ਗਹਿਰਾ ਅਨੁਭਵ ਕਿੱਥੋਂ ਆਇਆ ਹੈ?**

-ਮੈਂ ਜ਼ਿੰਦਗੀ ਦੇ ਪਹਿਲੇ ਚੌਂਤੀ ਸਾਲ ਿੰਡ 'ਚ ਰਿਹਾ ਹਾਂ, ਖੇਤੀ ਵੀ ਕੀਤੀ। ਛੋਟੀ ਕਿਸਾਨੀ ਵਾਲੇ ਪਰਿਵਾਰ ਨੂੰ ਕਿਹੋ ਜਿਹੇ ਸੰਕਟਾਂ 'ਚੋਂ ਲੰਘਣਾ ਪੈਂਦਾ, ਇਸਦਾ ਗਹਿਰਾ ਅਨੁਭਵ ਵੀ ਹੈ। ਮੈਂ ਪਲ-ਪਲ ਬਦਲਦੇ ਹੋਏ ਪਿੰਡ ਨੂੰ ਦੇਖਿਆ ਹੈ। ਮੈਂ ਜਾਂ ਮੇਰੀ ਪੀੜ੍ਹੀ 'ਚ ਜੰਮਿਆਂ (ਮੇਰਾ ਜਨਮ

1955 ਦਾ ਹੈ) ਦਾ ਇਹ ਸੁਭਾਗ ਹੈ ਕਿ ਉਹ ਤਿੱਖੀਆਂ ਤਬਦੀਲੀਆਂ ਦੇ ਇਸ ਦੌਰ ਨੂੰ ਜੀਊਂ ਰਹੇ ਹਨ। ਰਵਾਇਤੀ ਖੇਤੀ ਨੂੰ ਹਰੇ ਇਨਕਲਾਬ ਦੀ ਆਮਦ ਨਾਲ ਵਪਾਰਕ ਖੇਤੀ 'ਚ ਤਬਦੀਲ ਹੁੰਦਿਆਂ ਵੀ ਦੇਖਿਆ ਹੈ, ਸਾਂਝੇ ਪਰਿਵਾਰਾਂ ਨੂੰ ਇਕਹਿਰੇ ਪਰਿਵਾਰਾਂ ਤੇ ਹੁਣ ਇਕਹਿਰੇ ਮਾਪਿਆਂ ਵੱਲ ਵਧਦਿਆਂ ਵੀ ਦੇਖ ਰਹੇ ਹਾਂ। ਨਿੱਜੀ ਹੋਂਦ ਦੇ ਨਾਂ ਹੇਠ ਕਾਰਪੋਰੇਟ ਦੇ ਸਭਿਆਚਾਰਕ ਹਮਲੇ ਨੂੰ ਵੀ ਭੁਗਤ ਰਹੇ ਹਾਂ, ਜਿਹੜਾ ਮੀਡੀਆ, ਖ਼ਾਸ ਕਰਕੇ ਬਿਜਲਈ ਮੀਡੀਆ ਰਾਹੀਂ ਸਮਾਜਕ ਸਰੋਕਾਰਾਂ ਤੋਂ ਟੁੱਟੇ ਖਪਤਵਾਦੀ ਮਨੁੱਖ ਨੂੰ ਘੜਨ ਦੇ ਰੂਪ 'ਚ ਹੋ ਰਿਹਾ ਹੈ। ਇਸ ਨਾਵਲ 'ਚ ਇਨ੍ਹਾਂ ਨਵੇਂ ਵਰਤਾਰਿਆਂ ਨਾਲ ਜ਼ਿੰਦਗੀ ਦੇ ਬਦਲ ਰਹੇ ਵਹਿਣ ਦੇ ਪ੍ਰਭਾਵਾਂ ਦੀ ਤਸਵੀਰਕਸ਼ੀ ਹੈ।

**–? 'ਝਿੜੀ', 'ਚੋਅ', 'ਬਾਣੀਆਂ ਦੀ ਹੱਟੀ', 'ਸੈਣੀਆਂ ਦੇ ਘਰ', 'ਮਹਾਸ਼ਿਆਂ ਦਾ ਵਿਹੜਾ' ਆਦਿ ਚੰਗੇ ਪੇਸ਼ ਹੋਏ ਹਨ। 'ਵਿਹੜਾ' ਭਰਵੇਂ ਰੂਪ ਵਿਚ ਸਾਹਮਣੇ ਨਹੀਂ ਆਇਆ। ਕਿਸਾਨੀ ਦੇ ਕਸ਼ਟ ਨਜ਼ਰ ਆਏ, ਵਿਹੜੇ ਦਾ ਰੁਦਨ ਉਸ ਰੂਪ 'ਚ ਨਹੀਂ ਆਇਆ?**

–ਇਹ ਅਨੁਭਵ ਦੀ ਵੀ ਸੀਮਾ ਹੋ ਸਕਦੀ ਹੈ ਤੇ ਵਿਸ਼ੇ ਦੀ ਵੀ। ਕੋਈ ਵੀ ਲਿਖਤ ਸਮਾਜ ਦੇ ਸਮੁੱਚ ਨੂੰ ਪੇਸ਼ ਨਹੀਂ ਕਰ ਸਕਦੀ ਹੁੰਦੀ। ਮੈਂ ਇਸ ਸੀਮਾ ਨੂੰ ਮੰਨਦਾ ਹਾਂ। ਨਾਵਲ 'ਚ ਬਦਲ ਰਹੇ ਪਿੰਡ 'ਚ ਵਿਹੜੇ ਦੀ ਕਿੰਨੀ ਕੁ ਭੂਮਿਕਾ ਹੈ, ਉਹ ਜ਼ਰੂਰ ਪ੍ਰਤੀਬਿੰਬਤ ਹੁੰਦੀ ਹੈ। ਦਲਿਤ ਕਿਵੇਂ ਰਾਜਸੀ ਤੌਰ 'ਤੇ ਚੇਤੰਨ ਹੋ ਕੇ ਉੱਭਰ ਰਹੇ ਹਨ ਤੇ ਸਵੈ-ਹੋਂਦ ਦੀ ਲੜਾਈ ਲੜ ਰਹੇ ਹਨ, ਇਸਦਾ ਭਰਪੂਰ ਜ਼ਿਕਰ ਹੈ। ਬਸਪਾ ਦਾ ਵਧਦਾ ਪ੍ਰਭਾਵ, ਬਿਸ਼ਨ ਦਾ ਕਮਿਊਨਿਸਟਾਂ ਤੋਂ ਟੁੱਟ ਕੇ ਉਧਰ ਨੂੰ ਝੁਕਣਾ ਤੇ ਵੋਟਾਂ ਦੀ ਰਾਜਨੀਤੀ 'ਚ ਆਪਣੇ ਹਿੱਸੇ ਦੀ ਮੰਗ ਨੂੰ ਉਭਾਰਨਾ... ਇਸਦੇ ਨਾਲ ਹੀ ਕੁਝ ਲੋਕਾਂ ਦਾ ਆਰਥਿਕ ਤੌਰ 'ਤੇ ਅਮੀਰ ਹੋ ਕੇ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਖਰੀਦਣਾ, ਇਹ ਕੁਝ ਝਲਕੀਆਂ ਤਾਂ ਹਨ ਹੀ।

**–? ਨਾਵਲ ਹਰੇ ਇਨਕਲਾਬ ਦੇ ਪ੍ਰਭਾਵ ਨੂੰ ਬਾਖ਼ੂਬੀ ਉਭਾਰਦਾ ਹੈ। ਦੌਲਤਪੁਰ ਦੇ ਦ੍ਰਿਸ਼ ਵਿਚ ਰਵਾਇਤੀ ਖੇਤੀ ਅਤੇ ਹਰੇ ਇਨਕਲਾਬ ਤੋਂ ਬਾਅਦ ਦੀ ਖੇਤੀ ਦੇ ਲੱਛਣ ਅਤੇ ਪ੍ਰਭਾਵ ਸਾਡੇ ਸਾਹਮਣੇ ਆਉਂਦੇ ਹਨ ਤੇ ਦੋਵੇਂ ਹੀ ਨਖਿੱਧ ਪ੍ਰਭਾਵ ਵਿਚ। ਇਸ ਦਾ ਬਦਲ ਕੀ ਹੋ ਸਕਦਾ ਹੈ?**

–ਇਹ ਸੰਕਟ ਪੂੰਜੀਵਾਦੀ ਪ੍ਰਬੰਧ ਤੇ ਹੁਣ ਕਾਰਪੋਰੇਟ ਵਿਕਾਸ ਮਾਡਲ ਦੇ ਸੰਕਟ ਹਨ। ਹਰੇ ਇਨਕਲਾਬ ਨਾਲ ਪੰਜਾਬ ਦੇ ਖੇਤੀ ਖੇਤਰ 'ਚ ਪੂੰਜੀ ਦੀ ਸਿੱਧੀ ਸ਼ਮੂਲੀਅਤ ਹੋਈ ਸੀ, ਜਿਹੜੀ ਦਿਨੋ-ਦਿਨ ਫੈਲਦੀ ਗਈ। ਇਸ ਵਿਕਾਸ ਮਾਡਲ ਦਾ ਬਦਲ ਸਮਾਜਵਾਦੀ ਵਿਕਾਸ ਮਾਡਲ ਹੀ ਹੋ ਸਕਦਾ ਹੈ; ਰੂਸੀ ਮਾਰਕਾ ਸਮਾਜਵਾਦ ਨਹੀਂ, ਸਗੋਂ ਜਿਹੋ ਜਿਹੇ ਪ੍ਰਬੰਧ ਤੇ ਬੰਦੇ ਦੀ ਕਾਰਲ ਮਾਰਕਸ ਕਲਪਨਾ ਕਰਦਾ ਹੈ, ਉਸ ਜੀਵਨ-ਜਾਚ 'ਤੇ ਉਸਰਿਆ ਵਿਕਾਸ ਮਾਡਲ।

ਇਸ ਲਈ ਬਹੁਤ ਕੰਮ ਕਰਨ ਦੀ ਲੋੜ ਹੈ, ਖ਼ਾਸ ਕਰਕੇ ਵਿਚਾਰਧਾਰਕ ਅਤੇ ਸਭਿਆਚਾਰਕ ਖੇਤਰ 'ਚ। ਸਮਾਜ ਰਵਾਇਤੀ ਰੂਪ 'ਚ ਤਾਂ ਰਹਿ ਨਹੀਂ ਸਕਦਾ, ਨਾ ਰਹੇਗਾ, ਸਾਡੀ ਇੱਛਾ ਹੋਣ ਦੇ ਬਾਵਜੂਦ। ਸਵਾਲ ਹੈ ਕਿ ਬਦਲ ਦੀ ਸੁਰ ਕੀ ਹੋਵੇ।

**–? ਜਿਸ ਤਰ੍ਹਾਂ ਦਾ ਨਾਵਲ ਦਾ ਪ੍ਰਭਾਵ ਹੈ, ਕੀ ਹਰੀ ਕ੍ਰਾਂਤੀ ਪੂਰੀ ਤਰ੍ਹਾਂ ਤਬਾਹਕੁਨ ਸਾਬਤ ਹੋਈ? ਕੀ ਇਹ ਨਹੀਂ ਹੋਣੀ ਚਾਹੀਦੀ ਸੀ? ਰਵਾਇਤੀ ਰੂਪ ਹੀ ਚਲਦਾ ਰਹਿਣਾ ਚਾਹੀਦਾ ਸੀ?**

–ਇਸਦਾ ਕੁਝ ਕੁ ਜੁਆਬ, ਉਪਰਲੇ ਸਵਾਲ 'ਚ ਹੈ। ਹਰੀ ਕ੍ਰਾਂਤੀ ਪੂੰਜੀਵਾਦੀ ਵਿਕਾਸ ਮਾਡਲ ਤੇ ਹੁਣ ਕਾਰਪੋਰੇਟ ਵਿਕਾਸ ਮਾਡਲ ਦਾ ਅੰਗ ਹੈ। ਉਹ ਜਿਵੇਂ ਸਮਾਜ ਦੇ ਬਾਕੀ ਖੇਤਰਾਂ 'ਚ ਕੁਝ ਹੱਥਾਂ 'ਚ ਪੂੰਜੀ ਦਾ ਇੱਕਤਰੀਕਰਨ ਤੇ ਬਹੁਸੰਮਤੀ ਨੂੰ ਸਾਧਨਹੀਣ ਭੀੜਾਂ 'ਚ ਤਬਦੀਲ ਕਰ



ਰਿਹਾ ਹੈ, ਉਹ ਵਰਤਾਰਾ ਖੇਤੀ 'ਚ ਵਾਪਰ ਰਿਹਾ। ਜੰਗਲ ਕੌਣ ਤਬਾਹ ਕਰ ਰਿਹਾ ਹੈ? ਕੌਣ ਖਾਣਾਂ 'ਚੋਂ ਅੰਨ੍ਹੇਵਾਹ ਕੁਦਰਤੀ ਸਰੋਤਾਂ ਦੀ ਲੁੱਟ ਕਰ ਰਿਹਾ ਹੈ? ਇਹ ਲੜਾਈ ਸਮੁੱਚ 'ਚ ਹੀ ਲੜੀ ਜਾ ਸਕਦੀ ਹੈ ਤੇ ਲੜੀ ਵੀ ਜਾ ਰਹੀ ਹੈ।

ਇਕ ਗੱਲ ਹੋਰ ਤਰੱਕੀ/ਵਿਕਾਸ ਜਿਸ ਬਿੰਦੂ ਤਕ ਆਣ ਪਹੁੰਚਿਆ ਹੁੰਦਾ ਹੈ, ਉੱਥੋਂ ਉਸਨੂੰ ਪਿਛਾਂਹ ਨਹੀਂ ਘੁਮਾਇਆ ਜਾ ਸਕਦਾ। ਹਾਂ, ਉਸਦਾ ਮੂੰਹ ਕੁਦਰਤ-ਮੁਖੀ ਤੇ ਮਨੁੱਖ ਮੁਖੀ ਜ਼ਰੂਰ ਕੀਤਾ ਜਾ ਸਕਦਾ ਹੈ। ਇਹੀ ਮੰਗ ਇਸ ਨਾਵਲ 'ਚ ਮੁੱਖ ਥੀਸਿਸ ਹੈ।

**–? ਹਰੀ ਕ੍ਰਾਂਤੀ ਦੇ ਉਸ ਮਾਡਲ ਦੀ ਥਾਂ ਕਿਹੜਾ ਮਾਡਲ ਠੀਕ ਹੋਣਾ ਸੀ ਕਿ ਖੇਤੀ ਦਾ ਸਮਕਾਲੀ ਚਿਹਰਾ ਹੋਰ ਉਪਜਾਊ ਹੁੰਦਾ?**

–ਮੈਂ ਉਪਰ ਵੀ ਕਿਹਾ ਕਿ ਹਰੀ ਕ੍ਰਾਂਤੀ ਦਾ ਮਾਡਲ ਆਪਣੇ ਆਪ 'ਚ ਬਾਕੀ ਦੇ ਸਮਾਜਕ ਵਿਕਾਸ ਦੇ ਮਾਡਲ ਤੋਂ ਸੁਤੰਤਰ ਨਹੀਂ ਹੋ ਸਕਦਾ। ਇਹ ਸਮੁੱਚੀ ਸਮਾਜਕ ਤੋਰ ਨਾਲ ਹੀ ਤੁਰੇਗਾ। ਮੁਖ ਲੜਾਈ ਕਾਰਪੋਰੇਟ ਵਿਕਾਸ ਤੇ ਪ੍ਰਬੰਧ ਦੇ ਖ਼ਿਲਾਫ਼ ਬਣਦੀ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ... ਅੱਜ ਮੱਧ ਭਾਰਤ 'ਚ ਕੀ ਹੋ ਰਿਹਾ ਹੈ। ਆਦਿਵਾਸੀ ਤੇ ਕਬਾਇਲੀ ਲੋਕ ਆਪਣੀਆਂ ਜ਼ਮੀਨਾਂ, ਜੰਗਲਾਂ ਦੀ ਸਲਾਮਤੀ ਲਈ ਲੜ ਰਹੇ ਹਨ, ਪਰ ਕਾਰਪੋਰੇਟਾਂ ਨੂੰ ਉੱਥੇ ਸਿਰਫ਼ ਤੇ ਸਿਰਫ਼ ਅਨਮੁੱਲੇ ਖਣਿਜ ਪਦਾਰਥਾਂ ਦੇ ਭੰਡਾਰ ਦਿਸਦੇ ਹਨ। ਇਸ ਵਿਕਾਸ ਦਾ ਫ਼ਾਇਦਾ ਆਦਿਵਾਸੀਆਂ ਨੂੰ ਕਿੰਨਾ ਕੁ ਹੋਵੇਗਾ? ਉਹ ਮੰਗਤਿਆਂ ਜਾਂ ਬੇਰੁਜ਼ਗਾਰਾਂ ਦੀਆਂ ਭੀੜਾਂ 'ਚ ਵਟ ਜਾਣਗੇ। ਇਹੀ ਹਾਲ ਪੰਜਾਬ 'ਚ ਹੋਇਆ। ਜਿਸ ਚਮਕ-ਦਮਕ ਤੇ ਜਲੌਅ ਵਾਲੀ ਜੀਵਨ-ਜਾਚ 'ਚ ਇੱਥੋਂ ਦੇ ਲੋਕਾਂ ਨੂੰ ਧੱਕ ਦਿੱਤਾ ਗਿਆ ਹੈ, ਗ਼ਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਭਵਿੱਖ ਅੰਧਕਾਰ ਹੈ। ਹੁਣ ਵੀ ਅਸੀਂ ਹਰ ਰੋਜ਼ ਨਹੀਂ ਤਾਂ ਹਫ਼ਤੇ 'ਚ ਇਕ-ਦੋ ਕਿਸਾਨਾਂ ਦੀਆਂ, ਕਰਜ਼ੇ ਤੋਂ ਤੰਗ ਆ ਕੇ ਖ਼ੁਦਕੁਸ਼ੀਆਂ ਦੀ ਖ਼ਬਰ ਪੜ੍ਹ ਹੀ ਲੈਂਦੇ ਹਾਂ। ਇਹ ਹੈ ਹਰੀ ਕ੍ਰਾਂਤੀ ਦਾ ਸੱਚ!

**–? 'ਬਹੁਤ ਸਾਰੇ ਚੁਰਸਤੇ' ਨੂੰ ਗਲਪ ਵਿਧਾ ਦੀ ਬਜਾਏ ਆਲੋਚਨਾਤਮਕ ਇਤਿਹਾਸਕ ਦਸਤਾਵੇਜ਼ ਵੀ ਆਖਿਆ ਗਿਆ ਹੈ। ਤੁਹਾਡੀ ਕੀ ਰਾਇ ਹੈ?**

–ਮੈਨੂੰ ਇਹ ਗੱਲ ਠੀਕ ਲੱਗਦੀ ਹੈ।

**–? ਇਹ ਗਲਪ ਕਿਉਂ ਨਹੀਂ ਜਾਪਦਾ?**

–ਇੱਥੇ ਮੈਨੂੰ ਲੱਗਦਾ ਕਿ ਪੇਸ਼ਕਾਰੀ ਪਿੱਛੇ ਕਾਰਜਸ਼ੀਲ ਦ੍ਰਿਸ਼ਟੀ ਦੀ ਗੱਲ ਕੀਤੀ ਜਾ ਰਹੀ ਹੈ। ਗਲਪ ਤਾਂ ਉਹ ਹੈ ਹੀ। ਉਦਾਹਰਣ ਵਜੋਂ, ਇਤਿਹਾਸਕ ਨਾਵਲ ਨੂੰ ਅਸੀਂ ਇਤਿਹਾਸ ਤਾਂ ਨਹੀਂ ਮੰਨਦੇ। ਉਹ ਗਲਪ ਦਾ ਹਿੱਸਾ ਹੁੰਦਾ ਹੈ। ਇਹ ਤਾਂ ਉਸਦੀ ਵਿਲੱਖਣਤਾ ਨੂੰ ਸਮਝਣ ਲਈ ਵਰਗੀਕਰਨ ਕਰਦੇ ਹਾਂ ਕਿ ਲੇਖਕ ਨੇ ਆਪਣੀ ਗੱਲ ਕਹਿਣ ਲਈ ਵਿਧੀ ਕੀ ਵਰਤੀ ਹੈ ਤੇ ਕਿਵੇਂ ਵਰਤੀ ਹੈ।

**–? ਡਾ. ਕੁਲਵੰਤ ਸਿੰਘ ਸੰਧੂ ਇਸ ਨਾਵਲ ਬਾਰੇ ਲਿਖੇ ਇਕ ਲੇਖ ਵਿਚ ਲਿਖਦੇ ਹਨ... "ਵਿਕਾਸ ਦਾ ਜਿਹੜਾ ਨਵਾਂ ਮਾਡਲ, ਮੌਜੂਦਾ ਸਮੇਂ ਵਿਚ ਅਪਣਾਇਆ ਜਾ ਰਿਹਾ ਹੈ, ਉਹ ਬਦਲੇ ਵਿਚ ਜਿਹੜੇ ਵਿਕਾਰ ਪੈਦਾ ਕਰ ਰਿਹਾ ਹੈ, ਇਹ ਨਾਵਲ ਉਨ੍ਹਾਂ ਨੂੰ ਅਜੋਕੀ ਕੇਂਦਰੀ ਸਮੱਸਿਆਵਾਂ ਦੇ ਰੂਪ ਵਿਚ ਸਥਾਪਤ ਕਰਨ ਦਾ ਯਤਨ ਕਰਦਾ ਹੈ। ਇਹ ਨਾਵਲ ਇਸ ਵਰਤਾਰੇ ਨਾਲ ਜੁੜੇ ਵਿਕਾਸ ਪ੍ਰਤੀ ਸੁਚੇਤ ਹੀ ਨਹੀਂ ਕਰਦਾ, ਸਗੋਂ ਉਸਦੇ ਖ਼ਿਲਾਫ਼ ਸੰਘਰਸ਼ ਕਰਨ ਦੇ ਮਸਲੇ ਨੂੰ ਵੀ ਉਭਾਰਦਾ ਹੈ। ਪਰ ਇਹ ਸੰਘਰਸ਼ ਨਿਰੋਲ ਰਵਾਇਤੀ ਖੱਬੇ ਪੱਖੀ ਧਿਰਾਂ ਵਾਲਾ ਜਮਾਤੀ ਸੰਘਰਸ਼ ਨਹੀਂ, ਸਗੋਂ ਸੰਘਰਸ਼ ਦਾ ਇਹ ਮਾਡਲ ਸਾਡੀਆਂ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚੋਂ ਹੀ ਉਭਰ ਸਕਦਾ ਹੈ...." ਮੈਂ ਇਹ ਪੁੱਛਣਾ ਚਾਹੁੰਦਾ ਕਿ ਇਹ 'ਸਾਡੀਆਂ ਆਪਣੀਆਂ ਜੜ੍ਹਾਂ' ਕਿਹੜੀਆਂ ਹਨ? ਤੇ ਹੁਣ ਕਿਉਂ ਜ਼ਰੂਰੀ ਹਨ?**

–ਆਪਣੀਆਂ ਜੜ੍ਹਾਂ ਤੋਂ ਭਾਵ ਆਪਣੇ ਸਮਾਜ ਦੀਆਂ ਵਿਰੋਧਤਾਈਆਂ ਨੂੰ ਸਮਝਣ ਤੋਂ ਹੈ। ਸਾਡੇ ਪੰਜਾਬ 'ਚ ਕਾਮਰੇਡਾਂ ਨੇ ਲੈਨਿਨ, ਸਤਾਲਿਨ ਨੂੰ ਬਹੁਤ ਪੜ੍ਹਿਆ ਹੈ ਪਰ ਮਾਰਕਸ ਨੂੰ ਬਹੁਤ ਘੱਟ। ਆਪਣੇ ਭਾਰਤੀ ਤੇ ਪੰਜਾਬੀ ਸਮਾਜ, ਜਿਸ 'ਚ ਸਮਾਜਕ ਤਬਦੀਲੀ ਦੀ ਲੜਾਈ ਲੜੀ ਜਾ ਰਹੀ ਹੈ, ਉਸ ਸਮਾਜ ਦੀਆਂ ਗ੍ਰਾਸ-ਰੂਟ ਵਿਰੋਧਤਾਈਆਂ ਤੇ ਉਸਦੀ ਬਣਤਰ ਕੀ ਹੈ, ਅਧਿਐਨ ਕਰਨ ਵੱਲ ਘੱਟ ਧਿਆਨ ਹੈ ਜਾਂ ਹੈ ਹੀ ਨਹੀਂ। ਇਸ ਖਿੱਤੇ 'ਚ ਸਮਾਜ ਦੇ ਮੁੱਢਲੇ ਰੂਪ ਕੀ ਸਨ, ਮੁੱਢਲੇ ਰਾਜ ਦੇ ਰੂਪ ਕੀ ਸਨ, ਇਸਨੂੰ ਰਿਗਵੇਦ, ਬਾਲਮੀਕੀ ਰਮਾਇਣ ਜਾਂ ਮਹਾਂਭਾਰਤ ਦੇ ਅਧਿਐਨ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਡੀ.ਡੀ. ਕੋਸੰਬੀ, ਰੋਮੀਲਾ ਥਾਪਰ, ਰਾਮਸ਼ਰਨ ਸ਼ਰਮਾ, ਦੇਵੀ ਪ੍ਰਸਾਦ ਚਟੋਪਾਧਿਆਇ, ਇਰਫ਼ਾਨ ਹਬੀਬ ਤੇ ਹੋਰਾਂ ਨੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਥੇਬੰਦਕ ਲਹਿਰ ਨੇ ਇਸ ਵੱਲ ਲੋੜੀਂਦਾ ਉਚੇਚਾ ਧਿਆਨ ਨਹੀਂ ਦਿੱਤਾ। ਮਾਰਕਸਵਾਦ ਸਾਡਾ ਰਹਿਨੁਮਾ ਹੈ, ਸਾਡੀ ਦ੍ਰਿਸ਼ਟੀ ਹੈ। ਉਸ ਦ੍ਰਿਸ਼ਟੀ ਨਾਲ ਅਸੀਂ ਆਪਣੀਆਂ ਸਥਾਨਕਤਾਵਾਂ ਦੀ ਪੁਣਛਾਣ ਕਰਨੀ ਹੈ, ਇਹ ਹੀ ਜੜ੍ਹਾਂ ਦੀ ਤਲਾਸ਼ ਹੈ।

**–? ਜਗਵਿੰਦਰ ਜਦ ਪਿੰਡੋਂ ਤੁਰਦਾ ਹੈ ਤਾਂ ਉਸ ਕੋਲ ਵਿਚਾਰਧਾਰਾ ਦੇ ਪੁੰਗਰਦੇ ਬੀਜ ਸਨ। ਸ਼ਹਿਰੀ ਅਨੁਭਵਾਂ, ਸਮਾਜਕ ਰਿਸ਼ਤਿਆਂ ਦੇ ਤਾਣੇ-ਬਾਣੇ ਅਤੇ ਪੱਤਰਕਾਰੀ ਦੀਆਂ ਗੁੰਝਲਾਂ ਤੋਂ ਨਿਕਲ ਅੰਤਲੇ ਸਮੇਂ 'ਚ ਫਿਰ ਪਿੰਡ ਆ ਕੇ ਟਿਕ ਜਾਂਦਾ ਹੈ, ਸਿਧਾਂਤ-ਫ਼ਿਲਾਸਫ਼ੀ ਨਾਲ ਭਰਪੂਰ। 'ਪਿੰਡ ਤੋਂ ਫਿਰ ਪਿੰਡ ਤਕ' ਕਿਸ ਗੱਲ ਦੀ ਨਿਸ਼ਾਨਦੇਹੀ ਹੈ। ਕੀ ਪਰਿਵਰਤਨ ਦਾ ਮੂਲ ਪਿੰਡ ਹਨ? ਸ਼ਹਿਰੀ ਮਜ਼ਦੂਰ ਤੇ ਸ਼ਹਿਰੀ ਤਰਜ਼-ਇ-ਜ਼ਿੰਦਗੀ ਦੋਇਮ ਹੈ?**

–ਇਹ ਪਿੰਡ ਤੋਂ ਪਿੰਡ ਦਾ ਸਫ਼ਰ ਸਧਾਰਨ ਸਫ਼ਰ ਨਹੀਂ ਹੈ, ਸਗੋਂ ਇਕ ਬਦਲ ਦਾ ਸਫ਼ਰ ਹੈ। ਉਹ ਸਿੱਧੂਪੁਰ ਜਾ ਕੇ ਉਸ ਪਿੰਡ ਦਾ ਹਿੱਸਾ ਨਹੀਂ ਬਣਦਾ, ਸਗੋਂ ਉਸ ਪਿੰਡ ਦੇ ਬਾਹਰ ਇਕ 'ਬਦਲ' ਸਿਰਜਦਾ ਹੈ। ਜੀਊਣ ਦਾ ਵੀ ਤੇ ਜੀਊਣ ਦੇ ਅੰਦਾਜ਼ ਦਾ ਵੀ। ਸਿੱਧੂਪੁਰ ਹੋਵੇ ਚਾਹੇ ਦੌਲਤਪੁਰ, ਪਿੰਡ ਦੇ ਰੂਪ 'ਚ ਉਹ ਜਿਸ ਰਾਹ 'ਤੇ ਤੁਰੇ ਹੋਏ ਹਨ, ਉਨ੍ਹਾਂ ਦਾ ਅੰਤਮ ਨਿਸ਼ਾਨਾ ਖਪਤਵਾਦ ਦੇ ਹੜ੍ਹ 'ਚ ਆਪਣਾ ਹਿੱਸਾ ਤਲਾਸ਼ਣਾ ਹੀ ਹੈ। ਪਰ ਗਿੰਦਰ ਆਸ਼ਰਮ ਪਿੰਡ 'ਚ ਹੁੰਦਿਆਂ ਵੀ ਪਿੰਡ ਦਾ ਹਿੱਸਾ ਨਹੀਂ। ਸ਼ਹਿਰਾਂ 'ਚ ਵੀ ਇਹ 'ਬਦਲ' ਤਲਾਸ਼ਣ ਦੀ ਲੋੜ ਹੈ ਤੇ ਇਹ ਹੋਣਗੇ ਵੀ- ਪਰ ਮੈਂ ਜਿਹੜਾ ਪਲਾਟ ਸਿਰਜਿਆ, ਉਸ 'ਚ ਇਹੀ ਸੁਭਾਵਕ ਆਇਆ- ਇਹ ਪਲਾਟ ਦੀ ਲੋੜ ਹੈ, ਪਹਿਲ ਜਾਂ ਕੋਸ਼ਿਸ਼ ਦਾ ਸਵਾਲ ਨਹੀਂ।

**–? 'ਸਟੱਡੀ ਸਰਕਲਾਂ' ਦਾ ਤਰਾਸ਼ਿਆ ਜਗਵਿੰਦਰ (ਗਿੰਦਰ) 'ਅੰਤਿਕਾ' ਵਿਚ 'ਗਿੰਦਰ ਆਸ਼ਰਮ' ਵਿਚੋਂ ਉਦੈ ਹੁੰਦਾ ਜਾਪਦਾ ਹੈ ਤੇ ਸਮੱਸਿਆਵਾਂ ਦਾ ਹੱਲ 'ਰਿਗਵੇਦ' ਜਾਂ ਟਿੱਲੇ 'ਤੇ ਪਈ 'ਪੁਰਾਤਨ ਪੁਸਤਕ' 'ਚੋਂ ਵੀ ਲੱਭਣ ਦੀ ਕੋਸ਼ਿਸ਼ 'ਚ ਹੈ। ਕਿਉਂ?**

–ਜਗਵਿੰਦਰ ਰਿਗਵੇਦ 'ਚੋਂ ਬਦਲ ਨਹੀਂ ਤਲਾਸ਼ ਰਿਹਾ, ਉਹ ਆਪਣੇ ਸਮਾਜ ਦੇ ਵਿਕਾਸ ਨੂੰ ਸਮਝਣ ਦਾ ਯਤਨ ਕਰ ਰਿਹਾ ਹੈ। ਆਪਣੇ ਸਮਾਜ ਦੀ ਇਹ ਸਮਝ ਸਾਨੂੰ ਆਪਣੇ ਸਮਾਜ ਬਾਰੇ ਰਚੀਆਂ ਕ੍ਰਿਤਾਂ 'ਚੋਂ ਵਧੇਰੇ ਪ੍ਰਮਾਣਕ ਢੰਗ ਨਾਲ ਮਿਲ ਸਕਦੀ ਹੈ। ਕੀ ਇਤਿਹਾਸ ਵਿਰਸੇ ਦੇ ਆਧਾਰ ਸਰੋਤਾਂ ਤੋਂ ਬਿਨਾਂ ਸਮਕਾਲੀ ਸਮਾਜ ਨੂੰ ਸਮਝ ਸਕਦੇ ਹਾਂ? 'ਰਿਗਵੇਦ' ਬਾਰੇ ਮੁਖ ਪਾਤਰ ਜਗਵਿੰਦਰ ਆਖਦਾ ਹੈ, "ਇਹ ਅੰਧ ਸ਼ਰਧਾ ਦਾ ਗਰੰਥ ਨਹੀਂ, ਇਸ ਖਿੱਤੇ ਦੀ ਸਮਾਜਕ, ਆਰਥਿਕ, ਸਭਿਆਚਾਰਕ ਬਣਤਰ ਤੇ ਮਾਨਵ-ਵਿਕਾਸ ਦੀ ਯਾਤਰਾ ਨੂੰ ਸਮਝਣ ਦੀ ਮਹਾਨ-ਕੁੰਜੀ ਹੈ।" ਇਹ ਗੱਲ ਸਟੱਡੀ-ਸਰਕਲਾਂ ਦਾ ਤਰਾਸ਼ਿਆ ਕੋਈ ਬੰਦਾ ਹੀ ਕਹਿ ਸਕਦਾ ਹੈ।



**–? ਇੱਥੇ 'ਮਹਾਨ ਕੁੰਜੀ' ਤੁਸੀਂ ਮਾਰਕਸੀ ਫ਼ਲਸਫ਼ੇ ਨੂੰ ਕਹਿ ਰਹੇ ਹੋ?**

–ਨਹੀਂ, ਇੱਥੇ ਮੈਂ ਰਿਗਵੇਦ ਨੂੰ ਕਹਿ ਰਿਹਾ ਹਾਂ। ਇਸਦਾ ਸੰਪੂਰਨ ਅਨੁਵਾਦ ਮੈਂ ਹਿੰਦੀ 'ਚ ਪੜ੍ਹਿਆ ਹੈ। ਇਸ ਖਿੱਤੇ 'ਚ ਰਾਜ ਦਾ ਮੁੱਢਲਾ ਰੂਪ ਕਿਹੋ ਜਿਹਾ ਉਭਰ ਰਿਹਾ ਸੀ, ਸਮਾਜਕ ਟਕਰਾਅ ਕਿਹੜੇ ਸਨ, ਰਾਜਾਂ ਤੇ ਕਬੀਲਿਆਂ ਦੇ ਆਪਸੀ ਟਕਰਾਅ ਕੀ ਸਨ, ਦੇਵਤੇ ਤੇ ਅਸੁਰਾਂ ਦੀ ਜੀਵਨ-ਜਾਚ ਕੀ ਸੀ, ਇਹ ਮੈਨੂੰ ਇਸ 'ਚੋਂ ਸਮਝ ਆਇਆ। ਪੰਜ ਹਜ਼ਾਰ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਦੀ ਇਸ ਖਿੱਤੇ ਦੀ ਜੀਵਨ-ਜਾਚ ਨੂੰ ਸਮਝਣ ਲਈ ਇਸਤੋਂ ਵਧੇਰੇ ਪ੍ਰਮਾਣਕ ਸਰੋਤ ਕਿਹੜਾ ਹੋ ਸਕਦਾ ਹੈ? 'ਮਾਰਕਸਵਾਦ' ਦ੍ਰਿਸ਼ਟੀ ਹੈ, ਇਹ ਸਮਝ ਦਿੰਦਾ ਹੈ ਵਰਤਾਰਿਆਂ ਤੇ ਘਟਨਾਵਾਂ ਨੂੰ ਡੀ-ਕੋਡ ਕਿਵੇਂ ਕਰਨਾ ਹੈ।

**–? ਨਾਵਲ ਰਾਹੀਂ ਜੋ ਤੁਸੀਂ ਲਿਖਣਾ ਚਾਹੁੰਦੇ ਸੀ, ਕਹਿਣਾ ਚਾਹੁੰਦੇ ਸੀ, ਉਸ ਵਿਚ ਕਿੰਨਾ ਕੁ ਸਫ਼ਲ ਹੋਇਆ ਮਹਿਸੂਸ ਕਰਦੇ ਹੋ, ਕਿੰਨੀ ਕੁ ਤਸੱਲੀ ਹੈ?**

–ਜੋ ਕੁਝ ਮੈਂ ਕਹਿਣਾ ਚਾਹੁੰਦਾ ਸੀ, ਮੈਂ ਖੁੱਲ੍ਹ ਕੇ ਕਿਹਾ ਹੈ। ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਪਾਠਕਾਂ ਨੇ ਵੀ ਉਸ ਨੂੰ ਉਵੇਂ ਹੀ ਸਮਝਿਆ। ਸੰਚਾਰ ਦੀ ਸਮੱਸਿਆ ਨਹੀਂ ਆਈ ਜਾਂ ਬਹੁਤ ਘੱਟ ਹੈ। ਇਸ ਬਾਰੇ ਮੈਂ ਇਕ ਇਨਕਲਾਬੀ ਸੰਗਠਨ ਦੇ ਆਗੂ ਕਾਮਰੇਡ ਹਰਭਗਵਾਨ ਭੀਖੀ ਦੀ ਫੇਸਬੁੱਕ 'ਤੇ ਪਾਈ ਇਹ ਟਿੱਪਣੀ ਇੱਥੇ ਦੁਹਰਾਉਣੀ ਚਾਹਾਂਗਾ, "ਜੇ ਦਸ ਪ੍ਰਤੀਸ਼ਤ ਕਾਮਰੇਡ ਵੀ ਸਮਝ ਗਏ। ਇਹ ਇਸ ਨਾਵਲ ਦਾ ਹਾਂ-ਪੱਖੀ ਹਾਸਲ ਹੋਵੇਗਾ।" ਇਹ ਟਿੱਪਣੀ ਉਸ ਨੇ ਮਾਨਸਾ ਵਿਖੇ ਹੋਈ ਗੋਸ਼ਟੀ ਤੋਂ ਬਾਅਦ ਪਾਈ। ਕੁਝ ਥਾਵਾਂ 'ਤੇ ਕਮਿਊਨਿਸਟ ਜਥੇਬੰਦੀਆਂ ਤੇ ਫ਼ਲਸਫ਼ੇ ਨੂੰ ਵੱਖ-ਵੱਖ ਕਰਕੇ ਦੇਖਣ ਦੀ ਗੱਲ ਵੀ ਤੁਰੀ ਹੈ। ਸੋ ਇਸ ਪੱਖੋਂ ਤਸੱਲੀ ਹੈ।

**–? ਕਮਿਊਨਿਸਟ ਜਥੇਬੰਦੀਆਂ ਤੇ ਫ਼ਲਸਫ਼ੇ ਨੂੰ ਵੱਖ-ਵੱਖ ਕਰਕੇ ਵੇਖਣਾ, ਭਾਵ?**

–ਆਮ ਕਰਕੇ ਅਸੀਂ ਕਮਿਊਨਿਸਟ ਪਾਰਟੀਆਂ ਜਾਂ ਜਥੇਬੰਦੀਆਂ ਦੇ ਪ੍ਰੋਗਰਾਮਾਂ ਨੂੰ ਹੀ ਮਾਰਕਸਵਾਦ ਜਾਂ ਇਸ ਫ਼ਲਸਫ਼ੇ ਦਾ ਅੰਤਮ ਸੱਚ ਮੰਨਣ ਦੇ ਆਦੀ ਹੋ ਗਏ ਹਾਂ। ਜੇ ਕੋਈ ਜਥੇਬੰਦੀ ਦੇ ਉਸ ਪ੍ਰੋਗਰਾਮ ਜਾਂ ਸਮਝ 'ਤੇ ਕਿੰਤੂ ਕਰਦਾ ਹੈ ਤਾਂ ਉਹ ਗ਼ੈਰ-ਮਾਰਕਸਵਾਦੀ। ਠੀਕ ਤਾਂ ਕਿਤੇ ਕੋਈ ਇਕੱਲਾ ਬੰਦਾ ਵੀ ਹੋ ਸਕਦਾ! ਉਦਾਹਰਣ ਵਜੋਂ, ਐਮਰਜੈਂਸੀ ਵੇਲੇ ਸੀ. ਪੀ. ਆਈ. ਨੇ ਸਰਕਾਰ ਦੀ ਹਮਾਇਤ ਕੀਤੀ ਪਰ ਬਾਅਦ 'ਚ ਇਸ ਨੂੰ ਗ਼ਲਤੀ ਮੰਨ ਲਿਆ। ਸੋ ਉਸ ਵੇਲੇ ਆਪਣੇ ਸਮਾਜ ਦੀਆਂ ਵਿਰੋਧਤਾਈਆਂ ਨੂੰ ਸਮਝਣ 'ਚ ਪਾਰਟੀ ਨੇ ਗ਼ਲਤੀ ਕੀਤੀ, ਫ਼ਲਸਫ਼ੇ ਨੇ ਤਾਂ ਨਹੀਂ। ਮੇਰਾ ਜ਼ੋਰ ਹੈ ਕਿ ਪਾਰਟੀਆਂ, ਜਥੇਬੰਦੀਆਂ ਦੇ ਫ਼ੈਸਲੇ ਹੀ ਮਾਰਕਸਵਾਦ ਨਹੀਂ ਹੈ।

**–? 'ਬਹੁਤ ਸਾਰੇ ਚੁਰਸਤੇ' ਦੀ ਰੌਸ਼ਨੀ ਵਿਚ ਪੰਜਾਬੀ ਨਾਵਲ ਦਾ ਸਮਕਾਲੀ ਮੁਹਾਂਦਰਾ ਕਿਸ ਤਰ੍ਹਾਂ ਦਾ ਹੈ?**

–ਨਾਵਲ ਦੇ ਖੇਤਰ 'ਚ ਕੁਝ ਨਵੇਂ ਲੇਖਕ ਆਏ ਹਨ ਜਿਹੜੇ ਬਦਲਦੇ ਹੋਏ ਪੰਜਾਬੀ ਸਮਾਜ ਨੂੰ ਚਿਤਰ ਰਹੇ ਹਨ। ਰਣਬੀਰ ਰਾਣਾ, ਪ੍ਰਗਟ ਸਿੰਘ ਸਤੌਜ, ਅਜ਼ੀਜ਼ ਸਰੋਏ 'ਚ ਭਰਪੂਰ ਸੰਭਾਵਨਾਵਾਂ ਦੇ ਸੰਕੇਤ ਹਨ। ਭਵਿੱਖ 'ਚ ਇਹ ਆਪਣੀਆਂ ਸੰਭਾਵਨਾਵਾਂ ਨੂੰ ਕਿਵੇਂ ਸਿਰਜਣ ਪ੍ਰਕਿਰਿਆ 'ਚ ਢਾਲਦੇ ਹਨ, ਇਸਦਾ ਫ਼ੈਸਲਾ ਇਹਨਾਂ ਦੀ ਸੁਹਿਰਦਤਾ ਨੇ ਕਰਨਾ ਹੈ। ਆਪਣੀ ਸਮਕਾਲੀ ਪੀੜ੍ਹੀ ਬਾਰੇ ਕੁਝ ਨਾ ਕਹਾਂ ਤਾਂ ਬਿਹਤਰ ਹੋਵੇਗਾ। ਹਾਂ, ਸਾਥੋਂ ਪਹਿਲਿਆਂ ਨੇ ਕੁਝ ਸ਼ਾਹਕਾਰ ਸਿਰਜੇ ਹਨ ਜਿਵੇਂ ਪੂਰਨਮਾਸ਼ੀ, ਰਾਤ ਬਾਕੀ ਹੈ, ਮੜ੍ਹੀ ਦਾ ਦੀਵਾ, ਅੱਗ ਦਾ ਗੀਤ, ਪਵਿੱਤਰ ਪਾਪੀ, ਲਹੂ ਮਿੱਟੀ ਵਰਗੇ। 'ਚਰਨ' ਵਰਗਾ ਅਮਰ ਨਾਇਕ ਪੰਜਾਬੀ ਨਾਵਲ ਦਾ ਹਾਸਲ ਹੈ। 'ਬਹੁਤ ਸਾਰੇ ਚੁਰੱਸਤੇ' ਕਿਹੋ ਜਿਹਾ ਹੈ, ਇਸਦਾ ਫ਼ੈਸਲਾ ਪਾਠਕਾਂ ਤੇ ਭਵਿੱਖ ਨੇ ਕਰਨਾ ਹੈ। 000

**(ਐਮ.ਆਈ.ਜੀ. 578, ਫੇਜ਼-1, ਅਰਬਨ ਐਸਟੇਟ, ਪਟਿਆਲਾ-147 002, ਫੋਨ: 98761-55530)**

# ਅਮਰੀਕਾ ਦਾ ਮੂਲਵਾਸੀ ਇਤਿਹਾਸ : ਸੁਰਜੀਤ ਹਾਂਸ

ਅਮਰੀਕਾ ਦੀ ਬਰਤਾਨੀਆ ਵਿਰੁੱਧ ਆਜ਼ਾਦੀ ਦੀ ਲੜਾਈ ਨੂੰ ਸਮਰਾਜ ਖਿਲਾਫ਼ ਪਹਿਲੀ ਬਸਤੀਵਾਦੀ ਜਿੱਤ ਦੱਸ ਕੇ ਇਸ ਗੱਲ 'ਤੇ ਪਰਦਾ ਪਾਇਆ ਜਾਂਦਾ ਹੈ ਜੋ ਅਮਰੀਕੀ ਸਵਤੰਤਰਤਾ ਸੰਗਰਾਮੀਆਂ ਦਾ ਮੂਲਵਾਸੀਆਂ 'ਤੇ ਪਾਏ ਆਪਣੇ ਗਲਬੇ ਨੂੰ ਪੱਕਾ ਕਰਨ ਦਾ ਪ੍ਰਯੋਜਨ ਸੀ- ਪਰਾਏ ਦੇਸ਼ 'ਤੇ ਬਸਤੀਵਾਦੀ ਹਕੂਮਤ ਕਾਇਮ ਕਰਨੀ ਸੀ। ਅੱਜ ਅਮਰੀਕਾ ਵਿਚ ਕੋਈ ਪੰਜ ਸੌ 'ਕੌਮਾਂ, ਬੰਧੂ-ਚਾਰੇ' communities ਹਨ ਜਿਹਨਾਂ ਦੀ ਸੰਖਯਾ 30 ਲੱਖ ਬਣਦੀ ਪਰ ਇਹਦੇ ਸਤ੍ਹਾਰਵੀਂ ਸਦੀ ਦੇ ਪੂਰਵਜਾਂ ਦੀ ਗਿਣਤੀ 1 ਕਰੋੜ 50 ਲੱਖ ਸੀ, ਅਰਥਾਤ ਚਾਰ ਸਦੀਆਂ ਵਿਚ ਪੰਜਵਾਂ ਹਿੱਸਾ ਰਹਿ ਗਈ। ਕਿਸੇ ਸਮਾਜ ਦੀ ਆਬਾਦੀ ਦਾ ਘਟਣਾ ਇਹਦੇ ਰੋਗੀ ਹੋਣ ਦੀ ਨਿਸ਼ਾਨੀ ਹੈ ਜੋ ਆਰਥਿਕ ਰਾਜਨੀਤਕ ਸੰਕਟ ਦਾ ਪਰਿਣਾਮ ਹੁੰਦੀ ਹੈ। ਮੁਕਾਬਲਤਨ ਭਾਰਤ ਦੀ ਇਕ ਸ਼ਤਾਬਦੀ ਤੋਂ ਘੱਟ ਸਮੇਂ ਵਿਚ ਹੀ ਵਸੋਂ ਦੀ ਗਿਣਤੀ ਢਾਈ ਗੁਣਾਂ ਹੋ ਗਈ ਹੈ।

ਨਵੀਂ (ਅਮਰੀਕੀ) ਰਾਸ਼ਟਰੀ ਸਰਕਾਰ ਦੀ ਇਤਿਹਾਸਕ ਨੀਤੀ ਮੂਲਵਾਸੀਆਂ ਦੀ ਜ਼ਮੀਨ ਨੂੰ ਹੜੱਪ ਕਰਨਾ ਸੀ। ਸਨ 1955 ਤਾਈਂ ਇਹ ਮੌਲਿਕ ਰਕਬੇ (ਖੇਤਰਫਲ) ਦਾ 2.3 ਫ਼ੀਸਦੀ ਰਹਿ ਗਈ।

ਸਨ 1848 ਵਿਚ ਦੁਨੀਆਂ ਭਰ ਦੇ ਲੋਕ ਕੈਲੀਫੋਰਨੀਆ ਵਿਚ ਸੋਨਾ ਲੱਭਣ ਤੁਰ ਪਏ। ਇਨ੍ਹਾਂ ਦੀਆਂ ਵਹੀਰਾਂ ਰਾਹ 'ਚ ਪੈਂਦੇ ਆਦਿਵਾਸੀਆਂ ਲਈ ਮੌਤ, ਤਸੀਹੇ, ਜਮਾ', ਭੁੱਖ ਅਤੇ ਬੀਮਾਰੀ ਦਾ ਕਟਕ ਸੀ। ਉਹ ਕੁੱਲ ਸ਼ਿਕਾਰ ਮਾਲ ਨੂੰ ਮਾਰਨ 'ਤੇ ਤੁਲੇ ਰਹਿੰਦੇ, ਦਰਿਆਵਾਂ ਬਰੇਤਿਆਂ ਨੂੰ ਗੰਧਲਾ ਕਰ ਦਿੱਤਾ ਜਿਸ ਕਰਕੇ ਉਥੇ ਸਾਮਨ (salmon) ਮੱਛੀ ਜਿਉਂਦੀ ਰਹਿ ਨਹੀਂ ਸਕਦੀ। ਨਾਲੇ ਮੂਲਵਾਸੀ ਦੀ ਖਾਦਯ-ਸਮੱਗਰੀ ਐਲਕ (elk) ਅਤੇ ਹਰਨਾਂ ਦੇ ਝੁੰਡ ਅਮਲੀ ਤੌਰ 'ਤੇ ਖਤਮ ਕਰ ਦਿੱਤੇ। ਖਣਕ ਆਪ ਇਕ ਦੂਸਰੇ ਨੂੰ ਸੋਨੇ ਲਈ ਮਾਰ ਦਿੰਦੇ। ਜੇ ਮੂਲਵਾਸੀਆਂ ਦਾ ਕੋਈ ਦੋ ਹਜ਼ਾਰ ਗੁਰੀਲਿਆਂ ਦਾ ਸੰਗ੍ਰਹਿ ਨਿੱਤਰਿਆ ਨਾ ਹੁੰਦਾ ਤਾਂ ਉਨ੍ਹਾਂ ਦਾ ਬੀ-ਨਾਸ ਹੋ ਜਾਣਾ ਸੀ। ਤਾਂ ਵੀ ਉਹਨਾਂ ਦੀ ਕੋਈ ਇਕ ਲੱਖ ਤੋਂ ਵੱਧ ਆਬਾਦੀ 1870 ਵਿਚ ਕੇਵਲ 30 ਹਜ਼ਾਰ ਰਹਿ ਗਈ।

ਅਮਰੀਕਾ ਦੀ ਸਭ ਤੋਂ ਵੱਡੀ ਇਤਿਹਾਸਕ ਦੇਣ ਅਣ-ਵਿਹਾਰਕ ਯੁੱਧ ਦੀ ਹੈ। ਵਿਹਾਰਕ ਲਾਮ ਦੇ ਸਰਵ-ਮਾਨਿਤ ਨਿਯਮ ਹਨ ਜੋ ਫੌਜੀ ਲਾਮ ਵਿਚ ਵੀ ਪਾਲਦੇ ਹਨ, ਮਸਲਨ ਸਿਵਲ (civilian) ਵਸੋਂ ਦੀ ਜਾਨ-ਮਾਰੀ ਨਹੀਂ ਕਰਨੀ। ਅਣ-ਵਿਹਾਰਕ ਲਾਮ ਦਾ ਆਰੰਭ ਅਮਰੀਕਾ ਵਿਚ ਸ਼ੁਧ-ਧਰਮੀਆਂ ਦੀ ਆਦਿਵਾਸੀ ਨਾਲ ਦੁਸ਼ਮਣੀ ਤੋਂ ਚਲਦਾ ਹੈ, ਜੋ ਲੜਾਈ ਤੋਂ ਵਧੀਕ ਦੁਸ਼ਮਣ ਨੂੰ ਜੰਗ-ਜੋਗੇ ਨਾ ਰਹਿਣ ਦਾ ਉਦੇਸ਼ ਆਪਣਾ ਲਿਆ ਗਿਆ - ਵਸੋਂ ਨੂੰ ਮਾਰਨਾ, ਵਸਦੀਆਂ ਨੂੰ ਜਲਾਉਣਾ, ਫਸਲਾਂ ਅੰਨ ਭੰਡਾਰਾਂ ਨੂੰ ਫੂਕਣਾ, ਸ਼ਿਕਾਰ-ਮਾਲ ਨੂੰ ਮੁਕਾਉਣਾ ਸੀ। ਅੱਜ ਕੱਲ੍ਹ ਇਹ ਦਾ ਸੁਖ-ਭਾਸ਼ਨੀ ਨਾਂਉਂ ਨਾਲ-ਲਗਵਾਂ (collateral damage) ਨੁਕਸਾਨ ਹੈ।

ਸਤਾਰਵੀਂ ਸਦੀ ਦੇ ਆਰੰਭ ਵਿਚ Phymouth ਨੇੜੇ 'ਪੀਕਟ' ਜੰਗ ਵਿਚ ਬੰਦਿਆਂ ਦੀ ਕੱਟਵੱਢ ਦਾ ਵਰਨਣ ਹੈ, "ਜੋ ਅੱਗ ਵਿਚ ਭੁੱਜਣ ਵਾਲਿਆਂ ਦੀਆਂ ਲਹੂ ਦੀਆਂ ਘਰਾਲਾਂ ਲਾਟਾਂ ਨੂੰ ਬੁਝਾਈ ਜਾਂਦੀਆਂ ਦਾ ਭਿਆਨਕ ਦ੍ਰਿਸ਼ ਸੀ"। ਫੇਰ ਆਦਿਵਾਸੀ ਸਿਰਾਂ ਦਾ ਮੁੱਲ ਪਾਉਣ ਨੂੰ ranging ਕਹਿਣ ਲੱਗੇ ਕਿਉਂ ਜੋ ਆਬਾਦਕਾਰ- ਰੇਂਜਰ ਸੈਨਾ ਦਾ ਇਹ ਵੀ ਕੰਮ ਸੀ।

Texas ਪਹਿਲਾਂ ਮੈਕਸੀਕੋ ਦਾ ਹਿੱਸਾ ਹੁੰਦਾ ਸੀ ਜਿਸ ਨੇ 1829 ਵਿਚ 'ਗੁਲਾਮੀ' ਖਤਮ ਕਰ ਦਿੱਤੀ। ਅੰਗਰੇਜ਼ ਆਬਾਦਕਾਰਾਂ (1,60,000) ਨੇ ਇਹਦੇ ਖਿਲਾਫ਼ ਰੌਲਾ ਪਾਇਆ ਤਾਂ ਸਾਲ ਦੀ ਮੁਹਲਤ ਮਿਲੀ। ਫੇਰ 1836 ਵਿਚ ਆਬਾਦਕਾਰਾਂ ਨੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ,



ਇਹਦੇ ਸ਼ਮਸ਼ੀਰੀ mercenary ਲੀਡਰ ਤਾਂ ਮੁੱਠਭੇੜ 'ਚ ਮਰ ਗਏ ਪਰ ਮੈਕਸੀਕੋ ਇਕ ਮਹੀਨੇ ਵਿਚ ਲਾਮ ਹਾਰ ਗਿਆ। ਆਜ਼ਾਦ ਸਰਕਾਰ ਦਾ ਪਹਿਲਾ ਕੰਮ ਵਿਦਰੋਹ ਵਿਰੋਧੀ ਸੈਨਾ ਕਾਇਮ ਕਰਨਾ ਸੀ ਜਿਸ ਦਾ ਨਾਂਉ Texas Rangrs ਸੀ ਜੋ ਅਮਰੀਕੀ ਤਰੀਕਾ-ਇ-ਜੰਗ ਅਪਣਾਉਣ ਲਈ ਸੀ।

ਅਮਰੀਕਾ ਦੀ ਆਜ਼ਾਦੀ ਮਗਰੋਂ 1785 ਵਿਚ Hopewell ਦੇ ਸੁਲਹਨਾਮੇ ਅਨੁਸਾਰ ਉਹਨੇ Blue Mountain ਦੇ ਸੱਜੇ ਪਾਸੇ ਤਾਈਂ ਆਪਣੀ ਆਬਾਦਕਾਰੀ ਸੀਮਤ ਰੱਖਣੀ ਸੀ। ਪਰ 1793 ਵਿਚ Servier ਨੇ ਚਰੋਕੀਆਂ (Cherokees) ਖਿਲਾਫ਼ ਖੇਤ ਜਲਾਓ (Scorched earth) ਪਾਲਸੀ ਦਾ ਹੁਕਮ ਦਿੱਤਾ।

ਇਹਨੇ 1784 ਵਿਚ North Carolina ਵਿਚ ਆਬਾਦਕਾਰੀ ਦੇ ਵਾਧੇ ਲਈ ਸਰਕਾਰ ਦੇ ਖ਼ਿਲਾਫ਼ ਬਗਾਵਤ ਕੀਤੀ ਸੀ ਜੋ Franklin ਦੇਸ਼ ਸਥਾਪਤ ਕਰਕੇ ਆਪ ਪ੍ਰਧਾਨ ਬਣਿਆ ਸੀ। ਇਹਨੇ ਫਸਲ ਕੱਟਣ ਸਮੇਂ 1750 Franklin Rangers ਨਾਲ ਚਰੋਕੀ ਕਸਬਿਆਂ 'ਤੇ ਹਮਲਾ ਕੀਤਾ, ਜੋ ਸਾਰੇ ਘਰ ਖੇਤ ਜਲਾਉਣੇ ਹਨ। ਅਗਲੇ ਸਾਲ ਇਸੇ ਤਰ੍ਹਾਂ ਫੇਰ ਹਮਲਾ ਕੀਤਾ ਜੋ ਚਰੋਕੀ ਜੰਗਲਾਂ ਵਿਚ ਰਹਿਣ ਲੱਗ ਜਾਣ। ਜਦੋਂ ਸਰਵੀਅਰ ਜਿਹੇ ਸ਼ਮਸ਼ੀਰੀ ਨੇਤਾਵਾਂ ਦਾ ਪੂਰਾ ਨਿਯੰਤਰਨ ਹੋ ਜਾਂਦਾ, ਜੋ ਚਾਹੁੰਦੇ ਉਨ੍ਹਾਂ ਨੂੰ ਮਿਲ ਜਾਂਦਾ ਤਾਂ ਫੈਡਰਲ ਸਰਕਾਰ ਨਾਲ ਸੁਲਹ ਸਫ਼ਾਈ ਹੋ ਜਾਂਦੀ, ਜਿਸ ਦੀ ਗਣਤੰਤਰ(republic) ਦੇ ਇਲਾਕੇ ਨੂੰ ਫੈਲਾਉਣ ਲਈ ਇਨ੍ਹਾਂ ਵਰਗਿਆਂ 'ਤੇ ਨਿਰਭਰਤਾ ਸੀ। ਇਹ ਮਗਰੋਂ ਜਾਂਦਾ ਨਾਰਥ ਕੈਰੋਲਾਈਨਾ ਦਾ ਪ੍ਰਤਿਨਿਧੀ representative ਅਤੇ Tennessee ਦਾ ਗਵਰਨਰ ਬਣਿਆ। ਅਜਿਹੇ ਬੰਦੇ ਹੀ ਅਮਰੀਕੀ ਆਤਮਾ (American spirit) ਰੂਪਮਾਨ ਕਰਦੇ ਹਨ।

ਸਨ 1876 ਵਿਚ ਖਣਜ ਸੋਨੇ ਦੀ ਲੱਭਤ ਕਰਕੇ ਅਮਰੀਕਾ ਨੇ Black Hills 'ਤੇ ਕਬਜ਼ਾ ਕਰ ਲਿਆ ਜੋ ਖਣਜ ਸਮ੍ਰਿਧ ਸੀ ਅਤੇ ਸੂਕਸ (Sioux) ਧਰਮ ਦਾ ਕੇਂਦਰ ਅਤੇ ਸ਼ਰਨ ਸਥਾਨ ਸੀ। ਸਨ 1877 ਵਿਚ ਫੌਜ ਨੇ ਸੂਕਸ ਨੂੰ Nebraska 'ਚੋਂ ਕੱਢ ਦਿੱਤਾ ਅਤੇ ਉਹਨਾਂ ਲਈ Dakota ਦਾ ਇਲਾਕਾ ਸੁਰਕਸ਼ਨ-ਸਥਾਨ Reservation ਥਾਪਿਆ। ਅਗਲਾ ਪੜਾਉ ਉੱਤਰ ਅਤੇ ਦੱਖਣੀ ਡਕੋਟਾ ਸਟੇਟਾਂ ਦਾ ਬਣਾਉਣ ਦਾ ਸੀ। ਸਨ 1888 ਦੀ ਯੋਜਨਾ ਅਨੁਸਾਰ ਸੂਕਸ ਨੂੰ ਛੇ ਛੋਟੇ ਛੋਟੇ, ਇਕ ਦੂਜੇ ਨਾਲ ਨਾ ਲਗਦੇ ਜਜ਼ੀਰਿਆਂ 'ਚ ਸੀਮਤ ਕਰਨਾ ਸੀ, ਜੋ 90 ਲੱਖ ਏਕੜ ਜ਼ਮੀਨ ਗੋਰੇ ਆਬਾਦਕਾਰਾਂ ਲਈ ਖੁੱਲ੍ਹ ਗਈ।

ਸਨ 1890 ਵਿਚ ਸੂਰਜ ਨ੍ਰਿਤ Sun Dance ਮੁਕਣ 'ਚ ਨਹੀਂ ਆਉਂਦਾ ਸੀ ਜੋ ਗਹਿਮਾ ਗਹਿਮੀ ਵਧਦੀ ਜਾ ਰਹੀ ਸੀ; ਫੌਜੀ ਹੁਕਮਾਂ ਅਨੁਸਾਰ ਸ਼ਰਨਾਰਥੀ ਅਜੇ Pine Ridge Reservation ਵਿਚ ਹਾਜ਼ਰ ਨਹੀਂ ਹੋ ਸਕੇ ਸੀ; ਨਾਲੇ ਉਨ੍ਹਾਂ ਦੇ ਆਗੂ Sitting Bull 'ਬੈਠਾ ਸਾਨ੍ਹ' ਦੀ ਮੌਤ ਹੋ ਗਈ ਸੀ ਤਾਂ ਲਕੋਟਾ ਸੂਕਸ ਦਾ ਲੀਡਰ 'ਵੱਡਾ ਪੈਰ' Big Foot 350 ਸੂਕਸਾਂ ਨਾਲ ਸਮਰਪਨ ਹੋਣ ਲਈ ਤੁਰ ਪਿਆ।

ਕਮਾਂਡਰ ਦਾ ਹੁਕਮ ਸੀ ਕਿ Wounded Knee ਬਰੇਤੇ 'ਤੇ ਲਿਜਾਏ ਜਾਣ। ਤਲਾਸ਼ੀ ਲੈਂਦੇ ਹਥਿਆਰ ਬਰਾਮਦ ਕਰਦੇ ਕਿਸੇ ਫੌਜੀ ਤੇ ਸੂਕਸ ਵਿਚਕਾਰ Winchester rifle ਦੀ ਗੋਲੀ ਚਲ ਗਈ ਤਾਂ ਕਤਲਾਮ ਸ਼ੁਰੂ ਹੋ ਗਿਆ। ਤਿੰਨ ਸੌ ਸੂਕਸ ਮਰੇ ਪਏ ਸੀ।

ਇਹ 1890 ਦਾ ਸਾਕਾ ਸੀ। ਸਨ 1973 ਵਿਚ ਮੂਲਵਾਸੀਆਂ ਨੇ ਆਪਣੇ ਧਰਮ-ਸਥਾਨ ਦਾ ਕਬਜ਼ਾ ਲੈਣ ਲਈ ਇਹਨੂੰ ਘੇਰਿਆ ਹੋਇਆ ਸੀ ਜੋ ਵੀਅਤਨਾਮ 'ਚ ਮੀ-ਲਾਈ ਕਤਲਾਮ ਦੀ ਪੰਜਵੀਂ ਵਰ੍ਹੇਗੰਢ ਸੀ। Bury My Heart at Wounded Knee ਪੁਸਤਕ ਦੇ ਮੁੱਖ ਪੰਨੇ 'ਤੇ ਦੋ

ਤਸਵੀਰਾਂ ਸਨ- ਮੀ-ਲਾਈ 1968 ਅਤੇ Wounded Knee 1890 ਦੇ ਕਤਲਾਮਾਂ ਦੀਆਂ। ਇਹ ਕਰਤਾ ਦੇ ਦੱਸਣ 'ਤੇ ਪਤਾ ਲਗਦਾ ਸੀ ਕਿ ਕਿਹੜੀ ਤਸਵੀਰ ਕਿਹੜੇ ਸਾਕੇ ਦੀ ਹੈ।

ਅਮਰੀਕਾ ਦੇ ਅਣ-ਵਿਹਾਰਕ ਜੰਗ ਦੀ ਕਾਢ ਮੂਲਵਾਸੀ ਵਿਰੋਧ ਤੋਂ ਸ਼ੁਰੂ ਹੋ ਕੇ ਪੱਕੀ ਹੁੰਦੀ ਵਿਸ਼ਵ ਨੀਤੀ 'ਚ ਪ੍ਰਵੇਸ਼ ਕਰ ਗਈ ਹੈ।

ਪੰਦਰਾਂ ਸਾਲਾ ਅਮਰੀਕੀ ਸੁਤੰਤਰਤਾ ਸੰਗਰਾਮ ਬਹੁਤਾ ਕਰਕੇ ਓਹਾਇਓ (Ohio) ਵਾਦੀ ਅਤੇ ਨਿਊ ਯਾਰਕ ਦੇ ਪੱਛਮ ਵਿਚ ਮੂਲਵਾਸੀਆਂ ਉਲਟ ਸੀ ਜੋ ਨੇੜਲੀ ਆਜ਼ਾਦ ਸਰਕਾਰ ਨੂੰ ਦੂਰ ਸਾਮਰਾਜ ਸਰਕਾਰ (ਵਲਾਇਤ) ਤੋਂ ਵਧੇਰੇ ਖਤਰਨਾਕ ਸਮਝਦੇ ਸੀ। ਸੁਤੰਤਰ ਅਮਰੀਕਾ ਨੇ ਪੇਸ਼ਾਵਰ (professional) ਫੌਜ ਸਨ 1810 ਵਿਚ ਖੜ੍ਹੀ ਕੀਤੀ; ਤਾਂ ਵੀ ਓਹਾਇਓ ਅਤੇ ਮਿਸਿੱਸਪੀ ਵਾਦੀਆਂ ਨੂੰ ਹੜੱਪ ਕਰਨ ਲਈ ਬਾ-ਕਾਇਦਾ ਅਤੇ ਬੇਕਾਇਦਾ ਜੰਗ ਦਾ ਅਦਲ ਬਦਲ ਰਾਹ ਅਪਣਾਇਆ ਗਿਆ।

ਮਸਕੋਗੀ (Muskogee) ਕੌਮ-ਰਾਸ਼ਟਰ Alabama, Tennessee, ਕੁਝ ਕੁ Georgia, Florida ਦੇ ਦਰਿਆਈ ਜਾਲ ਵਿਚ ਸਥਿਤ ਸੀ। ਉਹ ਉੱਤਰੀ 'ਸਰਕਾਰੀ' Five Civilized Tribes ਖਿਲਾਫ਼ ਸਨ। ਭਾਵੇਂ ਫੈਡਰਲ ਸਰਕਾਰ ਦੀ ਮਨਜ਼ੂਰੀ ਨਹੀਂ ਸੀ, Andrew Jackson ਟੈਨੇਸੀ ਮਲੀਸ਼ੀਆ ਦਾ ਮੋਹਰੀ ਸੀ ਜੋ ਮਸਕੋਗੀਆਂ ਨੂੰ ਆਪਣੇ ਸ਼ਮਸ਼ੀਰੀਆਂ ਨਾਲ ਖਤਮ ਕਰਨ 'ਤੇ ਤੁਲ ਗਿਆ। Shawnee (ਕੌਮ ਦੇ) ਯੋਧੇ ਅਤੇ ਆਪੇ ਆਜ਼ਾਦ ਹੋਏ ਅਸ਼ਵੇਤ ਅਫਰੀਕਨ ਮਸਕੋਗੀਆਂ (ਲਾਲ ਬਰਛਿਆਂ) ਨਾਲ ਸੀ। 'ਲਾਲ ਬਰਛੇ' ਅਤੇ ਸਾਥੀ ਇਕ ਹਜ਼ਾਰ ਸਨ ਜਿਹਨਾਂ ਵਿਚੋਂ 800 ਮਾਰੇ ਗਏ, ਜੈਕਸਨ ਦੇ 49 ਸ਼ਮਸ਼ੀਰੀ ਮਰੇ।

ਆਬਾਦਕਾਰ ਕਿਹਾ ਜਾਂਦਾ ਹੈ, ਸਭਯਤਾ ਫੈਲਾਉਣ ਲਈ ਮੂਲਵਾਸੀ ਮਹਾਦੀਪ 'ਚ ਆਏ ਸਨ। ਜੈਕਸਨ ਦੇ ਲੜਾਕਿਆਂ ਨੇ ਆਪਣੇ ਘੋੜਿਆਂ ਦੀਆਂ ਲਗਾਮਾਂ ਮਸਕੋਗੀ ਲਾਸ਼ਾਂ ਦੇ ਮਾਸ ਦੀਆਂ ਬਣਾ ਲਈਆਂ ਜੋ ਸਭਯਤਾ ਦੀ ਹੋਰ ਵੀ ਉਚੇਰੀ ਪ੍ਰਾਪਤੀ ਹੋ ਗਈ।

ਅਮਰੀਕਾ ਦੀ ਖਾਨਾ-ਜੰਗੀ Civil War ਅਤੇ ਲਿੰਕਨ ਦੀ 'ਵਡਿਆਈ' ਮੂਲਵਾਸੀ ਇਤਿਹਾਸ ਦਾ ਸ਼ੀਸ਼ਾ ਹੈ। ਪੰਜ ਸਭਯਤਾ-ਪ੍ਰਾਪਤ ਕੌਮਾਂ Cherokees, Muskogees, Seminoles, Choctaws ਅਤੇ Chicksaws ਪ੍ਰਧਾਨ ਜੈਕਸਨ ਨੇ ਉਨ੍ਹਾਂ ਨੂੰ ਆਪਣੇ ਸਥਾਨਾਂ ਤੋਂ ਉਠਾ ਕੇ Indian Territory (ਮਿਸਿੱਸਪੀ-ਪਾਰ) ਭੇਜ ਦਿੱਤਾ ਜਿਹਨਾਂ ਨੇ ਆਪਣਾ ਜੀਵਨ, ਕੁਸਬੇ, ਫਾਰਮ, ਸੰਸਥਾਵਾਂ ਅਖਬਾਰ, ਸਕੂਲ, ਯਤੀਮਖਾਨੇ ਮੁੜ ਉਸਾਰ ਲਏ ਸੀ। ਇਹਨਾਂ ਨੂੰ ਫੈਡਰਲ ਸਰਕਾਰ ਦੀ ਕੇਵਲ ਦੁਸ਼ਮਣੀ ਦਾ ਤਜਰਬਾ ਸੀ। ਪੰਜੇ ਕੌਮਾਂ ਨੇ ਦੱਖਣ ਦੀਆਂ Confederate States of America ਅਰਥਾਤ ਕਨਫੈਡਰੇਸੀ ਨਾਲ ਸਮਝੌਤੇ ਕਰ ਲਏ। ਇਨ੍ਹਾਂ ਦੇ ਕੋਈ ਸੱਤ ਹਜ਼ਾਰ ਬੰਦੇ ਕਨਫੈਡਰੇਸੀ ਫੌਜ ਵਿਚ ਫੈਡਰਲ ਸਰਕਾਰ ਦੇ ਖਿਲਾਫ਼ ਲੜਦੇ ਰਹੇ। ਇਨ੍ਹਾਂ ਦਾ ਬਰਗੇਡੀਅਰ ਚਰੋਕੀ ਸੀ। ਮਿਸਿੱਸਪੀ- ਪਾਰ ਦੀਆਂ ਪਲਟਨਾਂ ਕਨਫੈਡਰੇਸੀ ਦੀ ਹਾਰ ਨਾਲ ਜਨਰਲ ਲੀ ਦੇ ਸਮਰਪਨ ਤੋਂ ਦੋ ਮਹੀਨੇ ਮਗਰੋਂ ਤਾਬਿਹ ਹੋਈਆਂ ਸੀ।

ਕੋਈ ਦਸ ਹਜ਼ਾਰ ਮਿਸਿੱਸਪੀ-ਪਾਰ ਦੇ ਮੂਲਵਾਸੀ ਗੁਰੀਲਿਆਂ ਨਾਲ, ਅਸ਼ਵੇਤਾਂ (ਅਫਰੀਕਨ-ਅਮਰੀਕਨ) ਕੁਝ ਐਂਗਲੋ-ਅਮਰੀਕਨਾਂ ਨਾਲ ਰਲ ਕੇ ਸੰਗਰਾਮ ਕਰਨ ਲੱਗੇ। ਉਹ ਓਕਲਾਹੋਮਾ ਤੋਂ ਕੈਨਸੱਸ ਤੱਕ ਗੈਰ ਸਰਕਾਰੀ ਪਲਟਨਾਂ ਨਾਲ ਰਲਕੇ ਲੜਨ ਲੱਗੇ। ਲਿੰਕਨ ਸਰਕਾਰ ਦੀ ਖਾਹਿਸ਼ ਨਹੀਂ ਸੀ ਜੇ ਕੋਈ ਸਰਵ-ਨਸਲੀ ਇੱਛਾਚਾਰੀ ਸੰਘ ਮਿਸੂਰੀ 'ਚ ਗੁਲਾਮੀ ਦੇ ਹਮਾਇਤੀਆਂ ਨਾਲ ਭਿੜਣ ਲੱਗ ਜਾਵੇ ਜਿਸ ਵਿਚ ਗੁਲਾਮ ਅਫ਼ਰੀਕਨ-ਅਮਰੀਕਨ ਸ਼ਾਮਲ ਹੋਣ। ਦੱਖਣ ਵਿਚ ਅਫਰੀਕਨ-ਅਮਰੀਕਨ ਅਸ਼ਵੇਤ ਦੀ ਸਵੈ ਮੁਕਤੀ ਫੈਲ ਰਹੀ ਸੀ। ਇਹਦਾ ਨਤੀਜਾ ਸੀ ਲਿੰਕਨ ਦਾ 1863 ਦਾ ਐਲਾਨ ਜੋ 'ਆਜ਼ਾਦ' ਅਸ਼ਵੇਤ ਜੰਗ ਵਿਚ ਹਿੱਸਾ ਲੈ ਸਕਦੇ ਹਨ।



ਸਨ 1862 ਵਿਚ Minnesota ਦੇ ਡਕੋਟਾ ਸੂਕਸ Sioux (ਇਥੇ ਡਕੋਟਾ ਸੂਕਸ ਵੀ ਹਨ, ਦੁੱਵੇਂ ਨਾਂਉ ਮੂਲਵਾਸੀ ਬੋਲੀ ਦੇ ਹਨ) ਭੁਖਮਰੀ ਦੇ ਕੰਢੇ 'ਤੇ ਸੀ। ਉਨ੍ਹਾਂ ਜਰਮਨ, ਸਕੰਡੇਨੇਵੀਅਨ (ਸਵੀਡਨ, ਨਾਰਵੇ) ਆਬਾਦਕਾਰਾਂ ਖਿਲਾਫ਼ ਬਗਾਵਤ ਕਰ ਦਿੱਤੀ। ਯੂਨੀਅਨ ਫੈਡਰਲ ਫੌਜ ਨੇ ਬਗਾਵਤ ਦਬਾ ਦਿੱਤੀ। ਕਈ ਸੈ ਬੰਦੇ ਕੈਦ ਕਰ ਲਏ। ਤਿੰਨ ਸੌ ਕੈਦੀਆਂ ਨੂੰ ਸਜ਼ਾਇ ਮੌਤ ਸੁਣਾਈ। ਲਿੰਕਨ ਦੇ ਹੁਕਮ ਅਨੁਸਾਰ ਇਨ੍ਹਾਂ ਦੀ ਗਿਣਤੀ ਘੱਟ ਕਰ ਦਿੱਤੀ ਗਈ ਜੋ ਅਟਕਲ ਪਚੂ 38 ਕੈਦੀ ਚੁਣ ਲਏ ਗਏ। ਇਹ ਅਮਰੀਕਨ ਇਤਿਹਾਸ ਵਿਚ ਵ੍ਰਿਧਤਮ ਅਵਾਮੀ ਫਾਂਸੀ ਸੀ। ਉਹਨਾਂ ਦਾ ਪੂਜਯ ਨੇਤਾ Little Crow ਫਾਂਸੀ ਲੱਗਣ ਵਾਲਿਆਂ ਵਿਚ ਨਹੀਂ ਸੀ ਪਰ ਆਉਂਦੀਆਂ ਗਰਮੀਆਂ 'ਚ ਕਿਸੇ ਆਬਾਦਕਾਰ ਫਾਰਮ-ਪਤੀ ਨੇ ਕਤਲ ਕਰ ਦਿੱਤਾ, ਜੋ ਉਹਨੂੰ 500 ਡਾਲਰ ਇਨਾਮ ਦਿੱਤਾ ਗਿਆ।

ਲਿੰਕਨ ਨੇ ਮਿਸਿੱਸਪੀ-ਪਾਰ ਦੇ ਫੌਜੀ ਪੂਰਬ ਵਿਚ ਹੁੰਦੀ ਖਾਨਾ-ਜੰਗੀ ਲਈ ਬੁਲਾ ਲਏ ਅਤੇ ਪਾਰ ਲਈ ਸਵੈਮ-ਯੋਧਿਆਂ (volunteers) ਦੀ ਅਪੀਲ ਕੀਤੀ ਜੋ Texas, Kansas, California, Washington, Oregon, Colorado, Nebraska, Utah, Nevada ਤੋਂ ਆਏ। ਉਹਨਾਂ ਨੂੰ ਲੜਨ ਲਈ ਜਦੋਂ ਕਨਫੈਡਰੇਟ ਘੱਟ ਹੀ ਲੱਭਦੇ ਤਾਂ ਨਿਕਟ 'ਚ ਮੂਲਵਾਸੀਆਂ 'ਤੇ ਟੁੱਟ ਪੈਂਦੇ। Sand Creek ਵਿਚ ਸ਼ਰਨਾਰਥੀ ਅਤੇ ਕੈਦੀ ਮੂਲਵਾਸੀਆਂ ਦੀ Reservation ਸੀ। ਸਨ 1864 'ਚ Territorial ਗਵਰਨਰ ਨੇ ਹੁਕਮ ਦਿੱਤਾ ਜੋ ਉਹ ਖਾਦਯ ਲਈ ਜੰਗਲੀ ਮ੍ਹੈਂਸ ਮਾਰਨ ਲਈ ਵੀ ਨਹੀਂ ਨਿੱਕਲ ਸਕਦੇ। ਸਵੈਮ-ਯੋਧਿਆਂ ਦਾ ਉਠਦਾ ਲੀਡਰ 'ਝੱਲਾ ਪਾਦਰੀ' ਜਾਹਨ ਸ਼ਿਵਿੰਗਟਨ ਸੀ। ਉਹਨੇ 700 ਕੋਲੋਰਾਡੋ ਸਵੈਮ-ਯੋਧਿਆਂ ਨਾਲ ਹਮਲਾ ਕਰ ਦਿੱਤਾ ਜੋ 105 ਔਰਤਾਂ ਬੱਚੇ ਅਤੇ 28 ਮਰਦ ਮਾਰੇ ਗਏ। ਸਰਕਾਰੀ ਰਿਪੋਰਟ ਅਨੁਸਾਰ ਜਦੋਂ ਤੰਬੂ ਜਲ ਗਏ, ਘੋੜੇ ਚੁਰਾ ਲਏ, ਧੂੰਆਂ ਘਟਣ 'ਤੇ ਸਵੈਮ-ਯੋਧੇ ਮੁੜ ਆਏ, ਜੋ ਇਨਾਮ ਲੈਣ ਲਈ ਮੋਇਆਂ ਦੇ ਸਿਰ ਵੱਢ ਲਏ, ਆਪਣੇ ਹਥਿਆਰ ਵੱਢੇ ਭਰੂਣਾਂ, ਸ਼ਿਸ਼ਨਾਂ, ਸ-ਤਨਾਂ, ਭਗਾਂ ਨਾਲ ਸਜਾ ਲਏ ਜੋ Denever ਵਿਚ ਇਨ੍ਹਾਂ ਟਰਾਫ਼ੀਆਂ ਦੇ ਨਾਟਕ-ਘਰਾਂ ਅਤੇ (saloons) ਫੈਸ਼ਨ-ਪਸੰਦ ਬੈਠਕਾਂ ਵਿਚ ਪ੍ਰਦਰਸ਼ਨ ਹੋਏ।

ਲਿੰਕਨ ਅਧੀਨ 1862 ਵਿਚ Homestead Act (ਘਰ ਅਤੇ ਜ਼ਮੀਨ) ਰਾਹੀਂ 15 ਲੱਖ ਆਬਾਦਕਾਰਾਂ ਨੂੰ ਵਸਾਇਆ ਗਿਆ ਜੋ ਮੂਲਵਾਸੀਆਂ ਦੀ ਤੀਹ ਕਰੋੜ ਏਕੜ ਜ਼ਮੀਨ ਖੁੱਸ ਗਈ ਜੋ ਪੰਜ ਲੱਖ ਮੁਰੱਬਾ ਮੀਲ ਦਾ ਰਕਬਾ ਬਣਿਆ। ਪਾਰ-ਮਿਸਿੱਸਪੀ, ਕੋਲੋਰਾਡੋ, ਉੱਤਰੀ ਅਤੇ ਦੱਖਣੀ ਡਕੋਟਾ, ਮਨਟਾਨਾ, ਵਾਸ਼ਿੰਗਟਨ, ਇਡਾਹੋ, ਵਾਏਓਮਿੰਗ, ਊਟਾਹ, ਨਵਾਂ ਮੈਕਸੀਕੋ ਅਤੇ ਅਰੀਜ਼ੋਨਾ ਨੂੰ States ਬਣਨ ਲਈ ਦੇਰ ਲੱਗ ਗਈ। ਸਟੇਟ ਬਣਨ ਦੀ ਸ਼ਰਤ ਸੀ ਕਿ ਆਬਾਦਕਾਰ ਆਬਾਦੀ ਮੂਲ ਵਸੋਂ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ। ਨਾਲੇ 160 ਏਕੜ ਦੇ ਦੌਲਤ-ਖਾਨੇ homestead ਦੇ ਖਿਲਾਫ਼ ਕੋਈ ਮਾਲੀ ਕਾਰਵਾਈ ਨਹੀਂ ਹੋ ਸਕਦੀ ਸੀ।

ਫੇਰ The Pacific Railroad Act ਰਾਹੀਂ 20 ਕਰੋੜ ਏਕੜ ਜ਼ਮੀਨ ਪਰਾਈਵੇਟ ਕੰਪਨੀਆਂ ਨੂੰ ਦਿੱਤੀ ਗਈ। ਇੰਝ ਖਾਨਾ-ਜੰਗੀ ਤੋਂ ਮਗਰੋਂ ਕੋਈ 30 ਸਾਲ ਪੱਛਮੀ ਮਿਸਿੱਸਪੀ ਦੀ ਆਬਾਦਕਾਰੀ ਅਤੇ ਮੂਲਵਾਸੀ ਦਵੈਸ਼ ਦੀ ਪਾਲਸੀ ਚਲਦੀ ਰਹੀ, ਜਿਸ ਦਾ ਯਾਦਗਾਰੀ ਮੀਲ-ਪੱਥਰ 1890 ਵਿਚ Wounded Knee ਦਾ ਕਤਲਾਮ ਹੈ।

ਖਾਨਾ-ਜੰਗੀ ਤੋਂ ਬਾਅਦ ਅਸ਼ਵੇਤਾਂ ਨੂੰ ਆਜ਼ਾਦੀ ਅਤੇ ਮਾਮੂਲੀ ਰਿਆਇਤਾਂ (Reconstruction) ਦਾ ਦੌਰ 1880 ਤਕ ਚਲਦਾ ਰਿਹਾ। ਅਸ਼ਵੇਤਾਂ ਖਿਲਾਫ਼ ਨਸਲੀ ਵਿਤਕਰੇ ਦੇ ਘੇਰੇ ਵਿਚ ਮੂਲਵਾਸੀ, ਮੈਕਸੀਕਨ ਅਤੇ ਚੀਨੀ ਵੀ ਰਲ ਗਏ। Reconstruction ਦੇ ਖਾਤਮੇ ਤੋਂ 20ਵੀਂ ਸਦੀ ਦੇ ਅੱਧ ਤਕ 5 ਹਜ਼ਾਰ ਤੋਂ ਵੱਧ ਅਸ਼ਵੇਤਾਂ ਨੂੰ lynch ਕਰਨ ਦੀਆਂ ਵਾਰਦਾਤਾਂ

ਹੋਈਆਂ, ਜਿਸ ਤੋਂ ਹੋਰਾਂ ਦੀ ਹਾਲਤ ਦਾ ਵੀ ਅਨੁਮਾਨ ਹੋ ਸਕਦਾ ਹੈ।

ਸਨ 1934 ਵਿਚ ਨਵਾਜੋ (Navajo) ਕੌਮ ਨੇ Indian Reorganisation Act ਨੂੰ ਸਵੀਕਾਰ ਨਾ ਕੀਤਾ। ਅਣ-ਵਿਹਾਰਕ ਫੌਜੀ ਕਾਰਵਾਈ 'ਚ ਉਹਨਾਂ ਦੀਆਂ 1,50,000 ਬੱਕਰੀਆਂ, 50,000 ਭੇਡਾਂ ਮਾਰ ਦਿੱਤੀਆਂ। ਜੀਵ ਮੰਡਲ (ecology) ਦਾ ਘਾਤ ਮੂਲਵਾਸੀ ਵਿਨਾਸ਼ ਦਾ ਸਹਿ-ਪਰਿਣਾਮ (byproduct) ਸੀ।

ਸਿਮਨੋਲ (Seminole) ਕੌਮ ਨੂੰ ਫਲੋਰੇਡਾ 'ਚੋਂ ਕੱਢ ਕੇ ਓਕਲਾਹੋਮਾ ਦੇ ਰਕਸ਼ਥਾਨ (reservation) 'ਚ ਭੇਜਣ ਲਈ 1817 ਤੋਂ 1858 ਤਕ ਤਿੰਨ ਜੰਗਾਂ ਹੋਈਆਂ। 1835-42 ਦੀ ਦੂਸਰੀ ਜੰਗ ਵੀਤਨਾਮ ਤੋਂ ਪਹਿਲਾਂ ਅਮਰੀਕਾ ਦੀ ਸਭ ਤੋਂ ਲੰਬੀ ਲੜਾਈ ਸੀ। ਸਿਮਨੋਲਾਂ ਦੀ ਖੁਸ਼ਕਿਸਮਤੀ ਬਹਾਦਰੀ ਵਿਚ ਸੀ ਜਿਹਨਾਂ ਕਦੇ ਅਮਨ ਦੀ ਅਪੀਲ ਨਹੀਂ ਕੀਤੀ, ਕਦੇ ਹਿੰਮਤ ਨਹੀਂ ਹਾਰੇ, ਕਦੇ ਅਮਰੀਕਾ ਨਾਲ ਕੋਈ ਸੁਲਹਨਾਮਾ ਨਹੀਂ ਕੀਤਾ। ਸਮਕਾਲੀ ਸੈਨੇਟਰ ਦਾ ਕਹਿਣਾ ਸੀ ਕਿ ਫੌਜੀ ਕਬਜ਼ਾ ਹੀ ਪ੍ਰਾਜਿਤ ਦੇਸ਼ ਨੂੰ ਵਸਾਉਣ ਦਾ ਤਰੀਕਾ ਹੈ।

ਅਮਰੀਕਾ ਨੇ ਬੇਗਾਨੇ ਮੁਲਕਾਂ 'ਚ ਦਖਲ ਅੰਦਾਜ਼ੀ ਕਰਨੀ (ਅਮਰੀਕੀ) ਮੂਲਵਾਸੀ ਕੌਮਾਂ ਨੂੰ ਉਜਾੜਨ ਤੋਂ ਸਿੱਖੀ ਹੈ। ਇਹਨੇ 1798 ਤੋਂ 1822 ਵਿਚਕਾਰ ਕਿਊਬਾ ਤੋਂ ਲੈ ਕੇ ਟਰਿਪੋਲੀ (ਲਿਬੀਆ) ਤੇ ਯੂਨਾਨ ਵਿਚ 27 ਵਾਰ ਫੌਜੀ ਕਾਰਵਾਈ ਕੀਤੀ; 1831-96 ਦੌਰਾਨ ਸਾਰੇ ਮਹਾਦੀਪਾਂ ਵਿਚ 71 ਵਾਰ; 1878-1919 ਵਿਚਕਾਰ ਵਧੇਰੇ ਫੌਜੀ ਤੀਖਣਤਾ ਨਾਲ, ਪੁਰਾਣੇ ਤਰੀਕਿਆਂ ਨਾਲ, ਕਈ ਵਾਰ ਪੁਰਾਣੇ ਅਮਲੇ ਨਾਲ ਇਹੀ ਕੰਮ ਕੀਤਾ। ਦੂਜੀ ਵਿਸ਼ਵ ਲੜਾਈ ਮਗਰੋਂ ਹਵਾਈ ਅਤੇ ਅਲਾਸਕਾ ਦੇ ਮੂਲਵਾਸੀ ਅਮਰੀਕਨ ਹੀ ਸਮਝੇ ਜਾਣ ਲੱਗੇ। ਅਮਰੀਕਾ ਨੇ ਅੰਗਰੇਜ਼ੀ ਵਿਸ਼ਵ-ਸਾਮਰਾਜੀ ਵਿਰਸਾ 19ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਦੈਵੀ ਕਰਤੱਵ ਵਾਂਗੂੰ ਸੰਭਾਲ ਲਿਆ। ਇਸੇ ਕਰਕੇ 1914 ਤੋੜੀ ਚੀਨ ਵਿਚ 6,000 ਅਮਰੀਕਨ ਈਸਾਈ ਪਾਦਰੀ ਸਨ।

ਸਨ 1898 ਵਿਚ ਅਮਰੀਕਾ ਕਹਿਣ ਨੂੰ ਸਪੇਨ ਵਿਰੁੱਧ 30 ਹਜ਼ਾਰ ਫਿਲਪੀਨੀਆਂ ਦੀ ਆਜ਼ਾਦੀ ਦੀ ਜੰਗ ਵਿਚ ਮਦਦ ਕਰਨ ਲਈ ਗਿਆ ਸੀ ਪਰ ਅਸਲੀ ਮੁੱਦਾ (Amerindians ਵਾਂਗੂੰ) ਫਿਲਪੀ-ਹਿੰਦੀਆਂ ਨੂੰ ਮਨੀਲਾ ਵੜਨ ਨਹੀਂ ਦੇਣਾ ਸੀ। ਇਹਦੇ ਤੀਹਾਂ ਵਿਚੋਂ 26 ਜਰਨੈਲਾਂ ਦਾ ਮੂਲਵਾਸੀ ਲੜਾਈਆਂ ਦਾ ਤਜਰਬਾ ਸੀ। Water-boarding ਬੰਦੇ ਨੂੰ ਡੁਬਦਾ ਕਰਕੇ ਉਹਦੇ 'ਚੋਂ ਭੇਤ ਕੱਢਣ ਦਾ ਤਰੀਕਾ ਫਿਲਪੀਨੀ ਦੇਣ ਹੈ ਜਿਸ ਨੇ Guantanamo 'ਚ ਸ਼ਾਇਦ ਪੂਰਨ ਰੂਪ ਇਖਤਿਆਰ ਕਰ ਲਿਆ। ਦੂਜੀ ਵਿਸ਼ਵ ਲੜਾਈ ਦਾ ਜਰਨੈਲ ਡਗਲ ਮੈਕਾਰਥਰ ਫਿਲਪੀਨ ਵਾਲੇ ਜਨਰਲ ਆਰਥਰ ਮੈਕਾਰਥਰ ਦਾ ਪੁੱਤ ਸੀ ਜਿਸ ਨੇ ਫਿਲਪੀਨੀ ਗੁਰੀਲਾ ਲੀਡਰ ਨੂੰ ਫੜਿਆ ਸੀ। ਖਾਸ-ਕਰ ਖੇਤ-ਜਲਾਈ ਪਾਲਸੀ ਕਾਰਨ 20 ਫੀਸਦੀ ਫਿਲਪੀਨੀ ਵਸੋਂ ਮਾਰੀ ਗਈ; ਦੋ ਲੱਖ ਦਖ਼ਲ ਅੰਦਾਜ਼ ਦੀ ਮ੍ਰਿਤੂ ਦਰ 3.5 ਫੀਸਦੀ ਸੀ।

ਸਨ 1823 ਵਿਚ (ਪ੍ਰਧਾਨ) ਮਨਰੋ Monroe ਦੇ ਅਸੂਲ ਅਨੁਸਾਰ ਅਮਰੀਕੀ ਮਹਾਂਦੀਪ ਯੋਰਪੀ ਆਬਾਦਕਾਰੀ ਲਈ ਨਹੀਂ ਹਨ। ਇਹਦੀ 1904 ਵਿਚ ਰੂਜ਼ਵੈਲਟ (ਦੂਸਰੀ ਵਿਸ਼ਵ ਲੜਾਈ ਵਾਲੇ ਰੂਜ਼ਵੈਲਟ ਦਾ ਚਾਚਾ) ਨੇ ਹੁਕਮ ਦਿੱਤਾ ਕਿ 'ਦੇਰੀਨਾ ਗਲਤ-ਕਾਰ' ਮੁਲਕ, ਅਰਥਾਤ ਅਮਰੀਕੀ ਹਿਤ ਵਿਰੋਧੀ ਮੁਲਕ ਨੂੰ ਫੌਜੀ ਤੌਰ 'ਤੇ ਨਿਯਮ-ਪਾਲ ਕੀਤਾ ਜਾਵੇਗਾ।

ਦਿਲਚਸਪ ਸਮਘਟਿਣਾ (coincidence) ਹੈ ਕਿ 1877 ਮਹਾਨ ਰੇਲਵੇ ਹੜਤਾਲ ਦਬਾਉਣ ਦੀ ਜ਼ਿੰਮੇਵਾਰੀ ਸੂਕਸ (Sioux)) ਨਾਲ ਲੜਦੇ ਜਰਨੈਲ ਨੂੰ ਦਿੱਤੀ ਗਈ।

ਸਨ 1991 ਵਿਚ ਇਰਾਕ 'ਤੇ ਹਮਲੇ ਬਾਰੇ ਰਿਆਧ (Riyadh) ਵਿਚ ਅਮਰੀਕੀ ਜਨਰਲ ਨੇ ਇਹਨੂੰ 'ਅਮਰਿੰਦੀ ਦੇਸ਼' ਕਿਹਾ। ਇਹ (term) ਪ੍ਰਸ਼ਬਦ ਵੀਅਤਨਾਮੀ ਜੰਗ ਵਿਚ ਸ਼ੁਰੂ ਹੋਈ ਸੀ।



ਦੂਜੀ ਵਿਸ਼ਵ ਲੜਾਈ ਮਗਰੋਂ ਅਮਰੀਕਾ ਦੀਆਂ ਪੰਜ ਵੱਡੀਆਂ ਜੰਗਾਂ - ਕੋਰੀਆ, ਵੀਅਤਨਾਮ, ਇਰਾਕ, ਅਫਗਾਨਿਸਤਾਨ, ਇਰਾਕ- ਵਿਚ ਉਹੀ ਹਰਬੇ ਅਪਣਾਏ ਗਏ ਜਿਹਨਾਂ ਦੀ ਕਾਢ 17ਵੀਂ ਵਿਚ ਮੂਲਵਾਸੀ ਜਨਘਾਤ ਨਾਲ ਸ਼ੁਰੂ ਹੋਈ ਸੀ।

ਏਸ ਕਿਤਾਬ ਦਾ ਗੁਣ ਹੈ ਜੋ ਇਹਨੂੰ ਪੜ੍ਹਨ ਮਗਰੋਂ ਅਸੀਂ ਆਪਣੇ ਦੇਸ਼ ਦੇ ਇਤਿਹਾਸ ਬਾਰੇ ਕੁਝ ਗੱਲਾਂ ਦੀ ਪੁਨਰ-ਸੋਚ ਬਣਾ ਸਕਦੇ ਹਾਂ। ਪੰਜਾਬ ਵਿਚ ਬਾਰਾਂ ਵਸਾਈਆਂ ਗਈਆਂ, ਸਥਾਨਕ ਜਾਂਗਲੀਆਂ ਦੇ ਜੀਵਨ 'ਤੇ ਕੀ ਅਸਰ ਪਿਆ? ਇਹਦੇ ਬਾਰੇ ਪਤਾ ਤਾਂ ਕੀ ਹੋਣਾ ਸੀ, ਕਿਸੇ ਨੇ ਗੱਲ ਵੀ ਗੌਲੀ ਨਹੀਂ। ਦੂਸਰੇ ਚਾਹ ਰਾਜਾਂ tea estates ਦੇ ਕ੍ਰਿਸ਼ਕ ਪ੍ਰਬੰਧ ਕਿਸ ਤਰ੍ਹਾਂ ਵਿਲੱਖਣ ਸੀ? ਸਭ ਤੋਂ ਮਹੱਤਵਪੂਰਨ ਪਰ ਅ-ਬੋਧ ਗੱਲ ਬਸਤੀਵਾਦ ਦੀ ਸੰਸਥਾਈ ਹਿੰਸਾ ਦੀ ਹੈ ਜੋ ਅਜਨਾਲੇ ਦੇ ਖੂਹ, ਮਲੇਰਕੋਟਲਾ ਦੀਆਂ ਤੋਪਾਂ ਅਤੇ ਜੱਲਿਆਂਵਾਲੇ ਦੀ ਪਦਾਰਥਕ ਸਾਂਝ ਹੈ ਜਿਸ ਨੂੰ ਵਿਅਕਤੀ-ਮੂਲ ਗੈਰ ਜ਼ਿੰਮੇਵਾਰੀ ਸਮਝਣਾ ਸਿਆਸੀ ਅਣਗਹਿਲੀ ਹੈ। ਇੱਥੇ 18ਵੀਂ ਸਦੀ ਵਿਚ ਸੈਲਾਨੀਆਂ ਦੇ ਵੇਰਵੇ ਨਿੱਜੀ ਪ੍ਰਤੱਖਣ ਦੀ ਥਾਉਂ ਫੌਜੀ ਰੈਕੀ reconnaissance (ਫੌਜੀ ਜਾਸੂਸੀ) ਸੀ।

ਅਮਰਿੰਦੀ ਜੀਵਨ ਪਰਬਾਂ ਅਤੇ ਕੇਲ ਕ੍ਰੀੜਾ ਦਾ ਸੀ ਜੋ ਲੋਕ ਅਤੇ ਪ੍ਰਲੋਕ ਦੀ ਸੰਧੀ 'ਤੇ ਵਸਦਾ ਸੀ। ਧੂਣੀ ਦਾ ਪ੍ਰਤੀਕ ਦੋਵਾਂ ਨੂੰ ਜੋੜਦਾ ਸੀ। ਬਕਰ-ਤੁਲਨਾ (contrast) ਅਨੁਸਾਰ ਲੌਕਿਕਤਾ ਵਿਚ ਕੁਝ ਥੋੜ ਲਗਦੀ ਹੈ। ਮਹੱਤਵਪੂਰਨ ਗੱਲ ਹੈ ਕਿ ਇਕ ਦੋ ਕਮਿਊਨਿਸਟ ਪਾਰਟੀਆਂ ਨੇ ਜੀਵਨ-ਯੋਗ ਮਜ਼ਦੂਰੀ ਨਾਲ ਯੋਗ ਜੀਵਨ ਨੂੰ ਵੀ ਆਪਣੇ ਪਰੋਗਰਾਮਾਂ 'ਚ ਸ਼ਾਮਲ ਕੀਤਾ ਹੈ।

ਅਮਰਿੰਦੀ ਆਪਣੀ ਮੁਕਤੀ ਦੀ ਭਾਲ ਕਰਨ ਲੱਗੇ ਹੋਏ ਹਨ ਜੋ ਇਸ ਵੇਲੇ ਤਾਂ ਅਸੰਭਵ ਲਗਦੀ ਹੈ ਕਿਉਂ ਜੋ ਉਹਨਾਂ ਉੱਤੇ ਦੁਨੀਆਂ ਦਾ ਉਤਮੋ-ਉਤਮ ਐਂਗਲੋ-ਸੈਕਸਨ ਵਰਗ ਹਾਵੀ ਹੈ। ਉਹ ਸਮਝਦੇ ਹਨ ਕਿ ਉਨ੍ਹਾਂ ਦਾ ਅਧਿ-ਜੀਵਨ (survival) ਸੰਘਰਸ਼ ਦਾ ਪਰਿਣਾਮ ਹੈ। ਜੋ ਮੁਕਤੀ ਦੇ ਹੋਰ ਹੋਰ ਨੇੜੇ ਹੋਣ ਲਈ ਆਧੁਨਿਕ ਸੰਘਰਸ਼ ਨੂੰ (survivance) ਅਧਿ-ਜੀਵਨਤਾ ਕਿਹਾ ਹੈ। 'ਅਧਿ-ਜੀਵਨਤਾ' ਦਾ ਵਿਕਲਪ ਦੁਨੀਆ ਦੇ ਸਾਰੇ ਅਲਪਾਂ ਲਈ ਪ੍ਰੇਰਨਾ ਹੈ। ਰੋਜ਼ ਰੋਜ਼ 'ਪੰਜਾਬੀ ਮਰ ਰਹੀ ਹੈ' ਦੀ ਥਾਉਂ ਕਿਸੇ ਅਧਿ-ਜੀਵਨਤਾ ਰੂਪੀ ਉੱਦਮ ਦੀ ਲੋੜ ਹੈ। ਦਿਲਚਸਪ ਗੱਲ ਹੈ ਕਿ ਮੂਲਵਾਸੀ ਆਪਣੀ ਭਾਸ਼ਾ ਦਾ ਵਿਕਾਸ ਲੋੜਦੇ ਹਨ।

ਲੇਖਕਾ ਅਨੁਸਾਰ ਭੂਤਕਾਲ 'ਤੇ ਸਾਡਾ ਕੋਈ ਵੱਸ ਨਹੀਂ ਚਲਦਾ; ਅਸੀਂ ਸਮਕਾਲ ਦੀ ਜ਼ਿੰਮੇਵਾਰੀ ਹੀ ਨਿਭਾ ਸਕਦੇ ਹਾਂ। ਜਿਸ ਤਰ੍ਹਾਂ ਦੇ, ਜਿਸ ਕਿਸਮ ਦੇ ਤੁਸੀਂ ਮੂਲਵਾਸੀ ਹੋ, ਉਹੋ ਜੇਹੀ ਤੁਸੀਂ ਜ਼ਿੰਮੇਵਾਰੀ ਨਿਭਾਓਗੇ। ਤੁਸੀਂ ਕਿਸ ਕਿਸਮ ਦੇ ਭਾਰਤੀ ਹੋ, ਜਾਂ ਸਿੱਖ ਹੋ, ਉਹੋ ਜਿਹਾ ਤੁਹਾਡਾ ਰੋਲ (role) ਹੋਣਾ ਹੈ। ਮੰਗ-ਖਾਣੀ ਜਾਤ ਨੇ ਸਿਆਸਤ ਦਾ, ਸਾਹਿਤ ਦਾ, ਇਤਿਹਾਸ ਦਾ ਕੀ ਸੰਵਾਰ ਦੇਣਾ ਹੈ? ਤੁਲਸੀ ਹੋਛੇ ਨਰਨ ਸੇ... ਪਰ ਆਸ ਬਾਕੀ ਹੈ। 000

**An Indigenous People's History of the United States,**
**Roxanna Dunbar Ortiz, Beacon Press, Boston, 2014, R 1426/-**

**(144, ਸੈਕਟਰ 65, ਫੇਜ਼ 11, ਐੱਸ ਏ ਐੱਸ ਨਗਰ - ਮੁਹਾਲੀ 160 062)**

# ਨਵੀਨ ਸਾਹਿਤ : ਸਆਦਤ ਹਸਨ ਮੰਟੋ

ਮੇਰੇ ਮਜ਼ਮੂਨ ਦਾ ਸਿਰਲੇਖ 'ਅਦਬ-ਏ-ਜਦੀਦ' ਹੈ। ਲੁਤਫ ਦੀ ਗੱਲ ਹੈ ਕਿ ਮੈਂ ਇਸਦਾ ਮਤਲਬ ਹੀ ਨਹੀਂ ਸਮਝਦਾ। ਪਰ ਇਹ ਜ਼ਮਾਨਾ ਹੀ ਕੁਝ ਅਜਿਹਾ ਹੈ ਕਿ ਲੋਕ ਉਹਨਾਂ ਚੀਜ਼ਾਂ ਬਾਰੇ ਗੱਲਾਂ ਕਰਦੇ ਹਨ ਜਿਨ੍ਹਾਂ ਦਾ ਮਤਲਬ ਉਹਨਾਂ ਦੀ ਸਮਝ ਵਿਚ ਨਹੀਂ ਆਉਂਦਾ।... ਪਿਛਲੇ ਦਿਨੀਂ ਗਾਂਧੀ ਜੀ ਨੇ ਆਗ਼ਾ ਖ਼ਾਂ ਦੇ ਮਹੱਲ ਵਿਚ ਮਰਨ ਵਰਤ ਰੱਖਿਆ। ਜਦ ਲੋਕਾਂ ਦੀ ਸਮਝ ਵਿਚ ਨਾ ਆਇਆ ਕਿ ਉਹ ਕਿਵੇਂ ਜਿਉਂਦੇ ਰਹਿ ਸਕਦੇ ਹਨ ਤਾਂ ਇਕ ਨਾਰੰਗੀ ਪੈਦਾ ਕਰ ਦਿੱਤੀ ਗਈ। ਇਹ ਨਾਰੰਗੀ ਵੀ ਕੁਝ ਦਿਨਾਂ ਬਾਅਦ ਸਮਝ ਤੋਂ ਬਾਹਰੀ ਹੋ ਗਈ। ਕਈ ਜਣਿਆਂ ਨੇ ਕਿਹਾ ਕਿ ਇਹ ਨਾਰੰਗੀ ਨਹੀਂ ਮੌਸੰਮੀ ਸੀ। ਕਈਆਂ ਨੇ ਕਿਹਾ, ਨਹੀਂ ਮੌਸੰਮੀ ਜਾਂ ਨਾਰੰਗੀ ਉੱਕਾ ਨਹੀਂ, ਮਾਲਟਾ ਸੀ... । ਗੱਲ ਵਧਦੀ ਗਈ। ਇਉਂ ਇਸ ਫਲ ਦੀਆਂ ਸਾਰੀਆਂ ਜ਼ਾਤਾਂ ਗਿਣਵਾ ਦਿੱਤੀਆਂ ਗਈਆਂ... ਨਾਰੰਗੀ, ਸੰਗਤਰਾ, ਮੌਸੰਮੀ, ਮਾਲਟਾ, ਚਕੋਤਰਾ, ਸਵੀਟ ਲਾਈਮ, ਖੱਟਾ ਨਿੰਬੂ, ਮਿੱਠਾ ਨਿੰਬੂ ਵਗੈਰਾ ਵਗੈਰਾ...। ਫੇਰ ਡਾਕਟਰਾਂ ਨੇ ਉਹਨਾਂ ਵਿਚੋਂ ਹਰ ਇਕ ਦੀਆਂ ਵਿਟਾਮਿਨਜ਼ ਗਿਣਵਾਈਆਂ, ਗ਼ਜ਼ਾਈਅਤ ਨੂੰ ਕੈਲਰੀਆਂ ਵਿਚ ਵੰਡਿਆ ਗਿਆ... ਇਕ ਵਰ੍ਹੇ ਵਿਚ 75 ਵਰ੍ਹਿਆਂ ਦੇ ਬੁੱਢੇ ਨੂੰ ਕਿੰਨੀਆਂ ਕੈਲਰੀਆਂ ਦੀ ਲੋੜ ਹੁੰਦੀ ਹੈ, ਇਸ ਉੱਤੇ ਬਹਿਸ ਕੀਤੀ ਗਈ। ਅਤੇ ਸਾਹਿਬ ਗਾਂਧੀ ਜੀ ਦੀ ਇਹ ਨਾਰੰਗੀ ਜਾਂ ਮੌਸੰਮੀ ਜੋ ਕੁਝ ਵੀ ਸੀ, ਉਹ ਸਆਦਤ ਹਸਨ ਮੰਟੋ ਬਣ ਗਈ।... ਇਹ ਮੇਰਾ ਨਾਉਂ ਹੈ। ਲੇਕਿਨ ਕਈ ਲੋਕ ਅਦਬ-ਏ-ਜਦੀਦ ਭਾਵ ਨਵੀਨ ਸਾਹਿਤ ਯਾਨੀ ਤਰੱਕੀ ਪਸੰਦ ਸਾਹਿਤ ਨੂੰ ਸਆਦਤ ਹਸਨ ਮੰਟੋ ਵੀ ਆਖਦੇ ਹਨ। ਅਤੇ ਜਿਨ੍ਹਾਂ ਨੂੰ ਸਿਨਫ-ਏ-ਕੁਰਖਤ ਪਸੰਦ ਨਹੀਂ, ਉਹ ਇਸਨੂੰ ਇਸਮਤ ਚੁਗਤਾਈ ਵੀ ਕਹਿ ਲੈਂਦੇ ਹਨ।

ਜਿਸ ਤਰ੍ਹਾਂ ਮੈਂ ਯਾਨੀ ਸਆਦਤ ਹਸਨ ਮੰਟੋ ਆਪਣੇ ਆਪ ਨੂੰ ਨਹੀਂ ਸਮਝਦਾ, ਉਸੇ ਤਰ੍ਹਾਂ ਅਦਬ-ਏ-ਜਦੀਦ ਭਾਵ ਨਵੀਨ ਸਾਹਿਤ ਯਾਨੀ ਤਰੱਕੀਪਸੰਦ ਲਿਟਰੇਚਰ ਵੀ ਮੇਰੀ ਸਮਝ ਤੋਂ ਉਪਰ ਹੈ। ਅਤੇ ਜਿਵੇਂ ਕਿ ਮੈਂ ਅਰਜ਼ ਕਰ ਚੁੱਕਾ ਹਾਂ, ਉਹਨਾਂ ਲੋਕਾਂ ਦੀ ਸਮਝ ਤੋਂ ਵੀ ਉੱਚਾ ਹੈ ਜੋ ਇਸਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਮਿਸਾਲ ਦੇ ਤੌਰ 'ਤੇ ਕੁਝ ਮਜ਼ਮੂਨਾਂ ਵਿਚ ਇਸ ਸਾਹਿਤ ਨੂੰ, ਜਿਸ ਦੇ ਕਈ ਨਾਉਂ ਹਨ, ਹੋਰ ਜ਼ਿਆਦਾ ਨਾਉਂ ਦੇਣ ਲਈ ਅਸ਼ਲੀਲਤਾ ਅਤੇ ਮਜ਼ਦੂਰ ਪ੍ਰਸਤੀ ਨਾਲ ਜੋੜ ਦਿੱਤਾ ਜਾਂਦਾ ਹੈ।

ਮੈਂ ਚੀਜ਼ਾਂ ਦੇ ਨਾਉਂ ਰੱਖਣ ਨੂੰ ਬੁਰਾ ਨਹੀਂ ਸਮਝਦਾ। ਮੇਰਾ ਆਪਣਾ ਨਾਉਂ ਜੇ ਨਾ ਹੁੰਦਾ ਤਾਂ ਉਹ ਗਾਲ੍ਹਾਂ ਕਿਸ ਨੂੰ ਦਿੱਤੀਆਂ ਜਾਂਦੀਆਂ ਜੋ ਹੁਣ ਤਕ ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿਚ ਮੈਂ ਆਪਣੇ ਆਲੋਚਕਾਂ ਤੋਂ ਵਸੂਲ ਕਰ ਚੁੱਕਿਆ ਹਾਂ। ਨਾਉਂ ਹੋਵੇ ਤਾਂ ਗਾਲ੍ਹਾਂ ਤੇ ਸ਼ਾਬਾਸ਼ੀਆਂ ਦੇਣ ਲੈਣ ਵਿਚ ਬਹੁਤ ਸਹੂਲਤ ਹੋ ਜਾਂਦੀ ਹੈ। ਪਰ ਜੇ ਇਕ ਹੀ ਚੀਜ਼ ਦੇ ਬਹੁਤ ਸਾਰੇ ਨਾਉਂ ਹੋਣ ਤਾਂ ਉਲਝਾਉ ਪੈਦਾ ਹੋਣਾ ਲਾਜ਼ਮੀ ਹੈ।

ਸਭ ਤੋਂ ਵੱਡਾ ਉਲਝਾਉ ਇਸ ਤਰੱਕੀਪਸੰਦ ਸਾਹਿਤ ਬਾਰੇ ਪੈਦਾ ਹੋਇਆ ਹੈ, ਹਾਲਾਂਕਿ ਪੈਦਾ ਹੋਣਾ ਨਹੀਂ ਸੀ ਚਾਹੀਦਾ। ਸਾਹਿਤ ਤਾਂ ਸਾਹਿਤ ਹੈ, ਜਾਂ ਫੇਰ ਸਾਹਿਤ ਨਹੀਂ ਹੈ। ਆਦਮੀ ਤਾਂ ਆਦਮੀ ਹੈ, ਜਾਂ ਫੇਰ ਆਦਮੀ ਨਹੀਂ ਹੈ, ਗਧਾ ਹੈ, ਮਕਾਨ ਹੈ, ਮੇਜ਼ ਹੈ ਜਾਂ ਕੋਈ ਹੋਰ ਚੀਜ਼ ਹੈ...। ਆਖਿਆ ਜਾਂਦਾ ਹੈ ਸਆਦਤ ਹਸਨ ਮੰਟੋ ਤਰੱਕੀਪਸੰਦ ਮਨੁੱਖ ਹੈ... ਇਹ ਕੀ ਬੇਹੂਦਗੀ ਹੈ। ਸਆਦਤ ਹਸਨ ਮੰਟੋ ਮਨੁੱਖ ਹੈ ਅਤੇ ਹਰ ਮਨੁੱਖ ਨੂੰ ਤਰੱਕੀਪਸੰਦ ਹੋਣਾ ਚਾਹੀਦਾ ਹੈ। ਤਰੱਕੀਪਸੰਦ ਕਹਿ ਕੇ ਲੋਕ ਮੇਰੀ ਸਿਫਤ ਬਿਆਨ ਨਹੀਂ ਕਰਦੇ, ਬਲਕਿ ਆਪਣੀ ਬੁਰਾਈ ਦਾ ਸਬੂਤ ਦਿੰਦੇ ਹਨ। ਜਿਸਦਾ ਮਤਲਬ ਇਹ ਹੈ ਕਿ ਉਹ ਖ਼ੁਦ ਤਰੱਕੀਪਸੰਦ ਨਹੀਂ ਹਨ, ਅਥਵਾ ਉਹ ਖ਼ੁਦ ਤਰੱਕੀ ਨਹੀਂ ਚਾਹੁੰਦੇ। ਮੈਂ ਜ਼ਿੰਦਗੀ ਦੇ ਹਰ ਖੇਤਰ ਵਿਚ ਤਰੱਕੀ ਦਾ ਚਾਹਵਾਨ ਹਾਂ। ਮੈਂ ਚਾਹੁੰਦਾ ਹਾਂ ਕਿ



ਤੁਸੀਂ ਸਾਰੇ ਤਰੱਕੀ ਕਰੋ... ਅੱਜ ਤੁਸੀਂ ਵਿਦਿਆਰਥੀ ਹੋ... ਤਰੱਕੀ ਕਰਦੇ ਕਰਦੇ ਤੁਸੀਂ ਵੀ ਆਪਣੇ ਆਈਡੀਅਲ ਤਕ ਪਹੁੰਚ ਜਾਵੋ।

ਹਰ ਆਦਮੀ ਤਰੱਕੀਪਸੰਦ ਹੈ। ਉਹ ਲੋਕ ਜਿਨ੍ਹਾਂ ਨੂੰ ਪਛਾਖੜੀ ਕਿਹਾ ਜਾਂਦਾ ਹੈ, ਆਪਣੇ ਆਪਨੂੰ ਤਰੱਕੀਪਸੰਦ ਸਮਝਦੇ ਹਨ। ... ਅਤੇ ਫਿਰ ਹਰੇਕ ਜ਼ਮਾਨੇ ਵਿਚ ਲਗਪਗ ਹਰ ਆਦਮੀ ਪਿਛਲੀ ਨਸਲ ਦੇ ਮੁਕਾਬਲੇ ਵਿਚ ਆਪਣੇ ਆਪ ਨੂੰ ਵਧੇਰੇ ਤੀਖਣ ਬੁੱਧ ਤੇ ਪ੍ਰਗਤੀਸ਼ੀਲ ਮਨੁੱਖ ਹੀ ਸਮਝਦਾ ਹੈ। ਇਹੀ ਹਾਲ ਸਾਹਿਤ ਦਾ ਹੈ। ਸ਼ਰਰ ਦੇ ਨਾਵਲ ਅਤੇ ਰਾਸ਼ਦ ਅਲਖੀਰੀ ਦੇ ਕਿੱਸੇ ਅੱਜ ਕੱਲ ਦੇ ਵਧੇਰੇ ਲੇਖਕਾਂ ਨੂੰ ਬਿਲਕੁਲ ਬੇਜਾਨ ਜਾਪਦੇ ਹਨ। ਪੜ੍ਹਨ ਵਾਲਿਆਂ ਦੀ ਵੀ ਇਹੀ ਕੈਫੀਅਤ ਹੈ। ਮਾਰਕੀਟ ਵਿਚ ਚਲੇ ਜਾਉ... ਅੱਜ ਤੋਂ ਦਸ ਵੀਹ ਵਰ੍ਹੇ ਪਹਿਲਾਂ ਲਿਖਣ ਵਾਲਿਆਂ ਦੀਆਂ ਕਿਤਾਬਾਂ ਸਟਾਲਾਂ 'ਤੇ ਬਹੁਤ ਘੱਟ ਦਿਖਾਈ ਦਿੰਦੀਆਂ ਹਨ। ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਇਸਮਤ ਚੁਗ਼ਤਾਈ, ਸਆਦਤ ਹਸਨ ਮੰਟੋ ਦੀਆਂ ਕਿਤਾਬਾਂ ਐਮ ਅਸਲਮ, ਤੀਰਥ ਰਾਮ ਫਿਰੋਜ਼ਪੁਰੀ, ਸਈਯਦ ਇਮਤਿਆਜ਼ ਅਲੀ ਤਾਜ ਅਤੇ ਆਬਦ ਅਲੀ ਆਬਦ ਦੇ ਟਾਕਰੇ ਵਿਚ ਵਧੇਰੇ ਪੜ੍ਹੀਆਂ ਜਾਂਦੀਆਂ ਹਨ। ਇਸ ਲਈ ਕਿ ਕ੍ਰਿਸ਼ਨ ਚੰਦਰ ਤੇ ਉਸਦੇ ਹਮਉਮਰ ਨੌਜਵਾਨਾਂ ਨੇ ਜ਼ਿੰਦਗੀ ਦੇ ਨਵੇਂ ਤਜਰਬੇ ਬਿਆਨ ਕੀਤੇ ਹਨ।

ਅੱਜ ਤੋਂ ਵੀਹ ਪੰਝੀ ਵਰ੍ਹੇ ਪਹਿਲਾਂ ਮੁਲਕ ਦੀ ਸਿਆਸੀ ਤੇ ਸਮਾਜੀ ਹਾਲਤ ਬਹੁਤ ਵੱਖਰੀ ਸੀ। ਏਸੇ ਤਰ੍ਹਾਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਪੰਜਾਹ ਸੱਠ ਵਰ੍ਹੇ ਪਹਿਲਾਂ ਹਾਲਤ ਕੀ ਹੋਵੇਗੀ। ਜੇ ਮੁਗ਼ਲਈ ਹਕੂਮਤ ਦਾ ਦੌਰ ਦੌਰਾ ਹੁੰਦਾ ਤਾਂ ਬਹੁਤ ਸੰਭਵ ਹੈ ਮੇਰੇ ਘਰ ਇਕ ਹਰਮ ਸਰਾਏ ਜੇ ਨਾ ਵੀ ਹੁੰਦੀ ਘੱਟੋ ਘੱਟ ਇਕ ਬੀਵੀ ਘਰ ਵਿਚ ਹੁੰਦੀ ਅਤੇ ਦੋ ਤਿੰਨ ਔਰਤਾਂ ਮੇਰੀ ਸੇਵਾ ਵਿਚ ਹੁੰਦੀਆਂ। ਮੈਨੂੰ ਬਟੇਰੇ ਲੜਾਉਣ ਦਾ ਸ਼ੌਕ ਹੁੰਦਾ। ਇਹ ਮਜ਼ਮੂਨ ਪੜ੍ਹਨ ਦੀ ਬਜਾਏ ਪ੍ਰਿੰਸੀਪਲ ਸਾਹਿਬ ਦੀ ਸ਼ਾਨ ਵਿਚ ਇਕ ਕਸੀਦਾ ਸੁਣਾਉਂਦਾ, ਜੋ ਖ਼ੁਸ਼ ਹੋ ਕੇ ਮੇਰਾ ਮੂੰਹ ਮੋਤੀਆਂ ਨਾਲ ਭਰ ਦਿੰਦੇ ਜਾਂ ਜੋਗੇਸ਼ਵਰੀ ਕਾਲਿਜ ਮੈਨੂੰ ਬਖ਼ਸ਼ ਦਿੰਦੇ, ਤਾਂ ਜੁ ਮੈਂ ਓਥੇ ਤਬੇਲਾ ਬਣਾ ਸਕਾਂ। ਪਰ ਜਿਵੇਂ ਕਿ ਤੁਸੀਂ ਜਾਣਦੇ ਹੋ ਹਾਲਾਤ ਬਹੁਤ ਵੱਖਰੇ ਹਨ। ਮੈਨੂੰ ਏਥੋਂ ਪੈਦਲ ਸਟੇਸ਼ਨ ਜਾਣਾ ਪਏਗਾ ਅਤੇ ਫਿਲਮਸਤਾਨ ਵਿਚ ਆਪਣੇ ਮਾਲਕਾਂ ਨੂੰ ਜਵਾਬ ਦੇਣਾ ਪਏਗਾ ਕਿ ਮੈਂ ਏਨੀ ਦੇਰ ਡਾਕਟਰ ਕੋਲ ਕੀ ਕਰਦਾ ਰਿਹਾ... ਮੈਂ ਉਹਨਾਂ ਨੂੰ ਝੂਠ ਬੋਲਕੇ ਆਇਆ ਹਾਂ ਕਿ ਡਾਕਟਰ ਤੋਂ ਟੀਕਾ ਲੁਆਉਣ ਜਾ ਰਿਹਾ ਹਾਂ।

ਹਾਂ ! ਤਾਂ ਅਰਜ਼ ਕਰ ਰਿਹਾ ਸੀ ਹਾਲਾਤ ਬਹੁਤ ਵੱਖਰੇ ਹਨ ਅਤੇ ਹਾਲਾਤ ਦੀ ਇਹ ਭਿੰਨਤਾ ਹੀ ਸਾਹਿਤ ਦੇ ਵਿਭਿੰਨ ਰੰਗ ਪੈਦਾ ਕਰਦੀ ਹੈ। ਪਹਿਲਾਂ ਬੇਫਿਕਰੀ ਸੀ। ਲੋਕ ਆਰਾਮ ਪਸੰਦ ਤੇ ਐਸ਼ ਪ੍ਰਸਤ ਸਨ। ਉਸ ਜ਼ਮਾਨੇ ਦੇ ਸਾਹਿਤ ਵਿਚ ਤੁਹਾਨੂੰ ਬਹੁਤ ਸਾਰੀਆਂ ਦਿਮਾਗ਼ੀ ਇਆਸ਼ੀਆਂ ਨਜ਼ਰ ਆ ਸਕਦੀਆਂ ਹਨ। ਉਹ ਆਲਸ ਜਿਹੀ ਵੀ ਤੁਸੀਂ ਮਹਿਸੂਸ ਕਰ ਸਕਦੇ ਹੋ ਜੋ ਉਸ ਜ਼ਮਾਨੇ ਦੇ ਅਦੀਬਾਂ ਉੱਤੇ ਤਾਰੀ ਹੁੰਦੀ ਸੀ। ਉਸ ਜ਼ਮਾਨੇ ਦਾ ਸ਼ਾਇਰ ਆਪਣੇ ਮੁਰਗ਼ੇ ਦੀ ਜਵਾਨੀ ਵਿਚ ਮੌਤ ਦੇ ਜ਼ਿਕਰ ਕਰਕੇ ਜ਼ੋਰਦਾਰ ਤੇ ਵੱਡਾ ਸ਼ਾਇਰ ਮੰਨਿਆ ਜਾਂਦਾ ਸੀ। ਅੱਜ ਦਾ ਸ਼ਾਇਰ ਆਪਣੀ ਜਵਾਨੀ ਦੀ ਮੌਤ ਦੀਆਂ ਅਲਾਹੁਣੀਆਂ ਲ਼ਿਖਦਾ ਹੈ। ਉਸ ਸਮੇਂ ਦਾ ਕਿੱਸਾਕਾਰ ਜਿੰਨਾਂ ਤੇ ਪਰੀਆਂ ਦੀਆਂ ਦਾਸਤਾਨਾਂ ਲਿਖਕੇ ਆਪਣਾ ਨਾਉਂ ਚਮਕਾਉਂਦਾ ਸੀ। ਅੱਜ ਦਾ ਕਹਾਣੀਕਾਰ ਉਹਨਾਂ ਮਰਦਾਂ ਤੇ ਔਰਤਾਂ ਦੀਆਂ ਕਹਾਣੀਆਂ ਲਿਖਦਾ ਹੈ ਜੋ ਜਿੰਨਾਂ ਤੇ ਪਰੀਆਂ ਦੀਆਂ ਕਹਾਣੀਆਂ ਨਾਲੋਂ ਕਿਤੇ ਵੱਧ ਦਿਲਚਸਪ ਹਨ। ਉਸ ਦੌਰ ਦਾ ਅਦੀਬ ਸੰਤੁਸ਼ਟ ਇਨਸਾਨ ਸੀ। ਅੱਜ ਦਾ ਸਾਹਿਤਕਾਰ ਇਕ ਅਸੰਤੁਸ਼ਟ ਮਨੁੱਖ ਹੈ। ਅਪਣੇ ਮਾਹੌਲ, ਆਪਣੇ ਨਿਜ਼ਾਮ, ਆਪਣੇ ਸਮਾਜ, ਆਪਣੇ ਅਦਬ ਤੇ ਏਥੋਂ ਤਕ ਕਿ ਆਪਣੇ ਆਪ ਨਾਲੋਂ ਅਸੰਤੁਸ਼ਟ ਹੈ। ਉਸ ਦੀ ਇਸ ਅਸੰਤੁਸ਼ਟਤਾ ਨੂੰ ਲੋਕਾਂ ਨੇ ਗ਼ਲਤ ਨਾਉਂ ਦੇ ਰੱਖੇ ਹਨ। ਕੋਈ ਇਸਨੂੰ ਤਰੱਕੀਪਸੰਦ ਕਹਿੰਦਾ ਹੈ, ਕੋਈ ਅਸ਼ਲੀਲਤਾ

ਅਤੇ ਕੋਈ ਮਜ਼ਦੂਰ ਪ੍ਰਸਤੀ। ਇਹ ਵੀ ਕਿਹਾ ਜਾਂਦਾ ਹੈ ਕਿ ਇਹਨਾਂ ਲੇਖਕਾਂ ਦੀਆਂ ਨਸਾਂ ਉੱਤੇ ਔਰਤ ਸਵਾਰ ਹੈ। ਸੱਚ ਤਾਂ ਇਹ ਹੈ ਕਿ ਬਾਬਾ ਆਦਮ ਦੇ ਵੇਲੇ ਤੋਂ ਮਰਦ ਦੀਆਂ ਨਸਾਂ ਉੱਤੇ ਔਰਤ ਸਵਾਰ ਰਹੀ ਹੈ ਅਤੇ ਕਿਉਂ ਨਾ ਰਹੇ! ਮਰਦ ਦੀਆਂ ਨਸਾਂ ਉੱਤੇ ਕੀ ਹਾਥੀ ਘੋੜਿਆਂ ਨੂੰ ਸਵਾਰ ਹੋਣਾ ਚਾਹੀਦਾ ਹੈ? ਜਦ ਕਬੂਤਰ ਕਬੂਤਰੀਆਂ ਨੂੰ ਦੇਖ ਕੇ ਗੁਟਕਦੇ ਹਨ ਤਾਂ ਮਰਦ ਔਰਤਾਂ ਨੂੰ ਦੇਖ ਕੇ ਇਕ ਗ਼ਜ਼ਲ ਜਾਂ ਅਫਸਾਨਾ ਕਿਉਂ ਨਾ ਲਿਖਣ? ਔਰਤਾਂ ਕਬੂਤਰੀਆਂ ਤੋਂ ਕਿਤੇ ਵਧੇਰੇ ਦਿਲਚਸਪ, ਖ਼ੂਬਸੂਰਤ ਤੇ ਚਿੰਤਨਸ਼ੀਲ ਹਨ! ਕੀ ਮੈਂ ਝੂਠ ਕਹਿੰਦਾ ਹਾਂ?

ਅੱਜ ਤੋਂ ਕੁਝ ਸਮਾਂ ਪਹਿਲਾਂ ਸ਼ਾਇਰੀ ਵਿਚ ਔਰਤ ਨੂੰ ਇਕ ਖੂਬਸੂਰਤ ਲੜਕਾ ਬਣਾ ਦਿੱਤਾ ਗਿਆ ਸੀ। ਸਪਸ਼ਟ ਹੈ ਕਿ ਉਸ ਜ਼ਮਾਨੇ ਦੇ ਸ਼ਾਇਰਾਂ ਨੇ ਇਸ ਵਿਚ ਕੋਈ ਖੂਬੀ ਦੇਖੀ ਹੋਵੇਗੀ। ਪਰ ਅੱਜ ਦੇ ਸ਼ਾਇਰ ਇਸ ਦੇ ਖਿਲਾਫ ਹਨ। ਉਹ ਔਰਤ ਦੇ ਚਿਹਰੇ ਉੱਤੇ ਲੂੰਈਂ ਨੂੰ ਬਹੁਤ ਹੀ ਘਿਰਣਤ ਅਤੇ ਗ਼ੈਰ ਕੁਦਰਤੀ ਸਮਝਦੇ ਹੋਏ ਚਾਹੁੰਦੇ ਹਨ ਕਿ ਬਾਕੀ ਸਭ ਵੀ ਉਸਨੂੰ ਉਸਦੇ ਅਸਲੀ ਰੂਪ ਵਿਚ ਹੀ ਦੇਖਣ। ਖੁਦਾ ਲਗਦੀ ਕਹੀਏ ਕੀ ਤੁਸੀਂ ਆਪਣੀ ਪ੍ਰੇਮਿਕਾ ਦੇ ਮੂੰਹ ਉੱਤੇ ਦਾਹੜੀ ਪਸੰਦ ਕਰੋਗੇ?

ਮੈਂ ਅਰਜ਼ ਕਰ ਰਿਹਾ ਹਾਂ ਕਿ ਜ਼ਮਾਨੇ ਦੀਆਂ ਕਰਵਟਾਂ ਦੇ ਨਾਲ ਸਾਹਿਤ ਵੀ ਕਰਵਟਾਂ ਬਦਲਦਾ ਰਹਿੰਦਾ ਹੈ। ਅੱਜ ਇਸ ਨੇ ਜੋ ਕਰਵਟ ਬਦਲੀ ਹੈ ਉਸ ਵਿਰੁੱਧ ਅਖਬਾਰਾਂ ਵਿਚ ਲੇਖ ਲਿਖਣਾ ਜਾਂ ਜਲਸਿਆਂ ਵਿਚ ਜ਼ਹਿਰ ਉਗਲਣਾ ਬੇਕਾਰ ਹੈ। ਉਹ ਲੋਕ ਜੋ ਨਵੀਨ ਸਾਹਿਤ ਦਾ, ਪ੍ਰਗਤੀਸ਼ੀਲ ਸਾਹਿਤ ਦਾ, ਅਸ਼ਲੀਲ ਸਾਹਿਤ ਦਾ, ਜੋ ਕੁਝ ਵੀ ਇਹ ਹੈ, ਖਾਤਮਾ ਕਰਨਾ ਚਾਹੁੰਦੇ ਹਨ ਤਾਂ ਸਹੀ ਰਾਹ ਇਹ ਹੈ ਕਿ ਉਹਨਾਂ ਹਾਲਤਾਂ ਦਾ ਖਾਤਮਾ ਕੀਤਾ ਜਾਵੇ ਜੋ ਸਾਹਿਤ ਲਈ ਹਾਨੀਕਾਰਕ ਹਨ।

ਮਹਿਬੂਬਾਬਾਦ ਦੇ ਰਾਜਾ ਸਾਹਿਬ ਦਾ, ਹੈਦਰਾਬਾਦ ਦੇ ਸ਼ਾਇਰ ਮਾਹਰ ਅਲਕਾਦਰੀ ਸਾਹਿਬ ਦਾ ਜਾਂ ਬੰਬਈ ਦੇ ਦਵਾਫਰੋਸ਼ ਹਕੀਮ ਮਿਰਜ਼ਾ ਹੈਦਰ ਬੇਗ਼ ਸਾਹਿਬ ਦਾ ਲਿਟਰੇਚਰ ਦੇ ਖਿਲਾਫ ਮਤਾ ਪਾਸ ਕਰਨਾ ਬਿਲਕੁਲ ਬੇਕਾਰ ਹੈ। ਜਦ ਤਕ ਔਰਤਾਂ ਤੇ ਮਰਦਾਂ ਦੇ ਜਜ਼ਬਿਆਂ ਵਿਚਕਾਰ ਇਕ ਮੋਟੀ ਦੀਵਾਰ ਕਾਇਮ ਰਹੇਗੀ, ਇਸਮਤ ਚੁਗ਼ਤਾਈ ਉਸਦੇ ਚੂਨੇ ਨੂੰ ਆਪਣੇ ਤੇਜ਼ ਨਹੁੰਆਂ ਨਾਲ ਕੁਰੇਦਦੀ ਰਹੇਗੀ। ਜਦ ਤਕ ਕਸ਼ਮੀਰ ਦੇ ਹੁਸੀਨ ਪਿੰਡਾਂ ਵਿਚ ਸ਼ਹਿਰ ਦੀ ਗੰਦਗੀ ਫੈਲੀ ਰਹੇਗੀ, ਗ਼ਰੀਬ ਕ੍ਰਿਸ਼ਨ ਚੰਦਰ ਹੌਲੀ ਹੌਲੀ ਰੋਂਦਾ ਰਹੇਗਾ।... ਜਦ ਤਕ ਇਨਸਾਨਾਂ ਵਿਚ ਖਾਸ ਤੌਰ 'ਤੇ ਮੰਟੋ ਵਿਚ ਕਮਜ਼ੋਰੀਆਂ ਮੌਜੂਦ ਹਨ, ਉਹ ਖੁਰਦਬੀਨ ਨਾਲ ਦੇਖ ਦੇਖ ਕੇ ਬਾਹਰ ਕਢਦਾ ਤੇ ਦੂਜਿਆਂ ਨੂੰ ਦਿਖਾਉਂਦਾ ਰਹੇਗਾ। ਰਾਜਾ ਸਾਹਿਬ ਮਹਿਬੂਬਾਬਾਦ ਤੇ ਉਹਨਾਂ ਦੇ ਹਮਖਿਆਲ ਕਹਿੰਦੇ ਹਨ, ਇਹ ਨਿਰੀ ਪੁਰੀ ਬੇਹੂਦਗੀ ਹੈ,... ਤੁਸੀਂ ਜੋ ਕੁਝ ਲਿਖਦੇ ਹੋ, ਖੁਰਾਫਾਤ ਹੈ। ... ਮੈਂ ਕਹਿੰਦਾ ਹਾਂ ਬਿਲਕੁਲ ਦਰੁਸਤ ਹੈ, ਕਿਉਂਕਿ ਮੈਂ ਬੇਹੂਦਗੀਆਂ ਤੇ ਖੁਰਾਫਾਤ ਬਾਰੇ ਹੀ ਤਾਂ ਲਿਖਦਾ ਹਾਂ। ਰਾਜਾ ਸਾਹਿਬ ਮਹਿਬੂਬਾਬਾਦ ਇਕ ਕਾਨਫਰੰਸ ਦੇ ਪ੍ਰਧਾਨ ਬਣ ਜਾਣ ਜਾਂ ਹਕੀਮ ਹੈਦਰ ਬੇਗ਼ ਸਾਹਿਬ ਖੰਘ ਹਟਾਉਣ ਦੇ ਕਿਸੇ ਨਵੇਂ ਸ਼ਰਬਤ ਦੀ ਕਾਢ ਕੱਢਣ... ਮੈਨੂੰ ਉਹਨਾਂ ਦੀ ਪ੍ਰਧਾਨਗੀ ਜਾਂ ਉਹਨਾਂ ਦੇ ਸ਼ਰਬਤ ਨਾਲ ਕੋਈ ਦਿਲਚਸਪੀ ਨਹੀਂ। ...ਹਾਂ, ਮੈਂ ਟਰੇਨ ਵਿਚ ਬੈਠਿਆਂ ਬੈਠਿਆਂ ਆਪਣਾ ਨਵਾਂ ਖਰੀਦਿਆ ਹੋਇਆ ਕੀਮਤੀ ਪੈੱਨ ਕੱਢਦਾ ਹਾਂ। ਸਿਰਫ ਇਸ ਖਿਆਲ ਨਾਲ ਕਿ ਲੋਕ ਦੇਖਣ ਤੇ ਪ੍ਰਭਾਵਤ ਹੋਣ, ਤਾਂ ਮੈਨੂੰ ਆਪਣਾ ਕਮੀਨਾਪਨ ਬਹੁਤ ਦਿਲਚਸਪ ਜਾਪਦਾ ਹੈ।... ਮੇਰੇ ਗੁਆਂਢ ਵਿਚ ਜੇ ਕੋਈ ਔਰਤ ਹਰ ਰੋਜ਼ ਆਪਣੇ ਘਰ ਵਾਲੇ ਤੋਂ ਕੁੱਟ ਖਾਂਦੀ ਹੈ ਤੇ ਫਿਰ ਉਸਦੀਆਂ ਜੁੱਤੀਆਂ ਸਾਫ ਕਰਦੀ ਹੈ ਤਾਂ ਮੇਰੇ ਦਿਲ ਵਿਚ ਉਸ ਲਈ ਰਤਾ ਵੀ ਹਮਦਰਦੀ ਪੈਦਾ ਨਹੀਂ ਹੁੰਦੀ। ਪਰ ਜਦ ਮੇਰੇ ਗੁਆਂਢ ਵਿਚ ਕੋਈ ਔਰਤ ਆਪਣੇ ਪਤੀ ਨਾਲ ਲੜ ਕੇ ਤੇ ਖੁਦਕੁਸ਼ੀ ਦੀ ਧਮਕੀ ਦੇ ਕੇ ਸਿਨਮਾ ਦੇਖਣ ਚਲੀ ਜਾਂਦੀ ਹੈ ਅਤੇ ਮੈਂ ਪਤੀ ਨੂੰ ਦੋ ਘੰਟੇ ਤਕ ਸਖਤ ਪਰੇਸ਼ਾਨੀ ਦੀ ਹਾਲਤ ਵਿਚ ਦੇਖਦਾ ਹਾਂ



ਤਾਂ ਮੈਨੂੰ ਦੋਨਾਂ ਨਾਲ ਇਕ ਅਣੋਖੀ ਜਿਹੀ ਹਮਦਰਦੀ ਪੈਦਾ ਹੋ ਜਾਂਦੀ ਹੈ।... ਕਿਸੇ ਮੁੰਡੇ ਨੂੰ ਕੁੜੀ ਨਾਲ ਇਸ਼ਕ ਹੋ ਜਾਵੇ ਤਾਂ ਮੈਂ ਇਸਨੂੰ ਜ਼ੁਕਾਮ ਜਿੰਨੀ ਵੀ ਅਹਿਮੀਅਤ ਨਹੀਂ ਦਿੰਦਾ। ਪਰ ਉਹ ਮੁੰਡਾ ਮੇਰਾ ਧਿਆਨ ਜ਼ਰੂਰ ਖਿੱਚੇਗਾ ਜੋ ਦਿਖਾਵਾ ਕਰੇ ਕਿ ਉਸ ਉੱਤੇ ਸੈਂਕੜੇ ਕੁੜੀਆਂ ਜਾਨ ਦਿੰਦੀਆਂ ਹਨ, ਲੇਕਿਨ ਹਕੀਕਤ ਵਿਚ ਉਹ ਮੁਹੱਬਤ ਦਾ ਓਨਾ ਹੀ ਭੁੱਖਾ ਹੋਵੇ ਜਿੰਨਾ ਬੰਗਾਲ ਦਾ ਭੁੱਖ-ਮਾਰਿਆ ਵਸਨੀਕ। ਇਸ ਦਿਸਦੇ ਸਫਲ ਆਸ਼ਕ ਦੀਆਂ ਰੰਗੀਨ ਗੱਲਾਂ ਵਿਚ ਜੋ ਤ੍ਰਾਸਦੀ ਸਿਸਕੀਆਂ ਭਰਦੀ ਹੋਵੇਗੀ, ਉਸਨੂੰ ਮੈਂ ਆਪਣੇ ਦਿਲ ਦੇ ਕੰਨਾਂ ਨਾਲ ਸੁਣਾਂਗਾ ਤੇ ਦੂਜਿਆਂ ਨੂੰ ਸੁਣਾਵਾਂਗਾ।... ਚੱਕੀ ਪੀਹਣ ਵਾਲੀ ਔਰਤ ਜੋ ਦਿਨ ਭਰ ਕੰਮ ਕਰਦੀ ਹੈ ਤੇ ਰਾਤ ਨੂੰ ਤਸੱਲੀ ਨਾਲ ਸੌਂ ਜਾਂਦੀ ਹੈ, ਮੇਰੀਆਂ ਕਹਾਣੀਆਂ ਦੀ ਨਾਇਕਾ ਨਹੀਂ ਹੋ ਸਕਦੀ, ਮੇਰੀ ਹੀਰੋਇਨ ਚਕਲੇ ਦੀ ਇਕ ਰੰਡੀ ਹੋ ਸਕਦੀ ਹੈ ਜੋ ਰਾਤ ਨੂੰ ਜਾਗਦੀ ਹੈ ਅਤੇ ਦਿਨ ਨੂੰ ਸੁੱਤਿਆਂ ਕਦੇ ਕਦੇ ਇਹ ਡਰਾਉਣਾ ਸੁਪਨਾ ਦੇਖ ਕੇ ਉਠ ਬੈਠਦੀ ਹੈ ਕਿ ਬੁਢਾਪਾ ਉਸਦੇ ਬੂਹੇ ਉੱਤੇ ਦਸਤਕ ਦੇਣ ਆਇਆ ਹੈ।... ਉਸ ਦੇ ਭਾਰੇ ਭਾਰੇ ਪਪੋਟੇ ਜਿੰਨ੍ਹਾਂ ਉੱਤੇ ਵਰ੍ਹਿਆਂ ਦੀ ਉਖੜੀ ਹੋਈ ਨੀਂਦ ਜਮ੍ਹਾ ਹੋ ਗਈ ਹੈ, ਮੇਰੀਆਂ ਕਹਾਣੀਆਂ ਦਾ ਵਿਸ਼ਾ ਹੋ ਸਕਦੇ ਹਨ। ਉਸਦੀ ਗ਼ਲਾਜ਼ਤ, ਉਸਦੀਆਂ ਬਿਮਾਰੀਆਂ, ਉਸਦਾ ਚਿੜਚਿੜਾਪਨ, ਉਸਦੀਆਂ ਗਾਲ੍ਹਾਂ ਸਭ ਕੁਝ ਮੈਨੂੰ ਭਾਉਂਦਾ ਹੈ।... ਮੈਂ ਇਹਨਾਂ ਬਾਰੇ ਲਿਖਦਾ ਹਾਂ ਤੇ ਘਰੇਗੀ ਔਰਤਾਂ ਦੇ ਮਿੱਠੇ ਬੋਲਾਂ, ਉਹਨਾਂ ਦੀ ਸਿਹਤ ਤੇ ਉਹਨਾਂ ਦੀ ਨਫਾਸਤ ਪਸੰਦੀ ਨੂੰ ਨਜ਼ਰਅੰਦਾਜ਼ ਕਰ ਜਾਂਦਾ ਹਾਂ।

ਇਤਰਾਜ਼ ਕੀਤਾ ਜਾਂਦਾ ਹੈ ਕਿ ਨਵੇਂ ਲਿਖਣ ਵਾਲਿਆਂ ਨੇ ਔਰਤ ਮਰਦ ਦੇ ਜਿਨਸੀ ਸੰਬੰਧਾਂ ਨੂੰ ਹੀ ਆਪਣਾ ਵਿਸ਼ਾ ਬਣਾ ਲਿਆ ਹੈ। ਮੈਂ ਸਾਰਿਆਂ ਵੱਲੋਂ ਜਵਾਬ ਨਹੀਂ ਦੇਵਾਂਗਾ... ਆਪਣੇ ਬਾਰੇ ਏਨਾ ਕਹਾਂਗਾ ਕਿ ਇਹ ਵਿਸ਼ਾ ਮੈਨੂੰ ਪਸੰਦ ਹੈ... ਕਿਉਂ ਹੈ?... ਬੱਸ ਹੈ। ਸਮਝ ਲਉ ਕਿ ਮੇਰੇ ਵਿਚ perversion ਹੈ ਅਤੇ ਜੇ ਤੁਸੀਂ ਅਕਲਮੰਦ ਹੋ, ਚੀਜ਼ਾਂ ਦੇ ਗੁਣ ਲੱਛਣ ਚੰਗੀ ਤਰ੍ਹਾਂ ਜਾਂਚ ਸਕਦੇ ਹੋ ਤਾਂ ਸਮਝ ਲਉਗੇ ਕਿ ਇਹ ਬਿਮਾਰੀ ਮੈਨੂੰ ਕਿਉਂ ਲੱਗੀ ਹੈ।... ਜ਼ਮਾਨੇ ਦੇ ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ, ਜੇ ਤੁਸੀਂ ਉਸਤੋਂ ਅਣਜਾਣ ਹੋ ਤਾਂ ਮੇਰੀਆਂ ਕਹਾਣੀਆਂ ਪੜ੍ਹੋ। ਜੇ ਤੁਸੀਂ ਇਹ ਕਹਾਣੀਆਂ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਇਸਦਾ ਮਤਲਬ ਹੈ ਕਿ ਜ਼ਮਾਨਾ ਬਰਦਾਸ਼ਤ ਕਰਨ ਯੋਗ ਨਹੀਂ। ... ਮੇਰੇ ਵਿਚ ਜੋ ਬੁਰਾਈਆਂ ਹਨ ਉਹ ਇਸ ਕਾਲ ਦੀਆਂ ਬੁਰਾਈਆਂ ਹਨ, ਮੇਰੇ ਵਿਚ ਕੋਈ ਨੁਕਸ ਨਹੀਂ। ਜਿਸ ਨੁਕਸ ਨੂੰ ਮੇਰੇ ਨਾਲ ਜੋੜਿਆ ਜਾਂਦਾ ਹੈ, ਉਹ ਅਸਲ ਵਿਚ ਵਰਤਮਾਨ ਨਜ਼ਾਮ ਦਾ ਨੁਕਸ ਹੈ।... ਮੈਂ ਹੰਗਾਮਾ ਪਸੰਦ ਨਹੀਂ। ਮੈਂ ਲੋਕਾਂ ਦੇ ਖਿਆਲਾਂ ਤੇ ਜਜ਼ਬਿਆਂ ਵਿਚ ਮੁਰਦੇਹਾਨੀ ਨਹੀਂ ਭਰਨੀ ਚਾਹੁੰਦਾ। ਮੈਂ ਤਹਿਜ਼ੀਬ-ਤਮੱਦਨ ਦੀ ਤੇ ਸੁਸਾਇਟੀ ਦੀ ਚੋਲੀ ਕੀ ਉਤਾਰਾਂਗਾ, ਜੋ ਹੈ ਹੀ ਨੰਗੀ...। ਮੈਂ ਉਸਨੂੰ ਕਪੜੇ ਪੁਆਉਣ ਦੀ ਕੋਸ਼ਿਸ਼ ਵੀ ਨਹੀਂ ਕਰਦਾ। ਇਸ ਲਈ ਕਿ ਇਹ ਮੇਰਾ ਕੰਮ ਨਹੀਂ, ਦਰਜ਼ੀਆਂ ਦਾ ਹੈ।... ਲੋਕ ਮੈਨੂੰ ਸਿਆਹ ਕਲਮ ਕਹਿੰਦੇ ਹਨ, ਪਰ ਮੈਂ ਕਾਲ਼ੇ ਤਖਤੇ ਉੱਤੇ ਕਾਲੇ ਚਾਕ ਨਾਲ ਨਹੀਂ ਲਿਖਦਾ। ਚਿੱਟੇ ਚਾਕ ਨਾਲ ਲਿਖਦਾ ਹਾਂ ਤਾਂ ਜੁ ਤਖਤੇ ਦੀ ਕਾਲ਼ਖ ਹੋਰ ਵੀ ਵਧੇਰੇ ਉੱਘੜ ਆਵੇ। ਇਹ ਮੇਰਾ ਖਾਸ ਅੰਦਾਜ਼, ਮੇਰਾ ਖਾਸ ਤਰੀਕਾ ਹੈ ਜਿਸਨੂੰ ਅਸ਼ਲੀਲਤਾ, ਤਰੱਕੀਪਸੰਦੀ ਤੇ ਰੱਬ ਜਾਣੇ ਹੋਰ ਕੀ ਕੁਛ ਕਿਹਾ ਜਾਂਦਾ ਹੈ। ਜਦ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਘਰ ਵਾਲੇ ਸਭ ਬੇਜ਼ਾਰ ਸਨ। ਬਾਹਰ ਦੇ ਲੋਕਾਂ ਨੂੰ ਵੀ, ਜਿਵੇਂ ਆਮ ਹੁੰਦਾ ਹੈ, ਮੇਰੇ ਵਿਚ ਦਿਲਚਸਪੀ ਪੈਦਾ ਹੋ ਗਈ ਸੀ। ਇਸ ਲਈ ਉਹ ਕਿਹਾ ਕਰਦੇ ਸੀ, "ਭਾਈ ਕੋਈ ਨੌਕਰੀ ਲੱਭ ਲੈ, ਕਦ ਤਕ ਬੇਕਾਰ ਪਿਆ ਕਹਾਣੀਆਂ ਲਿਖਦਾ ਰਹੇਂਗਾ"। ਅੱਠ ਦਸ ਵਰ੍ਹੇ ਪਹਿਲਾਂ ਅਫਸਾਨਾ-ਨਿਗਾਰੀ ਬੇਕਾਰੀ ਦਾ ਦੂਜਾ ਨਾਂ ਸੀ। ਅੱਜ ਇਸਨੂੰ ਨਵੀਨ ਸਾਹਿਤ ਕਿਹਾ ਜਾਂਦਾ ਹੈ ਜਿਸਦਾ ਮਤਲਬ ਹੈ ਕਿ ਲੋਕਾਂ ਦੇ ਜ਼ਿਹਨ ਨੇ ਕਾਫੀ ਤਰੱਕੀ ਕਰ ਲਈ ਹੈ।... ਉਹ ਵਕਤ ਵੀ ਆਇਗਾ ਜਦੋਂ ਇਸ ਨਵੀਨ ਸਾਹਿਤ ਦਾ ਸਹੀ ਮਤਲਬ ਸਪਸ਼ਟ ਹੋ ਜਾਵੇਗਾ ਅਤੇ ਹਕੀਮ ਹੈਦਰ ਬੇਗ਼ ਦਿਹਲਵੀ ਨੂੰ ਆਪਣੇ ਸ਼ਫਾਖਾਨੇ 'ਚੋਂ ਉੱਠਕੇ ਨਵੇਂ ਲਿਖਣ

ਵਾਲਿਆਂ ਦੇ ਰੋਗ ਦੀ ਤਸ਼ਖੀਸ਼ ਨਹੀਂ ਕਰਨੀ ਪਏਗੀ।

ਜਦ ਤੋਂ ਲਾਮ ਲੱਗੀ ਹੈ ਨਵੀਨ ਸਾਹਿਤ ਉੱਤੇ ਇਕ ਨਵੇਂ ਕੋਣ ਤੋਂ ਹਮਲਾ ਕੀਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਜਦ ਸਾਰੀ ਦੁਨੀਆ ਜੰਗ ਦੇ ਭਾਂਬੜ ਵਿਚ ਲਿਪਟੀ ਹੋਈ ਹੈ, ਹਰ ਰੋਜ਼ ਹਜ਼ਾਰਾਂ ਲੋਕਾਂ ਦਾ ਖ਼ੂਨ ਮਿੱਟੀ ਵਿਚ ਮਿਲ਼ ਰਿਹਾ ਹੈ, ਸਭ ਪਾਸੇ ਤਬਾਹੀ ਦੀ ਹਵਾ ਝੁੱਲ ਰਹੀ ਹੈ, ਦੂਜੀਆਂ ਜਿਨਸਾਂ ਵਾਂਗ ਇਨਸਾਨ ਦੇ ਗੋਸ਼ਤ ਪੋਸਤ ਦੀਆਂ ਦੁਕਾਨਾਂ ਵੀ ਖੁਲ੍ਹੀਆਂ ਹਨ, ਇਹ ਨਵੇਂ ਲਿਖਣ ਵਾਲੇ ਕਿਉਂ ਖਾਮੋਸ਼ ਹਨ? ਕੀ ਇਹਨਾਂ ਦੀਆਂ ਕਲਮਾਂ ਨੂੰ ਜਿਨਸੀ ਸੰਬੰਧਾਂ ਬਾਰੇ ਹੀ ਲਿਖਣਾ ਆਉਂਦਾ ਹੈ?... ਦੁਨੀਆਂ ਦਾ ਨਕਸ਼ਾ ਬਦਲ ਰਿਹਾ ਹੈ, ਹਰ ਘੜੀ ਇਕ ਨਵੇਂ ਤੂਫਾਨ ਦਾ ਸੁਨੇਹਾ ਲਿਆ ਰਹੀ ਹੈ, ਪਰ ਇਹਨਾਂ ਦੇ ਦਿਲ ਦਿਮਾਗ਼ ਉੱਤੇ ਏਨਾ ਜਮੂਦ ਤਾਰੀ ਹੈ ਕਿ ਦੂਰ ਹੀ ਨਹੀਂ ਹੁੰਦਾ।

ਮੈਂ ਫਿਰ ਦੂਜਿਆਂ ਵੱਲੋਂ ਜਵਾਬ ਨਹੀਂ ਦੇਵਾਂਗਾ... ਆਪਣੇ ਵੱਲੋਂ ਅਰਜ਼ ਕਰ ਰਿਹਾ ਹਾਂ ਕਿ ਦੁਨੀਆਂ ਦਾ ਨਕਸ਼ਾ ਸੱਚਮੁੱਚ ਬਦਲ ਰਿਹਾ ਹੈ। ਪਰ ਜੇ ਮੈਂ ਇਸਦੇ ਬਾਰੇ ਕੁਝ ਲਿਖਿਆ ਤਾਂ ਮੇਰਾ ਵੀ ਹੁਲੀਆ ਬਦਲ ਜਾਵੇਗਾ। ਡਰਪੋਕ ਆਦਮੀ ਹਾਂ, ਜੇਲ੍ਹ ਤੋਂ ਬਹੁਤ ਡਰ ਲਗਦਾ ਹੈ। ਇਹ ਜ਼ਿੰਦਗੀ ਜੋ ਬਸਰ ਕਰ ਰਿਹਾ ਹਾਂ, ਜੇਲ੍ਹ ਤੋਂ ਕੋਈ ਘੱਟ ਕਸ਼ਟਦਾਇਕ ਤਾਂ ਨਹੀਂ। ਜੇ ਇਸ ਜੇਲ੍ਹ ਦੇ ਅੰਦਰ ਇਕ ਹੋਰ ਜੇਲ੍ਹ ਪੈਦਾ ਹੋ ਜਾਵੇ ਅਤੇ ਮੈਨੂੰ ਉਸ ਵਿਚ ਤੁੰਨ ਦਿੱਤਾ ਜਾਵੇ ਤਾਂ ਪਲਾਂ ਵਿਚ ਮੇਰਾ ਦਮ ਘੁਟ ਜਾਵੇਗਾ। ਜ਼ਿੰਦਗੀ ਨਾਲ ਮੈਨੂੰ ਪਿਆਰ ਹੈ, ਹਰਕਤ ਦਾ ਦਿਲਦਾਦਾ ਹਾਂ, ਚਲਦਿਆਂ ਫਿਰਦਿਆਂ ਸੀਨੇ 'ਤੇ ਗੋਲ਼ੀ ਖਾ ਸਕਦਾ ਹਾਂ, ਲੇਕਿਨ ਜੇਲ੍ਹ ਵਿਚ ਖਟਮਲ ਦੀ ਮੌਤ ਨਹੀਂ ਮਰਨਾ ਚਾਹੁੰਦਾ।... ਏਥੇ ਇਸ ਮੰਚ ਉੱਤੇ ਮਜ਼ਮੂਨ ਸੁਣਾਉਂਦਾ ਸੁਣਾਉਂਦਾ ਤੁਹਾਥੋਂ ਮਾਰ ਖਾ ਲਵਾਂਗਾ ਤੇ ਸੀਅ ਤਕ ਨਹੀਂ ਕਰਾਂਗਾ, ਲੇਕਿਨ ਹਿੰਦੂ ਮੁਸਲਿਮ ਫਸਾਦ ਵਿਚ ਜੇ ਕੋਈ ਮੇਰਾ ਸਿਰ ਭੰਨ ਦੇਵੇ ਤਾਂ ਮੇਰੇ ਖ਼ੂਨ ਦੀ ਹਰ ਬੂੰਦ ਰੋਂਦੀ ਰਹੇਗੀ। ਮੈਂ ਆਰਟਿਸਟ ਹਾਂ। ਹੋਛੇ ਜ਼ਖਮ ਭੱਦੇ ਘਾਉ ਮੈਨੂੰ ਪਸੰਦ ਨਹੀਂ।... ਜੰਗ ਦੇ ਬਾਰੇ ਕੁਝ ਲਿਖਾਂ ਅਤੇ ਦਿਲ ਵਿਚ ਪਸਤੌਲ ਦੇਖਣ ਤੇ ਉਸਨੂੰ ਛੂਹਣ ਦੀ ਹਸਰਤ ਦਬਾਈ ਕਿਸੇ ਤੰਗ ਹਨੇਰੀ ਕੋਠੜੀ ਵਿਚ ਮਰ ਜਾਵਾਂ, ਇਹੋ ਜਿਹੀ ਮੌਤ ਤੋਂ ਤਾਂ ਏਹੀ ਬਿਹਤਰ ਹੈ ਕਿ ਲਿਖਣਾ ਵਿਖਣਾ ਛੱਡਕੇ ਡੇਅਰੀ ਫਾਰਮ ਖੋਲ੍ਹ ਲਵਾਂ ਅਤੇ ਪਾਣੀ-ਮਿਲਿਆ ਦੁੱਧ ਵੇਚਣਾ ਸ਼ੁਰੂ ਕਰ ਦੇਵਾਂ। ਗੋਲ਼ੇ ਤੇ ਤਾਰਪੀਡੋ ਤਾਂ ਇਕ ਬੰਨੇ ਰਹੇ, ਮੈਂ ਤਾਂ ਅੱਜ ਤਕ ਹਵਾਈ ਬੰਦੂਕ ਵੀ ਨਹੀਂ ਚਲਾਈ।... ਬਚਪਨ ਦੀ ਗੱਲ ਹੈ- ਸਾਡੇ ਗੁਆਂਢ ਇਕ ਥਾਣੇਦਾਰ ਰਹਿੰਦਾ ਸੀ। ਉਸਦੇ ਕੋਲ਼ ਇਕ ਪਸਤੌਲ ਸੀ, ਪੇਟੀ ਉਤਾਰ ਕੇ ਜਦ ਉਹ ਪਲੰਘ ਉੱਤੇ ਰਖਦਾ ਤਾਂ ਸਭ ਬੱਚਿਆਂ ਨੂੰ ਕਹਿ ਦਿੱਤਾ ਜਾਂਦਾ, "ਦੇਖੋ, ਉਸ ਕਮਰੇ ਵਿਚ ਨਾ ਜਾਣਾ, ਓਥੇ ਪਸਤੌਲ ਪਿਆ ਹੈ"। ਕਦੇ ਕਦੇ ਅਸੀਂ ਡਰਦੇ ਡਰਦੇ ਉਸ ਕਮਰੇ ਵਿਚ ਚਲੇ ਜਾਂਦੇ। ਦੂਰ ਖੜ੍ਹੇ ਰਹਿ ਕੇ ਉਸ ਖਤਰਨਾਕ ਵਸਤ ਵੱਲ ਦੇਖਦੇ ਤਾਂ ਦਿਲ ਧਕ ਧਕ ਕਰਨ ਲਗਦਾ। ਇੰਝ ਮਹਿਸੂਸ ਹੁੰਦਾ ਜਿਵੇਂ ਪਿਆਂ ਪਿਆਂ ਉਹ ਪਸਤੌਲ ਚੱਲ ਜਾਵੇਗਾ।... ਹੁਣ ਦੱਸੋ ਮੈਂ ਤੋਪਾਂ ਤੇ ਟੈਂਕਾਂ ਬਾਰੇ ਕੀ ਲਿਖਾਂਗਾ! ਇਸ ਜੰਗ ਬਾਰੇ ਮੈਂ ਕੁਝ ਨਹੀਂ ਲਿਖਾਂਗਾ ਲੇਕਿਨ ਜਦ ਮੇਰੇ ਹੱਥ ਵਿਚ ਪਸਤੌਲ ਹੋਵੇਗਾ ਅਤੇ ਦਿਲ ਵਿਚ ਇਹ ਧੁੜਕੂ ਨਹੀਂ ਹੋਵੇਗਾ ਕਿ ਉਹ ਆਪਣੇ ਆਪ ਚੱਲ ਜਾਵੇਗਾ, ਤਾਂ ਮੈਂ ਉਸਨੂੰ ਲਹਿਰਾਉਂਦਾ ਹੋਇਆ ਬਾਹਰ ਨਿਕਲ ਜਾਵਾਂਗਾ ਅਤੇ ਆਪਣੇ ਅਸਲੀ ਦੁਸ਼ਮਣ ਨੂੰ ਪਛਾਣ ਕੇ ਜਾਂ ਤਾਂ ਸਾਰੀਆਂ ਗੋਲ਼ੀਆਂ ਉਸਦੇ ਸੀਨੇ ਵਿਚ ਖਾਲੀ ਕਰ ਦੇਵਾਂਗਾ ਜਾਂ ਖੁਦ ਛਲਣੀ ਹੋ ਜਾਵਾਂਗਾ।... ਇਸ ਮੌਤ 'ਤੇ ਜਦ ਮੇਰਾ ਕੋਈ ਆਲੋਚਕ ਇਹ ਕਹੇਗਾ ਕਿ ਪਾਗ਼ਲ ਸੀ ਤਾਂ ਮੇਰੀ ਰੂਹ ਉਹਨਾਂ ਲਫਜ਼ਾਂ ਨੂੰ ਹੀ ਸਭ ਤੋਂ ਵੱਡਾ ਤਮਗ਼ਾ ਸਮਝਕੇ ਚੁੱਕੇਗੀ ਅਤੇ ਆਪਣੇ ਸੀਨੇ ਉੱਤੇ ਆਵੇਜ਼ਾਂ ਟਿਕਾ ਲਵੇਗੀ।000

**(ਜੋਗੇਸ਼ਵਰੀ ਕਾਲਿਜ ਮੁੰਬਈ ਵਿਚ ਪੜ੍ਹਿਆ ਗਿਆ ਪਰਚਾ: ਪਹਿਲੀ ਜਨਵਰੀ 1944)**



# ਸੁਖਬੀਰ ਸਿਮਰਿਤੀ ਗ੍ਰੰਥ: ਰੀਵੀਊ ਨਿਬੰਧ: ਮਨਦੀਪ ਸਿੰਘ

ਮੁੰਬਈ ਵਰਗੀ ਮਹਾਂ ਚੇਤਨਾ ਨਾਲ ਨਪੀੜੀ ਨਗਰੀ ਵਿਚ ਵਿਗਸਿਆ ਸੁਖਬੀਰ ਵੱਡਾ ਲੇਖਕ (ਕਵੀ, ਕਹਾਣੀਕਾਰ, ਨਾਵਲਕਾਰ) ਤੇ ਚਿੰਤਕ ਹੀ ਨਹੀਂ, ਸਗੋਂ ਬਹੁਤ ਵੱਡਾ ਇਨਸਾਨ ਵੀ ਸੀ। ਉਸ ਬਾਰੇ ਦਹਾਕਿਆਂ ਤੋਂ ਜਿਹੜੀਆਂ ਗੱਲਾਂ ਸੁਣਨ ਤੇ ਪੜ੍ਹਨ ਨੂੰ ਮਿਲੀਆਂ ਹਨ, ਉਹ ਉਸਦੀ ਵੱਖਰੀ ਤੇ ਨਰੋਈ ਸ਼ਖਸੀਅਤ 'ਤੇ ਚਾਨਣਾ ਪਾ ਦਿੰਦੀਆਂ ਹਨ। ਪਰ ਇਸ ਦੀ ਠੋਸ ਪ੍ਰਮਾਣਕਤਾ ਲਈ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਸਹਿਯੋਗ ਨਾਲ ਡਾ. ਚੰਦਰ ਮੋਹਨ ਦੁਆਰਾ ਸੰਪਾਦਤ ਜੋ ਵੱਡ-ਆਕਾਰੀ 'ਸੁਖਬੀਰ ਸਿਮਰਿਤੀ ਗ੍ਰੰਥ' (ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨੇ 417, ਮੁੱਲ 1000 ਰੁਪਏ) ਸਾਹਮਣੇ ਆਇਆ ਹੈ, ਉਹ ਨਿਸਚੇ ਹੀ ਬੜਾ ਮੁੱਲਵਾਨ ਤੇ ਸ਼ਲਾਘਾਯੋਗ ਕਦਮ ਹੈ। ਸੁਖਬੀਰ ਦੀ ਨਿਵੇਕਲੀ ਸ਼ਖਸੀਅਤ ਦੇ ਪ੍ਰਮਾਣ ਇਸ ਗ੍ਰੰਥ ਵਿਚ ਥਾਂ ਥਾਂ ਵੇਖੇ ਜਾ ਸਕਦੇ ਹਨ। ਇੱਥੇ ਇਸ ਗ੍ਰੰਥ, ਜਿਸ ਦਾ ਸੰਕਲਨ ਪੰਜ ਭਾਗਾਂ ਵਿਚ ਵੰਡ ਕੇ ਕੀਤਾ ਗਿਆ ਹੈ, ਦੇ ਪਹਿਲੇ ਭਾਗ 'ਸ਼ਰਧਾਂਜਲੀਆਂ ਅਤੇ ਸਿਮਰਤੀਆਂ' 'ਚੋਂ ਕੇ.ਐੱਲ.ਗਰਗ ਦੁਆਰਾ ਉਸਦੇ ਸਿਰਜੇ ਰੇਖਾ-ਚਿਤਰ ਦੀਆਂ ਇਹ ਆਰੰਭਲੀਆਂ ਸਤਰਾਂ ਦੇਣਾ ਚਾਹਾਂਗੇ, ਜਿਨ੍ਹਾਂ 'ਚ ਗਰਗ ਨੇ ਸਮੇਂ ਸਮੇਂ ਵੱਖ ਵੱਖ ਲੇਖਕਾਂ ਵੱਲੋਂ ਉਸ ਬਾਰੇ ਦਿੱਤੀਆਂ ਉਕਤੀਆਂ ਸ਼ਾਮਲ ਕਰ ਕੇ ਸੁਖਬੀਰ ਦੀ ਸੁਥਰੀ ਸੁਚੱਜੀ ਸ਼ਖਸੀਅਤ ਨੂੰ ਕਲਾਤਮਕਤਾ ਨਾਲ ਉਘਾੜ ਦਿੱਤਾ ਹੈ—"ਪੈਂਤੀ ਵਰ੍ਹੇ ਪਹਿਲਾਂ, ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਸੀ ਤਾਂ ਉਨ੍ਹਾਂ ਦਿਨਾਂ ਵਿਚ ਸੁਖਬੀਰ ਬੰਬਈ ਵਾਲੇ ਦੀ ਚਾਰੇ ਪਾਸੇ ਝੰਡੀ ਸੀ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਉਸ ਬਾਰੇ ਸੁਣਨ ਨੂੰ ਮਿਲਦੀਆਂ ਸਨ, ਜਿਵੇਂ -'ਸੁਖਬੀਰ ਫਕੀਰ ਤੇ ਬੇਲਾਗ ਲੇਖਕ ਹੈ', -'ਸੁਖਬੀਰ ਚਿੰਤਕ ਤੇ ਵਿਦਵਾਨ ਲੇਖਕ ਹੈ', -'ਸੁਖਬੀਰ ਵਧੀਆ ਕਹਾਣੀਕਾਰ ਤੇ ਸ਼ਾਇਰ ਹੈ', -'ਸੁਖਬੀਰ ਦੇ ਨਾਵਲ ਮਹਾਂਨਗਰੀ ਚੇਤਨਾ ਦੀ ਗੱਲ ਕਰਦੇ ਹਨ', -'ਰਾਮ ਸਰੂਪ ਅਣਖੀ ਉਸਨੂੰ ਆਪਣਾ ਸਾਹਿਤਕ ਗੁਰੂ ਮੰਨਦਾ ਹੈ', -'ਫਿਲਮਾਂ ਵਾਲਾ ਗੁਲਜ਼ਾਰ ਆਪਣੀਆਂ ਰਚਨਾਵਾਂ ਬਾਰੇ ਉਸ ਤੋਂ ਸਲਾਹ ਲੈ ਕੇ ਜਾਂਦਾ ਹੈ', -'ਉਹ ਸਾਡੇ ਟੁਚੇ ਲੇਖਕਾਂ ਵਾਂਗ ਇਨਾਮਾਂ ਸਨਮਾਨਾਂ ਦੇ ਪਿੱਛੇ ਨਹੀਂ ਦੌੜਦਾ', -'ਉਹ ਹਰ ਇਕ ਨੂੰ ਖਿੜੇ ਮੱਥੇ ਮਿਲਦਾ ਹੈ', -'ਉਹ ਵਧੀਆ ਅਨੁਵਾਦਕ ਹੈ' ਇਤਿਆਦ। ਸੁਖਬੀਰ ਬਾਰੇ ਦਿੱਤੀ ਇਸ ਉਕਤੀ ਦਾ ਸਾਰ ਤੱਤ ਗਰਗ ਨੇ ਇੰਝ ਬਿਆਨ ਕੀਤਾ ਹੈ - "ਏਹੋ ਜਿਹੇ ਦਰਵੇਸ਼ ਲੇਖਕ ਨੂੰ ਭਲਾ ਕੌਣ ਨਹੀਂ ਮਿਲਣਾ ਚਾਹੇਗਾ।"

ਅਸਲ਼ ਵਿਚ ਸੁਖਬੀਰ ਦੇ ਸੁਭਾਅ, ਸੁਲਝੀ ਸ਼ਖਸੀਅਤ ਤੇ ਸਾਹਿਤਕ ਘਾਲਣਾ ਦੀ ਗੱਲ ਕਰ ਕੇ ਅਸੀਂ ਇਸ ਗ੍ਰੰਥ ਦੇ ਪਹਿਲੇ ਭਾਗ, ਜੋ ਕਾਫੀ ਵੱਡਾ, ਲਗਪਗ ਡੇਢ ਸੌ ਪੰਨਿਆਂ ਵਿਚ ਸਮਾਇਆ ਹੋਇਆ ਹੈ, ਵਿਚ ਦਰਜ ਅਨੇਕਾਂ ਵੱਡੇ ਵੱਡੇ ਲੇਖਕਾਂ/ ਚਿੰਤਕਾਂ ਵੱਲੋਂ ਸੁਖਬੀਰ ਬਾਰੇ ਕਹੀਆਂ ਗੱਲਾਂ ਦਾ ਵੇਰਵਾ ਦੇਣ ਤੋਂ ਬਚ ਗਏ ਹਾਂ। ਪਰ ਇਸ ਪਹਿਲੇ ਭਾਗ ਵਿਚ ਸੁਖਬੀਰ ਦੇ ਬੜੇ ਕਾਵਿਕ ਰੇਖਾ-ਚਿਤਰ ਵੀ ਸਿਰਜੇ ਮਿਲਦੇ ਹਨ, ਜਿਨ੍ਹਾਂ ਵਿਚ ਸੁਖਬੀਰ ਦਾ ਜਿਲਦ ਦੇ ਅਖੀਰ ਵਿਚ ਆਪਣੇ ਆਪ ਬਾਰੇ ਸਿਰਜਿਆ ਪੋਰਟਰੇਟ ਤਾਂ ਸਭ ਤੋਂ ਖ਼ੂਬਸੂਰਤ ਹੈ ਹੀ, ਗੁਲਜ਼ਾਰ ਦਾ ਸਕੈੱਚ ਵੀ ਵਧੀਆ ਹੈ। ਪਰ ਏਥੇ ਸਾਡੇ ਉੱਘੇ ਤੇ ਨਿਵੇਕਲੇ ਕਵੀ ਪ੍ਰੇਮ ਸਾਹਿਲ ਦੀਆਂ ਕਾਵਿ ਸਤਰਾਂ ਦੇਣਾ ਚਾਹਾਂਗੇ, ਜੋ ਕਾਵਿਕ ਦ੍ਰਿਸ਼ਟੀ ਤੋਂ ਆਪਣੇ ਵੱਲ ਪਾਠਕ ਦਾ ਉਚੇਚਾ ਧਿਆਨ ਖਿੱਚਦੀਆਂ ਹਨ:

*ਉਹ ਮਾਨ ਸਰੋਵਰ ਹੈ*
*ਤੇ ਆਪ ਹੀ ਉਸ ਵਿਚ ਤੈਰਦਾ ਹੰਸ ਵੀ*
*ਜੋ ਮੋਤੀ ਚੁਗਦਾ ਵੀ ਹੈ ਤੇ ਵੰਡਦਾ ਵੀ*

*ਪਾਣੀ ਲੰਘਦਾ ਵੀ ਹੈ ਤੇ ਰੰਗਦਾ ਵੀ*

*ਰਾਤਾਂ ਦਾ ਰਫੀਕ ਹੈ ਬੇਸ਼ੱਕ*
*ਦਿਨਾਂ ਦਾ ਰਕੀਬ ਹਰਗਿਜ਼ ਨਹੀਂ*
*ਗੋਲ ਚਿਹਰੇ 'ਤੇ ਪੀੜਾ ਡਾਹ ਕੇ ਬੈਠੀ ਆਥਣ*
*ਉਸਦੇ ਸਫਰ ਦੀਆਂ ਪੈੜਾਂ ਅਟੇਰਦੀ ਹੈ*
*ਜ਼ਿੰਦਗੀ ਦੇ ਵੰਨ ਸੁਵੰਨੇ ਰੰਗ ਜਿਸ ਨੇ*
*ਲਫਜ਼ਾਂ ਨਾਲ ਫੜੇ ਵੀ ਤੇ ਟੁਣਕਾਏ ਵੀ*
*ਵੇਸਵਾ ਰਾਤ ਉਸਨੂੰ ਆਪਣਾ ਗਾਹਕ ਸਮਝ ਕੇ*
*ਉਨ੍ਹਾਂ ਝੁੱਗੀਆਂ 'ਚ ਲੈ ਵੜਦੀ ਹੈ*
*ਜੋ ਧਰਤੀ ਦੀ ਹਿੱਕ ਨਾਲ ਲੱਗਕੇ ਸੁੱਤੀਆਂ ਹੋਈਆਂ।*

ਇਸ ਗ੍ਰੰਥ ਦਾ ਦੂਜਾ ਭਾਗ 'ਸੁਖਬੀਰ ਦੇ ਚੋਣਵੇਂ ਨਿਬੰਧ ਤੇ ਖਤ' ਅਤੇ ਤੀਜਾ ਭਾਗ 'ਪ੍ਰਸੰਗੀ ਲਿਖਤਾਂ' ਇਸ ਕਰਕੇ ਪ੍ਰਭਾਵਸ਼ਾਲੀ ਹਨ, ਕਿਉਂਜੁ ਦੋਹਾਂ ਵਿਚ ਸੁਖਬੀਰ ਦੀਆਂ ਲੰਬੀਆਂ ਸਾਹਿਤਕ ਚਿੱਠੀਆਂ ਵੀ ਦਰਜ ਕੀਤੀਆਂ ਗਈਆਂ ਹਨ। ਦੂਜੇ ਭਾਗ ਵਿਚ ਲੇਖਕ ਦੀਆਂ ਉਹ ਚਿੱਠੀਆਂ ਲਈਆਂ ਗਈਆਂ ਹਨ, ਜਿਹੜੀਆਂ ਉਸ ਨੇ ਚਿੰਤਕਾਂ ਤੇ ਆਪਣੇ ਮਿੱਤਰਾਂ ਪਿਆਰਿਆਂ ਨੂੰ ਨਿੱਜੀ ਪੱਧਰ 'ਤੇ ਲਿਖੀਆਂ ਹਨ। ਅਤੇ ਤੀਜੇ ਭਾਗ ਵਿਚ ਚਿੱਠੀਆਂ ਦੇ ਰੂਪ ਵਿਚ ਉਹ ਲਿਖਤਾਂ ਹਨ, ਜੋ ਉਸ ਨੇ ਪ੍ਰਮੁਖ ਤੌਰ 'ਤੇ 'ਸਿਰਜਣਾ' ਤੇ 'ਆਰਸੀ' ਵਰਗੇ ਮਿਆਰੀ ਪਰਚਿਆਂ ਵਿਚ ਦਹਾਕਿਆਂ ਪਹਿਲਾਂ ਛਿੜੇ ਕਿਸੇ ਸਾਹਿਤਕ ਜਾਂ ਰਾਜਸੀ ਵਿਵਾਦ ਬਾਰੇ ਲਿਖੀਆਂ ਹਨ। ਸੋਵੀਅਤ ਰੂਸ ਦਾ ਟੁੱਟਣਾ ਅਤੇ ਉਸ ਉਪਰੰਤ ਮਾਰਕਸਵਾਦ ਦੀ ਪ੍ਰਸੰਗਕਤਾ ਅਜਿਹੇ ਵਿਸ਼ੇ ਹਨ ਜਿਨ੍ਹਾਂ ਦੇ ਪ੍ਰਸੰਗ ਵਿਚ ਸੁਖਬੀਰ ਨੇ ਸੰਵਾਦ ਛੇੜਿਆ ਜਾਂ ਉਸ ਵਿਚ ਹਿੱਸਾ ਲਿਆ ਹੈ। ਅਜਿਹੀਆਂ ਚਿੱਠੀਆਂ 'ਚ ਹੀ ਉਸ ਨੇ ਪੰਜਾਬੀ ਦੇ ਭਵਿੱਖ ਬਾਰੇ ਕੁਝ ਬੜੀਆਂ ਗੰਭੀਰ ਗੱਲਾਂ ਕੀਤੀਆਂ ਹਨ। ਦੂਜੇ ਭਾਗ ਵਿਚ ਲਿਖੀਆਂ ਉਸਦੀਆਂ ਨਿੱਜੀ ਚਿੱਠੀਆਂ ਵੀ ਸਾਹਿਤਕ ਤੇ ਰਾਜਸੀ ਚਾਸ਼ਣੀ ਵਿਚ ਰੰਗੀਆਂ ਹੋਈਆਂ ਹਨ। ਇਸ ਭਾਗ ਵਿਚ ਉਸ ਵੱਲੋਂ ਪ੍ਰਸਿੱਧ ਫਿਲਮਕਾਰ ਗੁਲਜ਼ਾਰ, ਉੱਘੇ ਪੱਤਰਕਾਰ ਤੇ 'ਨਵਾਂ ਜ਼ਮਾਨਾ' ਦੇ ਸੰਪਾਦਕ ਜਗਜੀਤ ਸਿੰਘ ਆਨੰਦ, ਬੁਹ-ਵਿਧਾਈ ਲੇਖਕ ਐੱਸ.ਤਰਸੇਮ, ਆਪਣੇ ਪਟਿਆਲੇ ਰਹਿੰਦੇ ਮਿੱਤਰ ਤੇ ਗਹਿਰ ਗੰਭੀਰ ਪਾਠਕ ਸੁਰਿੰਦਰ ਸ਼ਰਮਾ ਅਤੇ ਨਵੀਂ ਚੇਤਨਾ ਵਾਲੇ ਲੇਖਕ ਬਲਬੀਰ ਮਾਧੋਪੁਰੀ ਨੂੰ ਲਿਖੀਆਂ ਚਿੱਠੀਆਂ ਲਈਆਂ ਗਈਆਂ ਹਨ। ਗੁਲਜ਼ਾਰ ਨੂੰ ਲਿਖੇ ਆਪਣੇ ਖਤ ਵਿਚ ਫਿਲਮ 'ਫਿਲਹਾਲ' ਦੀ ਗੱਲ ਕਰਦਿਆਂ ਉਹ ਉਸਦੀ ਫਿਲਮ ਡਾਇਰੈਕਟਰ ਪੁੱਤਰੀ ਬੋਸਕੀ ਅੰਦਰਲੀ ਪ੍ਰਤਿਭਾ ਦੀ ਨਿਸ਼ਾਨਦਹੀ ਤਾਂ ਕਰਦਾ ਹੀ ਹੈ, ਇਸ ਦੇ ਨਾਲ ਹੀ ਬੰਬਈਆ ਫਿਲਮਾਂ ਬਾਰੇ ਧਿਆਨ ਖਿੱਚਦੀਆਂ ਗੱਲਾਂ ਵੀ ਸਹਿਜ ਸੁਭਾਅ ਕਹਿ ਜਾਂਦਾ ਹੈ। ਇਸ ਤਰ੍ਹਾਂ ਜਗਜੀਤ ਸਿੰਘ ਆਨੰਦ ਨੂੰ ਲਿਖੇ ਖਤ ਵਿਚ ਉਹ ਉਸਦੀ ਨਿਵੇਕਲੀ ਲਿਖਣ-ਸ਼ੈਲੀ ਦੀ ਤਾਰੀਫ ਕਰਦਿਆਂ ਸਹਿਜਤਾ ਨਾਲ ਹੀ ਲਿਖਣ ਸ਼ੈਲੀ ਬਾਰੇ ਲਿਖ ਜਾਂਦਾ ਹੈ, "ਲੋਕ ਗੀਤਾਂ ਵਿਚ ਵੀ ਇਹ ਕ੍ਰਿਸ਼ਮਾ ਵੇਖਿਆ ਜਾ ਸਕਦਾ ਹੈ- ਸੰਖੇਪਤਾ, ਸੰਕੇਤਕਤਾ ਤੇ ਗੱਲਬਾਤੀ ਅੰਦਾਜ਼ ਕਰਕੇ। ਅਸਲ ਵਿਚ ਇਹ 'ਦੱਸਣ' ਦੀ ਥਾਂ 'ਵਿਖਾਉਣ' ਦੀ ਕਲਾ ਹੈ।" ਸੁਖਬੀਰ ਦੀ ਜਗਜੀਤ ਸਿੰਘ ਆਨੰਦ ਦੀ ਲਿਖਣ ਸ਼ੈਲੀ ਨੂੰ ਆਧਾਰ ਬਣਾ ਕੇ ਦਿੱਤੀ ਇਸ ਟਿੱਪਣੀ ਦੀ ਅਚੇਤਨਤਾ 'ਚ ਸੁਖਬੀਰ ਦੀ ਆਪਣੀ ਲਿਖਣ ਸ਼ੈਲੀ ਦੇ ਤੱਤ ਪਏ ਹਨ ਅਤੇ ਇਹ ਤੱਤ ਉਸਦੀ ਚਿਤਰਕਲਾ ਬਿਰਤੀ ਨਾਲ ਜੁੜੇ ਹੋਏ ਹਨ। ਸੁਖਬੀਰ ਨੇ ਵੀ ਇਸ ਅੰਤਰਮੁਖੀ ਕਲਾਕਾਰੀ ਕਰਕੇ ਆਪਣੀਆਂ ਲਿਖਤਾਂ, ਖਾਸ ਕਰਕੇ ਕਵਿਤਾ ਵਿਚ, ਦੱਸਿਆ ਨਹੀਂ ਦਿਖਾਇਆ ਹੈ, ਜਿਸਦਾ ਅਨੁਕਰਣ ਚੰਦਰ ਮੋਹਨ ਨੇ ਇਸ



ਗ੍ਰੰਥ ਦੇ ਚੌਥੇ ਭਾਗ ਵਿਚ ਸੁਖਬੀਰ ਦੀ ਕਵਿਤਾ ਦਾ ਅਧਿਐਨ ਪੇਸ਼ ਕਰਦੇ ਆਪਣੇ ਲੇਖ 'ਕਾਵਿਕ ਚਿਤਰਕਾਰ' ਵਿਚ ਬੜੇ ਸੁੰਦਰ ਢੰਗ ਨਾਲ ਕੀਤਾ ਹੈ।

ਸੁਖਬੀਰ ਅਸਲ ਵਿਚ ਖਤ ਨੂੰ ਵੀ ਸਾਹਿਤਕ ਮਹੱਤਵ ਵਾਲੇ ਇਕ ਅਹਿਮ ਰੂਪਾਕਾਰ ਵਜੋਂ ਸਵੀਕਾਰਦਾ ਸੀ। ਉਹ ਜਦ ਵੀ ਕੋਈ ਚੰਗੀ ਕਿਤਾਬ ਜਾਂ ਵਿਵਾਦਤ ਰਚਨਾ ਪੜ੍ਹਦਾ ਸੀ ਤਾਂ ਝੱਟ ਉਸਦੇ ਲੇਖਕ ਮਨ ਵਿਚ ਖਤ ਲਿਖਣ ਦੇ ਵਿਚਾਰ ਉੱਸਲਵੱਟੇ ਲੈਣ ਲਗਦੇ ਸਨ। ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਪੜ੍ਹ ਕੇ ਉਹ ਇਸ ਕਦਰ ਕੀਲਿਆ ਗਿਆ ਕਿ ਉਸਨੂੰ ਕੋਈ ਵੱਡਾ ਖਤ ਲਿਖਣ ਬਾਰੇ ਸੋਚਦਾ ਰਿਹਾ। ਕਾਫੀ ਸਮਾਂ ਬੀਤ ਜਾਣ 'ਤੇ ਅਖੀਰ ਉਸਨੇ ਉਹ ਖਤ ਲਿਖ ਕੇ ਹੀ ਦਮ ਲਿਆ, ਜੋ ਇਸ ਗ੍ਰੰਥ ਵਿਚ ਸ਼ਾਮਲ ਹੈ। ਏਸੇ ਦੂਜੇ ਭਾਗ ਵਿਚ ਸੁਖਬੀਰ ਦੇ ਕੁਝ ਚੋਣਵੇਂ ਨਿਬੰਧ ਵੀ ਸ਼ਾਮਲ ਕੀਤੇ ਗਏ ਹਨ। 'ਮੁੰਬਈ ਮਹਾਂਨਗਰ: ਸੁਰਗ ਤੇ ਨਰਕ' ਨਾਂ ਦੇ ਨਿਬੰਧ ਵਿਚ ਉਸ ਨੇ ਮਹਾਂਨਗਰ ਦਾ ਖਾਕਾ ਆਪਣੇ ਬਹੁ-ਚਰਚਤ ਨਾਵਲ 'ਸੜਕਾਂ ਤੇ ਕਮਰੇ' ਵਾਂਗ ਵਿਸਤ੍ਰਤ ਰੂਪ ਵਿਚ ਚਿਤਰਿਆ ਹੈ। ਇਸ ਨਿਬੰਧ ਦੇ ਸਮੁੱਚੇ ਫੋਕਸ ਵਿਚ ਬੰਬਈ ਬਾਰੇ ਹੇਠਲੀਆਂ ਸਤਰਾਂ ਉੱਥੋਂ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਾਖੂਬੀ ਉਘਾੜ ਦੇਂਦੀਆਂ ਹਨ, "ਬੰਬਈ ਇਕ ਮਹਾਂਨਗਰੀ ਦੇ ਰੂਪ ਵਿਚ ਆਸਮਾਨ ਛੋਂਹਦੀਆਂ ਇਮਾਰਤਾਂ ਅਤੇ ਧਰਤੀ ਨਾਲ ਚਿਮੜੀਆਂ ਝੁੱਗੀਆਂ ਦਾ ਜੰਗਲ ਬਣਿਆ ਹੋਇਆ ਹੈ ਤੇ ਉਸਦੀਆਂ ਪੱਕੀਆਂ ਕੱਚੀਆਂ, ਟੋਇਆਂ ਤੇ ਗੰਦਗੀ ਨਾਲ ਭਰੀਆਂ ਸੜਕਾਂ ਦੇ ਜਾਲ਼ ਵਿਚ ਫਸਿਆ ਆਦਮੀ ਨਰਕ ਵਿਚ ਜਿਉਂ ਰਿਹਾ ਲਗਦਾ ਹੈ..."। ਇਸੇ ਤਰ੍ਹਾਂ 'ਇਕੱਲ ਘਾਤਕ ਵੀ ਸਿਰਜਣਾਤਮਕ ਵੀ' ਸ਼ੀਰਸ਼ਕ ਵਾਲੇ ਇਕ ਹੋਰ ਮਹੱਤਵਪੂਰਨ ਨਿਬੰਧ ਦੀਆਂ ਇਹ ਸਤਰਾਂ ਵੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਹਨ: "ਇਕੱਲ ਉਹ ਬੰਦਾ ਜੀਅ ਸਕਦਾ ਹੈ, ਜੋ ਖੁਦ ਇਕੱਲ ਮੁੱਲ ਲੈਂਦਾ ਹੈ – ਚੁਫੇਰੇ ਲੋਕਾਂ ਦੀ ਭੀੜ ਤੇ ਰਾਮ ਰੌਲ਼ੇ ਵਿਚ ਘਿਰਿਆ ਹੋਇਆ ਉਸ 'ਚੋਂ ਨਿਕਲ ਕੇ। ਤਦ ਉਸ ਇਕੱਲ ਵਿਚ ਉਹ ਆਪਣੇ ਆਪ ਨਾਲ ਜੁੜਦਾ ਹੈ, ਤੇ ਇਸ ਤਰ੍ਹਾਂ ਆਪਣੇ ਆਪ ਨੂੰ ਸਮਝਣ ਅਤੇ ਆਪਣੇ ਮੂਲ਼ ਤਕ ਪੁੱਜਣ ਵਿਚ ਸਫਲ ਹੋ ਪਾਉਂਦਾ ਹੈ। ਤਦ ਉਸਦਾ ਨਵਾਂ ਜਨਮ ਹੁੰਦਾ ਹੈ, ਜਿਉਂਦੇ ਜੀਅ ਪੁਨਰ ਜਨਮ।"

ਤੀਜੇ ਭਾਗ ਵਿਚ ਉਸਦੇ ਜੋ ਸਾਹਿਤਕ ਤੇ ਰਾਜਸੀ ਪ੍ਰਤੀਕਰਮ ਛਪੇ ਹਨ ਉਨ੍ਹਾਂ 'ਚੋਂ ਸਭ ਤੋਂ ਮਹੱਤਵਸ਼ਾਲੀ ਉਸਦਾ ਉਹ ਪ੍ਰਤੀਕਰਮ ਹੈ ਜੋ ਉਸਨੇ ਸੋਵੀਅਤ ਰੂਸ ਦੇ ਟੁੱਟਣ ਤੇ ਮਾਰਕਸਵਾਦ ਦੀਆਂ ਭਵਿੱਖੀ ਸੰਭਾਵਨਾਵਾਂ ਬਾਰੇ ਅਪਰੈਲ-ਜੂਨ 1990 ਦੇ ਸਿਰਜਣਾ-78 ਅੰਕ ਵਿਚ ਛਪੀ ਸੰਪਾਦਕੀ 'ਮਾਰਕਸਵਾਦ ਦੀ ਸਾਰਥਕਤਾ' ਅਤੇ ਇਸਦੇ ਪ੍ਰਤੀਕਰਮ ਵਜੋਂ ਗੁਰਦਿਆਲ ਸਿੰਘ ਵੱਲੋਂ ਲਿਖੇ ਲੇਖ ਦੇ ਸੰਬੰਧ ਵਿਚ 'ਸਿਰਜਣਾ ਦੇ ਨਾਂ ਖਤ' ਸਿਰਲੇਖ ਅਧੀਨ ਅੰਕ 82 (ਅਪਰੈਲ-ਜੂਨ 1991) ਵਿਚ ਬੜੇ ਵਿਸਥਾਰ ਨਾਲ ਦਿੱਤਾ ਹੈ। ਇਸ ਵਿਚ ਉਸਨੇ ਸੰਪਾਦਕੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ 'ਪਰੰਪਰਕ ਮਾਰਕਸਵਾਦੀਆਂ' ਦੀ ਤਕੜੀ ਆਲੋਚਨਾ ਕੀਤੀ ਹੈ ਜਿਨ੍ਹਾਂ ਨੇ ਮਾਰਕਸਵਾਦ ਨੂੰ ਧਰਮ ਵਾਂਗ ਹੀ ਅਪਨਾ ਰੱਖਿਆ ਹੈ ਅਤੇ ਉਸਨੂੰ ਬਿਨਾਂ ਸਮਝੇ ਜਾਣੇ ਉਸ ਬਾਰੇ ਊਲ ਜਲੂਲ ਗੱਲਾਂ ਕਰਦੇ ਰਹਿੰਦੇ ਹਨ। ਉਸਨੇ ਸਤਾਲਿਨਵਾਦੀ ਦੌਰ ਦੀ ਨਿਖੇਧੀ ਕੀਤੀ ਹੈ। ਉਸ ਅਨੁਸਾਰ ਕਾਰਲ ਮਾਰਕਸ ਨੇ ਜਿੱਥੇ ਮਨੁੱਖ ਦੀ ਆਜ਼ਾਦੀ ਦੀ ਗੱਲ ਕੀਤੀ ਸੀ, ਉੱਥੇ 'ਸਮਾਜਵਾਦੀ' ਮੁਲਕਾਂ ਵਿਚ 'ਲੇਬਰ ਕੈਂਪ' ਸਿਰਜ ਕੇ ਉਸ ਦਾ ਸਾਹ ਘੁੱਟ ਦਿੱਤਾ ਗਿਆ। ਏਸੇ ਪ੍ਰਸੰਗ ਵਿਚ ਉਹ ਫਰਾਇਡ ਦੇ ਮਨੋਵਿਗਿਆਨ ਦੇ ਪੁਨਰ ਅਧਿਐਨ 'ਤੇ ਜ਼ੋਰ ਦਿੰਦਾ ਹੈ, ਜਿਸਨੂੰ ਸੈਕਸ ਉੱਤੇ ਕੇਂਦਰਤ ਆਖ ਕੇ ਅਨਾੜੀ ਮਾਰਕਸਵਾਦੀਆਂ ਨੇ ਰੱਦ ਕੀਤੀ ਰੱਖਿਆ ਸੀ। ਇਸੇ ਤਰ੍ਹਾਂ ਉਹ ਸਾਰਤਰ ਦਾ ਵੀ ਪੂਰਾ ਮੁੱਲ ਪਾਉਂਦਾ ਹੈ, ਜਿਸ ਦੇ 'ਅਸਤਿਤਵਵਾਦ' ਦਾ ਮਾਰਕਸਵਾਦੀ ਹਲਕਿਆਂ ਵਿਚ ਯੋਗ ਮੁੱਲ ਨਹੀਂ ਪਿਆ। ਇਸੇ ਤਰ੍ਹਾਂ ਉਸ ਨੇ ਹਾਵਰਡ ਫਾਸਟ, ਟੀ.ਐੱਸ.ਈਲੀਅਟ,

ਅਹਿਰਨਬਰਗ, ਸਟੇਨਬੈੱਕ, ਪਾਸਤਰਨਾਕ, ਸੋਲਿਜ਼ਨਿਤਸਾਨ ਆਦਿ ਦੀ ਗੱਲ ਕਰਦਿਆਂ ਉਸ ਉਕਤੀ ਨੂੰ ਉਘਾੜਿਆ ਹੈ ਜਿਸ ਅਨੁਸਾਰ 'ਆਖਰੀ ਸੰਘਰਸ਼ ਕਮਿਊਨਿਸਟਾਂ ਅਤੇ ਕਮਿਊਨਿਸਟ ਪਾਰਟੀ 'ਚੋਂ ਨਿਕਲੇ ਹੋਏ ਕਮਿਊਨਿਸਟਾਂ ਵਿਚਕਾਰ ਹੋਵੇਗਾ।' ਉਸਦਾ ਮੰਨਣਾ ਹੈ ਕਿ ਇਸ ਸਮੇਂ ਹੋ ਰਹੀ ਸਮਾਜਵਾਦੀ ਮੁਲਕਾਂ ਵਿਚਲੀ ਉੱਥਲ ਪੁੱਥਲ ਇਸੇ ਹਕੀਕਤ ਨੂੰ ਦਰਸਾਉਂਦੀ ਹੈ।ਏਸੇ ਤੀਜੇ ਭਾਗ ਵਿਚ ਆਪਣੇ ਨਾਵਲ 'ਅੱਧੇ ਪੌਣੇ' ਬਾਰੇ ਡਾ. ਰਘਬੀਰ ਸਿੰਘ ਦੇ ਲਿਖੇ 'ਅੱਧੇ ਪੌਣੇ-ਅਮਾਨਵੀਕਰਨ ਦਾ ਚਿਤਰਨ' ਸਿਰਲੇਖ ਵਾਲੇ ਰੀਵੀਊ ਨਿਬੰਧ ਦੀ ਭਾਵੇਂ ਪ੍ਰਸ਼ੰਸਾ ਕੀਤੀ ਹੈ ਪਰ ਇਸਦੇ ਬੁਨਿਆਦੀ ਦੋਸ਼ ਵਜੋਂ ਮਾਰਕਸਵਾਦੀ ਆਲੋਚਨਾ ਦੀ ਰੂਪਕ ਪੱਖ ਨੂੰ ਅਣਡਿੱਠ ਕਰਨ ਦੀ ਕਮਜ਼ੋਰੀ ਉੱਤੇ ਵੀ ਉਂਗਲ ਉਠਾਈ ਹੈ। ਕਿਸੇ ਸਾਹਿਤਕ ਕਿਰਤ ਦੇ ਕਲਾ ਪੱਖ ਨੂੰ ਪਛਾਨਣ ਅਤੇ ਇਸ ਦੇ ਮਹੱਤਵ ਦੀ ਗੱਲ ਉਸਨੇ ਹੋਰਨੀਂ ਥਾਈਂ, ਖਾਸ ਕਰਕੇ ਇਸ ਗ੍ਰੰਥ ਦੇ ਪੰਜਵੇਂ ਮੁਲਾਕਾਤ ਵਾਲੇ ਭਾਗ ਵਿਚ, ਬੜੇ ਵਿਸਥਾਰ ਨਾਲ ਉਠਾਈ ਹੈ।

ਤੀਜੇ ਭਾਗ ਵਿਚ ਹੀ ਉਸਨੇ ਮਾਂ ਬੋਲੀ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ ਉਹ ਵੀ ਧਿਆਨ ਦੀ ਮੰਗ ਕਰਦੀਆਂ ਹਨ। ਇਹ ਗੱਲਾਂ ਉਸਨੇ ਦਹਾਕਿਆਂ ਪਹਿਲਾਂ ਕੀਤੀਆਂ ਸਨ ਜਦਕਿ ਇਸਦੇ ਟਾਕਰੇ ਮਰ ਰਹੀਆਂ ਬੋਲੀਆਂ ਦੇ ਪ੍ਰਸੰਗ ਵਿਚ ਯੂਨੈਸਕੋ ਦੀਆਂ ਰਿਪੋਰਟਾਂ ਤੋਂ ਬਾਅਦ ਹੀ ਹੁਣ ਸਾਡੇ ਚਿੰਤਕਾਂ ਨੇ ਪੰਜਾਬੀ ਦੇ ਭਵਿੱਖ ਬਾਰੇ ਵਧੇਰੇ ਗੰਭੀਰਤਾ ਨਾਲ ਸੋਚਣਾ ਸ਼ੁਰੂ ਕੀਤਾ ਹੈ। ਸਾਡੀ ਭਾਸ਼ਾ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਇਹ ਬਣ ਚੁੱਕੀ ਹੈ ਕਿ ਇਸਨੂੰ ਅਸੀਂ ਹੇਠੀ ਦੀ ਭਾਵਨਾ ਨਾਲ ਵੇਖਦੇ ਹਾਂ। ਪੰਜਾਬੀ ਭਾਸ਼ਾ ਦੇ ਅਲਮਬਰਦਾਰਾਂ ਦੇ ਘਰਾਂ ਵਿਚ ਹੀ ਇਹ ਦੁਰਕਾਰੀ ਹੋਈ ਬੈਠੀ ਹੈ। ਇਸ ਪ੍ਰਸੰਗ ਵਿਚ ਅਗਸਤ 1991 ਦੀ 'ਆਰਸੀ' ਵਿਚ ਸ਼ਸ਼ੀ ਸਮੁੰਦਰਾ ਦੀ ਛਪੀ ਲੰਮੀ ਚਿੱਠੀ ਦੇ ਪ੍ਰਤੀਕਰਮ ਵਜੋਂ ਫਰਵਰੀ 1992 ਦੀ 'ਆਰਸੀ' ਵਿਚ ਸੁਖਬੀਰ ਦਾ 'ਮਾਤ ਬੋਲੀ ਦਾ ਮਸਲਾ' ਸਿਰਲੇਖ ਹੇਠ ਜੋ ਲੇਖ ਛਪਿਆ ਹੈ, ਉਸ ਵਿਚ ਉਸਨੇ ਟੈਗੋਰ ਵੱਲੋਂ ਉਸਾਰੇ 'ਸ਼ਾਂਤੀ ਨਿਕੇਤਨ' ਤੇ ਉਸ ਵੱਲੋਂ ਬੱਚਿਆਂ ਲਈ ਲਿਖੀਆਂ ਪੁਸਤਕਾਂ ਦੀ ਗੱਲ ਕਰਦਿਆਂ ਮਾਂ ਬੋਲੀ ਦੇ ਮਹੱਤਵ ਨੂੰ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਹੈ। ਏਥੇ ਉਸਦੀਆਂ ਇਹ ਸਤਰਾਂ ਦੇਣੀਆਂ ਚਾਹਾਂਗੇ, ਜਿਹੜੀਆਂ ਉਸਨੇ ਬੰਬਈ ਵਿਚ ਪੰਜਾਬੀਆਂ ਦੇ ਘਰਾਂ ਵਿਚ ਪੰਜਾਬੀ ਦੀ ਹੋ ਰਹੀ ਦੁਰਗਤ ਦੇ ਸੰਬੰਧ ਵਿਚ ਲਿਖੀਆਂ ਹਨ, "ਬੰਬਈ ਵਿਚ ਰਹਿੰਦਿਆਂ ਮੈਂ ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਪਰਿਵਾਰਾਂ ਨੂੰ ਜਾਣਦਾ ਹਾਂ ਜਿਨ੍ਹਾਂ ਵਿਚ ਬੱਚੇ ਤੇ ਉਨ੍ਹਾਂ ਦੇ ਮਾਤਾ ਪਿਤਾ ਆਪਣੀ ਮਾਤ ਭਾਸ਼ਾ ਵਿਚ ਗੱਲਾਂ ਕਰਦੇ ਹਨ--ਗੁਜਰਾਤੀ, ਮਰਾਠੀ, ਬੰਗਾਲੀ, ਤਮਿਲ, ਤੇਲਗੂ, ਕੰਨੜ, ਮਲਿਆਲਮ ਆਦਿ ਵਿਚ। ਸਿਰਫ ਪੰਜਾਬੀਆਂ ਦੇ ਹੀ ਬਹੁਤੇ ਪਰਿਵਾਰਾਂ ਵਿਚ ਮੈਂ ਬੱਚਿਆਂ ਨੂੰ ਆਪਣੀ ਮਾਤ-ਬੋਲੀ ਵੱਲੋਂ ਅਣਜਾਣ ਵੇਖਿਆ ਹੈ, ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਨੇ ਸ਼ੁਰੂ ਤੋਂ ਹੀ ਉਨ੍ਹਾਂ ਨਾਲ ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲਾਂ ਕੀਤੀਆਂ ਹਨ। ਕਈ ਪਰਿਵਾਰਾਂ ਵਿਚ ਤਾਂ ਭੈੜੀ ਹਿੰਦੀ ਬੋਲੀ ਜਾਂਦੀ ਹੈ, ਜਿਸਨੂੰ ਕਿ ਬੰਬਈਆ ਹਿੰਦੀ (ਕਈ ਭਾਸ਼ਾਵਾਂ ਦੇ ਮਿਲਗੋਭੇ ਅਤੇ ਬੇ-ਸਿਰ-ਪੈਰ ਦੀ ਵਿਆਕਰਣ ਵਾਲੀ) ਕਿਹਾ ਜਾਂਦਾ ਹੈ, ਜਾਂ ਭੈੜੀ ਅੰਗਰੇਜ਼ੀ ਬੋਲੀ ਜਾਂਦੀ ਹੈ, ਕਿਉਂਕਿ ਮਾਤਾ ਪਿਤਾ ਅੰਗਰੇਜ਼ੀ ਨਹੀਂ ਜਾਣਦੇ। ਅਸਲ ਵਿਚ, ਭਾਰਤ ਵਿਚ ਪੰਜਾਬੀ ਕੌਮ ਹੀ ਅਜਿਹੀ ਕੌਮ ਹੈ, ਜਿਸ ਦੀਆਂ ਜੜ੍ਹਾਂ ਸਭਿਆਚਾਰ ਤੇ ਸੰਸਕ੍ਰਿਤੀ ਵਿਚ ਡੂੰਘੀਆਂ ਗਈਆਂ ਹੋਈਆਂ ਨਹੀਂ ਹਨ।"

ਇਸ ਗ੍ਰੰਥ ਦੇ ਚੌਥੇ ਭਾਗ 'ਸੁਖਬੀਰ ਰਚਿਤ ਸਾਹਿਤ ਦੀ ਆਲੋਚਨਾ' ਵਿਚ ਉਸਦੀ ਕਾਵਿ ਕਲਾ ਬਾਰੇ ਕਰਨਜੀਤ ਸਿੰਘ, ਡਾ. ਚੰਦਰ ਮੋਹਨ, ਗੁਰਦੀਪ ਸਿੰਘ ਅਤੇ ਜਸਬੀਰ ਕੌਰ ਦੇ ਲੇਖ ਸ਼ਾਮਲ ਕੀਤੇ ਗਏ ਹਨ। ਕਹਾਣੀ ਕਲਾ ਬਾਰੇ ਡਾ. ਚੰਦਰ ਮੋਹਨ, ਪਰਗਟ ਸਿੰਘ ਤੇ ਬਲਜੀਤ ਸਿੰਘ ਦੇ ਲੇਖ ਹਨ, ਅਤੇ ਉਸਦੇ ਨਾਵਲੀ ਸੰਸਾਰ ਬਾਰੇ ਡਾ. ਰਘਬੀਰ ਸਿੰਘ, ਜੰਗ ਬਹਾਦਰ ਗੋਇਲ, ਗੁਰਲਾਲ ਸਿੰਘ, ਗੁਰਦੀਪ ਕੌਰ, ਸ. ਸੋਜ਼ ਅਤੇ ਡਾ. ਚੰਦਰ ਮੋਹਨ ਨੇ ਭਰਪੂਰ ਚਾਨਣਾ ਪਾਇਆ



ਹੈ। ਸੁਖਬੀਰ ਦੇ ਨਾਵਲੀ ਜਗਤ ਦੀ ਗੱਲ ਕਰਦਿਆਂ ਵਿਦਵਾਨ ਆਲੋਚਕਾਂ ਨੇ 'ਸੜਕਾਂ ਤੇ ਕਮਰੇ' ਅਤੇ 'ਅੱਧੇ ਪੌਣੇ' ਦਾ ਉਚੇਚਾ ਜ਼ਿਕਰ ਕੀਤਾ ਹੈ। ਭਾਵੇਂ ਕਿ ਜਿਵੇਂ ਖੁਦ ਸੁਖਬੀਰ ਨੇ ਸੰਕੇਤ ਕੀਤਾ ਸੀ, ਉਸਦੀ ਰਚਨਾ ਦੇ ਮਨੋਵਿਗਿਆਨਕ ਪਾਸਾਰਾਂ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਆਲੋਚਕ ਕਾਫੀ ਉਰੇ ਰਹੇ ਹਨ। 'ਸੜਕਾਂ ਤੇ ਕਮਰੇ' ਸੱਚਮੁਚ ਸੁਖਬੀਰ ਦੀ ਸ਼ਾਹਕਾਰ ਰਚਨਾ ਹੈ। ਭਾਵੇਂ ਮੁੰਬਈ ਮਹਾਂ ਨਗਰ ਬਾਰੇ ਉਸ ਨੇ ਇਹ ਨਾਵਲ ਲਗਪਗ ਪੰਜਾਹ ਸਾਲ ਪਹਿਲਾਂ ਲਿਖਿਆ ਸੀ, ਪਰ ਮਹਾਂਨਗਰੀ ਜੀਵਨ ਤੇ ਚੇਤਨਾ ਨੂੰ ਕਲਾਵੇ ਲੈਣ ਦੇ ਪੱਖ ਤੋਂ ਪੰਜਾਬੀ ਦੀ ਹੋਰ ਕੋਈ ਨਾਵਲ ਰਚਨਾ ਇਸ ਨਾਲ ਵਰ ਮੇਚਦੀ ਨਜ਼ਰ ਨਹੀਂ ਆਉਂਦੀ। ਡਾ. ਰਘਬੀਰ ਸਿੰਘ ਨੇ ਵੀ ਆਪਣੇ ਲੰਬੇ ਲੇਖ 'ਸੁਖਬੀਰ ਦਾ ਨਾਵਲ ਜਗਤ' ਵਿਚ ਉਸਦੀ ਸਮੁੱਚੀ ਨਾਵਲ ਰਚਨਾ ਦਾ ਲੇਖਾ ਜੋਖਾ ਕਰਦਿਆਂ ਇਸ ਨਾਵਲ ਦਾ ਉਚੇਚਾ ਜ਼ਿਕਰ ਕੀਤਾ ਹੈ। ਆਪਣੀਆਂ ਮੁਲਾਕਾਤਾਂ ਵਿਚ ਸੁਖਬੀਰ ਨੇ ਵੀ ਸਵੀਕਾਰ ਕੀਤਾ ਹੈ ਕਿ ਉਸਦੇ ਗਲਪ ਸੰਸਾਰ ਨੂੰ ਰਘਬੀਰ ਸਿੰਘ ਨੇ ਬੜੀ ਗੰਭੀਰਤਾ ਨਾਲ ਘੋਖਿਆ ਹੈ। ਇਸ ਚੌਥੇ ਭਾਗ ਵਿਚ ਹੀ 'ਸੜਕਾਂ ਤੇ ਕਮਰੇ' ਬਾਰੇ ਇਸਦਾ ਪਾਠਮੂਲਕ ਅਧਿਐਨ ਪੇਸ਼ ਕਰਦਾ ਜੰਗ ਬਹਾਦਰ ਗੋਇਲ ਦਾ ਲੇਖ ਵੀ ਬੜਾ ਮਹੱਤਵਸ਼ਾਲੀ ਹੈ ਜੋ ਸੁਖਬੀਰ ਦੇ ਦਿਹਾਂਤ ਤੋਂ ਬਾਅਦ ਲਿਖਿਆ ਗਿਆ ਸੀ। ਜੰਗ ਬਹਾਦਰ ਗੋਇਲ ਦਾ ਇਹ ਮੰਨਣਾ ਹੈ ਕਿ ਜੇ ਸੁਖਬੀਰ ਨੇ ਮੇਰਾ ਲੇਖ ਪੜ੍ਹ ਲਿਆ ਹੁੰਦਾ ਹੈ ਤਾਂ ਉਸਨੂੰ ਹੋਈ ਆਪਣੀ ਨਾਵਲੀ ਆਲੋਚਨਾ ਤੋਂ ਹੋਰ ਸਕੂਨ ਹੀ ਪ੍ਰਾਪਤ ਹੋਣਾ ਸੀ।

ਇਸ ਸਿਮਰਿਤੀ ਗ੍ਰੰਥ ਦੇ ਆਖਰੀ ਭਾਗ ਵਿਚ ਸੁਕੀਰਤ, ਗੁਰਬਚਨ ਸਿੰਘ ਭੁੱਲਰ, ਮੋਹਨਜੀਤ ਅਤੇ ਡਾ. ਸੁਤਿੰਦਰ ਸਿੰਘ ਨੂਰ ਵੱਲੋਂ ਸਮੇਂ ਸਮੇਂ ਉਸ ਨਾਲ ਕੀਤੀਆਂ ਮੁਲਾਕਾਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸੁਕੀਰਤ ਵੱਲੋਂ ਕੀਤੀ ਮੁਲਾਕਾਤ ਜਿੱਥੇ ਪ੍ਰਸ਼ੰਸਾਤਮਕ ਸੁਰ ਵਾਲੀ ਹੈ, ਉੱਥੇ ਮੋਹਨਜੀਤ ਤੇ ਨੂਰ ਵਾਲੀ ਮੁਲਾਕਾਤ ਵਿਚ ਦੋਹੇਂ ਧਿਰਾਂ ਇਕ ਦੂਜੇ ਨੂੰ ਠੁੰਗੇ ਮਾਰਦੀਆਂ ਨਜ਼ਰੀਂ ਪੈਂਦੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਇਸ ਮੁਲਾਕਾਤ ਲਈ ਕਈ ਤਰੀਕਿਆਂ ਦੀ ਵਰਤੋਂ ਕੀਤੀ ਜਿਸ ਸੰਬੰਧੀ ਉਸ ਨੇ ਦੱਸਿਆ ਹੈ: "ਪਹਿਲੀ ਵਾਰ ਗੱਲਬਾਤ ਦੇ ਕਲਾਵੇ ਵਿਚ ਆਏ ਸਵਾਲਾਂ ਜਵਾਬਾਂ ਵਿਚੋਂ ਸਮੁੱਚੀ ਗੱਲਬਾਤ ਨੂੰ ਅੰਤਮ ਰੂਪ ਦੇਣ ਲਈ ਅਸੀਂ ਟਕਸਾਲੀ ਢੰਗ ਅਪਨਾਇਆ। ਨਵੇਂ ਉਭਰੇ ਸਵਾਲਾਂ ਦੇ ਡਾਕ ਰਾਹੀਂ ਜਵਾਬ। ਫੇਰ ਉਨ੍ਹਾਂ ਜਵਾਬਾਂ ਵਿਚੋਂ ਨਿਕਲੇ ਸਵਾਲਾਂ ਦੇ ਜਵਾਬ ਤੇ ਅੱਗੋਂ ਹੋਰ ਸਵਾਲ, ਫੇਰ ਹੋਰ ਸਵਾਲ...।" ਇੰਞ ਰਵਾਇਤ ਤੋਂ ਹਟ ਕੇ ਤਿਆਰ ਕੀਤੀ ਮੁਲਾਕਾਤ ਦੀ ਇਹ ਟੈਕਸਟ ਬਹੁ ਪਾਸਾਰ ਧਾਰਨ ਕਰ ਲੈਂਦੀ ਹੈ। ਇਨ੍ਹਾਂ ਸਮੁੱਚੀਆਂ ਮੁਲਾਕਾਤਾਂ ਵਿਚ ਸੁਖਬੀਰ ਨੇ ਸਮਕਾਲੀ ਸਾਹਿਤ-ਸਭਿਆਚਾਰਕ ਸੰਦ੍ਰਿਸ਼, ਆਮ ਰੂਪ ਵਿਚ ਸਾਹਿਤ ਚਿੰਤਨ ਦੇ ਨਾਲ ਨਾਲ ਆਪਣੇ ਬਾਰੇ ਬੜੀਆਂ ਬੇਬਾਕ ਗੱਲਾਂ ਕੀਤੀਆਂ ਹਨ। ਆਪਣੇ ਸਮੇਂ ਲਿਖੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਉਸਨੇ ਉਦਾਸੀਨਤਾ ਪ੍ਰਗਟਾਈ ਹੈ। ਜਿਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਹੁਤਿਆਂ ਲੇਖਕਾਂ ਦੀਆਂ ਰਚਨਾਵਾਂ ਉਸਦੇ ਸੰਪਰਕ ਵਿਚ ਹੀ ਨਾ ਆਈਆਂ ਹੋਣ।

ਪਰਿਵਾਰਕ ਮੈਂਬਰਾਂ ਅਤੇ ਵਿਭਿੰਨ ਸਾਹਿਤਕਾਰਾਂ ਨਾਲ ਸੁਖਬੀਰ ਦੀਆਂ ਬਹੁਤ ਸਾਰੀਆਂ ਫੋਟੋਆਂ ਇਸ ਸਿਮਰਿਤੀ ਗ੍ਰੰਥ ਦੀ ਸ਼ਾਨ ਵਿਚ ਵਾਧਾ ਕਰਦੀਆਂ ਹਨ। ਇਸ ਤਰ੍ਹਾਂ ਇਕਲਵਾਂਝੇ ਬੈਠ ਕੇ ਸਾਹਿਤ-ਸਿਰਜਣਾ ਤੇ ਚਿੰਤਨ ਵਿਚ ਜੁਟੇ ਰਹੇ ਇਸ ਦਰਵੇਸ਼ ਪਰ ਅਜ਼ੀਮ ਮਨੁੱਖ ਦੀ ਯਾਦ ਨੂੰ ਚੇਤੇ ਰੱਖਣ ਲਈ ਡਾ. ਚੰਦਰ ਮੋਹਨ ਅਤੇ ਪੰਜਾਬੀ ਸਾਹਿਤ ਸਭਾ ਦਿੱਲੀ ਦਾ ਉਪਰਾਲਾ ਬਹੁਤ ਸਾਰਥਕ ਹੋ ਨਿਬੜਿਆ ਹੈ। ਪੰਜਾਬੀ ਸਾਹਿਤ-ਸਿਰਜਣਾ ਦੀ ਪਿਆਰ-ਨਿਸ਼ਾਨੀ ਵਜੋਂ ਇਹ ਗ੍ਰੰਥ ਅਵੱਸ਼ ਸਾਂਭਣਯੋਗ ਹੈ।000

**(1457, ਸੈਕਟਰ 61, ਚੰਡੀਗੜ੍ਹ)**

## ਪੰਜਾਬ ਦੇ ਕੋਹੇਨੂਰ (ਵਿਅਕਤੀ ਚਿੱਤਰ) ਪ੍ਰਿੰ. ਸਰਵਣ ਸਿੰਘ

ਰੀਵੀਊ ਅਧੀਨ ਪੁਸਤਕ ਵਿਚ ਅਜੋਕੇ ਪੰਜਾਬ ਦੀਆਂ ਸਿਰਕੱਢ ਸ਼ਖ਼ਸੀਅਤਾਂ ਦੇ ਰੇਖਾ-ਚਿੱਤਰ ਹਨ। ਲਿਖਣ ਵਾਲਾ ਪ੍ਰਿੰਸੀਪਲ ਸਰਵਣ ਸਿੰਘ ਹੈ। ਪੁਸਤਕ ਦਾ ਨਾਂ ਹੈ 'ਪੰਜਾਬ ਦੇ ਕੋਹੇਨੂਰ' (ਸੰਗਮ ਪਬਲੀਕੇਸ਼ਨਜ਼, ਨਿਊ ਲੀਲ੍ਹਾ ਭਵਨ, ਪਟਿਆਲਾ, ਪੰਨੇ 320, ਮੁੱਲ 395 ਰੁਪਏ)। ਚੁਣੇ ਹੋਏ ਹੀਰਿਆਂ ਵਿਚ ਫਲਾਈਇੰਗ ਸਿੱਖ ਮਿਲਖਾ ਸਿੰਘ, ਪਹਿਲਵਾਨ ਅਭਿਨੇਤਾ ਦਾਰਾ ਸਿੰਘ, ਸਾਹਿਤਕ ਮੇਲਿਆਂ ਦਾ ਜਨਮ ਦਾਤਾ ਜਗਦੇਵ ਸਿੰਘ ਜੱਸੋਵਾਲ, ਫੁੱਟਬਾਲਰ ਜਰਨੈਲ ਸਿੰਘ, ਅਰਥ ਸ਼ਾਸਤਰੀ ਸਰਦਾਰਾ ਸਿੰਘ ਜੌਹਲ, ਨਾਵਲਕਾਰ ਜਸਵੰਤ ਸਿੰਘ ਕੰਵਲ, ਉੱਚੀ ਕਲਗੀ ਵਾਲਾ ਕਵੀਸ਼ਰ ਕਰਨੈਲ ਸਿੰਘ ਪਾਰਸ, ਸੌ ਸਾਲਾ ਦੌੜਾਕ ਫੌਜਾ ਸਿੰਘ ਤੇ ਹਾਕੀ ਵਾਲਾ ਬਲਬੀਰ ਸਿੰਘ ਸ਼ਾਮਲ ਹਨ। ਲੇਖਕ ਨੇ ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਪ੍ਰਭਾਵੀ ਤੇ ਰੌਚਕ ਪੱਖ ਫੜੇ ਹਨ।

ਜਗਤ ਪ੍ਰਸਿੱਧ ਪਹਿਲਵਾਨ ਤੇ ਅਭਿਨੇਤਾ ਦਾਰਾ ਸਿੰਘ ਦਾ ਬਚਪਨ ਤੋਂ ਲੈ ਕੇ ਜਵਾਨੀ ਤਕ ਬਿਸਤਰੇ ਵਿਚ ਪਿਸ਼ਾਬ ਨਿਕਲ ਜਾਂਦਾ ਸੀ। ਇਕ ਜਾਣੂ ਨੂੰ ਵਿਆਹੁਣ ਵਾਲੇ ਦਿਨ ਉਸਦਾ ਬਿਸਤਰਾ ਗਿੱਲਾ ਵੇਖ ਕੇ ਗਿੱਲੀ ਤਲਾਈ ਕਿਸੇ ਬੱਚੇ ਵਾਲੀ ਦੇ ਬਿਸਤਰੇ ਉੱਤੇ ਵਿਛਾਉਣੀ ਪਈ ਤੇ ਉਹਦੇ ਵਾਲੀ ਤਲਾਈ ਦਾਰਾ ਸਿੰਘ ਦੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਾਬਕਾ ਉਪ ਕੁਲਪਤੀ, ਭਾਰਤ ਦੇ ਕ੍ਰਿਸ਼ੀ ਮੰਤਰਾਲੇ ਦੇ ਖੇਤੀ ਲਾਗਤ ਕਮਿਸ਼ਨ ਦਾ ਪ੍ਰਥਮ ਕਮਿਸ਼ਨਰ ਤੇ ਪੰਜਾਬ ਰਾਜ ਯੋਜਨਾ ਬੋਰਡ ਨਾਲ ਵਾਰ ਵਾਰ ਜੁੜਿਆ ਸਰਦਾਰਾ ਸਿੰਘ ਜੌਹਲ ਸੇਵਾ ਮੁਕਤੀ ਤੋਂ ਪਿੱਛੋਂ ਸੈਂਟਰਲ ਯੂਨੀਵਰਸਿਟੀ ਬਠਿੰਡਾ ਦਾ ਚਾਂਸਲਰ ਬਣਿਆ ਅਤੇ ਬਜ਼ੁਰਗਾਂ ਲਈ ਦੋਰਾਹਾ ਦੀ ਬੁੱਕਲ ਵਿਚ 'ਹੈਵਨਲੀ ਐਬੋਡ' (ਸਵਰਗੀ ਟਿਕਾਣਾ) ਨਾਂ ਦੇ ਬਹੁ-ਪੱਖੀ ਤੇ ਬਹੁ-ਪਰਤੀ ਪ੍ਰਾਜੈਕਟ ਦਾ ਕਰਤਾ ਧਰਤਾ। ਪਰ ਉਹ ਆਪਣੇ ਪਿੰਡ ਦੇ ਉਹਨਾਂ ਮੁੰਡਿਆਂ ਵਿਚ ਪਲਿਆ ਸੀ ਜਿਨ੍ਹਾਂ ਨੂੰ ਦਸ ਸਾਲ ਦੀ ਉਮਰ ਤਕ ਕੱਛਾ ਪਜਾਮਾ ਪਹਿਨਣ ਦੀ ਨਾ ਹੀ ਜਾਚ ਸੀ ਤੇ ਨਾ ਹੀ ਲੋੜ ਅਨੁਭਵ ਹੁੰਦੀ ਸੀ। ਸੁੱਕੀਆਂ ਲੱਤਾਂ ਤੇ ਵੱਡੀ ਪੱਗ ਵਾਲੇ ਸੌ ਸਾਲਾ ਦੌੜਾਕ ਫੌਜਾ ਸਿੰਘ ਨੇ ਆਪਣੀ ਉਮਰ ਦੇ ਪਹਿਲੇ ਅੱਸੀ ਸਾਲ ਕਦੀ ਕਿਸੇ ਦੌੜ ਵਿਚ ਹਿੱਸਾ ਨਹੀਂ ਸੀ ਲਿਆ। ਬਲਵੰਤ ਸਿੰਘ ਰਾਮੂਵਾਲੀਆ ਤੇ ਇਕਬਾਲ ਰਾਮੂਵਾਲੀਆ ਦੇ ਕਵੀਸ਼ਰ ਪਿਤਾ ਕਰਨੈਲ ਸਿੰਘ ਪਾਰਸ ਨੇ ਅੱਧੀ ਉਮਰ ਭਾਵ ਪੰਜਤਾਲੀ ਸਾਲ ਲੰਘ ਜਾਣ ਤਕ ਕਵੀ ਦਰਬਾਰਾਂ ਵਿਚ ਆਪਣੀ ਰਚਨਾਕਾਰੀ ਨਹੀਂ ਸੀ ਪੇਸ਼ ਕੀਤੀ। ਹੋਰ ਕੁਝ ਵੀ ਨਾ ਲਿਖਦਾ ਤੇ ਪੜ੍ਹਦਾ ਤਾਂ ਵੀ ਉਸਨੂੰ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ' ਨੇ ਉੜਾਈ ਫਿਰਨਾ ਸੀ। ਲੇਖਕ ਨੇ ਪਾਰਸ ਵਾਲੇ ਲੇਖ ਦੇ ਮੁਖੜੇ ਵਿਚ ਉਸਦੀ ਸ਼ਖ਼ਸੀਅਤ ਦੇ ਨਚੋੜ ਵਜੋਂ ਉਸਦੀਆਂ ਇਹ ਲਾਈਨਾਂ ਦਿੱਤੀਆਂ ਹਨ:

*ਜੱਗ ਯਾਦ ਰਹੂ ਕਰ ਲੈ ਨੇਕੀ ਖੱਟ ਕੇ ਜਨਮ ਸੁਹੇਲਾ*
*ਹੈ ਆਉਣ ਜਾਣ ਬਣਿਆ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।*

ਫਲਾਈਇੰਗ ਸਿੱਖ ਨੂੰ ਜਦੋਂ 400 ਮੀਟਰ ਦੀ ਦੌੜ ਲਾਉਣ ਲਈ ਪੁੱਛਿਆ ਗਿਆ ਤਾਂ ਉਸਨੂੰ ਇਹ ਨਹੀਂ ਸੀ ਪਤਾ ਕਿ 400 ਮੀਟਰ ਕੁਲ ਮਿਲਾ ਕੇ ਕਿੰਨੇ ਕੁ ਹੁੰਦੇ ਹਨ। ਇਹ ਵੀ ਕਿ ਮਿਲਖਾ ਸਿੰਘ ਦੌੜਨ ਵੇਲੇ ਏਨੀ ਸੁੱਧ ਬੁੱਧ ਭੁਲਾ ਕੇ ਦੌੜਦਾ ਕਿ ਕਈ ਵਾਰ ਫੀਤਾ ਛੂਹੰਦੇ ਸਾਰ ਡਿਗ ਪੈਂਦਾ ਸੀ ਤੇ ਉਸਨੂੰ ਖੂਨ ਦੀ ਉਲਟੀ ਆ ਜਾਂਦੀ ਸੀ। ਸਭਿਆਚਾਰਕ ਮੇਲਿਆਂ ਦੇ ਸੁਲਤਾਨ ਜਗਦੇਵ ਸਿੰਘ ਜੱਸੋਵਾਲ ਦੀ ਬੇਬਾਕੀ ਬਾਰੇ ਲੇਖਕ ਲਿਖਦਾ ਹੈ ਕਿ ਜਦੋਂ ਜਸਟਿਸ ਗੁਰਨਾਮ ਸਿੰਘ ਪੰਜਾਬ ਦਾ ਮੁਖ ਮੰਤਰੀ ਬਣਿਆ ਤਾਂ ਉਸ ਨੇ ਜੱਸੋਵਾਲ ਨਾਲ ਆਪਣੀ ਕੋਠੀ ਵਿਚ ਜੱਥੇਦਾਰਾਂ ਦੇ ਦਗੜ ਦਗੜ ਆਉਣ ਦਾ ਦੁੱਖ ਸਾਂਝਾ ਕੀਤਾ। ਜੱਸੋਵਾਲ ਬੋਲਿਆ, 'ਜਸਟਿਸ ਸਾਹਿਬ, ਜੱਥੇਦਾਰਾਂ ਨੂੰ ਮੇਰੇ ਉੱਤੇ ਛੱਡੋ, ਮੈਂ ਸਾਂਭੂੰ ਇਨ੍ਹਾਂ ਨੂੰ। ਤੁਸੀਂ ਸ਼ਾਮ ਨੂੰ ਆਪਣੀ ਸੰਗਤ ਮਾਣਿਆ ਕਰੋ। ਮੈਨੂੰ ਖੁਲ੍ਹਾ ਡੁਲ੍ਹਾ



ਰਾਸ਼ਨ ਲੈ ਦਿਉ, ਘਿਉ ਦੇ ਪੀਪੇ, ਖੰਡ ਦੀਆਂ ਬੋਰੀਆਂ, ਸੂਜੀ ਦੇ ਗੱਟੂ, ਚਾਹ ਦੇ ਡੱਬੇ ਤੇ ਲੌਂਗ ਲੈਚੀਆਂ ਦੇ ਪੈਕਟ। ਇਕ ਕੜਾਹੀ ਤੇ ਇਕ ਬਲਟੋਹੀ।' ਜਸਵੰਤ ਸਿੰਘ ਕੰਵਲ ਨੂੰ ਪੰਜਾਬੀ ਸਾਹਿਤ ਦਾ ਸਰੂ ਦਾ ਰੁੱਖ ਕਹਿਣ ਪਿੱਛੋਂ ਉਸਦੀਆਂ ਗਤੀਵਿਧੀਆਂ ਬਾਰੇ ਸਰਵਣ ਸਿੰਘ ਲਿਖਦਾ ਹੈ, 'ਕੰਵਲ ਸਰਪੰਚ ਰਿਹੈ, ਸਾਹਿਤ ਸਭਾਵਾਂ ਦਾ ਪ੍ਰਧਾਨ ਤੇ ਸਾਧਾਂ ਤੇ ਵੈਲੀਆਂ ਦਾ ਸੰਗੀ। ਦਾਰੂ ਪੀਂਦਾ ਵੀ ਰਿਹੈ, ਛੱਡਦਾ ਵੀ ਰਿਹੈ। ਪਾਰਟੀ ਆਗੂਆਂ ਨੂੰ ਮਿਲਦਾ ਜੁਲਦਾ ਉਨ੍ਹਾਂ ਦੀ ਵਿਚੋਲਗਿਰੀ ਵੀ ਕਰਦਾ ਰਿਹੈ ਤੇ ਉਨ੍ਹਾਂ ਨੂੰ ਖੁਲ੍ਹੀਆਂ ਚਿੱਠੀਆਂ ਵੀ ਲਿਖਦਾ ਰਿਹੈ। ਜ਼ਫਰਨਾਮਾ, ਫਤਿਹਨਾਮਾ ਤੇ ਜਿੱਤਨਾਮਾ।'

ਸਰਵਣ ਸਿੰਘ ਦੀ ਨੀਝ ਏਨੀ ਤਿੱਖੀ ਤੇ ਬਹੁ-ਕੂੰਟੀ ਹੈ ਕਿ ਉਹਦੇ ਕੋਲ ਹਰ ਜਾਣੂ ਬਾਰੇ ਏਨੀਆਂ ਗੱਲਾਂ ਹਨ ਕਿ ਇਕੋ ਵਾਰ ਸਾਰੀਆਂ ਨਹੀਂ ਦੱਸੀਆਂ ਜਾਂਦੀਆਂ। ਖੇਡਾਂ ਦੀ ਦੁਨੀਆਂ ਵਿਚੋਂ ਉਭਰੀ ਉਸਦੀ ਲਿਖਣ ਸ਼ੈਲੀ ਵਿਕੋਲਿਤਰੀ ਤੇ ਪਾਠਕ ਨੂੰ ਨਾਲ ਤੋਰਨ ਵਾਲੀ ਹੈ। ਕੁਝ ਨਮੂਨੇ ਵੇਖੋ: 'ਜੱਸੋਵਾਲ ਨੂੰ ਪੰਜਾਬੀ ਸਭਿਆਚਾਰ ਦਾ ਥੰਮ੍ਹ ਐਵੇਂ ਨਹੀਂ ਸੀ ਕਿਹਾ ਜਾਂਦਾ। ਮੋਹਨ ਸਿੰਘ ਮੇਲੇ ਵਿਚ ਸਾਹਿਤਕਾਰ, ਗੀਤਕਾਰ, ਗਾਇਕ, ਕੱਵਾਲ, ਰਾਗੀ, ਢਾਡੀ, ਪੱਤਰਕਾਰ, ਚਿੱਤਰਕਾਰ, ਭੰਡ, ਨਕਲੀਏ, ਰਾਸਧਾਰੀਏ, ਕਵੀ, ਕਵੀਸ਼ਰ, ਸਪੇਰੇ, ਗਤਕੇ ਵਾਲੇ, ਗਿੱਧੇ ਤੇ ਭੰਗੜੇ ਵਾਲੇ, ਜ਼ਿੰਦਾ ਡਾਨਸ ਤੇ ਨਾਟਕ ਮੰਡਲੀਆਂ - ਗੱਲ ਕੀ ਹਰ ਤਰ੍ਹਾਂ ਦੇ ਕਲਾਕਾਰ ਰਲ਼ ਗਏ। ਜੱਸੋਵਾਲ ਦੇ ਕਹਿਣ 'ਤੇ ਇਕ ਵਾਰ ਮੈਂ ਕਬੱਡੀ ਦੇ ਖਿਡਾਰੀ ਵੀ ਲੈ ਗਿਆ ਜਿਨ੍ਹਾਂ ਨੇ ਮੇਲੇ ਵਿਚ ਕਬੱਡੀ ਦਾ ਨੁਮਾਇਸ਼ੀ ਮੈਚ ਖੇਡਿਆ। ਮੇਲੇ ਵਿਚ ਨੁਮਾਇਸ਼ਾਂ ਲੱਗਣ ਲੱਗੀਆਂ ਤੇ ਪੁਸਤਕਾਂ ਦੇ ਸਟਾਲ ਸਜਣ ਲੱਗੇ। ਮੋਹਨ ਸਿੰਘ ਮੇਲੇ ਨੂੰ ਬਹੁਤੇ ਲੋਕ ਜੱਸੋਵਾਲ ਦਾ ਮੇਲਾ ਕਹਿਣ ਲੱਗ ਪਏ। ਉਸ ਮੇਲੇ ਨੂੰ ਵੇਖ ਕੇ ਪੰਜਾਬ ਵਿਚ ਸਭਿਆਚਾਰਕ ਮੇਲਿਆਂ ਦੀ ਲਹਿਰ ਤੁਰ ਪਈ ਜੋ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿਚ ਵੀ ਚਲੀ ਗਈ। ਵੈਨਕੂਵਰ ਵਿਚ ਗ਼ਦਰੀ ਬਾਬਿਆਂ ਦਾ ਮੇਲਾ ਏਨਾ ਮਸ਼ਹੂਰ ਹੋਇਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਾਮਾਗਾਟਾ ਮਾਰੂ ਕਾਂਡ ਦੀ ਮੁਆਫੀ ਮੇਲੇ ਵਿਚ ਆ ਕੇ ਮੰਗੀ।'

ਜਦੋਂ ਡਾ. ਸਰਦਾਰ ਸਿੰਘ ਜੌਹਲ ਦੀ ਗੱਲ ਕਰਦਾ ਹੈ ਤਾਂ ਲੇਖਕ ਉਸਦੇ ਹੀ ਲਿਖੇ ਵਾਕਾਂ ਦੀ ਟੇਕ ਲੈਣੀ ਠੀਕ ਸਮਝਦਾ ਹੈ: 'ਸਕੂਲੋਂ ਹਟਾ ਕੇ ਮੈਨੂੰ ਖੇਤੀ ਵਿਚ ਦਵੱਲਿਆ ਗਿਆ। ਮੈਂ ਆਪਣੇ ਪਿਤਾ ਨਾਲ ਹਲਾਂ ਦਾ ਪੂਰਾ ਪੂਰਾ ਜੋਤਾ ਲਾਉਂਦਾ ਸੀ।...ਜਿਸ ਦਿਨ ਹਲੀਂ ਨਹੀਂ ਗਿਆ, ਸਾਰੇ ਡੰਗਰ-ਮਾਲ ਲਈ ਚਾਰਾ ਕੱਟ ਕੇ ਕੁਤਰੇ ਦੀ ਮਸ਼ੀਨ ਤਾਈਂ ਲਿਆਉਣਾ ਮੇਰੀ ਡਿਊਟੀ ਹੁੰਦੀ ਸੀ। ਗਰਮੀਆਂ ਵਿਚ ਪਲੀ ਹੋਈ ਚਰ੍ਹੀ-ਜੁਆਰ ਦੀਆਂ ਤਿੰਨ ਭਰੀਆਂ ਵੱਢ ਕੇ ਮਸ਼ੀਨ 'ਤੇ ਤਿਆਰ ਰੱਖਣੀਆਂ ਪੈਂਦੀਆਂ ਸਨ। ਹਲ ਛੱਡ ਕੇ, ਤਾਇਆ ਜੀ ਮਸ਼ੀਨ ਵਿਚ ਚਰ੍ਹੀ ਦੇ ਰੁੱਗ ਦਿਆ ਕਰਦੇ ਸਨ ਅਤੇ ਮੈਂ ਕੁਤਰੇ ਦੀ ਮਸ਼ੀਨ ਗੇੜਦਾ ਹੁੰਦਾ ਸੀ। ਪੈਰਾਂ ਦੇ ਅੰਗੂਠਿਆਂ ਤੇ ਨੌਂਹਾਂ ਤੋਂ ਅੱਗੇ ਪੈਰਾਂ ਥੱਲਿਉਂ ਪਸੀਨੇ ਦੀ ਰੌੜ੍ਹ ਵਗਣ ਲਗਦੀ ਸੀ।... ਤਾਇਆ ਜੀ ਤੇ ਪਿਤਾ ਦੇ ਕੰਮ ਵਾਲੇ ਕਪੜੇ ਮੈਂ ਛਪੜੀ ਦੇ ਪਾਣੀ ਨਾਲ ਧੋਂਦਾ ਤੇ ਇਹ ਸਿਲਸਿਲਾ ਮੇਰੀ ਬੀ.ਏ. ਦੀ ਪੜ੍ਹਾਈ ਤਕ ਹੀ ਨਹੀਂ, ਨੌਕਰੀ ਲੱਗਣ ਤਕ ਜਾਰੀ ਰਿਹਾ।'

ਜਸਵੰਤ ਸਿੰਘ ਕੰਵਲ ਨੂੰ ਲੇਖਕ 'ਉਠਦਾ ਬੈਠਦਾ, ਤੁਰਦਾ ਫਿਰਦਾ, ਪੜ੍ਹਦਾ ਲਿਖਦਾ, ਬੋਲਦਾ ਚਲਦਾ, ਹਸਦਾ ਖੇਡਦਾ, ਮਸਤੀ ਮਾਰਦਾ, ਇਸ਼ਕ ਕਰਦਾ ਤੇ ਹੰਝੂ ਵਹਾਉਂਦਾ ਵੇਖਦਾ ਰਿਹਾ। ਉਹਨੂੰ ਅਨੇਕਾਂ ਰੰਗਾਂ ਤੇ ਰੌਂਆਂ ਵਿਚ ਵੇਖਣ ਦੇ ਮੌਕੇ ਮਿਲੇ ਹਨ। ਕਦੇ ਖੇੜੇ 'ਚ ਖਿੜਦਾ, ਕਦੇ ਉਦਾਸੀ 'ਚ ਝੂਰਦਾ। ਕਦੇ ਕਾਨਫਰੰਸਾਂ 'ਤੇ ਜਾਂਦਾ, ਕਦੇ ਸਾਹਿਤ ਸਭਾਵਾਂ 'ਚ ਬੋਲਦਾ। ਕਦੇ ਕੋਟ ਪੈਂਟ ਪਾਏ ਹੁੰਦੇ, ਕਦੇ ਲੁੰਗੀ ਲਾਈ ਹੁੰਦੀ, ਕਦੇ ਮੰਡਾਸਾ ਮਾਰਿਆ ਹੁੰਦਾ, ਕਦੇ ਲੋਈ ਲਈ ਹੁੰਦੀ...ਕਦੇ ਧੂਣੀ ਰਮਾਉਂਦਾ, ਕਦੇ ਧੁੱਪ ਸੇਕਦਾ। ਕਦੇ ਵੱਟ ਵੰਨੇ, ਕਦੇ ਟਾਹਲੀ ਦੀ ਛਾਵੇਂ। ਕਦੇ

ਪੱਬਾਂ ਭਾਰ ਬੈਠਾ ਤੇ ਕਦੇ ਝੂਲਾ ਝੂਲਦਾ। ਕਦੇ ਨਿਆਣਿਆਂ ਨਾਲ ਕੌਡਾਂ ਖੇਡਦਾ ਤੇ ਉਨ੍ਹਾਂ ਦੇ ਬੋਦਿਆਂ ਨੂੰ ਵੱਟ ਦਿੰਦਾ। ਕਦੇ ਤਾਸ਼ ਖੇਡਦਾ, ਕਦੇ ਸ਼ਤਰੰਜ। ਕਦੇ 'ਕੱਲਾ ਬੈਠਾ ਹੀ ਆਪਣੇ ਆਪ ਨਾਲ ਗੱਲਾਂ ਕਰਦਾ। ਕਦੇ ਵਰਾਂਡੇ ਵਿਚ ਕੁਰਸੀ ਮੇਜ਼ 'ਤੇ ਲਿਖਦਾ ਪੜ੍ਹਦਾ ਤੇ ਕਦੇ ਆਏ ਗਿਆਂ ਨਾਲ ਬਚਨ ਬਿਲਾਸ ਕਰਦਾ।'

ਮੇਰੇ ਵਾਲੇ ਖਾਲਸਾ ਕਾਲਿਜ ਮਾਹਿਲਪੁਰ ਦੇ ਪੜ੍ਹੇ ਹੋਏ ਜਰਨੈਲ ਸਿੰਘ ਫੁੱਟਬਾਲਰ ਬਾਰੇ ਵੀ ਸਰਵਣ ਸਿੰਘ ਦੇ ਬੋਲ ਉਸਦੇ ਧੁਰ ਅੰਦਰਲੇ ਦਰਦ ਨਾਲ ਭਿੱਜੇ ਹੋਏ ਹਨ। ਖਾਸ ਕਰੋ ਉਸਦੇ ਅੰਤਲੇ ਸੁਆਸਾਂ ਦੀ ਘੜੀ ਬਾਰੇ। 'ਏਸ਼ੀਆ ਦਾ ਜਰਨੈਲ ਜਿੱਤਦਾ ਆਖਰ ਮੌਤ ਹੱਥੋਂ ਹਾਰ ਗਿਆ। ਖਾਲਸਾ ਕਾਲਿਜ ਮਾਹਿਲਪੁਰ ਦੇ ਜਿਸ ਮੈਦਾਨ ਨੂੰ ਉਹਨੇ ਮੁੜ੍ਹਕੇ ਨਾਲ ਸਿੰਜਿਆ ਸੀ, ਉੱਥੇ ਉਸਦੀ ਦੇਹ ਦੇ ਅੰਤਮ ਦਰਸ਼ਨ ਕਰਾਏ ਗਏ ਤੇ ਪਨਾਮ ਵਿਚ ਦਾਹ ਸੰਸਕਾਰ ਕੀਤਾ ਗਿਆ। ਉਹਦੀ ਯਾਦ ਵਿਚ ਗੜ੍ਹਸ਼ੰਕਰ ਵਿਚ ਓਲੰਪੀਅਨ ਜਰਨੈਲ ਸਿੰਘ ਸਟੇਡੀਅਮ ਬਣਾਇਆ ਗਿਆ ਜਿੱਥੇ ਹਰ ਸਾਲ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਹੁੰਦੈ। ਹਰ ਸਾਲ ਮਹਿਸੂਸ ਹੁੰਦੈ ਜਿਵੇਂ ਜਰਨੈਲ ਸਿੰਘ ਅਜੇ ਵੀ ਖੇਡ ਰਿਹਾ ਹੋਵੇ।'

ਸਰਵਣ ਸਿੰਘ ਦੇ ਮਨ ਵਿਚ ਮਿਲਖਾ ਸਿੰਘ ਨਾਲ ਵੀ ਅੰਤਾਂ ਦਾ ਮੋਹ ਹੈ। 'ਦੌੜ ਮਿਲਖਾ ਸਿੰਘ ਦੀ ਜ਼ਿੰਦਗੀ ਹੈ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਰੇਤਲੇ ਰਾਹਾਂ 'ਤੇ ਨੰਗੇ ਪੈਰ ਭੁੱਜਦੇ ਤਾਂ ਦੌੜਕੇ ਕਿਸੇ ਰੁੱਖ ਦੀ ਛਾਵੇਂ ਜਾ ਕੇ ਠੰਢੇ ਕਰਦਾ...1947 ਵਿਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਨਾਲ ਦੌੜਿਆ ਤੇ ਚੋਰੀਆਂ ਚਕਾਰੀਆਂ ਕੀਤੀਆਂ। ਪੁਲਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਚੜ੍ਹਦੀ ਜੁਆਨੀ 'ਚ ਉਹ ਇਕ ਗ਼ਰੀਬ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਸਪੈਸ਼ਲ ਦੁੱਧ ਦਾ ਗਲਾਸ ਲੁਆਇਆ। ਦੌੜ ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੂਨੀਅਰ ਕਮਿਸ਼ਨਡ ਅਫਸਰ ਬਣਿਆ। ਦੇਸਾਂ ਪਰਦੇਸਾਂ ਵਿਚ ਦੌੜ ਕੇ ਉਹ ਮੈਡਲ ਤੇ ਕੱਪ ਜਿੱਤਦਾ ਰਿਹਾ। ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਦੌੜਿਆ ਤਾਂ 'ਫਲਾਈਇੰਗ ਸਿੱਖ' ਦਾ ਖਿਤਾਬ ਮਿਲਿਆ।'

ਪਹਿਲਵਾਨ ਤੋਂ ਅਭਿਨੇਤਾ ਬਣੇ ਦਾਰਾ ਸਿੰਘ ਬਾਰੇ ਵੀ ਸਰਵਣ ਸਿੰਘ ਦੱਸਦਾ ਹੈ ਕਿ ਉਸਨੇ 'ਪਹਿਲਵਾਨ ਦਾ ਰੋਲ ਤਾਂ ਕਈ ਫਿਲਮਾਂ ਵਿਚ ਕੀਤਾ, ਬਲਕਿ ਉਹ ਫਿਲਮਾਂ ਵਿਚ ਆਇਆ ਹੀ ਤਕੜੇ ਜੁੱਸੇ ਵਾਲਾ ਪਹਿਲਵਾਨ ਹੋਣ ਕਰਕੇ ਸੀ। ਉਹ ਕੁਝ ਫਿਲਮਾਂ ਦਾ ਡਾਇਰੈਕਟਰ ਵੀ ਬਣਿਆ ਤੇ ਕੁਝ ਫਿਲਮਾਂ ਆਪ ਬਣਾਈਆਂ। ਹਿੰਦੀ ਦੀਆਂ 122 ਫਿਲਮਾਂ ਨਾਲ ਪੰਜਾਬੀ ਦੀਆਂ ਵੀ 22 ਫਿਲਮਾਂ ਵਿਚ ਕੰਮ ਕੀਤਾ। ਉਸਨੂੰ ਸੁਪਰਮੈਨ ਵਜੋਂ ਪੇਸ਼ ਕੀਤਾ ਗਿਆ। ਇਸ਼ਤਿਹਾਰ ਦੇਣ ਵਾਲੇ ਘਿਓ ਦੇ ਡੱਬੇ ਵੇਚਣ ਲਈ ਦਾਰਾ ਸਿੰਘ ਦਾ ਨਾਂ ਵਰਤਣ ਲੱਗੇ। ਕਿਸੇ ਦਾ ਜ਼ੋਰ ਪਰਖਣ ਲਈ ਕਿਹਾ ਜਾਣ ਲੱਗਾ, ਤੂੰ ਕਿਹੜਾ ਦਾਰਾ ਸਿੰਘ ਭਲਵਾਨ ਏਂ। ਪਰ ਉਮਰ ਦੇ ਅਖੀਰਲੇ ਸਮੇਂ ਪਹਿਲਵਾਨ/ ਐਕਟਰ ਦਾਰਾ ਸਿੰਘ ਨੂੰ ਤੁਰਨ ਫਿਰਨ ਲਈ ਵਾਕਰ ਦੀ ਲੋੜ ਪੈ ਗਈ ਸੀ।'

ਕਰਨੈਲ ਸਿੰਘ 'ਪਾਰਸ ਨੇ ਪੰਜਾਹ ਪਚਵੰਜਾ ਕਿੱਸੇ ਤੇ ਪ੍ਰਸੰਗ ਰਚੇ ਤੇ ਫੁਟਕਲ ਕਵੀਸ਼ਰੀ ਵੀ ਜੋੜਦਾ ਰਿਹਾ। ਪੂਰਨ ਭਗਤ, ਕੌਲਾਂ ਭਗਤਣੀ, ਤਾਰਾ ਰਾਣੀ, ਸਰਵਣ ਪੁੱਤ, ਹੀਰ ਰਾਂਝਾ, ਨੇਤਾ ਜੀ ਸੁਭਾਸ਼ ਚੰਦਰ ਬੋਸ, ਬਿਧੀ ਚੰਦ ਦੇ ਘੋੜੇ, ਮੌਤ ਦਾ ਰਾਗ, ਰੂਪ ਬਸੰਤ ਤੇ ਦਹੂਦ ਬਾਦਸ਼ਾਹ। ਅੰਤਲ ਕਿੱਸਾ ਪਾਰਸ ਵੱਲੋਂ ਮੋਗੇ ਵਾਲੇ ਕਿਸ਼ਨ ਸਿੰਘ ਹਮੀਰ ਸਿੰਘ ਨੂੰ ਚਾਹ ਦੀ ਬਾਲਟੀ ਬਦਲੇ ਪ੍ਰਕਾਸ਼ਤ ਕਰਨ ਨੂੰ ਦਿੱਤਾ ਗਿਆ ਜਿਹੜਾ ਅੰਤ ਦੋ ਲੱਖ ਦੀ ਗਿਣਤੀ ਤਕ ਛਪਿਆ। ਲਿਖਤਾਂ ਤੋਂ ਵੀ ਵੱਧ ਪਾਰਸ ਦੇ ਜੀਵਨ ਬਾਰੇ ਸਰਵਣ ਸਿੰਘ ਨੇ ਭਰਪੂਰ ਜਾਣਕਾਰੀ ਦਿੱਤੀ ਹੈ ਜੋ ਇਕ ਦਮ



ਰੌਚਕ ਵੀ ਹੈ ਤੇ ਪ੍ਰੇਰਣਾਮਈ ਵੀ।

ਮੈਂ ਹੱਥਲੇ ਰੀਵੀਊ ਵਿਚ ਸਰਵਣ ਸਿੰਘ ਦੇ 'ਕੋਹੇਨੂਰਾਂ' ਦਾ ਨੂਰ ਵੀ ਫੜਿਆ ਹੈ ਤੇ ਉਨ੍ਹਾਂ ਦੇ ਲੇਖਕ ਦੀ ਸ਼ੈਲੀ ਦਾ ਨੂਰ ਵੀ। ਉਮੀਦ ਹੈ ਏਨਾ ਲਿਖਿਆ ਪੜ੍ਹ ਲੈਣ ਪਿੱਛੋਂ ਪਾਠਕਾਂ ਦੀ ਪੂਰੀ ਪੁਸਤਕ ਪੜ੍ਹਨ ਵਿਚ ਦਿਲਚਸਪੀ ਬਣ ਹੀ ਜਾਵੇਗੀ। **-ਗੁਲਜ਼ਾਰ ਸਿੰਘ ਸੰਧੂ**

## ਰੂਹ ਦੀ ਪਰਵਾਜ਼ (ਕਾਵਿ ਸੰਗ੍ਰਹਿ) ਸੰਦੀਪ

ਸੰਦੀਪ ਦੀ ਸ਼ਾਇਰੀ ਦੀ ਪੋਥੀ 'ਰੂਹ ਦੀ ਪਰਵਾਜ਼' (ਪੰਨੇ 103, ਮੁੱਲ 150, ਅਸਥੈਟਿਕਸ ਪਬਲੀਕੇਸ਼ਨਜ਼ ਲੁਧਿਆਣਾ) ਪੜ੍ਹਦਿਆਂ ਵਾਰ-ਵਾਰ ਇਹ ਅਹਿਸਾਸ ਹੋਇਆ ਕਿ ਕਵਿਤਾ ਬਾਰੇ ਲਿਖਣਾ ਕਿੰਨਾ ਔਖਾ ਹੈ! ਸੋਚਾਂ ਦੇ ਘੋੜਿਆਂ ਦੀ ਦੁੜਕੀ ਦੇ ਬਾਵਜੂਦ, ਥੋੜ੍ਹੀ ਕੀਤੇ ਕਿਤੇ ਦਾਤੀ ਪੈ ਨਹੀਂ ਸੀ ਰਹੀ। ਸ਼ਾਇਦ ਖਾਮੋਸ਼ੀ ਦੀਆਂ ਲਹਿਰਾਂ, ਸ਼ਾਇਰੀ ਦੀਆਂ ਅਣਕਹੀਆਂ ਅੰਦਰ ਬਹੁਤ ਡੂੰਘੀਆਂ ਲੱਥੀਆਂ ਹੋਈਆਂ ਹਨ। ਸੰਦੀਪ ਖੁਦ ਆਪਣੀ ਕਵਿਤਾ 'ਖਾਮੋਸ਼ੀ' ਵਿਚ ਆਖਦੀ ਹੈ: *'ਮੁਹੱਬਤ ਵਿਚ ਖਾਮੋਸ਼ ਹੀ ਰਹੀਏ / ਤਾਂ ਚੰਗੈ / ਜੇ ਬੋਲ ਪਏ ਤਾਂ ਫਿਰ / ਬੋਲਣ ਜੋਗੇ ਨਹੀਂ ਰਹਾਂਗੇ'*; ਪਰ ਸ਼ਾਇਰਾ ਨੇ ਜਦੋਂ ਸ਼ਬਦਾਂ ਦੀ ਸੱਦ ਲਾਈ ਹੈ, ਤਾਂ ਉਹ ਇਸ ਨਿੱਕੀ ਜਿਹੀ ਪੋਥੀ ਦੀ ਆਖਰੀ ਕਵਿਤਾ/ਸਤਰ ਤਕ ਆਪਣੇ ਅਹਿਸਾਸਾਂ ਦੀ ਵਾਛੜ ਕਰੀ ਜਾਂਦੀ ਹੈ। ਇਸ ਵਾਛੜ ਵਿਚ ਆਪੇ ਦੀ ਪਛਾਣ ਦੀ ਕੋਈ ਲਲ੍ਹਕ ਘੁਲੀ ਹੋਈ ਹੈ ਜਿਹੜੀ ਢੋਏ ਪਏ ਹਰ ਬੂਹੇ ਉੱਤੇ ਧਰਤ 'ਤੇ ਡਿੱਗਦੀਆਂ ਪਹਿਲ-ਪਲੇਠੀਆਂ ਕਣੀਆਂ ਵਾਂਗ ਦਸਤਕ ਦਿੰਦੀ ਹੈ। ਇਹ ਦਸਤਕ ਸਾਧਾਰਨ ਨਹੀਂ; ਇਸ ਵਿਚ ਵਿਰਲਾਪ, ਬੇਵਸੀ, ਵਿਅੰਗ ਅਤੇ ਵੰਗਾਰ ਦੀਆਂ ਤੀਬਰ, ਤਿੱਖੀਆਂ, ਤੇਜ਼ ਤੇ ਤੁਰਸ਼ ਠਕੋਰਾਂ ਹਨ। ਵਿਰਲਾਪ, ਬੇਵਸੀ, ਵਿਅੰਗ ਤੇ ਵੰਗਾਰ ਦਾ ਇਹ ਚਿਹਨ-ਚੱਕਰ ਨਿਰਵਿਘਨ, ਲਗਾਤਾਰ ਚੱਲਦਾ ਹੈ। ਅਰੋਕ। ਅਟੁੱਟ। ਬਹੁਤ ਥਾਈਂ ਇਹ ਸਹਿਜ ਦੀ ਚਾਸ਼ਣੀ 'ਚ ਲਿਪਟਿਆ, ਬਹੁਤ ਧੀਮੀ ਦਸਤਕ ਦਿੰਦਾ ਹੈ। ਇਹ ਦਸਤਕ ਇੰਨੀ ਧੀਮੀ ਹੈ ਕਿ ਸੁਣਨ ਲਈ ਪਉਣਾਂ ਅਤੇ ਪਾਣੀ ਨੂੰ ਰਤਾ ਕੁ ਸਾਹ ਲੈਣ ਲਈ ਆਖਣਾ ਪੈਂਦਾ ਹੈ। ਖੌਰੇ ਇਸੇ ਕਰ ਕੇ ਸ਼ਾਇਰ ਸੁਰਜੀਤ ਪਾਤਰ ਨੂੰ ਵੀ ਇਸ ਪੋਥੀ ਦੀ 'ਆਦਿਕਾ' ਵਿਚ ਉਪਰੋਥਲੀ ਦੋ ਵਾਰ, ਪਹਿਲਾਂ ਅਲਾਮਾ ਇਕਬਾਲ ਤੇ ਫਿਰ ਮਿਰਜ਼ਾ ਗ਼ਾਲਿਬ ਦੇ ਸ਼ਿਅਰਾਂ ਨੂੰ ਹਾਕਾਂ ਮਾਰਨੀਆਂ ਪੈਂਦੀਆਂ ਹਨ। ਇਸੇ ਤਰ੍ਹਾਂ ਪੋਥੀ ਦੀ 'ਭੂਮਿਕਾ' ਵਿਚ ਸ਼ਾਇਰ ਸਿਰੀ ਰਾਮ ਅਰਸ਼ ਨੂੰ ਇਸਤਰੀ ਮਨ ਦੀ ਵੇਦਨਾ ਵਾਲੇ ਭਾਵਾਂ ਦੀ ਗੱਲ ਕਰਨ ਵੇਲੇ ਪੁਰਾਤਨ ਗ੍ਰੰਥਾਂ ਦਾ ਸਹਾਰਾ ਲੱਭਣਾ ਪੈਂਦਾ ਹੈ ਜਿਨ੍ਹਾਂ ਵਿਚ, ਉਨ੍ਹਾਂ ਦੇ ਆਖਣ ਮੁਤਾਬਕ, ਇਸਤਰੀ ਤੇ ਧਰਤੀ ਦੀ ਤੁਲਨਾ ਕੀਤੀ ਗਈ ਹੈ। ਸੰਦੀਪ ਨੇ ਆਪਣੀ ਕਵਿਤਾ ਵਿਚ ਔਰਤ ਦੀ ਗੱਲ ਪੂਰੀ ਫੁਰਸਤ ਨਾਲ ਛੋਹੀ ਹੈ। ਇਸ ਫੁਰਸਤ ਕਰ ਕੇ ਹੀ ਉਹ ਜਦੋਂ ਆਪਣੇ ਅਹਿਸਾਸ ਬਿਆਨ ਕਰਦੀ ਹੈ ਤਾਂ ਸ਼ਬਦਾਂ ਨੂੰ ਖੁਦ ਦਾ ਢਾਸਣਾ ਲੁਆਉਂਦੀ ਹੈ:

*ਮੇਰਾ ਹਮਸਫਰ / ਜ਼ਿੰਦਗੀ ਦੇ ਸਫਰ 'ਚ / ਮੇਰੇ ਨਾਲ ਰਿਹਾ*
*ਖਾਣ-ਪੀਣ ਸੌਣ ਸਮੇਂ / ਹਰ ਪਲ ਮੇਰੇ ਨਾਲ*
*ਬੱਸ ਜਦੋਂ ਜਾਗਦੀ ਸਾਂ / ਉਦੋਂ ਮੈਂ ਇਕੱਲੀ ਸਾਂ।*

ਇਹ ਜਾਣ-ਪਛਾਣ ਅਤੇ ਹਕੀਕਤ ਔਰਤ ਦੀ ਹੈ ਜਿਹੜੀ ਆਰੰਭ ਤੋਂ ਅਖੀਰ ਤਕ ਵਿਰਲਾਪ ਦੀਆਂ ਜਰਬਾਂ ਖਾਂਦੀ ਹੈ। ਜਰਬਾਂ ਦੇ ਬਾਵਜੂਦ ਇਸ ਸ਼ਾਇਰੀ ਅੰਦਰ ਅੰਤਾਂ ਦਾ ਜ਼ਬਤ ਹੈ। ਮਾਮੂਲੀ ਜਿਹੀ ਕੋਸ਼ਿਸ਼ ਕੀਤਿਆਂ ਹੀ, ਵਿਰਲਾਪ ਤੋਂ ਪਹਿਲਾਂ ਵਾਲੇ ਹਾਲਾਤ ਦੇ ਦਰਸ਼ਨ ਹੋ ਜਾਂਦੇ ਹਨ- *'ਦੋਸਤ ਖਫ਼ਾ ਹੁੰਦੇ ਨੇ / ਉਨ੍ਹਾਂ ਦੀ ਨਜ਼ਰ ਵਿਚ ਤੂੰ ਮੇਰੇ ਕਾਬਲ ਨਹੀਂ / ਪਰ ਦੋਸਤ ਦੋਸਤ ਹੁੰਦੇ ਨੇ / ਹਮਨਜ਼ਰ ਨਹੀਂ / ਮੇਰੀ ਨਜ਼ਰ ਦੀ ਸੀਮਾ ਉਹ ਨਹੀਂ ਮਿਥ ਸਕਦੇ'*। ਇਨ੍ਹਾਂ ਮਨ-ਸਮਝਾਉਣੀਆਂ ਦੇ ਬਾਵਜੂਦ ਹਾਲਾਤ ਚੁੱਪ-ਚੁਪੀਤੇ ਵਿਰਲਾਪ ਦੀ ਜੂਨੇ ਪੈ ਜਾਂਦੇ ਹਨ- 'ਮੇਰੇ

*ਨਾਲ ਤਾਂ ਕੁਦਰਤ ਵੀ ਧੋਖਾ ਕਰ ਗਈ / ਹਰ ਚੀਜ਼ ਉਹਦੀ ਮਰਜ਼ੀ ਨਾਲ ਰਲ ਗਈ'* ਅਤੇ *'ਹਮਸੁਖਨ / ਹਮਰਾਜ਼ ਸੀ / ਹਮਸਫਰ ਸੀ ਉਹ / ਪਰ ਸੀਨੇ ਵਿਚ ਜੋ ਵੱਸਦਾ / ਉਹ ਅਕਸ ਨਹੀਂ ਸੀ'*। 'ਬਾਬਲ' ਕਵਿਤਾ ਵਾਲਾ ਵਿਰਲਾਪ, ਪਰਵਾਜ਼ ਤੋਂ ਪਹਿਲਾਂ ਵਾਲੇ ਹਾਲਾਤ ਨਾਲ ਦੋ-ਚਾਰ ਹੋ ਰਿਹਾ ਹੈ। ਪਰਵਾਜ਼ ਅਸਲ ਵਿਚ ਪਿੰਜਰੇ ਤੋਂ ਬਾਅਦ ਦੀ ਕਹਾਣੀ ਹੀ ਤਾਂ ਹੈ ਜਿਹੜੀ ਅਜ਼ਲਾਂ ਤੋਂ ਅਧੂਰੇਪਣ ਦਾ ਅਹਿਸਾਸ ਹੰਢਾਅ ਰਹੀ ਹੈ। ਇਹ ਅਹਿਸਾਸ ਹੀ 'ਸਵੈ-ਸੰਵਾਦ' ਕਵਿਤਾ ਵਿਚਲੇ ਉਡਾਰ ਹੋ ਰਹੇ ਅਹਿਸਾਸਾਂ ਲਈ ਰਾਹ ਤਲਾਸ਼ਦਾ ਹੈ। ਉਂਝ ਦੇਖੀਏ ਤਾਂ ਉਸ ਦੇ ਵਾਅਦੇ ਵਿਚ ਵੀ ਵਿਰਲਾਪ ਹੈ- *'ਉਦੋਂ ਤਕ ਯਾਦ ਕਰਾਂਗੀ / ਜਦੋਂ ਤਕ / ਸਿਮਰਤੀਆਂ ਦੀ ਮਿੱਟੀ / ਪੱਥਰ ਨਹੀਂ ਬਣ ਜਾਂਦੀ'*। ਫਿਰ 'ਸਰਦ ਹਉਕਾ' ਕਵਿਤਾ ਵਾਲੀ ਤੜਫਾਹਟ ਅਤੇ 'ਜੋਗੀ' ਕਵਿਤਾ ਵਿਚ ਚਾਰਦੀਵਾਰੀ ਅੰਦਰਲੀ ਛਟਪਟਾਹਟ ਇਸ ਵਿਰਲਾਪ ਦਾ ਰੁਖ਼ ਬਦਲ ਦਿੰਦੀ ਹੈ। ਅਸਲ ਵਿਚ ਸੰਦੀਪ ਦੀ ਕਵਿਤਾ ਦੀ ਇਹੀ ਤਾਕਤ ਹੈ ਜਿਹੜੀ ਔਰਤ ਦੀ ਵੇਦਨਾ ਦੇ ਇਸ ਵਿਰਲਾਪ ਨੂੰ ਬੇਵਸੀ ਵਿਚੋਂ ਕੱਢ ਕੇ ਵਿਅੰਗ ਅਤੇ ਵੰਗਾਰ ਦੀ ਸਾਣ ਉਤੇ ਚਾੜ੍ਹ ਦਿੰਦੀ ਹੈ। ਵਿਰਲਾਪ ਤੇ ਬੇਵਸੀ ਤੋਂ ਬਾਅਦ ਦੀ ਪਰਵਾਜ਼ ਜ਼ਰਾ ਦੇਖੋ-

*ਜੇਕਰ ਮੇਰਾ ਪਰਿਚਯ / ਤੁਹਾਡੇ ਨਾਲ ਨਾ ਹੁੰਦਾ ਤਾਂ-*
*ਮੈਂ ਪਿਆਰ ਨੂੰ ਧੜਕਦੇ ਦਿਲਾਂ ਦੀ / ਦਾਸਤਾਂ ਸਮਝਦੇ ਰਹਿਣਾ ਸੀ*

'ਵਰ' ਵਿਚ ਇਹ ਵਿਅੰਗ ਬਹੁਤ ਕਹਿਰਵਾਨ ਹੋ ਕੇ ਟੱਕਰਦਾ ਹੈ। ਸ਼ਬਦਾਂ ਦੀ ਇਹ ਲੜੀ ਸਵਾਲਾਂ ਦੀਆਂ ਕੜੀਆਂ ਜੋੜਨ ਲਗਦੀ ਹੈ: *'ਇਕ ਗੱਲ ਤਾਂ ਦੱਸ / ਤੇਰੀ ਹਰ ਰਾਤ ਦੇ ਡਿਨਰ ਪਿੱਛੋਂ / ਕੁਝ ਮਸਾਲੇਦਾਰ ਖਾਣ ਦੀ ਆਦਤ / ਕਿਵੇਂ ਐ ਅੱਜ ਕੱਲ੍ਹ'*। ਇਸ ਲੜੀ ਦਾ ਅਗਲਾ ਰੰਗ ਹੈ: *'ਬਾਕੀ ਗੱਲਾਂ ਛੱਡ / ਤੂੰ ਮੈਨੂੰ ਇੰਝ ਹੀ ਮਿਲ ਲੈ / ਜਿਵੇਂ ਬੰਦੇ ਨੂੰ ਬੰਦਾ ਮਿਲਦਾ ਏ'*। ਇਹ ਰੰਗ ਦਰਅਸਲ ਉਸ ਵੰਗਾਰ ਦਾ ਹੈ ਜਿਹੜੀ ਜੀਣ ਦੇ ਦਾਈਏ ਬੰਨ੍ਹਦੀ/ਬੰਨ੍ਹਾਉਂਦੀ ਹੈ। 'ਲਕਸ਼ਮੀ', 'ਦਾਇਰੇ', 'ਕੁਲ ਮਰਿਆਦਾ' ਆਦਿ ਕਵਿਤਾਵਾਂ ਵੰਗਾਰ ਦੇ ਬਾਣ ਚਲਾਉਂਦੀਆਂ ਹਨ। ਵੰਗਾਰ ਦੇ ਇਹ ਬਾਣ ਸ਼ਾਇਰਾ ਆਪਣੇ ਆਪ ਤੋਂ ਸ਼ੁਰੂ ਕਰਦੀ ਹੈ, ਇਸੇ ਕਰ ਕੇ ਇਸ ਵੰਗਾਰ ਵਿਚ ਸਹਿਜ ਬਹੁਤ ਸਹਿਜ ਨਾਲ ਟਿਕਿਆ ਹੋਇਆ ਪ੍ਰਤੀਤ ਹੁੰਦਾ ਹੈ। 'ਮਿੱਟੀ' ਵਿਚ ਇਹ ਸਹਿਜ ਲਾਜਵਾਬ ਹੈ। ਇਹ ਸਹਿਜ ਮੁਹੱਬਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਾ ਝੁਂਡ ਰਚਦਾ ਹੈ। 'ਇਲਤਜਾ' ਵਿਚ ਇਹ ਮੁਹੱਬਤ ਜੇ ਹੂੰਗਦੀ ਹਈ ਸੁਣਾਈ ਪੈਂਦੀ ਹੈ, ਤਾਂ 'ਸੱਚ' ਵਿਚ ਯਾਦਾਂ ਦਾ ਕਾਫਲਾ ਬਹੁਤ ਡੂੰਘਾ ਉਤਰ ਜਾਣ ਦੇ ਬਾਵਜੂਦ ਹਾਜ਼ਰੀ ਲਵਾਈ ਜਾਂਦਾ ਹੈ। ਸ਼ਾਇਰਾ ਜਦੋਂ 'ਕਾਰਨ' ਕਵਿਤਾ ਰਚ ਕੇ ਇਸ ਸਹਿਜ ਨੂੰ ਸਮੇਟਦੀ ਅਤੇ ਸਹੇਜਦੀ ਹੈ ਤਾਂ ਤਸੱਲੀ ਦੀਆਂ ਤਤੀਰੀਆਂ, ਮੱਥੇ 'ਤੇ ਆਏ ਮੁੜ੍ਹਕੇ ਵਾਂਗ 'ਝਾਤ' ਆਖਣ ਲਗਦੀਆਂ ਹਨ। ਇਸ ਤੋਂ ਬਾਅਦ ਤਾਂ ਫਿਰ 'ਅਜ਼ਮਾਇਸ਼' ਵਿਚ ਦਰਜ ਹੋਈ ਅਗਲੀ ਤਿਆਰੀ ਦੀ ਦਸਤਕ ਆਣ ਦਰ ਠਕੋਰਦੀ ਹੈ:

*ਮਨ ਦਾ ਭਾਂਡਾ / ਐਨਾ ਵੀ ਨਾ ਟੁਣਕਾਈਏ*
*ਕਿ ਉਹ ਟੁੱਟ ਹੀ ਜਾਏ*
*ਆਪਣੇ ਆਪ ਨੂੰ / ਐਨਾ ਵੀ ਨਾ ਅਜ਼ਮਾਈਏ*
*ਕਿ ਸਭ ਲੁੱਟ ਹੀ ਜਾਏ*
*ਕੁਝ ਤਾਂ ਬਚਾ ਲਈਏ / ਕਿਸੇ ਹੋਰ ਨੂੰ ਅਜ਼ਮਾਉਣ ਲਈ।*

ਸੰਦੀਪ ਦੀਆਂ ਕਵਿਤਾਵਾਂ ਆਕਾਰ ਵਿਚ ਬਹੁਤ ਨਿੱਕੀਆਂ, ਪਰ ਭਾਵਾਂ ਪੱਖੋਂ ਤਰ ਹਨ। ਕਿਤੇ ਕਿਸੇ ਵਿਆਖਿਆ ਦੀ ਲੋੜ ਨਹੀਂ ਪੈਂਦੀ। ਕਵਿਤਾ ਵਿਚ ਪਰੋਏ ਭਾਵ ਜ਼ਿਹਨ ਅੰਦਰ ਥਿਰਕਦੀ ਸੋਚ ਨੂੰ ਸੁਰ ਕਰੀ ਜਾਂਦੇ ਹਨ। ਸੰਦੀਪ ਇਕ ਕਵਿਤਾ ਵਿਚ ਆਪਣੀ ਗੱਲ ਕਹਿੰਦੀ-ਕਹਿੰਦੀ ਅਗਲੀ ਕਵਿਤਾ ਦੇ ਦਰਵਾਜ਼ੇ ਉੱਤੇ ਜਾ ਖੜ੍ਹਦੀ ਹੈ, ਤੇ ਪਾਠਕ ਨੂੰ ਵੀ ਭੱਜ ਕੇ ਉਹਦੇ



ਨਾਲ ਰਲਣਾ ਪੈਂਦਾ ਹੈ। ਇਸ ਪੋਥੀ ਵਿਚ ਕੁਝ ਕੁ ਕਵਿਤਾਵਾਂ ਮੁਕਾਬਲਤਨ ਲੰਮੀਆਂ ਵੀ ਹਨ। ਇਨ੍ਹਾਂ ਵਿਚ ਬਾਕਾਇਦਾ ਕੋਈ ਕਹਾਣੀ ਤੁਰਦੀ ਜਾਪਦੀ ਹੈ। 'ਰਿਸ਼ਤੇ ਬਨਾਮ ਜੁੱਤੇ' ਪੜ੍ਹ ਕੇ ਸੋਚ ਦੇ ਕਪਾਟ ਖੁੱਲ੍ਹਦੇ ਹਨ ਕਿ ਜੀਵਨ-ਕਹਾਣੀ ਇਸ ਤਰ੍ਹਾਂ ਵੀ ਬਿਆਨ ਕੀਤੀ ਜਾ ਸਕਦੀ ਹੈ! ਇਸੇ ਤਰ੍ਹਾਂ 'ਜੀਵਨ ਜਾਚ' ਅਤੇ 'ਰਾਹੁਲ ਨੂੰ ਛੱਡ ਕੇ' ਵਾਲੀਆਂ ਕਵਿਤਾਵਾਂ ਦੀ ਕਥਾ ਹੈ।

ਪਹਿਲੀ ਵਾਰ ਸੰਦੀਪ ਦੀਆਂ ਕਵਿਤਾਵਾਂ ਪੂਰੇ 13 ਸਾਲ ਪਹਿਲਾਂ 'ਸਿਰਜਣਾ' ਦੇ ਸਫਿਆਂ ਰਾਹੀਂ ਪਾਠਕਾਂ ਤਕ ਪੁੱਜੀਆਂ ਸਨ। ਉਦੋਂ ਪੰਜਾਬੀ ਦੇ ਪਾਠਕਾਂ ਅਤੇ ਸਾਹਿਤ ਦੇ ਆਲੋਚਕਾਂ ਨੇ ਇਨ੍ਹਾਂ ਸਹਿਜ ਕਵਿਤਾਵਾਂ ਦਾ ਵਾਹਵਾ ਨੋਟਿਸ ਲਿਆ ਸੀ। ਉਸ ਤੋਂ ਬਾਅਦ ਸੰਦੀਪ 'ਰੂਹ ਦੀ ਪਰਵਾਜ਼' ਨਾਲ ਹੁਣ ਸਾਹਿਤ ਦੇ ਵਿਹੜੇ ਵਿਚ ਆਈ ਹੈ। 'ਰੂਹ ਦੀ ਪਰਵਾਜ਼' ਦਾ ਖਰੜਾ ਤਿਆਰ ਹੋਣ ਅਤੇ ਪ੍ਰਕਾਸ਼ਕ ਕੋਲ ਪੁੱਜਦਾ ਹੋਣ ਦੇ ਬਾਵਜੂਦ ਜੇ ਇਹ ਪੋਥੀ ਦਾ ਰੂਪ ਧਾਰਨ ਵਿਚ ਤਕਰੀਬਨ ਡੇਢ ਦਹਾਕੇ ਦਾ ਸਮਾਂ ਲੈਂਦਾ ਹੈ ਤਾਂ ਇਹ ਬਹਿਸ ਗੋਚਰਾ ਮਸਲਾ ਬਣਦਾ ਹੈ। ਲੇਖਕ ਨੇ ਬੇਸ਼ੱਕ, ਸ਼ਬਦ ਤਾਂ ਆਪ ਹੀ ਬੀੜਨੇ ਹਨ, ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ; ਪੋਥੀ ਆਪ ਛਪਵਾਉਣੀ ਹੈ, ਇਹ ਗੱਲ ਵੀ ਸਮਝ ਪੈਂਦੀ ਹੈ, ਪਰ ਰਚਨਾਕਾਰ ਨੇ ਜੇ ਆਪਣੀ ਪੋਥੀ ਪਾਠਕਾਂ ਤਕ ਪੁੱਜਦੀ ਵੀ ਆਪ ਹੀ ਕਰਨੀ ਹੈ, ਤਾਂ ਫਿਰ ਸਵਾਲਾਂ ਦਾ ਸਵਾਲ, ਪੰਜਾਬੀ ਪ੍ਰਕਾਸ਼ਨ ਨਾਲ ਜੁੜੇ ਕਾਰੋਬਾਰ ਬਾਰੇ ਹੈ। ਇਸ ਪ੍ਰਸੰਗ ਵਿਚ ਸੰਦੀਪ ਦੀ ਕਵਿਤਾ 'ਸੂਰਤਾਂ' ਦੀਆਂ ਦੋ ਸਤਰਾਂ ਚੇਤੇ ਵਿਚ ਉਭਰਦੀਆਂ ਹਨ, ਲਿਖੀਆਂ ਭਾਵੇਂ ਉਹਨੇ ਕਿਸੇ ਹੋਰ ਪ੍ਰਸੰਗ ਵਿਚ ਹਨ: *'ਹਰ ਭਿਖਾਰੀ ਨੂੰ ਤਰਸ ਨਾਲ ਨਹੀਂ ਦੇਖੀਦਾ / ਕੋਈ ਅਦਾਕਾਰ ਵੀ ਹੋ ਸਕਦੈ'*। ਅਦਾਕਾਰਾਂ ਦੀ ਦੁਨੀਆ ਅੰਦਰ ਇਸ ਬਾਬਤ ਹੁਣ ਕੁਝ ਹੋਰ ਕਹਿਣ ਦਾ ਕੋਈ ਮਤਲਬ ਨਹੀਂ। ਉਂਝ, ਇਸ ਪ੍ਰਸੰਗ ਵਿਚ ਸੰਦੀਪ ਦੀ ਇਕ ਹੋਰ ਕਵਿਤਾ 'ਡਬਲ ਜੌਬ' ਦਾ ਪਾਠ ਸ਼ਾਇਦ ਸਹਾਈ ਹੋ ਜਾਵੇ:

*ਮੇਰੀ ਭੈਣ / ਅੱਠ ਘੰਟੇ ਨੌਕਰੀ ਕਰ*
*ਛੇ ਘੰਟੇ ਓਵਰਟਾਈਮ ਲਾਉਂਦੀ ਏ*
*ਥੱਕੀ ਟੁੱਟੀ ਘਰ ਆਉਂਦੀ ਏ*
*ਡਿੱਗਦੀ ਤੇ / ਸੌਂ ਜਾਂਦੀ ਏ*
*ਕਹਿੰਦੀ "ਥੱਕ ਕੇ ਸੌਂਵੋ ਤਾਂ ਸੁਪਨੇ ਨਹੀਂ ਆਉਂਦੇ*
*ਨਾ ਸੁਪਨੇ ਆਵਣ ਨਾ ਟੁੱਟਣ ਤੇ ਨਾ ਤੜਫਾਵਣ"।*

ਇਹ ਵਿਅੰਗ ਜਾਂ ਸੱਚ ਉਸ ਨਿਜ਼ਾਮ ਬਾਰੇ ਹੈ ਜਿਹੜਾ ਆਵਾਮ ਨੂੰ ਲਗਾਤਾਰ ਇਕੋ ਦਾਇਰੇ ਵਿਚ ਘੁਮਾ ਰਿਹਾ ਹੈ। ਇਹ ਉਹ ਨਿਜ਼ਾਮ ਹੈ ਜਿਹੜਾ ਬੰਦੇ ਨੂੰ ਅਹੁਦੇਦਾਰ ਬਣਾ ਕੇ ਸਮਾਜ ਦੇ ਸਮੁੰਦਰ ਵਿਚ ਸੁੱਟ ਦਿੰਦਾ ਹੈ: *'ਬੰਦਾ ਬਣਨ ਤੋਰਿਆ ਸੀ / ਅਹੁਦੇਦਾਰ ਬਣ ਕੇ ਪਰਤ ਆਇਆ'*। ਸੰਦੀਪ ਦੀ ਸ਼ਾਇਰੀ ਇੱਥੇ ਹੀ ਰੁਕਦੀ ਨਹੀਂ। 'ਖਾਨਾਬਦੋਸ਼' ਕਵਿਤਾ ਦੱਸਦੀ ਹੈ: *'ਮੈਂ ਡਰਿਆ ਕਿਉਂ ਸਾਂ / ਜਦੋਂ ਅੱਗ ਬਰਸੀ / ਉਸ ਬਸਤੀ 'ਚ ਮੇਰਾ ਤਾਂ / ਘਰ ਹੀ ਨਹੀਂ ਸੀ'*। ਇਹ ਫਿਕਰ ਜ਼ਿੰਦਗੀ ਦੀਆਂ ਜਰਬਾਂ ਨਾਲ ਵਾਬਸਤਾ ਹੈ। ਸੰਦੀਪ ਦੀ ਕਵਿਤਾ ਦੀ ਡੋਰ ਇਸ ਫਿਕਰ ਨਾਲ ਜੁੜੀ ਹੋਈ ਹੈ। ਇਉਂ ਸੰਦੀਪ ਭਾਵਾਂ ਦਾ ਮਾਹੌਲ ਸਿਰਜਦੀ ਹੈ। ਇਨ੍ਹਾਂ ਭਾਵਾਂ ਦੀ ਵੰਨਗੀ ਪੇਸ਼ ਹੈ:

*ਉਗਿਆ ਤਾਂ ਧਰਤ 'ਤੇ ਹੀ ਹਾਂ / ਖੂਹ ਜਾਂ ਕੰਧ 'ਤੇ ਨਹੀਂ*
*ਬਿਰਥਾ ਤਾਂ ਨਹੀਂ ਜਾਣ ਲੱਗਾ / ਲੱਕੜ ਹੀ ਸਹੀ / ਜੇ ਛਾਂ ਨਹੀਂ।*

0

*ਖੁਸ਼ੀ ਹੋਵੇ ਗਮੀ ਹੋਵੇ / ਮਹਿਫਲ ਜਾਂ ਤਨਹਾਈ*
*ਦਿਲ ਨੇ ਜੋ ਚਾਹਿਆ / ਉਹ ਕਦੇ ਨਾ ਕੀਤਾ*

0

*ਪਿਆਰ ਦੀ ਕਸਕ / ਨੀਂਦਰ ਦੀਆਂ ਗੋਲੀਆਂ*
*ਨਾਲ ਨਾ ਸੁਲਾਇਆ ਕਰ*
*ਇੰਝ ਨਾ ਹੋਵੇ / ਕੋਈ ਖਾਬ ਵੀ ਨਾਲ ਹੀ ਸੌਂ ਜਾਵੇ*

0

*ਤੇਰੇ ਸਵਾਲਾਂ ਦੇ ਜਵਾਬ / ਤਾਂ ਹੀ ਦੇ ਸਕਾਂਗੀ*
*ਜੇ ਤੂੰ / ਆਪਣੀ ਮੌਜੂਦਗੀ ਦੇ ਨਿੱਘ ਨਾਲ*
*ਹੋਠਾਂ 'ਤੇ ਆ ਕੇ ਜੰਮ ਗਏ ਬੋਲਾਂ ਨੂੰ / ਪਿਘਲਾ ਸਕੇਂ*

ਡੇਢ ਦਹਾਕੇ ਦੇ ਵਕਫੇ ਪਿਛੋਂ ਇੰਨੀਆਂ ਪਿਆਰੀਆਂ ਕਵਿਤਾਵਾਂ ਲੈ ਕੇ ਆਉਣ ਵਾਲੀ ਸੰਦੀਪ ਦੀ ਅਗਲੀ ਪੋਥੀ ਦੀ ਉਡੀਕ ਤਾਂ ਹੁਣ ਹੋਣੀ ਹੀ ਹੋਈ...। **-ਜਸਬੀਰ**

## ਗੀਤ ਦਾ ਬੇਦਾਵਾ (ਕਾਵਿ ਸੰਗ੍ਰਹਿ) ਸੁਰਿੰਦਰ ਗਿੱਲ

ਪਿਛਲੀ ਸਦੀ ਦੇ ਸੱਠਵਿਆਂ ਵਿਚ 'ਸ਼ਗਨ' ਦੇ ਨਾਲ ਆਪਣੀ ਕਾਵਿ ਯਾਤਰਾ ਸ਼ੁਰੂ ਕਰਨ ਵਾਲੇ ਚਰਚਤ ਕਵੀ ਸੁਰਿੰਦਰ ਗਿੱਲ ਦੇ ਸੱਜਰੇ ਕਾਵਿ ਸੰਗ੍ਰਹਿ, ਜੋ ਉਸਦਾ ਸੱਤਵਾਂ ਕਾਵਿ ਢੋਆ ਹੈ, ਦਾ ਟਾਈਟਲ ਹੈ 'ਗੀਤ ਦਾ ਬੇਦਾਵਾ'( ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨੇ 80, ਮੁੱਲ 150 ਰੁਪਏ)। ਪਰ ਇਸ ਤੋਂ ਗੀਤ ਦਾ ਸੁਰਿੰਦਰ ਗਿੱਲ ਨੂੰ ਜਾਂ ਸੁਰਿੰਦਰ ਦਾ ਗੀਤ ਨੂੰ ਬੇਦਾਵਾ ਸਮਝ ਲੈਣ ਦਾ ਭੁਲੇਖਾ ਨਹੀਂ ਲੱਗਣਾ ਚਾਹੀਦਾ । ਇਹ ਤਾਂ ਸਾਹਿਤ ਸਭਿਆਚਾਰ ਦੇ ਖੇਤਰ ਵਿਚ ਪਸਰੇ ਭ੍ਰਿਸ਼ਟਾਚਾਰ ਦੇ ਪ੍ਰਸੰਗ ਵਿਚ ਗੀਤ ਦੀ ਆਤਮਾ ਦੇ ਵਲੂੰਧਰੇ ਜਾਣ ਵੱਲ ਸੰਕੇਤ ਹੈ। ਪੁਸਤਕ ਦੇ ਸ਼ੀਰਸ਼ਕ ਵਾਲੀ ਇਸ ਰਚਨਾ ਤੋਂ ਬਿਨਾਂ ਵੀ ਇਸ ਭਾਵ ਦੀਆਂ ਕੁਝ ਹੋਰ ਕਵਿਤਾਵਾਂ ਇਸ ਸੰਗ੍ਰਹਿ ਵਿਚ ਮੌਜੂਦ ਹਨ ਜੋ ਵਿਰਾਟ ਸਮਾਜ ਦੇ ਨਾਲ ਸਾਹਿਤਕ ਖੇਤਰ ਵਿਚ ਪਸਰੇ ਵਿਗਾੜ ਪ੍ਰਤੀ ਉਸਦੀ ਫਿਕਰਮੰਦੀ ਦੀ ਟੋਹ ਦਿੰਦੀਆਂ ਹਨ।

ਐਪਰ, ਅੱਧੀ ਸਦੀ ਪਹਿਲਾਂ ਚੜ੍ਹਦੀ ਜਵਾਨੀ ਦੀ ਉਮਰੇ ਉਸ ਵਿਚ ਜੋ ਚਿਣਗ, ਉਮਾਹ ਤੇ ਜੋਸ਼ ਸੀ, ਉਹ ਹੁਣ ਵੇਖਣ ਨੂੰ ਨਹੀਂ ਮਿਲਦਾ। ਇਸ ਵਿਚ ਕੁਝ ਤਾਂ ਅਵੱਸ਼ ਉਸਦੀ ਢਲਦੀ ਉਮਰ ਦਾ ਦਖਲ ਹੈ, ਪਰ ਵਧੇਰੇ ਕਰਕੇ ਇਸ ਲਈ ਉਹ ਹਾਲਾਤ ਜ਼ਿੰਮੇਵਾਰ ਹਨ ਜਿਹਨਾਂ ਵਿਚ ਲੋਕ ਲਹਿਰ ਤੇ ਲੋਕ ਉਭਾਰ ਨੂੰ ਇਹਨਾਂ ਸਮਿਆਂ ਵਿਚ ਮਾਰ ਪਈ ਹੈ। ਪਹਿਲਾਂ ਵਾਲੀ ਪ੍ਰਗਤੀਵਾਦੀ ਚੇਤਨਾ ਅਨੁਸਾਰ ਉਹ ਹੁਣ ਵੀ ਕਿਰਤੀਆਂ, ਕਾਮਿਆਂ, ਕਿਸਾਨਾਂ ਦੀ ਗੱਲ ਕਰਦਾ ਹੈ ਜਿਹਨਾਂ ਨੂੰ 'ਦਿਹਾੜੀ ਭਰ ਦੀ ਮਿਹਨਤ ਨਾਲ ਥੱਕ ਕੇ ਚੂਰ' ਹੋਇਆਂ ਨੂੰ ਕਦੇ ਵੀ **ਨੀਂਦ** ਦੀ ਗੋਲੀ ਦੀ ਕੋਈ ਲੋੜ ਨਹੀਂ ਹੁੰਦੀ'। ਏਸੇ ਭਾਵਨਾ ਨਾਲ ਉਹ ਸਮਾਜਕ ਵਿਹਾਰ ਅਤੇ ਪ੍ਰਾਪਤ ਰਾਜਸੀ ਵਿਵਸਥਾ ਉੱਤੇ ਚੋਟ ਵੀ ਕਰਦਾ ਹੈ ਜਿਸ ਵਿਚ **ਚੋਣਾਂ** ਰਾਜਸੀ ਦਲਾਂ ਦੇ ਆਗੂਆਂ ਵੱਲੋਂ 'ਦਿਲਕਸ਼ ਵਾਅਦਿਆਂ' ਤੇ ਭਰਮਾਊ ਨਾਅਰਿਆਂ' ਨਾਲ ਗ਼ਰੀਬ ਲੋਕਾਂ ਵਿਚ 'ਆਸ ਦੀ ਧੁੰਦਲੀ ਤੇ ਉਦਾਸ ਅੱਖ ਲਿਸ਼ਕਾ ਕੇ' ਉਹਨਾਂ ਨੂੰ ਠੱਗਣ ਦਾ ਵਸੀਲਾ ਮਾਤਰ ਹਨ। ਉਹ ਗ਼ਰੀਬ ਕਿਰਤੀ ਔਰਤ ਦੇ ਦੁੱਖ ਦਰਦ ਦੀ ਗੱਲ ਵੀ ਕਰਦਾ ਹੈ ਜੋ ਦਿਨ ਰਾਤ ਗੋਲਪੁਣਾ ਕਰਦੀ **ਨਾਰੀ ਧਰਮ** ਨਿਭਾਉਂਦਿਆਂ ਸਮਝਦੀ ਹੈ ਕਿ ਉਹ ਤਾਂ ਆਪਣੇ ਮਰਦ ਪਤੀ ਪਰਮੇਸ਼ਵਰ ਦੀ ਸੇਵਾਦਾਰ ਹੈ, ਜੋ 'ਮਾਰੇ, ਕੁੱਟੇ, ਰੱਖੇ, ਸੁੱਟੇ, ਗਾਲ੍ਹਾਂ ਦੇਵੇ', ਉਸ ਨਾਲ ਜਿਵੇਂ ਚਾਹੇ ਵਿਹਾਰ ਕਰੇ। ਪਰ ਉਸ ਵਿਚ ਰੋਹ ਵਿਦਰੋਹ ਵਾਲਾ ਰੰਗ ਨਹੀਂ ਲੱਭਦਾ। ਰੋਹ ਦੀ ਥੋੜ੍ਹੀ ਬਹੁਤ ਚਿਣਗ ਦਾ ਜੇ ਕਿਤੇ ਆਭਾਸ ਹੁੰਦਾ ਹੈ ਤਾਂ ਉਹ ਵਿਅੰਗ ਦੇ ਰੂਪ ਵਿਚ, ਜਿਸ ਵਿਚ ਕੁਝ ਕਰਨ ਨਾਲੋਂ ਲਾਚਾਰਗੀ ਦਾ ਅਹਿਸਾਸ ਜ਼ਿਆਦਾ ਹੈ। **ਚੱਠ, ਖਬਰਾਂ, ਸਵੈ ਅਭਿਨੰਦਨ, ਯੁਗਾਨੁਕੂਲ** ਆਦਿ ਏਸੇ ਰੰਗ ਦੀਆਂ ਕਵਿਤਾਵਾਂ ਹਨ, ਜਿਨ੍ਹਾਂ ਵਿਚ ਵਿਅੰਗ ਦੀ ਵਰਤੋਂ ਆਪਣੀ ਦ੍ਰਿਸ਼ਟੀ ਦੇ ਪ੍ਰਗਟਾਅ ਲਈ ਵੀ ਹੋਈ



ਹੈ ਅਤੇ ਕਾਵਿਕ ਜੁਗਤ ਵਜੋਂ ਵੀ। ਐਪਰ ਅਜਿਹੇ ਵਿਅੰਗ ਨੂੰ ਸਮਝਣ ਲਈ ਚੇਤਨਤਾ ਤੇ ਸੰਵੇਦਨਸ਼ੀਲਤਾ ਦਰਕਾਰ ਹੈ, ਨਹੀਂ ਤਾਂ 'ਗਿਰਗਿਟ ਵਾਂਗੂੰ ਰੰਗ ਬਦਲਨਾ ਸਿੱਖ ਓ ਯਾਰ, ਤੂੰ ਵੀ ਨਵੇਂ ਸਮੇਂ ਦੇ ਨਗ਼ਮੇਂ ਲਿਖ ਓ ਯਾਰ' ਵਰਗੇ ਬੋਲਾਂ ਦੇ ਅਰਥਾਂ ਦਾ ਅਨਰਥ ਹੋ ਸਕਦਾ ਹੈ।

ਸਮੇਂ ਅਨੁਕੂਲ ਪ੍ਰਗਤੀਵਾਦੀ ਚੇਤਨਾ ਦੇ ਅੰਤਰਗਤ 'ਚਾਨਣੇਂ ਦਾ ਛੱਟਾ' ਦੇਣ ਵਾਲਾ ਸੁਰਿੰਦਰ ਗਿੱਲ ਆਪਣੀ ਰਚਨਾਤਮਕਤਾ ਦੇ ਪਹਿਲੇ ਦੌਰ ਵਿਚ ਅਸਲੋਂ ਅਸਲੀ ਰੁਮਾਂਟਿਕ ਪਿਆਰ ਦਾ ਕਵੀ ਸੀ, ਜਿਸ ਲਈ ਰਿਸ਼ਤਿਆਂ ਵਿਚ ਰੂੜ੍ਹੀਵਾਦੀ ਬੰਧਨਾਂ ਨੂੰ ਤੋੜਨਾ ਅਤੇ ਪਿਆਰ ਦੀ ਸੁਤੰਤਰਤਾ ਦਾ ਹੋਕਾ ਦੇਣਾ ਵੀ ਵਡੇਰੇ ਸਮਾਜੀ ਤੇ ਰਾਜਸੀ ਪਰਿਵਰਤਣ ਲਈ ਜੂਝਣ ਦੇ ਏਜੰਡੇ ਵਾਂਗ ਸੀ। ਸਮਾਂ ਬੀਤਣ ਨਾਲ ਪਿਆਰ ਦਾ ਇਹ ਅਹਿਸਾਸ ਉਸਦੀ ਕਵਿਤਾ ਵਿਚ ਵਿਸ਼ਾਲ ਪ੍ਰਗਤੀਵਾਦੀ ਜੁਝਾਰੂ ਚੇਤਨਾ ਦਾ ਅੰਗ ਬਣਕੇ ਨਹੀਂ ਆਉਂਦਾ, ਨਿਜਤੱਵ ਤਕ ਸੀਮਤ ਹੋ ਜਾਂਦਾ ਹੈ। ਉਸਦੀ ਪ੍ਰਗਤੀਵਾਦੀ ਚੇਤਨਾ ਵਾਲੀ ਰੋਹ ਵਿਦਰੋਹ ਦੀ ਸੁਰ ਨਾ ਸਿਰਫ ਰੁਦਨ, ਪਛਤਾਵੇ ਤੇ ਅਫਸੋਸ ਵਿਚ ਵਟ ਗਈ ਹੈ, ਬਲਕਿ ਉਹ ਖੁਦ ਆਪਣੇ ਆਪ ਤਕ ਸਿਮਟ ਗਿਆ ਵੀ ਨਜ਼ਰ ਆਉਂਦਾ ਹੈ। ਢਲਦੀ ਉਮਰ ਵਿਚ ਰੁਮਾਂਟਿਕ ਸੁਹਜ ਨਹੀਂ, ਕਰੂਰ ਯਥਾਰਥ ਹਾਵੀ ਹੋ ਗਿਆ ਹੈ।

ਜ਼ਿੰਦਗੀ ਨੂੰ ਇਕ **ਜਸ਼ਨ** ਵਾਂਗੂੰ ਜੀਣ ਦੀ ਗੱਲ ਕਰਦਾ ਰਿਹਾ ਸੁਰਿੰਦਰ ਗਿੱਲ ਆਪਣੀ ਜ਼ਿੰਦਗੀ ਦੇ **ਸ਼ਾਹਰਾਹ** ਦੇ ਸੱਚ ਵਜੋਂ ਇਹ ਤਾਂ ਦੱਸਦਾ ਹੈ ਕਿ '*ਜ਼ਿੰਦਗੀ ਰੱਜ ਕੇ ਮਾਣੀ ਤੇ ਪਹਿਚਾਣੀ, ਉੱਚੀਆਂ ਪੀਂਘਾਂ ਪਾਈਆਂ, ਮੋਹ ਦੇ ਪਲ ਵੀ ਮਾਣੇ, ਸਾਂਝਾਂ ਬਹੁਤ ਹੰਢਾਈਆਂ, ਮਨ ਦੇ ਅੱਥਰੇ ਪੰਛੀ, ਉੱਚ ਉਡਾਰੀਆਂ ਲਾਈਆਂ*'। ਪਰ ਨਾਲ ਹੀ ਅੱਜ ਦੇ ਸੱਚ ਵਜੋਂ 'ਜਿੰਦ ਦੇ ਚਰਖੇ ਦੇ ਚਲਦੇ ਚਲਦੇ ਬੋਦਾ ਹੋ ਜਾਣ' ਬਾਰੇ ਦੱਸਦਾ ਹੋਇਆ ਇਹ ਵੀ ਆਖਦਾ ਹੈ, '*ਲਹਿ ਗਏ ਲਹਿ ਗਏ ਬਿਫਰੇ ਪਾਣੀ, ਸ਼ਾਂਤ ਹੋ ਗਈਆਂ ਕਹਿਰੀ ਛੱਲਾਂ*'। ਇੰਝ ਉਸ ਦੇ ਬੋਲਾਂ ਵਿਚ ਹੁਣ ਬੀਤ ਗਏ ਦਾ ਪਛਤਾਵਾ ਬਾਕੀ ਹੈ:

*ਬਚਪਨ ਜੇਹੀ ਸਵੇਰ ਗਵਾਚੀ*
*ਭਰ ਜੋਬਨ ਦੀਆਂ ਸਿਖਰ ਦੁਪਹਿਰਾਂ*
*ਪਤਾ ਨਹੀਂ ਲੱਗਿਆ ਕਿ/ਕਦੋਂ ਕਿਵੇਂ ਢਲ ਗਈਆਂ*
*ਅੱਕੀਂ ਪਲਾਹੀਂ ਹੱਥ ਮਾਰਦਿਆਂ ਆਥਣ ਹੋਈ...*
*ਵਿਛੜਨ ਲੱਗਿਆ ਮੇਲਾ/ ਪੱਲੇ ਨਹੀਂਉਂ ਧੇਲਾ*
*ਹੁਣ ਤਾਂ ਚਲੋ ਚਲੀ ਦਾ ਮੇਲਾ*

'ਚਲੋ ਚਲੀ ਦੇ ਮੇਲੇ' ਦੇ ਏਸੇ ਅਹਿਸਾਸ ਨਾਲ ਉਹ '*ਚਿਹਰੇ ਬੁਝੇ, ਝੁਰੜੀਆਂ ਪਈਆਂ, ਕਰ ਕੰਬਣ ਹੱਡ ਕੜਕਨ ਲੱਗੇ*' ਦੀ ਰੁਦਨਮਈ ਸੁਰ ਅਲਾਪਦਾ ਹੋਇਆ ਸ਼ਿਵ ਕੁਮਾਰ, ਪਾਸ਼, ਅਵਤਾਰ ਜੰਡਿਆਲਵੀ, ਆਤਮ ਹਮਰਾਹੀ ਵਰਗੇ ਆਪਣੇ ਸਮਕਾਲੀ ਸਾਹਿਤਕਾਰਾਂ ਨੂੰ ਯਾਦ ਕਰਦਾ ਹੈ ਜੋ ਸੰਸਾਰ ਤੋਂ ਵਿਦਾ ਹੋ ਚੁੱਕੇ ਹਨ। ਅਤੇ ਏਸੇ ਭਾਵਨਾ ਵਿਚੋਂ ਹੀ ਉਹ ਆਪਣੇ ਮਿੱਤਰਾਂ ਸਾਥੀਆਂ 'ਤੇ ਗਿਲੇ ਸ਼ਿਕਵੇ ਕਰਦਾ ਹੈ, 'ਜੋ ਕੁਰਾਹੇ ਪੈ ਗਏ', ਹਉਂ ਦਾ ਸ਼ਿਕਾਰ ਹੋ ਗਏ ਜਾਂ 'ਬੱਸ ਅੱਧਵਾਟੇ ਰਹਿ ਗਏ ਤੇ ਗੁੰਮ ਗਏ'। ਹਾਲਾਂਕਿ ਵਿਰੋਧਾਭਾਸ ਇਹ ਹੈ ਕਿ 'ਜ਼ਿੰਦਗੀ ਦੇ ਏਸ ਪੜਾਅ 'ਤੇ ਪਹੁੰਚਕੇ ਝੋਰਿਆਂ ਦੇ, ਗ਼ਮਾਂ ਦੇ ਖੋਭੇ' ਨਾ ਖੁਭਣ ਅਤੇ 'ਡੂੰਘੀ ਉਦਾਸੀ ਦੀ ਝੀਲ ਵਿਚ ਨਾ ਡੁੱਬਣ' ਦੀ ਸਮਝਾਉਣੀ ਵਾਲੀ ਗੱਲ ਵੀ ਉਹ ਇਹਨਾਂ ਸ਼ਿਕਵਿਆਂ ਦੇ ਨਾਲ ਨਾਲ ਹੀ ਕਰੀ ਜਾਂਦਾ ਹੈ। ਅਵੱਸ਼ ਹੀ ਅਜਿਹੇ ਗਿਲੇ ਸ਼ਿਕਵਿਆਂ ਵਿਚ ਢਲਦੀ ਉਮਰ ਦੇ ਰੁਦਨ ਦੇ ਨਾਲ ਬੀਤੇ ਵੇਲਿਆਂ ਨੂੰ ਫੜਨ ਦੀ ਕੋਸ਼ਿਸ਼ ਕਾਰਜਸ਼ੀਲ ਹੈ। ਹੋਰਨਾਂ ਕਈ ਕਵਿਤਾਵਾਂ ਦੇ ਨਾਲ **ਰੰਗ ਭਰੀਏ** ਸਿਰਲੇਖ ਵਾਲੀਆਂ ਤਿੰਨ ਕਵਿਤਾਵਾਂ ਖਾਸ ਤੌਰ 'ਤੇ ਇਹਨਾਂ ਭਾਵਾਂ ਦੀ ਤਰਜਮਾਨੀ ਕਰਦੀਆਂ ਹਨ:

*ਉਹ ਸੁਪਨੇ, ਜਿਨ੍ਹਾਂ ਸਾਡੀ ਨੀਂਦ ਲੁੱਟੀ*

*ਆਓ ਹੁਣ ਸਾਕਾਰ ਕਰੀਏ*
*ਸੁਪਨਿਆਂ ਸੋਚਾਂ ਅਤੇ ਇੱਛਾ ਇਛਾਵਾਂ ਦੇ*
*ਜਿਉਂਦੇ ਜਾਗਦੇ ਹੋਣ ਦਾ ਦਮ ਭਰੀਏ...*
*ਮਨ ਚਾਹੁੰਦਾ ਹੈ / ਸਾਢੇ ਚਾਰ ਦਹਾਕੇ ਪਹਿਲਾਂ ਵਗੇ ਨਿੱਤਰੇ ਨਿੱਤਰੇ ਪਾਣੀ*
*ਇਕ ਵਾਰੀ ਫਿਰ ਤਰੀਏ/ ਜਨਮ ਸਕਾਰਥ ਕਰੀਏ...*

**ਪਹਿਲਾ ਪਿਆਰ, ਫਲਦੀ ਉਮਰ, ਇਕ ਪਿਆਰਾ ਦਿਨ ਹੋਰ, ਪਹਿਚਾਣ, ਮੋਹ-ਵਸ, ਮੋਹ ਦਾ ਗੀਤ** ਆਦਿ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਹ ਆਪਣੀ ਪਿਆਰ ਅਵਸਥਾ ਵਿਚਲੀ ਤ੍ਰਿਪਤੀ ਜਾਂ ਅਤ੍ਰਿਪਤੀ ਦੀ ਗੱਲ ਕਰਦਾ ਹੁਣ ਆਦਰਸ਼ਵਾਦੀ ਸੋਚ ਦਾ ਵਿਖਾਵਾ ਨਹੀਂ ਕਰਦਾ। ਉਹ ਤਾਂ ਮਹਿਜ਼ '*ਕੀ ਖੱਟਿਆ, ਕੀ ਪਾਇਆ, ਅਸੀਂ ਤਾਂ ਕੋਰਾ ਦਰਦ ਹੰਢਾਇਆ, ਮੇਲ ਮਿਲਾਪ ਦੇ ਮਾਰਗ ਤੁਰਕੇ, ਮੋਹ ਦਾ ਗੀਤ ਨਾ ਗਾਇਆ*' ਵਰਗੇ ਬੋਲਾਂ ਰਾਹੀਂ ਨਫੇ ਨੁਕਸਾਨ ਦਾ ਲੇਖਾ-ਜੋਖਾ ਕਰਦਾ ਹੈ:

*ਪਹਿਲਾ ਪਹਿਲਾ ਕੱਚ ਕੁਆਰਾ/ ਭਾਵੁਕ ਪਿਆਰ ਸਿਰੇ ਲੱਗ ਜਾਂਦਾ*
*ਜੀਵਨ ਕਲਯੁਗ ਹੋ ਜਾਣਾ ਸੀ*
*ਪਹਿਲੀ ਪਗਡੰਡੀ 'ਤੇ ਸੀਮਤ ਰਹਿ ਜਾਣਾ ਸੀ*
*ਜ਼ਿੰਦਗੀ ਦੇ ਸ਼ਾਹਰਾਹ 'ਤੇ ਤੁਰਨਾ ਕਿਵੇਂ ਸਿੱਖਦੇ...*
*ਜੀਵਨ ਭਰ ਜੋ ਪਿਆਰਾ ਸਾਥ ਮੁਬਾਰਕ ਹੋਇਆ, ਕਿਵੇਂ ਮਾਣਦੇ*

ਇਹਨਾਂ ਚੇਤਿਆਂ ਵਿਚ ਅਵੱਸ਼ ਖ਼ੁਸ਼ੀ ਦਾ ਭਾਵ ਵੀ ਸਮੋਇਆ ਹੋਇਆ ਹੈ ਪਰ ਜ਼ਿਆਦਾਤਰ ਇਹਨਾਂ ਵਿਚ ਵਿਗੋਚੇ ਤੇ ਪਛਤਾਵੇ ਦੀ ਸੁਰ ਭਾਰੂ ਹੈ। '*ਤਨ ਨਾ ਕੋਈ ਤਾਣ ਜਤਾਵੇ, ਮਨ ਪਰ ਵਾਰ ਵਾਰ ਲਲਚਾਵੇ, ਤਨ ਆਤਰੁ ਨਾ ਭਰੇ ਹੁੰਗਾਰਾ, ਨਾ ਕੁਝ ਕਰਨਾ ਚਾਹੇ*' ਵਰਗੇ ਬੋਲਾਂ ਤੋਂ ਜਿਵੇਂ ਪ੍ਰਤੱਖ ਹੈ, ਜਵਾਨੀ ਦੀ ਵਰੇਸ ਦੇ ਟਾਕਰੇ ਹੁਣ ਸਰੀਰ ਵਿਚ ਤਾਣ ਨਹੀਂ। ਪਰ ਪਿਆਰ ਦੇ ਹੰਢਾਏ ਪਲਾਂ ਜਾਂ ਨਿਪਟ ਅਹਿਸਾਸਾਂ ਨੂੰ ਚੇਤੇ ਕਰਦਿਆਂ ਉਹ **ਉਦੋਂ** ਦੇ ਟਾਕਰੇ **ਹੁਣ** ਸਰੀਰਾਂ ਦੇ ਮੇਲ ਦੇ ਮਹੱਤਵ ਨੂੰ ਵਧੇਰੇ ਚੰਗੀ ਤਰ੍ਹਾਂ ਪਛਾਣਦਾ ਹੈ। ਪਛੜਕੇ ਹੋਏ ਇਸ ਅਹਿਸਾਸ ਦਾ **ਮਨ ਗੀਤ ਤਨ ਸਾਜ਼** ਅਤੇ **ਵਰਜਤ ਫਲ** ਵਰਗੀਆਂ ਕਵਿਤਾਵਾਂ ਵਿਚ ਤਾਂ ਕੁਝ ਵਧੇਰੇ ਹੀ ਸ਼ਿੱਦਤ ਨਾਲ ਪ੍ਰਗਟਾਅ ਹੋਇਆ ਹੈ:

*ਜੀਵਨ ਦੇ ਤੇ ਮੋਹ ਦੇ ਸੱਚ ਦਾ/ ਸੁੱਚਾ ਨਗ਼ਮਾ ਗਾਇਆ ਹੁੰਦਾ*
***ਦੇਹ ਦਾ ਸਾਜ਼** ਵਜਾਇਆ ਹੁੰਦਾ*
*ਅੱਜ ਇਹ ਰੁੱਖਾ ਸੁੱਕਾ ਭੁੱਖਾ*
*ਪਛਤਾਵੇ ਦਾ ਕਾਲਾ ਪੱਖ ਨਾ ਆਇਆ ਹੁੰਦਾ...*
*ਸਾਹਵੇਂ ਮੋਹ ਦਾ ਮੂਕ ਬੁਲਾਵਾ ਚੰਦਨ ਦੇਹੀ ਵਿਛੀ ਪਈ ਸੀ*
*ਰੁੱਤ ਦਾ ਝੱਲਾਪਨ ਸੀ ਜਾਂ ਸੰਗ ਸ਼ਰਮ ਹਨੇਰਾ*
*ਚੰਦਨ ਸੰਗ ਚੰਦਨ ਹੋਵਣ ਦਾ ਕਦੇ ਨਾ ਕੀਤਾ ਜੇਰਾ...*
*ਲਛਮਣ ਕਾਰ 'ਚ ਕੈਦ ਨਾ ਰਹਿੰਦੇ*
***ਵਰਜਤ ਫਲ** ਦਾ ਸਵਾਦ ਮਾਣ ਹੀ ਲੈਂਦੇ, ਚੰਗੇ ਰਹਿੰਦੇ*

ਜ਼ਿੰਦਗੀ ਦੀ ਆਥਣ ਦਾ ਗਾਇਨ ਕਰਨਾ ਮੁਸ਼ਕਲ ਕਾਰਜ ਹੈ। ਜੋ ਸ਼ਾਇਰ ਜ਼ਿੰਦਗੀ ਦੀ ਭਰਪੂਰ ਆਥਣ ਤਕ ਪਹੁੰਚਣ ਦੇ ਸਮਰੱਥ ਹੋਏ ਹਨ, ਉਹਨਾਂ ਵਿਚੋਂ ਵੀ ਬਹੁਤ ਘੱਟ ਨੇ ਇਸ ਦਾ ਜਸ਼ਨ ਮਨਾਇਆ ਹੈ। ਮੋਹਨ ਸਿੰਘ ਨੇ ਆਪਣੀ ਰਚਨਾ ਵਿਚ ਇਸਦਾ ਜ਼ਿਕਰ ਲਿਆਂਦਾ ਸੀ, ਪਰ ਜਸ਼ਨ ਦੀ ਸੁਰ ਉਹ ਵੀ ਨਹੀਂ ਸੀ ਅਲਾਪ ਸਕਿਆ। ਸੁਰਿੰਦਰ ਵੀ ਆਥਣ ਦਾ ਗੀਤ ਤਾਂ ਗਾਉਂਦਾ ਹੈ ਪਰ ਜਵਾਨੀ ਦੇ ਗੀਤ ਵਾਲੀ ਟੁਣਕਾਰ ਇਸ ਵਿਚੋਂ ਨਹੀਂ ਲੱਭਦੀ।



ਇਸ ਸੰਗ੍ਰਹਿ ਵਿਚ ਕੁਝ ਕਵਿਤਾਵਾਂ ਨਿਰੋਲ ਉਸਦੀ ਨਿੱਜੀ ਜ਼ਿੰਦਗੀ ਬਾਰੇ ਹਨ, ਜਿਹਨਾਂ ਵਿਚ ਉਸਦੇ ਪਰਿਵਾਰ ਦੇ ਜੀਆਂ, ਸਕੇ ਸੰਬੰਧੀਆ ਤੇ ਹੋਰ ਨੇੜਲਿਆਂ ਦਾ ਜ਼ਿੰਦਗੀ ਦੇ ਵੱਖ ਵੱਖ ਪੜਾਵਾਂ ਉੱਤੇ ਉਸ ਪ੍ਰਤੀ ਦਰਸਾਏ ਗਏ ਮੋਹ-ਭਿੱਜੇ, ਰੁੱਖੇ-ਮਿੱਸੇ ਵਿਹਾਰ ਜਾਂ ਰਿਸ਼ਤੇ ਦੇ ਹਵਾਲੇ ਨਾਲ ਚੰਗਾ ਮਾੜਾ ਚਰਿੱਤਰ ਉਭਰਦਾ ਹੈ। **ਨਿੰਮੋਲੀਆਂ, ਬਿੱਛੂ ਬੂਟੀ, ਪਿੰਡ, ਲੇਖਾ, ਆਈ ਸੀ ਯੂ, ਨਰਕ** ਨਾਂ ਦੀਆਂ ਨਿੱਜੀ ਪ੍ਰਸੰਗਾਂ ਵਾਲੀਆਂ ਇਹ ਕਵਿਤਾਵਾਂ ਮੋਹ ਜਾਂ ਦੁੱਖ ਸੰਤਾਪ ਦੇ ਸਦੀਵੀ ਮਨੁੱਖੀ ਭਾਵਾਂ ਦੀ ਵੀ ਪ੍ਰਤੀਤੀ ਕਰਾਉਂਦੀਆਂ ਹਨ।

ਸੁਰਿੰਦਰ ਗਿੱਲ ਦੀ ਕਵਿਤਾ ਭਾਵੇਂ ਰੂਪ ਵਜੋਂ ਖੁੱਲ੍ਹੀ ਹੀ ਕਿਉਂ ਨਾ ਹੋਵੇ, ਪ੍ਰਗੀਤਕਤਾ ਨਾਲ ਹਮੇਸ਼ਾ ਜੁੜੀ ਰਹੀ ਹੈ। ਇਹ ਗੁਣ ਉਸਦੀ ਰਚਨਾ ਵਿਚ ਹੁਣ ਵੀ ਮੌਜੂਦ ਹੈ। ਧਰਕੋਣੇ, ਡਕੋਲੀਆਂ, ਨਿੰਮੋਲੀਆਂ, ਪੋਹਲੀ, ਬੋਹਟਾ, ਚਰਮਖ, ਤੱਕਲਾ, ਗਲੋਟਾ ਵਰਗੀ ਵਿਸਰਦੀ ਜਾ ਰਹੀ ਲੋਕ ਜੀਵਨ ਨਾਲ ਜੁੜੀ ਸ਼ਬਦਾਵਲੀ ਅਤੇ 'ਹੀਲਾਂ ਕਹਿ ਕੇ ਬਹਿ ਗਏ' ਅਤੇ 'ਬੁੱਢੀ ਧਰਤੀ ਓੜ੍ਹੀ ਬੈਠੀ ਚਾਨਣ ਦੀ ਫੁਲਕਾਰੀ' ਵਰਗੀ ਬਿੰਬਾਵਲੀ ਦਾ ਛੱਟਾ ਵੀ ਚੰਗਾ ਚੰਗਾ ਲਗਦਾ ਹੈ।

ਆਪਣੇ ਮਿੱਤਰ ਸੁਰਿੰਦਰ ਦੀ ਸੱਜਰੀ ਪੁਸਤਕ ਦਾ ਸਵਾਗਤ ਹੈ। **-ਰਘਬੀਰ ਸਿੰਘ**

## ਤੈਂ ਕੀ ਦਰਦ ਨਾ ਆਇਆ (ਨਾਵਲ) ਮੁਖਤਿਆਰ ਸਿੰਘ

ਪੰਜਾਬੀ ਨਾਵਲ ਦੀ ਵਰਤਮਾਨ ਸਥਿਤੀ ਸੰਤੋਖਜਨਕ ਹੈ। ਬੇਸ਼ੱਕ ਪਿਛਲੇ ਕੁਝ ਸਾਲਾਂ ਤੋਂ ਗਲਪ ਦੀ ਦੂਜੀ ਵਿਧਾ ਕਹਾਣੀ ਇਕ ਖੜੋਤ ਦੇ ਸਨਮੁਖ ਹੈ ਪਰ ਨਾਵਲ ਆਪਣੀ ਸਹਿਜ ਚਾਲ ਨਾਲ ਤੁਰਿਆ ਆ ਰਿਹਾ ਹੈ। ਸਮਕਾਲੀ ਨਾਵਲ ਦੀਆਂ ਅਨੇਕਾਂ ਸੁਰਾਂ ਹਨ। ਕਿਤੇ ਇਹ ਨਾਵਲ ਮਿਥਹਾਸ-ਇਤਿਹਾਸ ਦੇ ਅਣਗੌਲੇ ਪੱਖਾਂ/ ਪਹਿਲੂਆਂ ਨੂੰ ਸੰਬੋਧਤ ਹੋ ਕੇ ਵਰਤਮਾਨ ਦੇ ਮਸਲਿਆਂ ਦੀ ਗਲਪੀ ਚਿੰਨ੍ਹਕਾਰੀ ਕਰਦਾ ਹੈ, ਕਿਤੇ ਪਰਵਾਸੀ ਜੀਵਨ ਦੇ ਨਵੀਨ ਸਮਾਜਕ ਯਥਾਰਥ ਨੂੰ ਰੂ-ਬ-ਰੂ ਹੈ, ਕਿਤੇ ਇਸ ਨਾਵਲ ਦੀ ਕੇਂਦਰੀ ਧੁਨੀ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਉਤਰਾਅ-ਚੜ੍ਹਾਅ ਬਣ ਰਹੀ ਹੈ। ਇਹ ਨਾਵਲ ਸ਼ਹਿਰੀ / ਪੇਂਡੂ ਮਧਵਰਗੀ ਸੰਵੇਦਨਾ, ਕਿਸਾਨੀ ਮੁੱਦਿਆਂ ਦੀ ਪਰੰਪਰਕ ਜਕੜ ਵਿਚੋਂ ਬਾਹਰ ਆ ਰਿਹਾ ਹੈ। ਹੁਣ ਦਾ ਨਾਵਲ ਦਲਿਤ ਸੰਵੇਦਨਾ, ਆਂਚਲਿਕਤਾ, ਕਸਬਈ ਰਹਿਤਲ ਦੇ ਬਦਲਾਅ, ਇਤਿਹਾਸਕ ਵਿਸ਼ਿਆਂ ਸਮੇਤ ਤਮਾਮ ਉਨ੍ਹਾਂ ਸਰੋਕਾਰਾਂ ਨਾਲ ਖਹਿ ਰਿਹਾ ਹੈ, ਜਿਹੜੇ ਵਿਸ਼ਵੀਕਰਨ ਦੀਆਂ ਨੀਤੀਆਂ ਸਦਕਾ ਪਿਛਲੇ ਦੋ ਸਹਾਕਿਆਂ ਦੀ ਪੰਜਾਬੀ ਸੰਵੇਦਨਾ ਨਾਲ ਜੁੜੇ ਹਨ।

ਵਿਚਾਰ ਅਧੀਨ ਨਾਵਲ (ਤੈਂ ਕੀ ਦਰਦ ਨਾ ਆਇਆ, ਪੰਨੇ 298, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਮੁਖਤਿਆਰ ਸਿੰਘ ਵੱਲੋਂ ਲਿਖਿਆ ਗਿਆ ਹੈ। ਮੁਖਤਿਆਰ ਸਿੰਘ ਦੀ ਮੂਲ ਪਛਾਣ ਕਹਾਣੀਕਾਰ ਵਜੋਂ ਹੈ। ਪੰਜ ਕਹਾਣੀ ਸੰਗ੍ਰਹਿ ਲਿਖ ਚੁੱਕਾ ਇਹ ਕਥਾਕਾਰ ਤੀਜੀ ਅਤੇ ਚੌਥੀ ਪੀੜ੍ਹੀ ਜਾਂ ਪੜਾਅ ਦੀ ਕਹਾਣੀ ਵਿਚ ਬਰਾਬਰ ਦੀ ਭੂਮਿਕਾ ਨਿਭਾਅ ਰਿਹਾ ਹੈ। ਇਸ ਤੋਂ ਇਲਾਵਾ 'ਤਾਇਆ ਰੱਬ' ਤੇ 'ਰੁਲਦੂ ਦੀ ਅਕਾਸ਼ ਗੰਗਾ' ਨਾਮ ਦੇ ਦੋ ਨਾਵਲ ਲਿਖ ਕੇ ਉਸਨੇ ਨਾਵਲ ਵਰਗੀ ਵਿਧਾ ਵਿਚ ਵੀ ਆਪਣੇ ਅਨੁਭਵ ਤੇ ਰੌਚਿਕ ਕਥਾ ਸ਼ੈਲੀ ਦਾ ਪ੍ਰਗਟਾਵਾ ਕੀਤਾ ਹੈ।

'ਤੈਂ ਕੀ ਦਰਦ ਨਾ ਆਇਆ' ਨਾਵਲ ਵੱਖਰੇ ਭਾਂਤ ਦੀ ਟੈਕਸਟ ਹੈ। ਇਸ ਨਾਵਲ ਦਾ ਕੇਂਦਰ ਸਮਾਜਕ ਤੇ ਆਰਥਿਕ ਵਿਤਕਰੇ ਭੋਗਦੇ ਦਲਿਤ ਸ਼੍ਰੇਣੀ ਦੇ ਲੋਕ ਹਨ। ਇਹ ਦਲਿਤ ਵਰਗ ਨਾ ਸਿਰਫ ਅਖੌਤੀ ਸਵਰਨਾਂ ਦੇ ਸ਼ੋਸ਼ਨ ਤੇ ਦਮਨ ਦਾ ਸ਼ਿਕਾਰ ਹੈ ਬਲਕਿ ਦਲਿਤਾਂ ਦੀ ਕਰੀਮੀ ਲੌਬੀ ਵੱਲੋਂ ਵੀ ਪੀੜਤ ਹੈ। 'ਨੀਚਾਂ ਅੰਦਰ ਨੀਚ' ਦੀ ਪਰਿਭਾਸ਼ਾ ਵਾਂਗ ਦਲਿਤ ਤੇ ਦਮਿਤ ਜਮਾਤ ਦਾ ਸਹੀ ਤੇ ਪ੍ਰਮਾਣਿਕ ਪ੍ਰਗਟਾਵਾ ਇਸ ਟੈਕਸਟ ਦੀ ਮੂਲ ਧੁਨੀ ਬਣ ਕੇ ਉਭਰਦਾ ਹੈ।

ਨਾਵਲ ਦੀ ਦੂਜੀ ਵਿਸ਼ੇਸ਼ਤਾ ਇਸਦਾ ਕੇਂਦਰ ਰਵਾਇਤੀ ਨਾਵਲਕਾਰੀ ਵਾਂਗ ਨੌਜਵਾਨ ਜਾਂ ਅੱਧਖੜ ਉਮਰ ਦੇ ਮਧਵਰਗੀ ਪਾਤਰ ਨਹੀਂ, ਸਗੋਂ ਇਕ ਦਲਿਤ ਪਰਿਵਾਰ ਦੇ ਬੱਚੇ ਪਾਤਰ ਇਸ ਨਾਵਲ ਦਾ ਕੇਂਦਰ ਹਨ। ਇਹ ਪਾਤਰ ਸਮਾਜ ਵੱਲੋਂ ਦੁਰਕਾਰੇ ਹੋਏ ਹਨ ਜਿਨ੍ਹਾਂ ਦੇ ਮਾਧਿਅਮ ਨਾਲ ਸਮਾਜ ਦੀ ਕਰੂਰਤਾ ਦਾ ਗਲਪੀ ਪ੍ਰਗਟਾਵਾ ਇਸ ਟੈਕਸਟ ਨੂੰ ਵਿਸ਼ੇਸ਼ ਬਣਾਉਂਦਾ ਹੈ। ਪੰਜਾਬੀ ਗਲਪ ਦੇ ਇਤਿਹਾਸ ਵਿਚ ਇਹ ਤੱਥ ਵੱਡੀ ਘਾਟ ਬਣ ਕੇ ਉਭਰੇਗਾ ਕਿ ਗਲਪ ਦਾ ਵੱਡਾ ਹਿੱਸਾ ਸਮਾਜ ਦੇ ਇਕੋ ਵਰਗ, ਉਮਰ ਤੇ ਚੇਤਨਾ ਵਾਲੇ ਪਾਤਰਾਂ ਨੇ ਮੱਲਿਆ ਹੋਇਆ ਹੈ। ਬੱਚੇ ਅਤੇ ਪੂਰਵ ਬਾਲਗ ਵਰਗ ਵਾਲੇ ਪਾਤਰ ਪੂਰੀ ਤਰ੍ਹਾਂ ਖਾਰਜ ਹਨ। ਮੁਖਤਿਆਰ ਸਿੰਘ ਅਚੇਤ-ਸੁਚੇਤ ਤੌਰ 'ਤੇ ਇਸ ਟੈਕਸਟ ਵਿਚ ਪੂਰਵ ਬਾਲਗ ਵਰਗ ਦੇ ਹੈਪੀ ਤੇ ਨਿੱਕੀ ਵਰਗੇ ਪਾਤਰਾਂ ਦੁਆਰਾ ਸਮਾਜ ਦੀ ਮਨੋ ਸਥਿਤੀ ਨੂੰ ਸਮਝਦਾ ਤੇ ਚਿਤਰਦਾ ਹੈ। ਇਸ ਦੁਆਰਾ ਲੇਖਕ.ਨੇ ਦਲਿਤ ਵਿਹੜਿਆਂ ਦੀ ਜ਼ਿੰਦਗੀ ਦਾ ਸੰਪੂਰਨ ਬਿੰਬ ਪੇਸ਼ ਕਰਨ ਦਾ ਯਤਨ ਕੀਤਾ ਹੈ। ਨਾਵਲਕਾਰ ਆਪਣੇ ਸਮੇਂ ਦੇ ਸਮਾਜ ਨੂੰ ਸਿੱਧਾ ਮੁਖ਼ਾਤਬ ਹੋ ਕੇ ਵਿਹੜਿਆਂ ਦੀ ਆਰਥਿਕ ਤੇ ਸਮਾਜਕ ਤੌਰ 'ਤੇ ਹਾਸ਼ੀਅਤ ਜ਼ਿੰਦਗੀ ਦਾ ਸੱਚ ਉਭਾਰਦਾ ਹੈ।

ਨਾਵਲ ਵਿਚ ਸੰਤੀ ਅਤੇ ਬੁੱਧੂ ਦੇ ਬੱਚੇ ਹੈਪੀ ਤੇ ਨਿੱਕੀ ਆਰਥਿਕ ਤੇ ਸਮਾਜਕ ਪੱਖੋਂ ਯਤੀਮਾਂ ਵਾਲਾ ਜੀਵਨ ਭੋਗਦੇ ਹਨ। ਸੰਤੀ ਲੋਕਾਂ ਦੇ ਘਰਾਂ ਵਿਚ ਸਾਫ-ਸਫਾਈ ਕਰਦੀ ਹੈ ਤੇ ਆਰਥਿਕ ਲੋੜਾਂ ਲਈ ਆਪਣੇ ਬੱਚਿਆਂ ਨੂੰ ਛੱਡ ਕੇ ਕਰਨੈਲ ਸਿੰਘ ਨਾਲ ਰਹਿਣ ਲੱਗ ਪੈਂਦੀ ਹੈ ਪਰ ਕਰਨੈਲ ਦੇ ਬੱਚਿਆਂ ਤੇ ਕਰਨੈਲ ਸਮੇਤ ਮਾਰੀ ਜਾਂਦੀ ਹੈ। ਸੰਤੀ ਦਾ ਪਤੀ ਨਸ਼ੇੜੀ ਹੈ, ਦਿਹਾੜੀਦਾਰ ਹੈ ਅਤੇ ਘਰ ਪਰਿਵਾਰ ਦੀ ਜ਼ਿੰਮੇਵਾਰੀ ਤੋਂ ਲਾਪ੍ਰਵਾਹ ਹੈ। ਇਨ੍ਹਾਂ ਸਥਿਤੀਆਂ ਦੇ ਦੁਆਲੇ ਜਿਹੜੀਆਂ ਆਰਥਿਕ-ਸਮਾਜਕ ਲੋੜਾਂ ਇਸ ਪਰਿਵਾਰ ਦੀ ਜ਼ਿੱਲਤ ਦੀ ਪੈਦਾਇਸ਼ ਬਣਦੀਆਂ ਹਨ, ਲੇਖਕ ਉਨ੍ਹਾਂ ਦਾ ਗਲਪੀ ਪ੍ਰਗਟਾਵਾ ਕਰਦਿਆਂ ਵਿਹੜਿਆਂ ਦੇ ਜੀਵਨ ਦੀ ਸੂਚਨਾਮਈ ਤੇ ਵਾਰਤਾਲਾਪੀ ਜੁਗਤ ਨਾਲ ਪੇਸ਼ਕਾਰੀ ਕਰਦਾ ਹੈ।

ਹੈਪੀ ਤੇ ਨਿੱਕੀ ਦਾ ਯਤੀਮਾਂ ਵਰਗਾ ਜੀਵਨ ਤੇ ਇਸਦਾ ਯਥਾਰਥਕ ਪ੍ਰਸੰਗਾਂ ਵਿਚ ਪ੍ਰਗਟਾਵਾ ਨਾਵਲ ਦੇ ਆਰ-ਪਾਰ ਫੈਲਿਆ ਹੈ। ਹੈਪੀ ਦਾ ਜੀਵਨ ਸੰਘਰਸ਼, ਸਰੀਰਕ ਕਸ਼ਟ, ਜਿਸਮਾਨੀ ਲੋੜਾਂ ਤੇ ਹੋਰ ਸਰੋਕਾਰ ਨਾਵਲ ਦੀ ਦ੍ਰਿਸ਼ਕਾਰੀ ਵਿਚੋਂ ਉਭਰਦੇ ਹਨ। ਹੈਪੀ ਦਾ ਦਮਨ ਤੇ ਸ਼ੋਸ਼ਨ ਭਰੀ ਜ਼ਿੰਦਗੀ ਦੇ ਬਾਵਜੂਦ ਆਪਣੀ ਭੈਣ ਨਿੱਕੀ ਨੂੰ ਪੜ੍ਹਾਉਣਾ ਉਸਦੀ ਦੂਰ ਦ੍ਰਿਸ਼ਟੀ ਦਾ ਪ੍ਰਮਾਣ ਹੈ। ਪਰ ਨਾਵਲ ਦਾ ਕੇਂਦਰੀ ਥੀਮ ਉਸ ਅਸੰਤੁਸ਼ਟਤਾ ਨੂੰ ਪੇਸ਼ ਕਰਦਾ ਹੈ ਜਿਹੜੀ ਨਾਵਲੀ ਪਾਤਰਾਂ ਦੇ ਕਰਮ ਤੇ ਵਿਹਾਰ ਵਿਚ ਝਲਕਦੀ ਹੈ। ਇਸ ਅਸੰਤੁਸ਼ਟ ਸਥਿਤੀ ਦੇ ਚਿਤਰਨ ਲਈ ਲੇਖਕ ਨੇ ਪਿਛਲੇ ਇਕ ਦਹਾਕੇ ਦੀ ਪੰਜਾਬ ਦੀ ਬਦਲ ਰਹੀ ਸਥਿਤੀ ਨੂੰ ਸਨਮੁਖ ਰੱਖਿਆ ਹੈ। ਪਿੰਡਾਂ ਦਾ ਸ਼ਹਿਰੀਕਰਨ, ਆਰਥਿਕ-ਸਮਾਜਕ ਵਿੱਥਾਂ, ਪਰਵਾਸੀ ਮਜ਼ਦੂਰਾਂ ਦੀ ਅੰਨ੍ਹੇਵਾਹ ਆਮਦ, ਮਜ਼ਦੂਰਾਂ ਦੀ ਸ਼ੋਸ਼ਨ ਭਰੀ ਹਾਲਤ ਪਰ ਦੂਜੇ ਪਾਸੇ ਤੇਜ਼ੀ ਨਾਲ ਉਸਰਦੇ ਮਾਲ, ਬਿਲਡਿੰਗ ਕੰਪਲੈਕਸ ਆਦਿ ਵਰਤਾਰੇ ਨਾਵਲ ਦੇ ਮਾਧਿਅਮ ਨਾਲ ਅਸਾਵੇਂ ਤੇ ਅਸੰਤੁਲਤ ਸਮਾਜਕ ਵਿਕਾਸ ਨੂੰ ਦਰਸਾਂਦੇ ਪਹਿਲੂ ਹਨ।

ਮੁਖਤਿਆਰ ਸਿੰਘ ਦੇ ਇਸ ਨਾਵਲ ਦੀ ਮਹੱਤਤਾ ਇਸ ਦੇ ਭਾਸ਼ਾਈ ਸਰੋਕਾਰਾਂ ਨਾਲ ਵੀ ਜੁੜੀ ਹੈ। ਵਿਹੜਿਆਂ ਦੀ ਜ਼ਿੰਦਗੀ ਵੱਖਰੀ ਕਿਸਮ ਦੀ ਆਂਚਲਿਕਤਾ ਵਾਲੀ ਹੁੰਦੀ ਹੈ ਪਰ ਇਸ ਆਂਚਲਿਕਤਾ ਨੂੰ ਸਮਾਜ ਦੀ ਮੁਖ ਧਾਰਾ ਲਤਾੜ ਕੇ ਰੱਖਦੀ ਹੈ। ਨਾਵਲ ਵਿਚ ਹੈਪੀ, ਨਿੱਕੀ ਦਾ ਆਪਸੀ ਵਾਰਤਾਲਾਪ, ਇਨ੍ਹਾਂ ਦਾ ਵੱਖ ਵੱਖ ਮਾਨਸਿਕ-ਸਮਾਜਕ ਪਿਛੋਕੜ ਵਾਲੇ ਵਰਗਾਂ ਦੇ ਪਾਤਰਾਂ ਨਾਲ ਵਾਰਤਾਲਾਪ ਵਿਸ਼ੇਸ਼ ਭਾਸ਼ਾਈ ਉਚਾਰ ਵਾਲਾ ਹੈ। ਚੰਗੀ ਨਾਵਲੀ ਟੈਕਸਟ ਪਾਤਰਾਂ ਦੀ ਵੰਨ ਸੁਵੰਨਤਾ ਨੂੰ ਉਸੇ ਰੂਪ ਵਿਚ ਫੜਨ ਵਾਲੀ ਵੀ ਹੁੰਦੀ ਹੈ, ਤਾਂ ਹੀ ਇਹ ਵਿਧਾ ਸਮਾਜਕ



ਯਥਾਰਥ ਦੀ ਟੋਟੈਲਿਟੀ ਨੂੰ ਫੜਨ ਦਾ ਧਰਮੀ ਚਰਿੱਤਰ ਨਿਭਾਅ ਸਕਦੀ ਹੈ। ਮੁਖਤਿਆਰ ਸਿੰਘ ਇਸ ਪੱਖੋਂ ਕਾਫੀ ਸਫਲ ਗਲਪਕਾਰ ਕਿਹਾ ਜਾ ਸਕਦਾ ਹੈ।

ਸਮਕਾਲੀ ਨਾਵਲ ਆਪਣੀ ਰੂਪ-ਵਿਧੀ, ਸਿਰਜਣ-ਸਰੋਕਾਰਾਂ, ਵਿਸ਼ੇ, ਰੂਪ ਤੇ ਦ੍ਰਿਸ਼ਟੀਗਤ ਪਾਸਾਰਾਂ ਪੱਖੋਂ ਨਵੀਂ ਦਿਸ਼ਾ ਵੱਲ ਵਧ ਰਿਹਾ ਹੈ। ਇਸ ਦਿਸ਼ਾ ਵਿਚ ਮਨਮੋਹਨ, ਜਸਬੀਰ ਮੰਡ, ਮਨਮੋਹਨ ਬਾਵਾ, ਬਲਬੀਰ ਪਰਵਾਨਾ, ਅਵਤਾਰ ਬਿਲਿੰਗ, ਦਰਸ਼ਨ ਸਿੰਘ, ਹਰਜੀਤ ਅਟਵਾਲ ਆਦਿ ਨਾਵਲਕਾਰ ਵਿਸ਼ੇਸ਼ ਭੂਮਿਕਾ ਨਿਭਾਅ ਰਹੇ ਹਨ। ਮੁਖਤਿਆਰ ਸਿੰਘ ਵੀ ਇਸੇ ਵੰਨਗੀ ਦਾ ਨਾਵਲਕਾਰ ਹੈ। ਆਪਣੀ ਇਸ ਸੱਜਰੀ ਰਚਨਾ ਲਈ ਉਹ ਵਧਾਈ ਦਾ ਪਾਤਰ ਹੈ। **-ਜੇ.ਬੀ.ਸੇਖੋਂ**

## ਭਰਿਆ ਹੈ ਮੇਰਾ ਅਸਮਾਨ (ਕਾਵਿ ਸੰਗ੍ਰਹਿ) ਡਾ. ਰਵਿੰਦਰ

ਸ਼ਿਵ ਕੁਮਾਰ ਦੇ ਨਾਲ ਜੁੜੀ ਬਟਾਲੇ ਦੀ ਧਰਤੀ ਉੱਤੇ ਵਸੇ ਜਿਹੜੇ ਵਿਅਕਤੀ ਸਾਹਿਤਕ ਪਿੜ ਵਿਚ ਆਪਣੀ ਕਲਮ ਦਾ ਹੁਨਰ ਦਿਖਾ ਰਹੇ ਹਨ, ਉਨ੍ਹਾਂ ਵਿਚ ਡਾ. ਰਵਿੰਦਰ ਇਕ ਉਘੜਵਾਂ ਹਸਤਾਖ਼ਰ ਹੈ। ਪੇਸ਼ੇ ਵਜੋਂ ਬੱਚਿਆਂ ਦਾ ਡਾਕਟਰ ਹੋਣ ਕਰਕੇ ਉਸਦੇ ਨਾਂ ਨਾਲ ਡਾ. ਸ਼ਬਦ ਜੁੜ ਜਾਣਾ ਸੁਭਾਵਕ ਹੈ। ਕਵਿਤਾ ਨਾਲ ਡਾ.ਰਵਿੰਦਰ ਦਾ ਏਨਾ ਲਗਾਉ ਹੈ ਕਿ 'ਇਕ ਕਵਿਤਾ ਲਿਖ ਲੈਣ ਦੇ ਸਕੂਨ ਸਾਹਮਣੇ ਉਸਨੂੰ ਪਦਾਰਥਕ ਪ੍ਰਾਪਤੀਆਂ ਨਿਗੂਣੀਆਂ ਅਤੇ ਅਰਥਹੀਣ ਪ੍ਰਤੀਤ ਹੁੰਦੀਆਂ ਹਨ'। ਸਾਢੇ ਚਾਰ ਦਹਾਕਿਆਂ ਤੋਂ ਵੱਖਰੇ ਰੰਗ ਵਾਲੀਆਂ ਕਵਿਤਾਵਾਂ ਲਿਖ ਕੇ ਉਹ ਆਪਣੀ ਵੱਖਰੀ ਕਾਵਿਕ ਪਛਾਣ ਬਣਾਉਂਦਾ ਹੈ। ਜਿਸਨੂੰ ਉਸਦੀ ਸਮੁੱਚੀ ਕਵਿਤਾ ਦੇ ਸੰਗ੍ਰਹਿ 'ਕਵਿਤਾ ਮੇਰੇ ਨਾਲ ਨਾਲ' ਅਤੇ ਸੱਜਰੇ ਪ੍ਰਕਾਸ਼ਤ ਹੋਏ ਕਾਵਿ-ਸੰਗ੍ਰਹਿ 'ਭਰਿਆ ਹੈ ਮੇਰਾ ਅਸਮਾਨ' ( ਮੁੱਲ 150 ਰੁਪਏ, ਪੰਨੇ 104, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚੋਂ ਪਛਾਣਿਆ ਜਾ ਸਕਦਾ ਹੈ।

ਪ੍ਰਤੀਕਾਤਮਕ ਵਿਧੀ ਨਾਲ ਲਿਖਿਆ ਗਿਆ ਹੱਥਲਾ ਕਾਵਿ-ਸੰਗ੍ਰਹਿ ਡਾ. ਰਵਿੰਦਰ ਦੇ ਦਿਲ-ਦਿਮਾਗ 'ਚੋਂ ਉਪਜੇ ਵਿਭਿੰਨ ਖਿਆਲਾਂ ਦਾ ਸਮੂਰਤੀਕਰਨ ਹੈ। 'ਭਰਿਆ ਹੈ ਮੇਰਾ ਅਸਮਾਨ' ਨਾਂ ਦੀ ਕਵਿਤਾ ਕਵੀ ਦੇ ਖਿਆਲਾਂ ਦੀ ਸੀਮਾ ਨਿਸਚਤ ਕਰਦੀ ਹੈ। ਇਸ ਕਵਿਤਾ ਵਿਚ ਕਵੀ ਦੀ ਖਿਆਲ-ਉਡਾਰੀ ਅਸਮਾਨ ਜਿੱਡੀ ਵਿਸ਼ਾਲ ਹੈ। ਏਨੀ ਵਿਸ਼ਾਲ ਕਿ ਮਨੁੱਖੀ ਜੀਵਨ ਦੇ ਅਨੰਤ ਨਵੇਂ ਭੇਤਾਂ ਨੂੰ ਖੋਲ੍ਹਣ ਦੇ ਨਾਲ ਨਾਲ ਮਨੁੱਖੀ ਇਤਿਹਾਸ ਦੇ ਕਈ ਕੌੜੇ ਮਿੱਠੇ ਹਾਦਸਿਆਂ ਦੇ ਝੂਠ ਸੱਚ ਦੀ ਥਾਹ ਪਾ ਸਕਦੀ ਹੈ। ਸਦੀਵੀ ਬਣ ਚੁੱਕੇ ਝੂਠ ਤੇ ਸੱਚ ਨੂੰ ਨਿੱਤ ਨਵੇਂ ਗੀਤਾਂ,ਨਜ਼ਮਾਂ, ਗ਼ਜ਼ਲਾਂ ਤੇ ਹੋਰਨਾਂ ਕਾਵਿ-ਰੂਪਾਂ ਵਿਚ ਨਵੇਂ ਜ਼ਾਵੀਏ ਤੋਂ ਪੇਸ਼ ਹੁੰਦੀ ਹੈ ਤੇ ਪੇਸ਼ ਕਰਨ ਵਾਲੇ ਆਪਣੇ ਸਿਰਜਣਹਾਰਿਆਂ ਨੂੰ ਹਮੇਸ਼ਾ ਤਰੋ ਤਾਜ਼ਾ ਰੱਖਦੀ ਹੋਈ ਨਿੱਤ ਨਵੇਂ ਕਾਵਿ-ਅਨੁਭਵਾਂ ਨਾਲ ਭਰਿਆ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਵੇਖੋ ਸਤਰਾਂ:

*ਬੇਸ਼ਕ ਰੋਜ਼ ਹੀ ਮੇਰੇ ਅੰਦਰੋਂ/ਉੱਡ ਉੱਡ ਜਾਂਦੇ / ਲੱਖਾਂ ਪੰਛੀ*
*ਭਰ ਦੇਂਦੇ ਸਾਰਾ ਆਕਾਸ਼*
*ਫ਼ਿਰ ਵੀ ਮੈਂ/ ਖ਼ਾਲੀ ਨਾ ਹੋਵਾਂ /ਨਾ ਖ਼ਾਲੀ ਮੇਰਾ ਅਸਮਾਨ*

ਆਪਣੀ ਮਨਭਾਉਂਦੀ ਸੰਬੋਧਨੀ ਕਾਵਿ-ਸ਼ੈਲੀ ਰਾਹੀਂ ਡਾ.ਰਵਿੰਦਰ ਆਪਣੇ ਦਿਲ ਦੀ ਗੱਲ ਕਰਦਾ ਹੈ। 'ਇਨਕਸ਼ਾਫ਼' ਨਾਂ ਦੀ ਕਵਿਤਾ ਵਿਚ ਉਹ ਕਵੀ ਦੇ ਧਰਮ ਤੇ ਕਰਮ ਦੀ ਪਛਾਣ ਕਰਵਾਉਂਦਾ ਹੋਇਆ ਇਹ ਵਿਚਾਰ ਪਾਠਕਾਂ ਸਾਹਵੇਂ ਲਿਆਉਂਦਾ ਹੈ ਕਿ ਕਵੀ ਏਨਾ ਦਿਆਨਤਦਾਰ ਹੋਣਾ ਚਾਹੀਦਾ ਹੈ ਕਿ ਆਪਣੇ ਮਨ ਦੀ ਅਦਾਲਤ ਵਿਚ ਖਲੋ ਕੇ ਆਪਣੇ ਕੀਤੇ ਅਣਕੀਤੇ ਗੁਨਾਹਾਂ ਨੂੰ ਕਬੂਲ ਸਕੇ ਤੇ ਆਪਣੇ ਖਿਆਲਾਂ ਵਿਚ ਵੀ ਕੀਤੀਆਂ ਗਲਤੀਆਂ ਦੀ ਆਪਣੇ ਆਪ ਕੋਲੋਂ ਤੇ ਸਮੂਹ ਸੰਸਾਰ ਕੋਲੋਂ ਮਾਫ਼ੀ ਮੰਗ ਸਕੇ। ਉਪਰੰਤ ਸਜ਼ਾ ਨੂੰ ਭੁਗਤਣ ਲਈ ਤਿਆਰ ਰਹੇ। ਕਿਉਂਜ, ਕਵਿਤਾ ਅਣਕੀਤੇ ਗੁਨਾਹਾਂ ਦੀ ਕਬੂਲੀਅਤ ਦਾ ਮਾਫ਼ੀਨਾਮਾ ਹੁੰਦੀ ਹੈ ਅਤੇ ਆਮ ਲੋਕਾਂ ਤੇ

ਸੱਤਾਧਾਰੀਆਂ ਦੇ ਕੁਕਰਮਾਂ,ਦੋਸ਼ਾਂ,ਐਬਾਂ ਆਦਿ ਨੂੰ ਉਹਨਾਂ ਦੇ ਸਾਹਵੇਂ ਕਰਨ ਦਾ ਇਕਰਾਰਨਾਮਾ ਵੀ। ਉਸਦੀ ਕਵਿਤਾ ਦੇ ਕਾਵਿਕ ਧਰਮ ਦਾ ਇਕ ਸਰੂਪ ਇਹ ਵੀ ਹੈ:

*ਕਵਿਤਾ ਤਾਂ/ਅਣਵੇਖੇ ਸੁਪਨੇ/ਸੱਚੇ ਕਰਨਾ ਚਾਹੇ*
*ਸ਼ਬਦਾਂ,ਬੋਲਾਂ,ਸੋਚਾਂ ਵਿਚ / ਉਹ ਰਹੇ ਭਟਕਦੀ*
*ਲਿਖੀ ਜਾਂ ਅਣਲਿਖੀ, ਬੋਲੀ ਜਾਂ ਅਣਬੋਲੀ ਹੋਵੇ*
*ਸ਼ਾਇਰ ਦੇ ਅੰਤਿਮ ਸਾਹਾਂ ਤਕ / ਉਹਦੇ ਅੰਦਰ ਜੀਂਦੀ ਵੱਸਦੀ*
*ਬੇਗ਼ਮਪੁਰਾ ਜੇ ਹੋਵੇ ਕਿਧਰੇ / ਉਹੋ ਹੀ ਕਵਿਤਾ ਦੀ ਮੰਜ਼ਿਲ*

ਡਾ. ਰਵਿੰਦਰ ਦੀ ਨਜ਼ਰ ਮੱਧਕਾਲ ਦੇ ਕ੍ਰਾਂਤੀਕਾਰੀ ਭਗਤ-ਕਵੀ ਰਵਿਦਾਸ ਜੀ ਦੀ ਉਚਰਿਤ ਬਾਣੀ ਵਿਚਲੇ 'ਬੇਗਮਪੁਰਾ' ਸ਼ਬਦ ਦੇ ਸਮਾਜ-ਸ਼ਾਸਤਰੀ ਪ੍ਰਸੰਗਾਂ 'ਤੇ ਆਧਾਰਤ ਹੈ। ਇਸ ਸ਼ਬਦ ਵਿਚਲੇ 'ਸਹਰ' ਦੀ ਬਣਤਰ ਅਜਿਹੇ ਸਮਾਜਵਾਦੀ ਰਾਜ ਦੀ ਕਲਪਨਾ ਉੱਤੇ ਟਿਕੀ ਹੋਈ ਹੈ ਜਿੱਥੇ ਕੋਈ ਦੁੱਖ ਨਹੀਂ, ਕੋਈ ਵੱਡਾ-ਛੋਟਾ ਨਹੀਂ, ਕੋਈ ਭੈਅ-ਡਰ ਨਹੀਂ, ਕੋਈ ਗ਼ਲਤ ਕੰਮ ਨਹੀਂ, ਕੋਈ ਸਮਾਜਕ ਗਿਰਾਵਟ ਨਹੀਂ, ਜਿੱਥੇ ਚੰਗਾ ਖਾਣਾ ਹੈ, ਚੰਗਾ ਨਿਵਾਸ-ਸਥਾਨ ਹੈ, ਹਮੇਸ਼ਾ ਸਲਾਮਤੀ ਹੈ। ਇਹਨਾਂ ਅਰਥਾਂ ਵਿਚ ਇਹ ਸ਼ਬਦ ਲੋਟੂ ਰਾਜਨੀਤਕ, ਸਮਾਜਕ, ਆਰਥਿਕ ਤੇ ਸਭਿਆਚਾਰਕ ਵਿਵਸਥਾਵਾਂ ਨੂੰ ਖਤਮ ਕਰਕੇ ਬਰਾਬਰੀ ਦੇ ਸਿਧਾਂਤ ਉੱਤੇ ਉੱਸਰੇ ਸਮਾਜਵਾਦੀ ਵਿਵਸਥਾ ਵਾਲੇ ਰਾਜ ਦਾ ਆਭਾਸ ਕਰਾਉਂਦਾ ਹੈ। ਡਾ.ਰਵਿੰਦਰ ਦੀ ਕਾਵਿ-ਦ੍ਰਿਸ਼ਟੀ ਸਮਕਾਲ ਦੀਆਂ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਵਿਅਕਤੀ ਨੂੰ ਆਪਣੀ ਪਛਾਣ ਕਰਨ ਲਈ ਪ੍ਰੇਰਦੀ ਹੈ। ਏਹੀ ਪਛਾਣ ਉਸਨੂੰ ਪਰਿਵਾਰਕ, ਸਮਾਜਕ ਤੇ ਮਾਨਵੀ ਰਿਸ਼ਤਿਆਂ ਦੇ ਮਹੱਤਵ ਦਾ ਬੋਧ ਕਰਵਾਉਂਦੀ ਹੈ। ਕਿਉਂਕਿ ਇਹ ਪਛਾਣਾਂ ਵਿਅਕਤੀ ਨੂੰ ਮੁਹੱਬਤਾਂ ਦੇ ਬੋਲ ਸੁਣਨ ਦੇ ਯੋਗ ਬਣਾਉਂਦੀਆਂ ਹਨ, ਉਹਨਾਂ ਨੂੰ ਆਸ਼ਾਮਈ ਸੁਪਨੇ ਵਿਖਾਉਂਦੀਆਂ ਹਨ, ਉਹਨਾਂ ਦੇ ਸਾਹਾਂ ਵਿਚ ਪਿਆਰ ਦੀ ਮਹਿਕ ਭਰਦੀਆਂ ਹਨ ਅਤੇ ਉਹਨਾਂ ਨੂੰ ਉਹਨਾਂ ਵੱਲੋਂ ਕੀਤੇ ਅਣਕੀਤੇ ਗੁਨਾਹਾਂ ਦਾ ਅਹਿਸਾਸ ਕਰਵਾ ਕੇ ਮਾਫੀ ਮੰਗਣ ਲਈ ਪ੍ਰੇਰਦੀਆਂ ਹਨ। ਡਾ.ਰਵਿੰਦਰ ਦੇ ਕਾਵਿ-ਰੂਪੀ ਅਸਮਾਨ ਵਿਚ ਇਹ ਚਾਰੇ ਰੰਗ ਘੁਲ-ਮਿਲ ਕੇ ਐਸੇ ਮਹਾਂਨੂਰ ਦਾ ਰੂਪ ਧਾਰਦੇ ਹਨ ਜਿਸਨੂੰ ਹੇਠ ਲਿਖੀਆਂ ਸਤਰਾਂ ਵਿਚੋਂ ਵੇਖਿਆ ਜਾ ਸਕਦਾ ਹੈ:

*ਚਾਨਣ ਤੋਂ ਮੂੰਹ ਮੋੜਨ ਨਾਲੋਂ, ਇਸਨੂੰ ਆਪਣਾ ਯਾਰ ਬਣਾ ਲੈ*
*ਇਸਨੂੰ ਆਪਣਾ ਰਹਿਬਰ ਮੰਨ ਲੈ*
*ਨਾਲ-ਨਾਲ ਤੁਰਦੇ ਫ਼ਿਰਦੇ ਇਹ / ਤੈਨੂੰ ਤੇਰੀ ਮੈਂ ਦਾ/ ਕਾਲਾ ਰੰਗ ਵਿਖਾਵੇ*
*ਤੇਰੀ ਹਉਮੈਂ ਛਾਂਗ ਕੇ / ਤੇਰੀ ਹੋਂਦ ਨੂੰ*
*ਅਤਿ ਸੂਖਮ ਅਣਦਿੱਸਦੀ ਕਰਕੇ*
*ਤੇਰੀ ਜੋਤ, ਤੇਰੇ ਚਾਨਣ ਨੂੰ/ ਮਹਾਂਨੂਰ ਦੇ ਨਾਲ ਮਿਲਾਵੇ*
*ਜਿੱਥੇ ਸਭ ਕੁਝ ਇਕ ਹੋ ਜਾਵੇ*
*ਦੂਜਾ ਕੋਈ ਜਿਸਮ / ਕੋਈ ਪਰਛਾਵਾਂ ਨਾ ਰਹਿ ਜਾਵੇ*
*ਤੇਰਾ ਰਹਿਬਰ ਬਣ ਕੇ ਇਹ ਤੇਰਾ ਪਰਛਾਵਾਂ / ਤੇਰੇ ਵਿਚ ਸਮਾਅ ਜਾਵੇ*

ਮਨੁੱਖੀ ਜੀਵਨ ਦੇ ਵਿਕਾਸ-ਪੜਾਵਾਂ ਵਿਚ ਪਰਿਵਾਰਕ ਰਿਸ਼ਤਿਆਂ ਦੇ ਮਹੱਤਵ ਨੂੰ ਸਮਕਾਲ ਦੀ ਸੰਵੇਦਨਾ ਮੁਜਬ 'ਬਦਲਦੇ ਰੋਲ ਮਾਡਲ', 'ਮਾਵਾਂ ਦਾ ਕੈਲੰਡਰ', 'ਮਾਂ ਉਦਾਸ ਹੈ', 'ਜੇਹਾ ਬੀਜੇ', 'ਮੇਰਾ ਘਰ' ਅਤੇ 'ਆਪਣੇ ਨੜੋਏ'ਚ' ਸ਼ੀਰਸ਼ਕ ਵਾਲੀਆਂ ਕਵਿਤਾਵਾਂ ਬੁਢੇਪੇ ਵਿਚ ਮਾਂ ਪਿਓ ਦੀ ਹੁੰਦੀ ਬੇਕਦਰੀ ਨੂੰ ਬੱਚੇ ਦੇ ਜੀਵਨ ਵਿਚ ਮਾਂ ਤੇ ਪਿਓ ਦੇ ਮਹੱਤਵ ਨੂੰ ਉਜਾਗਰ ਕਰਕੇ ਸਾਕਾਰਦੀਆ ਹਨ। ਜਿੱਥੇ ਇਹਨਾਂ ਕਵਿਤਾਵਾਂ ਵਿਚ ਬੁਢੇਪੇ ਦਾ ਦੁਖਾਂਤ ਪੇਸ਼ ਕੀਤਾ ਗਿਆ ਹੈ ਉੱਥੇ ਜੀਵਨ ਵਿਚ ਬਚਪਨ ਦੇ ਮਹੱਤਵ ਨੂੰ ਦਰਸਾਉਂਦੀ ਕਵਿਤਾ 'ਬੱਚੇ ਬਣੇ ਰਹਿਣਾ' ਵਿਚ



ਕਵੀ ਅੱਜ ਦੇ ਮਨੁੱਖ ਸਾਹਵੇਂ ਇਹ ਅੜਾਉਣੀ ਪਾਉਂਦਾ ਹੈ ਕਿ:

*ਉਂਝ ਕਹਿ ਤਾਂ ਲੈਂਦੇ ਹਾਂ/ਅਸੀਂ ਹਰ ਕਿਸੇ ਨੂੰ*
*ਐਵੇਂ ਬੱਚਾ ਨਾ ਬਣਿਆ ਰਹੁ*
*ਬੱਚੇ ਬਣੇ ਰਹਿਣਾ / ਬੱਚਿਆਂ ਦੀ ਖੇਡ ਨਹੀਂ*

ਅੱਜ ਦੇ ਵਿਅਕਤੀ ਕੋਲ ਬੱਚਿਆਂ ਵਰਗੀ ਮਾਸੂਮੀਅਤ, ਭੋਲਾਪਨ, ਬੇਫਿਕਰੀਆਂ ਕਿੱਥੇ? ਉਹ ਤਾਂ ਚੁਸਤੀਆਂ, ਚਲਾਕੀਆਂ, ਮਕਾਰੀਆਂ, ਬੇਈਮਾਨੀਆਂ, ਠੱਗੀਆਂ ਆਦਿ ਨਾਲ ਭਰਿਆ ਮਨ ਲਈ ਫਿਰਦਾ ਹੈ। ਉਹ ਮਰੀ ਜ਼ਮੀਰ ਲੈ ਕੇ ਜੀਅ ਰਿਹਾ ਹੈ। ਉਹ ਏਨਾ ਨਿਰਾਸ,ਉਲਝਣਾਂ ਤੇ ਸਮੱਸਿਆਵਾਂ'ਚ ਫਾਥਾ ਹੈ ਕਿ ਉਸ ਨੂੰ ਪਿਆਰ ਤੇ ਹਮਦਰਦੀ ਜਿਹੇ ਮਾਨਵਵਾਦੀ ਸੰਕਲਪ ਛੋਟੇ ਪ੍ਰਤੀਤ ਹੁੰਦੇ ਹਨ। ਸ਼ਾਇਦ ਏਸੇ ਲਈ ਮਨੁੱਖੀ ਜ਼ਿੰਦਗੀ ਵਿਚ ਪਿਆਰ ਤੇ ਹਮਦਰਦੀ ਦੇ ਮਾਇਨੇ ਬਦਲ ਗਏ ਹਨ, ਜਿਹਨਾਂ ਨੂੰ ਕਵੀ ਨੇ 'ਸਭ ਕੁਝ ਨਹੀਂ' ਕਵਿਤਾ ਵਿਚ ਕਲਮਬੱਧ ਕੀਤਾ ਹੈ। ਐਪਰ 'ਮੈਂ ਹੋਰ ਵੀ ਹਾਂ ਕੁਝ' ਨਾਂ ਦੀ ਕਵਿਤਾ ਵਿਚ ਕਵੀ ਸਰੀਰ ਤੋਂ ਉਪਰਲੇ ਰੂਹ ਦੇ ਮਿਲਾਪ ਦੀ ਲੋਚਾ ਰੱਖਦਾ ਹੈ। ਪਰ ਪਾਕਿ-ਪਵਿੱਤਰ ਮੁਹੱਬਤ ਦੀ ਤਲਾਸ਼ ਸੱਚੀਆਂ-ਸੁੱਚੀਆਂ ਕੀਮਤਾਂ ਦੇ ਧਾਰਨੀ ਸਮਾਜ 'ਚ ਹੀ ਸੰਭਵ ਹੋ ਸਕਦੀ ਹੈ। ਬੇਨਾਮ ਪ੍ਰੇਮੀ ਪ੍ਰੇਮਿਕਾ ਦੇ ਸੰਬੰਧਾਂ ਦੀ ਗੱਲ 'ਬੇਆਕਾਰ ਪੈਮਾਇਸ਼' ਨਾਂ ਦੀ ਕਵਿਤਾ ਵਿਚ ਕਰਦਿਆਂ ਕਵੀ ਇਹ ਵਿਚਾਰ ਦਿੰਦਾ ਹੈ ਕਿ ਰੂਹਾਂ ਦੇ ਰਿਸ਼ਤੇ ਸਮਾਜਕ ਰਿਸ਼ਤਿਆਂ ਦੀ ਕੈਦ ਤੋਂ ਆਜ਼ਾਦ ਹੁੰਦੇ ਨੇ। ਕਿਉਂਕਿ ਇਹ ਮਨੁੱਖੀ ਰਿਸ਼ਤਿਆਂ 'ਚ ਵਾਸ ਕਰਦੇ ਹਨ।

ਡਾ ਰਵਿੰਦਰ ਵਰਗੀ ਸ਼ਾਹੀਨ ਮਾਨਵੀ-ਦ੍ਰਿਸ਼ਟੀ ਹੀ ਅੱਜੋਕੇ ਵਿਸ਼ਵੀਕ੍ਰਿਤ ਵਰਤਾਰੇ ਦੇ ਅਜਿਹੇ ਮੱਕੜਜਾਲ ਨੂੰ ਸਮਝਣ ਦੇ ਸਮਰੱਥ ਹੋ ਸਕਦੀ ਹੈ ਜਿਸਨੇ ਅੱਜੋਕੇ ਮਾਨਵੀ ਰਿਸ਼ਤਿਆਂ ਦੀ ਤੰਦ-ਤਾਣੀ ਨੂੰ ਉਲਝਾ ਕੇ ਰੱਖ ਦਿੱਤਾ ਹੈ। 'ਪੰਛੀਆਂ ਦੀ ਦੀਵਾਲੀ', 'ਪਤੰਗਾਂ ਤੇ ਪਰਿੰਦੇ', 'ਸਮਰਪਣ', 'ਨ੍ਹੇਰੀ ਆ ਗਈ ਜੇ' ਤੇ 'ਪਰਛਾਵਾਂ' ਸਿਰਲੇਖਾਂ ਵਾਲੀਆਂ ਕਵਿਤਾਵਾਂ 'ਚੋਂ ਇਸ ਕਿਸਮ ਦੇ ਪ੍ਰਸੰਗ ਲੱਭ ਜਾਣਗੇ ਕਿ ਵਿਸ਼ਵੀਕਰਨ ਦੇ ਸ਼ੋਰ-ਸ਼ਰਾਬੇ ਨੇ ਬੰਦੇ ਦੀ ਖ਼ੁਦੀ ਨੂੰ ਮਾਰ ਦਿੱਤਾ ਹੈ ,ਚਕਾਚੌਂਧ ਨੇ ਜੱਦੀ-ਪੁਸ਼ਤੀ ਕਿੱਤਿਆਂ ਤੇ ਦੇਸੀ-ਬੋਲੀਆਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ ਅਤੇ ਇਸ ਦੀਆਂ ਉਪਭੋਗਤਾਵਾਦੀ ਰੁਚੀਆਂ ਨੇ ਨੈਤਿਕ-ਮੁੱਲਾਂ ਨੂੰ ਢਾਹ ਲਾ ਦਿੱਤੀ ਹੈ। ਇਵੇਂ ਹੀ 'ਪਰਜੀਵੀ ਦੇਵਤੇ' ਨਾਂ ਦੀ ਕਵਿਤਾ ਵਿਚ ਧਰਮ ਮਨੁੱਖੀ ਨਸਲ 'ਚੋਂ ਜਨਮ ਲੈ ਕੇ ਇਸ ਦੀਆਂ ਜੜ੍ਹਾਂ ਨੂੰ ਕੱਟਦਾ ਵਿਖਾਇਆ ਹੈ। 'ਪੁੱਠਾ ਗੇੜ' ਨਾਂ ਦੀ ਕਵਿਤਾ ਵਿਚ ਮਨੁੱਖੀ ਸਭਿਅਤਾ ਦਾ ਵਿਕਾਸ ਵਿਗਾੜ ਦੇ ਰੂਪ 'ਚ ਸਾਕਾਰ ਹੋਇਆ ਹੈ। 'ਸਪੇਰਾ' ਨਾਂ ਦੀ ਕਵਿਤਾ ਵਿਚ ਕਵੀ ਅਜਿਹੇ ਅਖੌਤੀ ਲੇਖਕਾਂ ਤੋਂ ਖ਼ਬਰਦਾਰ ਕਰਦਾ ਹੈ ਜੋ ਸੱਤਾ ਦੇ ਸਪੇਰਿਆਂ ਦੀ ਬੀਨ ਬਣ ਕੇ ਆਪਣੀ ਬਾਂਸਰੀ ਦੀ ਸੁਰ ਕੱਢਣੀ ਭੁੱਲ ਜਾਂਦੇ ਹਨ। 'ਪੁੱਠੀ ਪਰਿਕਰਮਾ' ਨਾਂ ਦੀ ਕਵਿਤਾ ਵਿਚ ਕਵੀ ਬਨਾਮ ਪਾਠਕ ਤੋਂ ਡਾ.ਰਵਿੰਦਰ ਮੰਗ ਕਰਦਾ ਹੈ ਕਿ ਉਹ ਜਨਮ ਤੇ ਮੌਤ ਵਿਚਲੇ ਜੀਵਨ-ਰੂਪੀ ਫਾਸਲੇ ਨੂੰ ਨਵੀਆਂ ਲੀਹਾਂ ਉੱਤੇ ਤੁਰ ਕੇ ਸੰਪੂਰਨ ਕਰਨ ਤੇ ਮੌਤ ਦੇ ਡਰ ਨੂੰ ਮਨੋਂ ਵਿਸਾਰ ਦੇਣ। ਪਰ 'ਵਾਰਿਸ ਕਵਿਤਾ ਦੇ' ਨਾਂ ਵਾਲੀ ਕਵਿਤਾ ਸਮਕਾਲ ਦੀ ਇਹ ਪਾਠਗਤ ਸਥਿਤੀ ਪੇਸ਼ ਕਰਦੀ ਹੈ ਕਿ ਲੋਕਾਂ ਦੇ ਦਿਲਾਂ ਵਿਚ ਕਵਿਤਾ ਦਾ ਮਹੱਤਵ ਘਟਦਾ ਜਾ ਰਿਹਾ ਹੈ ਤੇ ਕਵੀ ਆਪਣੀ ਪਛਾਣ ਬਣਾਉਣ ਲਈ ਦੂਜਿਆਂ ਦਾ ਮੁਥਾਜ ਹੋਇਆ ਫਿਰਦਾ ਹੈ। 'ਉਦਾਸੀ ਦਾ ਸਬੱਬ' ਨਾਂ ਦੀ ਕਵਿਤਾ ਪੜ੍ਹ ਕੇ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਲੋਕਾਂ ਦੀ ਕਵਿਤਾ ਪ੍ਰਤਿ ਬੇਰੁਖੀ ਕਵੀਆਂ ਲਈ ਉਦਾਸੀ ਦਾ ਸਬੱਬ ਕਿਵੇਂ ਬਣ ਜਾਂਦੀ ਹੈ ।

ਮੁੱਕਦੀ ਗੱਲ, ਮਰੀ ਜ਼ਮੀਰ ਲੈ ਕੇ ਜੀਣਾ ਵੀ ਕਾਹਦਾ ਜੀਣਾ ਹੈ, ਹਰ ਪ੍ਰਕਾਰ ਦੇ ਰਿਸ਼ਤਿਆਂ ਦੇ ਨਿਭਾਅ ਲਈ ਦਿਆਨਤਦਾਰੀ ਜ਼ਰੂਰੀ ਏ, ਪਿੱਠ ਪਿੱਛੇ ਕਿਸੇ ਦੀ ਨਿੰਦਾ ਨਹੀਂ ਕਰਨੀ ਚਾਹੀਦੀ, ਸੱਚ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ , ਮਨੁੱਖ ਨੂੰ ਮਹੱਤਵਹੀਣ

ਕਾਰਜਾਂ ਵਿਚ ਉਲਝ ਕੇ ਆਪਣਾ ਜੀਵਨ ਵਿਅਰਥ ਨਹੀਂ ਗੁਆਉਣਾ ਚਾਹੀਦਾ, ਆਪਣੀ ਖੁਦੀ ਨੂੰ ਹਮੇਸ਼ਾ ਬੁਲੰਦ ਰੱਖਣਾ ਚਾਹੀਦਾ ਹੈ, ਔਰਤ ਨੂੰ ਵਿਅਕਤੀ ਦੇ ਰੂਪ 'ਚ ਤੱਕਣਾ ਚਾਹੀਦਾ ਹੈ, ਹਰ ਰਿਸ਼ਤੇ ਵਿਚ ਆਈਆਂ ਦੂਰੀਆਂ ਨੂੰ ਮੇਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ,ਆਪਣੇ ਮਾਪਿਆਂ ਦਾ ਸਤਿਕਾਰ ਤੇ ਬੱਚਿਆਂ ਨੂੰ ਪਿਆਰ ਕਰਨਾ ਚਾਹੀਦਾ ਹੈ ,ਤਲਖ਼ ਸਥਿਤੀਆਂ ਸਾਹਵੇਂ ਮੁਰਝਾ ਨਹੀਂ ਜਾਣਾ ਚਾਹੀਦਾ, ਆਪਣੇ ਸਵੈ ਦੀ ਤਲਾਸ਼ ਕਰਨੀ ਚਾਹੀਦੀ ਹੈ, ਆਪਣੀ ਸੋਚ ਨੂੰ ਉੱਚਾ ਤੇ ਕਰਮ ਨੂੰ ਸੁੱਚਾ ਰੱਖਣਾ ਚਾਹੀਦਾ ਹੈ, ਆਦਿ ਸੁਚਾਰੂ ਵਿਚਾਰ ਚਮਕਦੇ ਸਿਤਾਰਿਆਂ ਵਾਂਗ ਡਾ. ਰਵਿੰਦਰ ਦੇ ਕਾਵਿਕ ਅਸਮਾਨ ਵਿਚ ਟਿਮ-ਟਮਾਉਂਦੇ ਨਜ਼ਰ ਆਉਂਦੇ ਹਨ। **-ਗੁਰਦੀਪ ਕੌਰ**

## ਯਸ਼ੋਧਰਾ (ਲੰਮੀ ਕਵਿਤਾ) ਇੰਦਰਜੀਤ ਨੰਦਨ

'ਯਸ਼ੋਧਰਾ' ਇੰਦਰਜੀਤ ਨੰਦਨ ਦੁਆਰਾ ਰਚਿਤ ਲੰਬੀ ਕਵਿਤਾ ਹੈ। ਕਵਿੱਤਰੀ ਇਸ ਤੋਂ ਪਹਿਲਾਂ ਵੀ 'ਸ਼ਹੀਦ ਭਗਤ ਸਿੰਘ-ਅਣਥੱਕ ਗਾਥਾ' ਨਾਮਕ ਲੰਬੀ ਕਵਿਤਾ ਰਚ ਚੁੱਕੀ ਹੈ। ਚਰਚਾ ਅਧੀਨ ਪੁਸਤਕ ('ਯਸ਼ੋਧਰਾ', ਪੰਨੇ 113, ਮੁੱਲ 100 ਰੁਪਏ, ਪਾਵਸੀ ਪ੍ਰਕਾਸ਼ਨ, ਮੋਹਾਲੀ) ਵਿਚ ਉਹ ਗੌਤਮ ਬੁੱਧ ਦੀ ਪਤਨੀ ਯਸ਼ੋਧਰਾ ਦੀ ਗਾਥਾ ਬਿਆਨ ਕਰਦੀ ਹੈ। ਗੌਤਮ ਬੁੱਧ ਜਾਂ ਸਿਧਾਰਥ ਕਪਲਵਸਤੂ ਦੇ ਰਾਜੇ ਸ਼ੁਧੋਦਨ ਦਾ ਪੁੱਤਰ ਰਾਜ ਕੁਮਾਰ ਸੀ, ਜੋ ਸੰਸਾਰਕ ਦੁੱਖਾਂ ਤੋਂ ਉਪਰਾਮ ਹੋ ਕੇ ਜੰਗਲਾਂ ਵਿਚ ਗਿਆ ਅਤੇ ਗਿਆਨ-ਪ੍ਰਾਪਤੀ ਉਪਰੰਤ ਦੁਨੀਆਂ ਨੂੰ ਬੁੱਧ ਧਰਮ ਦੇ ਰੂਪ ਵਿਚ ਨਵਾਂ ਮਾਰਗ ਦਿੱਤਾ।

ਹੱਥਲੀ ਪੁਸਤਕ ਵਿਚ ਕਵਿੱਤਰੀ ਨੇ ਬੁੱਧ ਦੀ ਪਤਨੀ ਯਸ਼ੋਧਰਾ ਦੇ ਆਂਤਰਿਕ ਮਨ ਉੱਤੇ ਝਾਤ ਪੁਆਈ ਹੈ ਅਤੇ ਦਰਸਾਇਆ ਹੈ ਕਿ ਉਸਦਾ ਤਿਆਗ, ਤਪ ਵੀ ਸਿਧਾਰਥ ਤੋਂ ਘੱਟ ਨਹੀਂ, ਜੋ 'ਅੰਜਨ ਮਾਹਿ ਨਿਰੰਜਨ' ਰਹਿ ਕੇ ਮਹਿਲੀਂ ਅੰਦਰ ਮਾਂ-ਨੂੰਹ ਦੇ ਫਰਜ਼ ਨਿਭਾਉਂਦੇ ਹੋਏ ਤਿਆਗ ਤੇ ਵੈਰਾਗ ਨਾਲ ਓਤਪੋਤ ਰਹੀ। ਕਵਿੱਤਰੀ ਦਾ ਕੋਮਲ-ਭਾਵੀ ਮਨ ਯਸ਼ੋਧਰਾ ਦੇ ਇਸਤਰੀ-ਮਨ ਦੀਆਂ ਪਰਤਾਂ ਦੀ ਫੋਲਾ ਫਾਲੀ ਦੇ ਨਾਲ ਇਤਿਹਾਸ, ਮਿਥਿਹਾਸ ਦੀ ਗਾਥਾ ਵੀ ਬਿਆਨ ਕਰਦਾ ਹੈ। ਇਸ ਲੰਬੀ ਕਵਿਤਾ ਦੇ 16 ਅੰਕ ਹਨ ਜੋ ਧੀ, ਪਤਨੀ ਤੇ ਮਾਂ ਦੇ ਰੂਪ ਵਿਚ ਯਸ਼ੋਧਰਾ ਦੇ ਸਮੁੱਚੇ ਜੀਵਨ ਦੇ ਆਰ-ਪਾਰ ਫੈਲੇ ਹਨ।

ਪਹਿਲੇ ਅੰਕ ਵਿੱਚ ਯਸ਼ੋਧਰਾ ਦੇ ਜਨਮ ਸਮੇਂ ਦਾ ਵਰਨਣ ਹੈ। ਰਾਮਗਾਮ ਦੇ ਰਾਜੇ ਸੁਪਾਬੁੱਧ ਤੇ ਪਾਮਿਤਾ ਦੀ ਬੱਚੀ ਯਸ਼ੋਧਰਾ ਸਿਧਾਰਥ ਦੀ ਭੂਆ ਦੀ ਕੁੜੀ ਵੀ ਲੱਗਦੀ ਹੈ? ਯਸ਼ੋਧਰਾ ਦੇ ਜਨਮ ਸਮੇਂ ਪਾਮਿਤਾ ਸੋਚਦੀ ਹੈ: *ਪੁੱਤਰੀ ਜਿਉਂ ਕਿਸੇ ਪਰੀ ਗੋਦ ਧਰੀ ਹੋਵੇ /ਪੁੰਨਿਆ ਦੇ ਮੱਥੇ 'ਤੇ, ਕਿਨਾਰੀ ਕੋਈ ਜੜੀ ਹੋਵੇ।* ਹਰ ਧੀ ਮਾਂ ਲਈ ਅਥਾਹ ਖੁਸ਼ੀਆਂ ਲੈ ਕੇ ਆਉਂਦੀ ਹੈ, ਮਾਂ ਧੀ ਨੂੰ ਖੰਭਾਂ ਹੇਠ ਲੁਕੋ ਕੇ ਰੱਖਣਾ ਚਾਹੁੰਦੀ ਹੈ। ਮਾਂ ਤੇ ਧੀ ਵਿਚ ਦੁੱਖ ਸੁੱਖ ਦੀ ਸਾਂਝ ਹੁੰਦੀ ਹੈ ਤੇ ਪਾਮਿਤਾ ਵੀ ਯਸ਼ੋਧਾ ਰੂਪੀ ਧੀ ਪਾ ਕੇ ਕੁਦਰਤ ਨੂੰ ਨਮਸਕਾਰਦੀ ਹੈ ਅਤੇ ਉਸਨੂੰ ਜਾਪਦਾ ਹੈ ਕਿ ਉਸਦੀ ਉਦਾਸ ਕਾਇਆ 'ਤੇ ਧੀ ਸੁੱਖਾਂ ਦਾ ਲੇਪ ਹੈ।

ਦੂਜਾ ਅੰਕ ਯਸ਼ੋਧਰਾ ਦੇ ਕੰਗਣ ਤੋਂ ਝਾਂਜਰ ਤਕ ਦੇ ਸਫਰ ਦਾ ਬਿਆਨ ਕਰਦਾ ਹੈ। ਤੀਜਾ ਅੰਕ ਯਸ਼ੋਧਰਾ ਦੇ ਮਨ ਵਿਚ ਸਿਧਾਰਥ ਦੇ ਬੀਜਾਂ ਵਾਂਗ ਉੱਗਦੇ ਫੈਲਦੇ ਮੌਲਦੇ ਸੁਪਨਿਆਂ ਦੀ ਗਾਥਾ ਹੈ ਤੇ ਉਸ ਦਾ ਮਨ: *ਸਿਰਫ ਉਸਦੀਆਂ ਗੱਲਾਂ ਕਰਨੀਆਂ ਚਾਹੁੰਦਾ ਹੈ।* ਜਦੋਂ ਮਨ ਵਿਚ ਖਿੱਚ ਹੋਵੇ, ਜੁਦਾਈ ਵੀ ਲੰਬਾ ਸਮਾਂ ਟਿਕ ਨਹੀਂ ਸਕਦੀ। ਸਖੀ ਮਾਂ ਧੀ ਦੇ ਮਨ ਦੀ ਵੇਦਨ ਸਮਝਦੀ ਹੈ। ਰਾਜਕੀ ਰੀਤ ਅਨੁਸਾਰ ਰਾਜਕੁਮਾਰ ਤੇ ਰਾਜਕੁਮਾਰੀਆਂ ਦੇ ਮਿਲਣ ਦਾ ਪਰਵ ਆਉਂਦਾ ਹੈ ਜਿਸ ਦੌਰਾਨ ਚੌਥੇ ਅੰਕ ਵਿਚ ਸਿਧਾਰਥ ਤੇ ਯਸ਼ੋਧਰਾ ਪ੍ਰੇਮ ਦੀ ਖਿੱਚ ਮਹਿਸੂਸਦੇ ਹਨ। ਯਸ਼ੋਧਰਾ ਇਹ ਵੀ ਜਾਣਦੀ ਹੈ ਕਿ ਸਿਧਾਰਥ ਅੰਦਰ ਪ੍ਰੇਮ ਦੀ ਤੇਹ ਨਾਲੋਂ ਗਿਆਨ, ਧਿਆਨ, ਵਿਦਿਆ ਦੀ ਤੇਹ ਅਤੇ ਸੱਚ ਦੀ ਤਾਂਘ ਵਧੇਰੇ ਹੈ। ਬਿਨਾਂ ਕੁੱਝ ਕਹੇ ਉਹ ਪ੍ਰੇਮ ਨੂੰ ਮਹਿਸੂਸਦੇ ਹਨ: *ਜਿੱਥੇ ਪ੍ਰੇਮ ਹੈ, ਉੱਥੇ ਸੱਚ ਹੈ, ਮੂਕ ਸ਼ਬਦਾਂ 'ਚ ਕਿੰਨੀ ਤਾਕਤ ਹੈ।* ਪੰਜਵੇਂ ਅੰਕ ਵਿੱਚ ਯਸ਼ੋਧਰਾ ਦੀ ਮਾਂ ਪਾਮਿਤਾ ਉਸ ਦੇ ਬਾਪ ਨਾਲ ਮਿਲਣ ਪਰਵ ਵਿਚ ਦੇਖੇ ਵੀਰ ਪ੍ਰਤਾਪੀ ਨੌਜਵਾਨਾਂ ਦੀ ਗੱਲ ਕਰਦਿਆਂ ਸਿਧਾਰਥ ਦੇ ਵਿਲੱਖਣ ਗੁਣਾਂ ਨੂੰ ਚਿੱਤਰਦੀ ਹੈ: *ਜਿਉਂ ਸਾਰਾ ਸੂਰਜ ਨੈਣਾਂ ਵਿਚ ਉਤਰ ਆਇਆ ਹੋਵੇ।* ਉਸਦੇ ਬਾਪ ਨੂੰ ਸਿਧਾਰਥ ਦੇ ਜਨਮ ਸਮੇਂ ਅਸਿਤ ਮੁਨੀ ਦੀ ਕੀਤੀ ਭਵਿੱਖਬਾਣੀ ਦਾ ਸੰਸਾ ਹੈ ਕਿ ਜੇ ਉਹ ਗ੍ਰਹਿਸਤੀ ਰਿਹਾ ਤਾਂ ਚੱਕਰਵਰਤੀ ਸਮਰਾਟ ਬਣੇਗਾ, ਨਹੀਂ ਤਾਂ ਸੰਨਿਆਸੀ ਬਣੇਗਾ। ਇੰਝ ਉਹ ਧੀ ਲਈ ਅਜਿਹਾ ਰਾਜਕੁਮਾਰ ਲੱਭਣਾ ਚਾਹੁੰਦਾ ਹੈ ਜੋ ਕਦੇ ਵੀ ਉਸਨੂੰ ਦੁੱਖ ਨਾ ਦੇਵੇ। ਇਸ ਤਰ੍ਹਾਂ ਯਸ਼ੋਧਰਾ ਦੇ ਸੁਅੰਬਰ ਦੀ ਤਿਆਰੀ ਹੁੰਦੀ ਹੈ।

ਛੇਵੇਂ ਅੰਕ ਵਿਚ ਯਸ਼ੋਧਰਾ ਮਾਂ ਨਾਲ ਮਨੋਭਾਵ ਸਾਂਝੇ ਕਰਦੀ ਹੈ ਕਿ ਉਹ ਸਿਧਾਰਥ ਬਿਨਾਂ ਹੋਰ ਕਿਸੇ ਨੂੰ ਕਿਵੇਂ ਚੁਣ ਸਕਦੀ ਹੈ। ਐਪਰ ਮਾਂ ਨੂੰ ਵਿਸ਼ਵਾਸ ਹੈ ਕਿ ਸਿਧਾਰਥ ਹੀ ਉੱਤਮ ਰਹੇਗਾ ਤੇ ਪੁੱਤਰੀ ਨੂੰ ਸਮਝਾਉਂਦੀ ਹੈ:

*ਤੈਨੂੰ ਏਨਾ ਲਗਾਅ ਹੈ*
*ਤੇਰੇ ਦਿਲ ਵਿਚ ਏਨੀ ਖਿੱਚ ਹੈ*
*ਜਿੱਥੇ ਏਨਾ ਪ੍ਰੇਮ ਹੋਵੇ,ਦਿਲੋਂ ਏਨੀ ਗਹਿਰਾਈ ਹੋਵੇ*
*ਉੱਥੇ ਪੁੱਤਰੀ !ਪ੍ਰੇਮ ਹਰਿਆ ਨਹੀਂ ਕਰਦੇ।*

ਸੱਤਵੇਂ ਅੰਕ ਵਿਚ ਗੌਤਮ ਜਾਂ ਸਿਧਾਰਥ ਦੀ ਦੁਚਿੱਤੀ ਹੈ ਕਿ ਸ਼ਕਤੀ ਪ੍ਰਦਰਸ਼ਣ ਨਾਲ ਕਿਸੇ ਕੰਨਿਆਂ ਨੂੰ ਵਿਆਹੁਣਾ ਕਿੰਨਾ ਕੁ ਉਚਿੱਤ ਹੈ। ਉਸਦੀ ਦੁਬਿਧਾ ਨੂੰ ਸਾਰਥੀ ਚੰਨਾ ਪ੍ਰੇਰਨਾ ਨਾਲ ਦੂਰ ਭਜਾ ਕੇ, ਉਸਨੂੰ ਕਲਾ ਦੇ ਜੌਹਰ ਦਿਖਾਉਣ ਲਈ ਪ੍ਰੇਰਿਤ ਕਰਦਾ ਹੈ, ਜਿਸ ਸਦਕਾ: *ਵਰਮਾਲਾ ਸਿਧਾਰਥ ਗੌਤਮ ਦੇ ਗਲੇ ਦੀ ਸ਼ੋਭਾ ਬਣਦੀ ਹੈ।*

ਅੱਠਵੇਂ ਅੰਕ ਵਿਚ ਸਿਧਾਰਥ ਦੇ ਮਾਂ-ਬਾਪ ਖੁਸ਼ ਹਨ ਕਿ ਉਹਨਾਂ ਦਾ ਪੁੱਤਰ ਵੈਰਾਗ ਤੋਂ ਹਟ ਕੇ ਮੋਹ ਵਾਲੇ ਰਾਹ 'ਤੇ ਤੁਰ ਪਿਆ ਹੈ। ਉਸ ਵਾਸਤੇ ਤਿੰਨ ਰੁੱਤਾਂ ਲਈ ਤਿੰਨ ਵੱਖਰੇ-ਵੱਖਰੇ ਮਹਿਲ ਤੇ ਸਰਵਰ ਤਿਆਰ ਕਰਾਏ ਜਾਂਦੇ ਹਨ। ਗਰਮੀ ਦੀ ਰੁੱਤ ਲਈ ਸਫੈਦ ਕਮਲ ਵਾਲਾ ਸਰਵਰ, ਵਰਖਾ ਰੁੱਤੇ ਰੰਗੀਨ ਪੱਥਰਾਂ ਤੇ ਲਾਲ ਕਮਲਾਂ ਵਾਲਾ ਸਰਵਰ ਤੇ ਸਰਦੀ ਰੁੱਤੇ ਨੀਲ ਕਮਲ ਦਾ ਸਰਵਰ। ਐਪਰ ਰੁੱਤਾਂ ਬਦਲਣ ਨਾਲ ਸਿਧਾਰਥ ਵੀ ਬਦਲਦਾ ਹੈ ਤੇ ਪ੍ਰੇਮ ਭਿੰਨੀ ਯਸ਼ੋਧਰਾ ਇਕ ਮਹਿਲ ਤੋਂ ਦੂਜੇ ਮਹਿਲ ਸਫਰ ਕਰਦੀ ਹੈ। ਨੌਵੇਂ ਅੰਕ ਵਿਚ ਸਿਧਾਰਥ ਦੀ ਮਾਂ ਤੇ ਯਸ਼ੋਧਰਾ ਦੇ ਸੰਵਾਦ ਹਨ। ਮਾਂ ਉਸਨੂੰ ਸਿਧਾਰਥ ਦਾ ਮਨ ਲੁਭਾਉਣ ਲਈ ਕਹਿੰਦੀ ਹੈ ਪਰ ਯਸ਼ੋਧਰਾ ਦਾ ਕਹਿਣਾ ਹੈ: *ਪ੍ਰੇਮ ਦੀ ਭਾਸ਼ਾ ਜੋ ਜਾਣੇ, ਉਸਨੂੰ ਹੋਰ ਕੋਈ ਭਾਸ਼ਾ ਸਮਝਾਉਣ ਦੀ ਲੋੜ ਨਹੀਂ।*

ਸਿਧਾਰਥ ਦੁਨੀਆਂ ਦੀ ਨਾਸ਼ਵਾਨਤਾ ਦੀ ਅਸਲੀਅਤ ਤੋਂ ਜਾਣੂ ਹੈ, ਜਦੋਂ ਉਸਦੇ ਮਨ 'ਤੇ ਵੈਰਾਗ ਭਾਰੂ ਹੁੰਦਾ ਹੈ ਤਾਂ ਉਸਨੂੰ ਸੁੱਖ, ਮਹਿਲ, ਨ੍ਰਿਤ ਕੁਝ ਵੀ ਚੰਗਾ ਨਹੀਂ ਲੱਗਦਾ। ਭਾਵੇਂ ਯਸ਼ੋਧਰਾ, ਸਿਧਾਰਥ ਦੇ ਮਨ ਦੀ ਮੀਤ ਬਣਕੇ, ਗਿਆਨ ਦੀ ਜਗਿਆਸਾ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ: *ਸਮੁੰਦਰ ਕਦੇ ਵੀ ਕੁੱਜਿਆਂ 'ਚ ਨਹੀਂ ਬੱਝੇ, ਦਰਿਆਵਾਂ ਦੇ ਵਹਿਣ ਕਦ ਰੋਕਿਆਂ ਰੁਕੇ।* ਸਿਧਾਰਥ ਉਪਰਾਮ ਹੁੰਦਾ ਹੈ। ਅਤੇ ਜਿਸਨੂੰ ਪਤਨੀ ਬੰਨ੍ਹ ਕੇ ਨਾ ਰੱਖ ਸਕੇ, ਕੀ ਸੰਤਾਨ ਬੰਨ੍ਹ ਕੇ ਰੱਖ ਸਕਦੀ ਹੈ? ਪੁੱਤਰ ਰਾਹੁਲ ਦੇ ਜਨਮ ਸਮੇਂ ਸਿਧਾਰਥ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ ਕਿਉਂਕਿ ਉਸਨੂੰ ਪਤਾ ਲੱਗਦਾ ਹੈ ਕਿ ਜਨਮ ਹੀ ਦੁੱਖਾਂ ਦਾ ਕਾਰਨ ਹੈ ਤੇ ਯਸ਼ੋਧਰਾ ਨੂੰ ਆਉਣ ਵਾਲੇ ਵਿਛੋੜੇ ਦਾ ਆਭਾਸ ਹੋ ਜਾਂਦਾ ਹੈ।

ਦਸਵਾਂ ਅੰਕ ਸਿਧਾਰਥ ਦੇ ਘਰੋਂ ਜਾਣ ਤੇ ਬਿਰਹਨ ਯਸ਼ੋਧਰਾ ਦੀ ਗਾਥਾ ਹੈ। ਇਸ ਅੰਕ ਵਿਚ ਮਹਿਲਾਂ ਦੀ ਸੁੰਨ, ਮਾਂ ਦੇ ਹੰਝ, ਪਿਤਾ ਦੇ ਹਉਕੇ, ਦਾਸੀਆਂ ਦੇ ਮੁਰਝਾਏ ਚਿਹਰੇ ਤੇ ਵੈਰਾਗ ਦੀਆਂ ਧੁਨਾਂ ਹਨ। ਗਿਆਰਵੇਂ ਅੰਕ ਵਿਚ ਯਸ਼ੋਧਰਾ ਉਸ ਥਾਂ 'ਤੇ ਚੰਨੇ ਨਾਲ ਜਾਂਦੀ ਹੈ ਜਿੱਥੇ

ਗੌਤਮ ਆਪਣੇ ਆਭੂਸ਼ਣ, ਵਸਤਰ ਤਿਆਗ ਕੇ ਧਨਵਾਨ ਤੋਂ ਨਿਰਧਨ ਬਣ ਕੇ ਅੰਤਿਮ ਸੱਚ ਦੀ ਤਲਾਸ਼ ਦਾ ਪਾਂਧੀ ਬਣਦਾ ਹੈ। ਸਿਧਾਰਥ ਦੀਆਂ ਨਿਸ਼ਾਨੀਆਂ ਸਾਂਭਦੀ, ਯਾਦਾਂ ਦੇ ਸੰਦੂਕ ਭਰਦੀ ਯਸ਼ੋਧਰਾ ਵੀ ਆਪਣੇ ਵਸਤਰ, ਗਹਿਣੇ ਤਿਆਗ ਕੇ ਭਗਵਾਂ ਵੇਸ ਧਾਰਦੀ ਹੈ ਅਤੇ ਠੂਠੇ ਵਿਚ ਖਾਣਾ ਸ਼ੁਰੂ ਕਰਦੀ ਹੈ:

*ਕੇਹੀ ਤਪੱਸਿਆ ਹੈ/ ਜੋ ਕਿਤੇ ਜੰਗਲਾਂ 'ਚ ਹੋ ਰਹੀ ਹੈ*
*ਕਿਤੇ ਮਹਿਲਾਂ ਦੀਆਂ ਦੀਵਾਰਾਂ ਅੰਦਰ...*
*ਪਰ ਰਾਹ ਮੁਕਤੀ ਦਾ/ ਤਰ ਰਿਹਾ ਨਿਰੰਤਰ*
*ਮਨ ਤੋਂ ਮਨ ਤੀਕ ਦਾ ਸਫਰ/ ਚੱਲ ਰਿਹਾ ਅੰਦਰ*

ਬਾਰਵਾਂ ਅੰਕ ਬਾਰਾਮਾਂਹ ਵਾਂਗ ਬਿਰਹਨ ਦੀ ਉਦਰੇਵੇਂ ਦੀ ਸੁਰ ਨੂੰ ਬਿਆਨਦਾ ਕਿ ਬਿਰਹਨ ਲਈ ਕਿਸੇ ਰੁੱਤ ਦਾ ਕੋਈ ਮਤਲਬ ਨਹੀਂ: *ਹਰ ਰੁੱਤ ਜਿਉਂ ਸਿਰਫ ਤੇ ਸਿਰਫ ਉਦਾਸੀ ਦਾ ਸੁਨੇਹਾ ਲੈ ਕੇ ਆਉਂਦੀ ਹੈ।* ਤੇਰਵਾਂ ਅੰਕ ਰਾਹੁਲ ਦੇ ਬਾਲ ਮਨ ਦੇ ਪ੍ਰਸ਼ਨ ਹਨ। ਚੌਦਵਾਂ ਅੰਕ ਸਿਧਾਰਥ ਮਾਂ ਗੌਤਮੀ, ਯਸ਼ੋਧਰਾ ਦੇ ਤਿਆਗ ਦਾ ਜ਼ਿਕਰ ਕਰਦਾ ਹੈ। ਐਪਰ ਯਸ਼ੋਧਰਾ ਦਾ ਮੰਨਣਾ ਹੈ ਕਿ ਸਿਧਾਰਥ ਤਾਂ ਕੰਕਾਲ ਬਣ ਗਿਆ ਹੈ ਤੇ ਉਹ ਤਾਂ ਸਿਰਫ ਅਜੇ ਪਿੰਜਰ ਹੀ ਬਣੀ ਹੈ:

*ਮੈਂ ਸ਼ਕਤੀ ਸਾਂ ਔਰਤ ਸਾਂ/ਹਰ ਪਲ ਉਹਦੇ ਨਾਲ ਖੜ੍ਹੀ ਸੀ*
*ਪਰ ਕੰਤ ਵਿਹੂਣੀ ਹੋਣਾ/ ਕੰਤ ਦੇ ਹੁੰਦਿਆਂ/ਵਿਧਵਾ ਜਿਹਾ ਜੀਵਨ ਜਿਉਣਾ*
*ਇਹ ਸਿਰਫ ਮੇਰੇ ਹੀ ਹਿੱਸੇ ਆਇਆ ਹੈ*

ਪੰਦਰਵਾਂ ਅੰਕ ਅੱਜ ਮਨਾਈ ਜਾਂਦੀ ਬੁੱਧ ਪੂਰਨਿਮਾਂ ਦਾ ਦ੍ਰਿਸ਼ ਸਾਡੇ ਸਾਹਮਣੇ ਸਾਕਾਰ ਕਰਦਾ ਹੈ। ਸਿਧਾਰਥ ਦੇ ਗਿਆਨ ਦੇ ਚਾਨਣ ਦਾ ਆਭਾਸ ਯਸ਼ੋਧਰਾ ਨੂੰ ਵੀ ਹੁੰਦਾ ਹੈ। ਸੋਲ੍ਹਵਾਂ ਅੰਕ ਵਿਛੋੜੇ ਬਾਅਦ ਵਸਲ ਦੇ ਪਲਾਂ ਦੀ ਖੁਸ਼ੀ ਹੈ। ਯਸ਼ੋਧਰਾ ਗੌਤਮ ਦੇ ਘਰ ਪਰਤਣ 'ਤੇ ਉਸਨੂੰ ਮਿਲਣ ਨਹੀਂ ਜਾਂਦੀ ਕਿਉਂਕਿ ਉਹ ਸੋਚਦੀ ਹੈ ਕਿ ਜੇਕਰ ਉਹ ਯੋਗ ਹੈ ਤਾਂ ਸਿਧਾਰਥ ਉਸਨੂੰ ਖੁਦ ਮਿਲੇਗਾ ਤੇ ਸਿਧਾਰਥ ਵੀ ਸੋਚਦਾ ਹੈ:

*ਉਸਨੇ ਵੀ ਤਾਂ/ ਸਮਰਪਣ ਕੀਤਾ ਹੈ*
*ਤਪ ਕੀਤਾ ਹੈ/ ਕਰਮ ਕੀਤਾ ਹੈ*
*ਧਰਮ ਨਿਭਾਇਆ ਹੈ*
*ਮਹਿਲਾਂ 'ਚ ਰਹਿ ਕੇ/ਯੋਗ ਕਮਾਇਆ ਹੈ*

ਸਿਧਾਰਥ ਦੇ ਮਿਲਣ ਤਕ ਯਸ਼ੋਧਰਾ ਦਾ ਇੰਤਜ਼ਾਰ ਅੱਖਾਂ ਦਾ ਨੀਰ ਬਣਦਾ ਹੈ। ਪੀੜ ਪਹਾੜ ਬਣਦੀ ਹੈ ਤੇ ਗੌਤਮ ਦੇ ਪੈਰਾਂ 'ਤੇ ਸਿਰ ਰੱਖਦੀ ਹੈ। ਗੌਤਮ ਜਾਣ ਜਾਂਦਾ ਹੈ:

*ਏਨੇ ਵਰ੍ਹੇ ਇਕਾਂਤ 'ਚ ਜੀਣਾ,ਤੇ ਵਿਯੋਗ ਦਾ ਹਰ ਘੁੱਟ ਪੀਣਾ*
*ਇਹ ਕੋਈ ਸੌਖਾ ਤਾਂ ਨਹੀਂ*

ਕਵਿੱਤਰੀ ਦਾ ਕਮਾਲ ਹੈ ਕਿ ਸਿਧਾਰਥ ਦੇ ਹਰ ਤਪ, ਤਿਆਗ ਨੂੰ ਯਸ਼ੋਧਰਾ ਦਾ ਤਪ ਤਿਆਗ ਬਿਆਨ ਕੇ ਅੱਜ ਤਕ ਅਣਗੌਲੀ ਯਸ਼ੋਧਰਾ ਦੀਆਂ ਭਾਵਨਾਵਾਂ ਤੇ ਤਿਆਗ ਨੂੰ ਪੂਜਨੀਕ ਬਣਾ ਦਿੰਦੀ ਹੈ। ਅਤੇ ਸਿਧਾਰਥ ਵੀ ਸੋਚਣ ਲਈ ਮਜ਼ਬੂਰ ਹੈ ਕਿ ਯਸ਼ੋਧਰਾ ਦੀ ਪਵਿੱਤਰਤਾ, ਕੋਮਲਤਾ ਤੇ ਭਗਤੀ ਹੀ ਤਪ ਦੌਰਾਨ ਉਸਦੀ ਤਾਕਤ ਬਣੇ। ਅਤੇ ਸ਼ਕਤੀ ਦੀ ਮੂਰਤ ਯਸ਼ੋਧਰਾ ਰਾਹੁਲ ਤੋਂ ਉੱਤਰਾਧਿਕਾਰ ਮੰਗਾਉਂਦੀ ਹੈ,ਪਤੀ ਵਿਯੋਗ ਤੇ ਪੁੱਤਰ ਵਿਯੋਗ ਦੇ ਰਾਹ ਤੁਰਦੀ ਹੈ। ਇੰਦਰਜੀਤ ਨੰਦਨ ਦੀ ਬਿਆਨੀਆਂ ਤੇ ਵਰਨਣੀ ਸ਼ੈਲੀ ਵਿਚ ਅੰਤਾਂ ਦੀ ਰਵਾਨੀ ਹੈ ਜੋ ਪਾਠਕਾਂ ਨੂੰ ਭਾਵਨਾਵਾਂ ਦੇ ਵਹਿਣ 'ਚ ਨਾਲ ਹੀ ਵਹਾ ਲੈ ਤੁਰਦੀ ਹੈ। ਇਹ ਨੰਦਨ ਦੇ ਗਹਿਰ ਗੰਭੀਰ ਅਧਿਐਨ ਤੇ ਸਿਰਜਣਾ ਦਾ ਕਮਾਲ ਹੈ ਕਿ ਉਸਨੇ ਯਸ਼ੋਧਰਾ ਦੇ ਪਾਤਰ ਰਾਹੀਂ ਨਾਰੀ ਸ਼ਕਤੀ, ਉਸ ਦੇ ਤਪ ਤੇਜ, ਤਿਆਗ ਤੇ ਵੈਰਾਗ ਦੇ ਰੂਪ ਵਿਚ ਨਾਰੀ ਮਨ ਦੀਆਂ ਅਨੇਕ ਪਰਤਾਂ ਨੂੰ ਫਰੋਲਿਆ ਹੈ। ਅੱਜ ਜਦੋਂ ਅਸੀਂ ਰਿਸ਼ਤਿਆਂ ਦੇ ਵਿਘਟਨ ਦੇ ਦੌਰ 'ਚੋਂ ਲੰਘਦੇ ਹਾਂ ਤੇ ਅਜਿਹੀ ਕਵਿਤਾ ਨਾਰੀਤਵ ਦੇ ਅਸਲੀ ਸਰੂਪ ਦੇ ਰੂ-ਬ-ਰੂ ਕਰਦੀ ਹੈ। ਇਤਿਹਾਸ ਤੇ ਮਿਥਿਹਾਸ ਉੱਤੇ ਪੁਨਰ ਝਾਤ ਪੁਆਉਂਦੀ ਇਸ ਲੰਮੀ ਕਵਿਤਾ ਵਿਚ ਅੰਤਾਂ ਦੀ ਰਵਾਨੀ ਹੈ। ਇਸ ਕਵਿਤਾ ਨੂੰ ਪੜ੍ਹਦਿਆਂ ਅਸੀਂ ਨਾਰੀ ਦੇ ਆਂਤਰਿਕ ਮਨ ਵਿਚੋਂ ਗੁਜ਼ਰਦੇ ਹਾਂ ਜਿੱਥੇ ਸਾਨੂੰ ਸਿਧਾਰਥ ਦੇ ਤਿਆਗ ਨਾਲੋਂ ਯਸ਼ੋਧਰਾ ਦਾ ਤਿਆਗ ਕਿਤੇ ਔਖਾ ਲੱਗਦਾ ਹੈ। ਇਹ ਲੰਮੀ ਕਵਿਤਾ ਦੱਸਦੀ ਹੈ ਕਿ ਵਡਿਆਈ ਜੀਵਨ ਤੋਂ ਭੱਜਣ ਵਿਚ ਨਹੀਂ, ਜੀਵਨ ਜਿਉਂਦਿਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸ਼ਕਤੀ ਵਿਖਾਉਣ ਵਿਚ ਹੈ, ਅਤੇ ਇਹ ਕੁਝ ਔਰਤ ਹੀ ਕਰ ਸਕਦੀ ਹੈ।

ਇੰਦਰਜੀਤ ਨੰਦਨ ਦੀ ਯਸ਼ੋਧਰਾ ਨੂੰ ਮੈਂ ਪੜ੍ਹਿਆ ਹੈ, ਮਾਣਿਆ ਹੈ ਅਤੇ ਇਸ ਤੋਂ ਸ਼ਕਤੀ ਤੇ ਪ੍ਰੇਰਣਾ ਲਈ ਹੈ। ਇਸ ਪੁਸਤਕ ਦਾ ਮੈਂ ਭਰਪੂਰ ਸੁਆਗਤ ਕਰਦੀ ਹਾਂ। **-ਪੁਸ਼ਵਿੰਦਰ ਕੌਰ**

## ਪ੍ਰਾਪਤ ਪੁਸਤਕਾਂ

**ਸਿਮ੍ਰਤੀ ਗ੍ਰੰਥ ਬਾਬਾ ਭਗਤ ਸਿੰਘ ਬਿਲਗਾ** ਸੰਪਾਦਕ: ਪ੍ਰੋ. ਗੋਪਾਲ ਸਿੰਘ ਬੁੱਟਰ
ਪੰਨੇ 375, ਮੁੱਲ 350 ਰੁਪਏ, ਪੰਜ ਆਬ ਪ੍ਰਕਾਸ਼ਨ, ਜਲੰਧਰ
**ਹੋਂਦ ਨਿਹੋਂਦ** (ਕਾਵਿ ਨਾਟਕ) ਰਵਿੰਦਰ ਰਵੀ
ਪੰਨੇ 216, ਮੁੱਲ 325 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
**ਤੁਹਾਨੂੰ ਕਿਹੜਾ ਰੰਗ ਪਸੰਦ ਹੈ** (ਨਾਟਕ) ਪਾਲੀ ਭੁਪਿੰਦਰ ਸਿੰਘ
ਪੰਨੇ 64, ਮੁੱਲ 90 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਬਰਫ ਵਿਚ ਉਗਦਿਆਂ** (ਸਵੈ-ਜੀਵਨੀ) ਇਕਬਾਲ ਰਾਮੂਵਾਲੀਆ
ਪੰਨੇ 221, ਮੁੱਲ 200 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਮੋਕਲਾ ਰਾਹ** (ਨਾਵਲ) ਜ਼ੋਰਾ ਸਿੰਘ ਸੰਧੂ
ਪੰਨੇ 200, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
**ਮੈਂ ਕਸੁੰਭੜਾ ਚੁਗ ਚੁਗ ਹਾਰੀ** (ਨਾਵਲ) ਜ਼ੋਰਾ ਸਿੰਘ ਸੰਧੂ
ਪੰਨੇ 152, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਖਬਰ ਇਕ ਪਿੰਡ ਦੀ** (ਨਾਵਲ) ਪਰਗਟ ਸਿੰਘ ਸਤੌਜ
ਪੰਨੇ 144, ਮੁੱਲ 160 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਉਹ ਕੁੜੀ ਕਿੱਥੇ ਗਈ** (ਨਾਵਲ) ਜਸਦੇਵ ਸਿੰਘ ਧਾਲੀਵਾਲ
ਪੰਨੇ 223, ਮੁੱਲ 300 ਰੁਪਏ, ਸੰਗਮ ਪਬਲੀਕੇਸ਼ਨਜ਼, ਨਿਊ ਲੀਲਾ ਭਵਨ, ਪਟਿਆਲਾ
**ਜਗਦੇ ਬੁਝਦੇ ਜੁਗਨੂੰ** ( ਨਾਵਲ) ਗੁਰਚਰਨ ਕੌਰ ਥਿੰਦ
ਪੰਨੇ 100, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਹਾਥੀ ਦਾ ਪੈਰ** (ਕਹਾਣੀ ਸੰਗ੍ਰਹਿ) ਬਲਦੇਵ ਸਿੰਘ ਲੰਡਨ
ਪੰਨੇ 183, ਮੁੱਲ 350 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ
**ਕਿਣਕਿਣ ਕਣੀਆਂ** (ਕਾਵਿ ਸੰਗ੍ਰਹਿ) ਉਜਾਗਰ ਸਿੰਘ ਕੰਵਲ
ਪੰਨੇ 126, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੂਰਜ ਆਵੇਗਾ ਕਲ੍ਹ ਵੀ** (ਕਾਵਿ ਸੰਗ੍ਰਹਿ) ਸਰਬਜੀਤ ਸੋਹੀ
ਪੰਨੇ 200, ਮੁੱਲ 200 ਰੁਪਏ, $20, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਪੱਥਰਾਂ ਹੇਠਾਂ ਪਾਣੀ** (ਕਾਵਿ ਸੰਗ੍ਰਹਿ) ਹਰਿੰਦਰ ਸਿੰਘ
ਪੰਨੇ 112, ਮੁੱਲ 100 ਰੁਪਏ, ਸਾਹਿਬਦੀਪ ਪ੍ਰਕਾਸ਼ਨ, ਭੀਖੀ (ਮਾਨਸਾ)
**ਓਹ ਵਾਲੀ ਗੱਲ ਸੁਣਾ** (ਕਾਵਿ ਸੰਗ੍ਰਹਿ) ਦਰਸ਼ਨ ਸਿੰਘ ਸੰਧੂ
ਪੰਨੇ 87, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮਨ ਸਰਮਾਇਆ ਧੁੱਪ ਦਾ** (ਕਾਵਿ ਸੰਗ੍ਰਹਿ) ਦਵਿੰਦਰ ਪੂਨੀਆ
ਪੰਨੇ 103, ਮੁੱਲ 105 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ ਇਕ ਰਿਸ਼ਮ** (ਕਾਵਿ ਸੰਗ੍ਰਹਿ) ਦਿਓਲ ਪਰਮਜੀਤ
ਪੰਨੇ 96, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸੋਚਾਂ ਦਾ ਸਿਲਸਿਲਾ** (ਕਾਵਿ ਸੰਗ੍ਰਹਿ) ਡਾ. ਦਵਿੰਦਰ ਸਿੰਘ ਜੀਤਲਾ
ਪੰਨੇ 88, ਮੁੱਲ 105 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**55 ਕਵਿਤਾਵਾਂ ਦੋਸਤ ਦੇ ਨਾਮ** ਡਾ. ਐਸ.ਪੀ.ਜੋਸ਼ੀ
ਪੰਨੇ 76, ਮੁੱਲ 150 ਰੁਪਏ, ਬਲਵੰਤ ਪ੍ਰਕਾਸ਼ਨ, ਜਲੰਧਰ
**ਸੋਨੇ ਦੇ ਪੱਤਰੇ** (ਗ਼ਜ਼ਲਾਂ) ਮਹਿਮਾ ਸਿੰਘ ਤੂਰ ਹਲਵਾਰਵੀ
ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਉਠ ਗਏ ਗੁਆਂਢੋਂ ਯਾਰ** (ਰੂਹ ਦਾ ਸਫਰਨਾਮਾ) ਹਰਨੇਕ ਸਿੰਘ ਘੜੂੰਆਂ
ਪੰਨੇ 284, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਯੌਰਪ ਦੀ ਯਾਤਰਾ** (ਸਫਰਨਾਮਾ) ਬੀ.ਐਸ.ਰਤਨ
ਪੰਨੇ 111+8, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਚਲਦੇ ਤਾਂ ਚੰਗਾ ਸੀ** (ਸਫਰਨਾਮਾ) ਅਸਗ਼ਰ ਵਜ਼ਾਹਤ, ਅਨੁਵਾਦ: ਖੁਸ਼ਵੰਤ ਬਰਗਾੜੀ
ਪੰਨੇ 120, ਮੁੱਲ 100 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਪੱਕੇ ਪੁਰਾਣੇ ਪੁਲ** (ਜੀਵਨੀਆਂ) ਤਾਰਨ ਗੁਜਰਾਲ
ਪੰਨੇ 126, ਮੁੱਲ 150 ਰੁਪਏ, ਕੁੰਭ ਪਬਲੀਕੇਸ਼ਨਜ਼, ਸ਼ਿਵਾਲਿਕ ਵਿਹਾਰ, ਜ਼ੀਰਕਪੁਰ (ਮੁਹਾਲੀ)
**ਵਿਆਹ ਦੇ ਗੀਤ** (ਸੰਕਲਨ) ਸੁਖਦੇਵ ਮਾਦਪੁਰੀ
ਪੰਨੇ 144, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਲੋਕ ਗੀਤ ਦੀ ਤੰਦ** (ਸੰਕਲਨ) ਗੁਰਮੀਤ ਕੌਰ ਸੰਧਾ
ਪੰਨੇ 253, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਉਡਦੇ ਪੰਛੀ ਤੈਂ ਮੋੜੇ** (ਲੋਕ ਗੀਤ ਸੰਕਲਨ) ਗੁਰਮੀਤ ਕੌਰ ਸੰਧਾ
ਪੰਨੇ 263, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਰੰਗਲੇ ਪੰਜਾਬ ਦੇ ਲੋਕ-ਗੀਤ** (ਸੰਕਲਨ) ਪ੍ਰਿੰ. ਪਾਖਰ ਸਿੰਘ
ਪੰਨੇ 176, ਮੁੱਲ 250 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
**ਭਾਰਤ ਦਾ ਗੌਰਵ ਸ਼ਹੀਦ ਊਧਮ ਸਿੰਘ** (ਵਾਰਤਕ) ਪ੍ਰਿੰ. ਪਾਖਰ ਸਿੰਘ
ਪੰਨੇ 143, ਮੁੱਲ 200 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
**ਭਗਤ ਸਿੰਘ ਹੋਣ ਦਾ ਅਰਥ** (ਵਾਰਤਕ) ਮੁਦਰਾ ਰਾਖਸ਼ਿਸ਼, ਅਨੁਵਾਦ: ਖੁਸ਼ਵੰਤ ਬਰਗਾੜੀ
ਪੰਨੇ 122, ਮੁੱਲ 60 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਅਪਨਾ ਸਪਨਾ: ਇਕ ਸਕੂਲ ਇਹ ਵੀ** (ਵਾਰਤਕ) ਲਲਿਤ
ਪੰਨੇ 56, ਮੁੱਲ 50 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਸੱਥ ਰੌਣਕਾਂ** (ਵਾਰਤਕ) ਸੁਖਮੰਦਰ ਸਿੰਘ ਬਰਾੜ
ਪੰਨੇ 111, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕੁਰੇ ਜਵਾਨੀ** (ਵਾਰਤਕ) ਅਮਨਦੀਪ ਸਿੰਘ ਜੌਹਲ
ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਅਧੂਰੇ ਸੁਪਨੇ** (ਵਾਰਤਕ) ਨਿਰਮਲ ਸਿੰਘ ਲਾਲੀ
ਪੰਨੇ 183, ਮੁੱਲ 150 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
**ਸੰਸਾਰ ਪ੍ਰਸਿੱਧ ਮੁਹਾਵਰੇ** ਚੋਣ ਤੇ ਸੰਪਾਦਨ: ਪਰਮਿੰਦਰ ਸੋਢੀ
ਪੰਨੇ 87, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਅਧਿਐਨ ਪਾਸਾਰ** (ਆਲੋਚਨਾ) ਸੁਰਜੀਤ ਸਿੰਘ
ਪੰਨੇ 344, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਵਰਾਜਬੀਰ: ਸਿਰਜਕ ਤੇ ਸਿਰਜਣਾ** (ਆਲੋਚਨਾ) ਸੰਪਾਦਕ: ਕੇਵਲ ਧਾਲੀਵਾਲ
ਪੰਨੇ 328, ਮੁੱਲ 400 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਾਹਿਤ ਸਮੀਖਿਆ** (ਆਲੋਚਨਾ) ਡਾ. ਜਸਵੰਤ ਬੇਗੋਵਾਲ
ਪੰਨੇ 260, ਮੁੱਲ 300 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
**ਪੰਜਾਬੀ ਕਹਾਣੀ: ਆਰੰਭ ਤੋਂ ਜਸਵੀਰ ਰਾਣਾ ਤਕ** (ਆਲੋਚਨਾ) ਪ੍ਰੋ. ਬਲਬੀਰ ਕੌਰ ਰੀਹਲ
ਪੰਨੇ 130, ਮੁੱਲ 200 ਰੁਪਏ, ਗੋSਲ ਪ੍ਰਕਾਸ਼ਨ, ਗੋਸਲ-ਸਹਰਾਨ ਮਾਜਰਾ, ਲੁਧਿਆਣਾ
**ਪ੍ਰੋ. ਪੂਰਨ ਸਿੰਘ ਦੀ ਕਾਵਿ ਸੰਵੇਦਨਾ** (ਆਲੋਚਨਾ) ਡਾ. ਚਰਨਜੀਤ ਸਿੰਘ ਪੱਡਾ
ਪੰਨੇ 94, ਮੁੱਲ 150 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ



# ਪੱਤਰ

ਆਰ. ਐੱਸ. ਐੱਸ. ਦੀ ਛਤਰ ਛਾਇਆ ਹੇਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਦਾ ਜੋ ਭਿਆਨਕ ਹਿੰਦੂਤਵਵਾਦੀ ਰੂਪ ਸਾਹਮਣੇ ਆ ਰਿਹਾ ਹੈ, ਉਹ ਨਿਸਚੇ ਹੀ ਕਈ ਪਾਸਿਆਂ ਵੱਲ ਭਟਕੀਆਂ ਤੇ ਸੁੱਤੀਆਂ ਰਹੀਆਂ ਖੱਬੀਆਂ ਧਿਰਾਂ ਲਈ ਗੰਭੀਰ ਮਸਲਾ ਹੈ। ਅੱਜ ਦੀ ਹਾਕਮ ਪਾਰਟੀ ਦੀ ਸੰਕੀਰਣ ਹਿੰਦੂ ਪਹੁੰਚ ਦੀ ਪਛਾਣ ਤਾਂ ਬਹੁਤ ਪਹਿਲਾਂ ਤੋਂ ਹੀ ਹੋ ਚੁੱਕੀ ਸੀ ਪਰ ਜਿਸ ਵਿਕਰਾਲਤਾ ਨਾਲ ਇਹ ਪਹੁੰਚ ਪਿਛਲੇ ਦੋ ਸਾਲਾਂ ਤੋਂ ਸਾਹਮਣੇ ਆ ਰਹੀ ਹੈ, ਇਸਦਾ ਠੀਕ ਪੂਰਵ ਅਨੁਮਾਨ ਸ਼ਾਇਦ ਕਿਸੇ ਨੂੰ ਵੀ ਨਹੀਂ ਸੀ। ਭਗਵਾਂ ਬ੍ਰਿਗੇਡ ਦੀ ਭਰਤੀ ਉੱਚ ਪੱਧਰ ਦੀਆਂ ਸਿੱਖਿਆ ਤੇ ਸਭਿਆਚਾਰਕ ਸੰਸਥਾਵਾਂ ਵਿਚ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ। ਸੈਕੂਲਰ ਅਤੇ ਅਗਾਂਹਵਧੂ ਨਰੋਈ ਸੋਚ ਦੇ ਕੇਂਦਰਾਂ ਉੱਤੇ ਹਮਲੇ ਹੋ ਰਹੇ ਹਨ। ਜੇ.ਐੱਨ.ਯੂ ਦੇ ਵਿਦਿਆਰਥੀ ਆਗੂਆਂ ਉੱਤੇ ਦੇਸ਼ ਧ੍ਰੋਹ ਦੇ ਮੁੱਕਦਮੇ ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਨਾਲ ਜਿਸ ਤਰ੍ਹਾਂ ਦੀ 'ਦੇਸ਼ਭਗਤੀ' ਲੋਕਾਂ ਉੱਤੇ ਥੋਪੀ ਜਾ ਰਹੀ ਹੈ, ਉਸਦਾ ਸਾਰਾ ਲੇਖਾ-ਜੋਖਾ ਸਿਰਜਣਾ-180 ਦੀ ਸੰਪਾਦਕੀ ਵਿਚ ਕੀਤਾ ਗਿਆ ਹੈ। ਅਸਲ ਵਿਚ ਪਿਛਲੇ ਤਿੰਨ ਚਾਰ ਅੰਕਾਂ ਦੀਆਂ 'ਸਿਰਜਣਾ' ਦੀਆਂ ਸੰਪਾਦਕੀਆਂ ਨੂੰ ਇਕ ਲੜੀ ਵਿਚ ਬੰਨ੍ਹ ਕੇ ਵੇਖਣ ਦੀ ਲੋੜ ਹੈ, ਜਿਨ੍ਹਾਂ ਵਿਚ ਭਗਵਾਂ ਬ੍ਰਗੇਡ ਦਾ ਕਰੂਰ ਚਿਹਰਾ ਬੜੀ ਸਿੱਦਤ ਨਾਲ ਉਘਾੜਿਆ ਗਿਆ ਹੈ। ਸਾਡੇ ਉੱਘੇ ਕਵੀ ਦੇਵ ਦਾ ਆਪਣੇ ਪਰਿਵਾਰਕ ਰਿਸ਼ਤਿਆਂ ਬਾਰੇ ਵੱਖਰੀ ਸ਼ੈਲੀ ਵਿਚ ਚਿਤਰਿਆ ਖਾਕਾ ਖੂਬਸੂਰਤ ਹੈ। ਉਸਦੀਆਂ ਨਿੱਕੀਆਂ ਕਵਿਤਾਵਾਂ ਵੀ ਆਪਣੀ ਨਿਵੇਕਲੀ ਬਣਤ ਕਾਰਨ ਹਮੇਸ਼ਾ ਵਾਂਗ ਧਿਆਨ ਖਿਚਦੀਆਂ ਹਨ। ਉਸਦੀ ਕਾਵਿਕਾਰੀ ਦਾ ਇਹ ਕਮਾਲ ਹੈ ਕਿ ਇਕ ਚਿੱਤਰਕਾਰ ਹੋਣ ਕਰਕੇ ਗੱਲ ਆਖਦਾ ਹੀ ਨਹੀਂ, ਦਿਖਾਉਂਦਾ ਵੀ ਹੈ। 'ਸਿਰਜਣਾ' ਚ' ਲਗਾਤਾਰ ਛਪ ਰਹੀਆਂ ਮੁਲਾਕਾਤਾਂ ਵੀ ਧਿਆਨ ਖਿੱਚਦੀਆਂ ਹਨ। ਇਸ ਵਾਰ ਅਮਰੀਕਾ ਵਸਦੇ ਗ਼ਜ਼ਲਗੋ ਕੁਲਵਿੰਦਰ ਨਾਲ ਕੀਤੀ ਅਜਮੇਰ ਸਿੱਧੂ ਦੀ ਮੁਲਾਕਾਤ ਵੀ ਚੰਗੀ ਹੈ। ਕੁਲਵਿੰਦਰ ਦੀ ਉੱਘੇ ਗ਼ਜ਼ਲਗੋ ਡਾ. ਜਗਤਾਰ ਪ੍ਰਤੀ ਸ਼ਰਧਾ ਮੁਲਾਕਾਤ ਵਿਚੋਂ ਪ੍ਰਤੱਖ ਝਲਕਦੀ ਹੈ ਅਤੇ ਖੁਦ ਵੀ ਉਹ ਚੰਗਾ ਗ਼ਜ਼ਲਗੋ ਹੋਣ ਦੇ ਨਾਲ ਇਕ ਸੂਝਵਾਨ ਤੇ ਸਿਆਣੇ ਮਨੁੱਖ ਵਜੋਂ ਸਾਹਵੇਂ ਆਉਂਦਾ ਹੈ। ਹਰਪ੍ਰੀਤ ਸੇਖਾ ਅਤੇ ਪ੍ਰੇਮ ਮਾਨ ਦੀਆਂ ਕਹਾਣੀਆਂ 'ਪੰਜਾਬੀ ਸੂਟ' ਅਤੇ 'ਕੱਕੋ ਦਾ ਜਨਮ' ਪਰਵਾਸੀ ਪੰਜਾਬੀਆਂ ਦੇ ਜੀਵਨ-ਯਥਾਰਥ ਦੀਆਂ ਸਮੱਸਿਆਵਾਂ ਦੇ ਹਵਾਲੇ ਨਾਲ ਬਹੁਤ ਸੰਵੇਦਨਸ਼ੀਲ ਵਿਸ਼ਿਆਂ ਨੂੰ ਛਹੁੰਦੀਆਂ ਹਨ। ਸਾਡਾ ਉਭਰਦਾ ਨਵਾਂ ਕਹਾਣੀਕਾਰ ਸਿਮਰਨ ਧਾਲੀਵਾਲ ਇਸ ਵਾਰ ਆਰਥਿਕਤਾ ਅਤੇ ਰਿਸ਼ਤਿਆਂ ਨੂੰ ਬਰੀਕਬੀਨੀ ਨਾਲ ਚਿਤਰਦੀ ਕਹਾਣੀ 'ਛੁੱਟੀ ਹੋਣ ਤੋਂ ਪਹਿਲਾਂ' ਰਾਹੀਂ ਫਿਰ ਇਕ ਹੱਸਾਸ ਤੇ ਸਮਰੱਥ ਲੇਖ ਵਜੋਂ ਸਾਹਮਣੇ ਆਇਆ ਹੈ। **-ਗੁਰਦੀਪ ਸਮੁੰਦਰਾ, ਗੜ੍ਹਸ਼ੰਕਰ**

ਸਿਰਜਣਾ-180 ਵਿਚ ਛਪੀਆਂ ਸਾਰੀਆਂ ਹੀ ਰਚਨਾਵਾਂ ਆਪਣੀ ਆਪਣੀ ਜਗ੍ਹਾ 'ਤੇ ਉੱਤਮ ਹਨ। ਪਰ ਇਸ ਅੰਕ ਵਿਚ ਛਪੀਆਂ ਕਹਾਣੀਆਂ 'ਪੰਜਾਬੀ ਸੂਟ', ਕੱਕੋ ਦਾ ਜਨਮ ਦਿਨ' ਤੇ 'ਛੁੱਟੀ ਹੋਣ ਤੋਂ ਪਹਿਲਾਂ' ਬਾਰੇ ਗੱਲ ਕਰਨਾ ਚਾਹਾਂਗੀ। ਕਿਉਂਕਿ ਇਹ ਤਿੰਨੋਂ ਕਹਾਣੀਆਂ ਪੰਜਾਬੀ ਬੰਦੇ ਦੀ ਪੂਰਬੀ ਤੇ ਪੱਛਮੀ ਸੋਚ ਦੀ ਪਛਾਣ ਕਰਵਾ ਕੇ ਦੋਹਾਂ ਸਭਿਆਚਾਰਾਂ ਵਿਚਲੇ ਅੰਤਰ ਨੂੰ ਮਾਨਵੀ ਸੰਵੇਦਨਾ ਦੇ ਧਰਾਤਲ ਉੱਤੇ ਉਜਾਗਰ ਕਰਦੀਆਂ ਹਨ। ਪਹਿਲੀ ਕਹਾਣੀ ਵਿਚ ਹਰਪ੍ਰੀਤ ਸੇਖਾ ਨੇ ਪੰਜਾਬੀ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਉਹਨਾਂ ਇੰਡੋ-ਕੈਨੇਡੀਅਨ 'ਝੋਟਿਆਂ' ਅਰਥਾਤ ਪਰਵਾਸੀ ਲਾੜਿਆਂ ਤੋਂ ਬਚਣ ਜੋ ਰੀਨਾ ਵਰਗੀਆਂ ਸੁਹਣੀਆਂ-ਸੁਨੱਖੀਆਂ ਪੰਜਾਬੀ ਕੁੜੀਆਂ ਨੂੰ ਕੈਨੇਡਾ ਦੀ ਧਰਤੀ ਉੱਤੇ ਲਿਜਾ ਕੇ ਕੇਟੀ ਤੇ ਸੈਂਡੀ ਵਰਗੇ ਨਕਲੀ ਨਾਵਾਂ

ਨਾਲ ਵਿਚਰਨ ਉੱਤੇ ਮਜਬੂਰ ਕਰਦੇ ਹਨ। ਉਹਨਾਂ ਨੂੰ ਦੇਹ ਵਪਾਰ ਦੇ ਰਾਹੇ ਤੋਰਨ ਦਾ ਕਾਰਨ ਬਣਦੇ ਹਨ। ਤੇ ਜਦੋਂ ਅਜਿਹੀਆਂ ਨਾਰਾਂ ਵੇਦਨਾ ਦੀ ਪੱਧਰ ਉੱਤੇ ਅਤੇ ਆਪਣੀ ਆਰਥਿਕ ਜ਼ਰੂਰਤ ਦੀ ਪੂਰਤੀ ਹਿਤ ਪੰਜਾਬੀ ਮਰਦ ਤੋਂ ਬਦਲਾ ਲੈਣ ਲਈ ਸੰਵੇਦਨਸ਼ੀਲ ਹੋ ਕੇ ਏਸ ਰਾਹ ਤੁਰ ਪੈਂਦੀਆਂ ਨੇ ਤਾਂ ਸਮੁੱਚੀ ਪੰਜਾਬੀ ਕੌਮ ਸ਼ਰਮਸਾਰ ਹੁੰਦੀ ਹੈ। ਪੰਜਾਬੀ ਮਰਦ ਉਹਨਾਂ ਨੂੰ ਗਾਲ੍ਹਾਂ ਕੱਢਦਾ ਹੈ ਤੇ ਉਹਨਾਂ ਨੂੰ 'ਰੰਡੀ' ਤਕ ਕਹਿੰਦਾ ਹੈ। ਕਹਾਣੀ ਦੀ ਖ਼ੂਬਸੂਰਤੀ ਏਹੋ ਏ ਕਿ ਹਰਪ੍ਰੀਤ ਸੇਖਾ ਨੇ ਕੇਟੀ ਤੇ ਸੈਂਡੀ ਬਣੀ ਰੀਨਾ ਦੇ ਤਨ ਤੇ ਮਨ ਤੋਂ ਪੰਜਾਬੀ ਸੂਟ ਪੂਰੀ ਤਰ੍ਹਾਂ ਲਹਿਣ ਨਹੀਂ ਦਿੱਤਾ। ਜੇ ਲੱਥਿਆ ਹੁੰਦਾ ਤਾਂ ਉਹ ਕੈਨੇਡੀਅਨ ਗੋਰੇ ਚਾਰਲਸ ਉਰਫ ਚਾਰਲੀ ਦੀ ਈਸਟ ਇੰਡੀਅਨਾਂ ਨੂੰ ਨਫਰਤ ਕਰਨ ਦੀ ਵਜ੍ਹਾ ਨਾ ਜਾਣ ਸਕਦੀ। ਦੂਸਰੀ ਕਹਾਣੀ ਵਿਚ ਪ੍ਰੇਮ ਮਾਨ ਔਰਤਾਂ ਨੂੰ ਬਰਾਬਰੀ ਦੇ ਹੱਕ ਦੇਣ ਦੇ ਹੱਕ ਵਿਚ ਆਵਾਜ਼ ਉਠਾਉਂਦਾ ਹੋਇਆ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਕੀ ਪਰਵਾਸੀ ਪੰਜਾਬੀ ਮਾਨਸਿਕਤਾ ਸਮਲਿੰਗੀ ਰਿਸ਼ਤਿਆਂ ਨੂੰ ਪ੍ਰਵਾਨ ਕਰਨ ਦੇ ਯੋਗ ਹੋ ਗਈ ਹੈ? ਕੀ ਉਹ 'ਆਰਟੀਫੀਸ਼ਲ ਇਨਸੈਮੀਨੇਸ਼ਨ'(ਜਿਸ ਵਿਚ ਡਾਕਟਰ ਕਿਸੇ ਆਦਮੀ ਵੱਲੋਂ ਦਾਨ ਕੀਤਾ ਸਪਰਮ ਔਰਤ ਦੇ ਅੰਦਰ ਪਾ ਦਿੰਦੇ ਹਨ) ਦੁਆਰਾ ਬੱਚੇ ਪੈਦਾ ਕਰਨ ਵਾਲੀ ਸੋਚ ਨੂੰ ਅਪਨਾ ਸਕਦੀ ਹੈ? ਕਹਾਣੀ ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਹਾਂ ਵਿਚ ਦਿੰਦੀ ਜਾਪਦੀ ਹੈ। ਤੀਸਰੀ ਕਹਾਣੀ ਸਿਮਰਨ ਧਾਲੀਵਾਲ ਦੀ, ਇਨ੍ਹਾਂ ਅਰਥਾਂ ਵਿਚ ਮਹੱਤਵਪੂਰਨ ਹੈ ਕਿ ਪੰਜਾਬ ਦੇ ਪਰਿਵਾਰਕ ਰਿਸ਼ਤੇ ਜਿੱਥੇ ਪੰਜਾਬੀਆਂ ਨੂੰ ਭਾਵੁਕ ਸੁਰੱਖਿਆ ਪ੍ਰਦਾਨ ਕਰਦੇ ਹਨ ਉੱਥੇ ਨਾਲ ਹੀ ਇਹਨਾਂ ਨੂੰ ਮਾੜੀ ਆਰਥਿਕਤਾ ਕਾਰਨ ਭਾਵੁਕ ਕਲੇਸ਼ਾਂ ਵਿਚ ਸੁੱਟ ਕੇ ਖ਼ੁਦਕੁਸ਼ੀ ਦੇ ਰਾਹ ਤੋਰਨ ਦੇ ਵੀ ਜ਼ਿੰਮੇਵਾਰ ਹੋ ਸਕਦੇ ਹਨ। ਤਿੰਨੇ ਕਹਾਣੀਆਂ ਪੂਰਬ ਤੇ ਪੱਛਮ ਦੀਆਂ ਬਦਲਦੀਆਂ ਪਰਿਸਥਿਤੀਆਂ ਦੇ ਪ੍ਰਸੰਗਾਂ ਰਾਹੀਂ ਪੰਜਾਬੀ ਪਰਿਵਾਰਕ ਰਿਸ਼ਤਿਆਂ ਦੇ ਕੱਚ-ਸੱਚ ਨੂੰ ਸਾਹਮਣੇ ਲਿਆਉਂਦੀਆਂ ਹਨ। 'ਉਸਦੇ ਤੇ ਮੇਰੇ ਬਾਰੇ' ਸਿਰਲੇਖ ਵਿਚ ਕੀਤੇ ਕਵੀ ਤੇ ਚਿੱਤਰਕਾਰ ਦੇਵ ਦੇ ਸਵੈ ਕਥਨ ਤੇ ਨਿੱਕੀਆਂ ਕਵਿਤਾਵਾਂ ਵਿਚ ਵੀ ਅਜਿਹੇ ਕੱਚ-ਸੱਚ ਦੇ ਦਰਸ਼ਨ ਹੁੰਦੇ ਹਨ।

**-ਬਰਿੰਦਰ ਕੌਰ, ਚੰਡੀਗੜ੍ਹ**

ਸਿਰਜਣਾ ਦੇ ਅੰਕ 180 ਵਿਚ ਕੈਨੇਡਾ ਵੱਸਦੇ ਕਹਾਣੀਕਾਰ ਹਰਪ੍ਰੀਤ ਸੇਖਾ ਦੀ ਕਹਾਣੀ 'ਪੰਜਾਬੀ ਸੂਟ' ਨੇ ਧਿਆਨ ਖਿੱਚਿਆ। ਸਮੁੱਚੇ ਮਾਹੌਲ ਵਿਚ ਔਰਤ ਦੀ ਹੋਣੀ ਉਸ ਦੀ ਬੇਵਸੀ ਨੂੰ ਪੇਸ਼ ਕੀਤਾ ਹੈ। ਓਪਰੇ ਸਮਾਜ ਅੰਦਰ ਜੀਣ ਲਈ ਵੇਲੇ ਜਾ ਰਹੇ ਪਾਪੜਾਂ ਬਾਰੇ ਕਈ ਕਹਾਣੀਆਂ ਨਿਗ੍ਹਾ ਵਿਚੋਂ ਲੰਘੀਆਂ ਹਨ, ਪਰ ਹਰਪ੍ਰੀਤ ਸੇਖਾ ਨੇ ਜਿਸ ਢੰਗ ਨਾਲ ਕਥਾ ਉਸਾਰੀ ਹੈ, ਉਹ ਕਾਫੀ ਵੱਖਰੀ ਹੈ। ਪ੍ਰੇਮ ਮਾਨ ਅਤੇ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵੀ ਚੰਗੀਆਂ ਸਨ। ਸ਼ਾਇਰ-ਚਿੱਤਰਕਾਰ ਦੇਵ ਵੱਲੋਂ ਆਪਣੇ ਬਾਰੇ ਅਤੇ ਸਾਧੂ ਬਿਨਿੰਗ ਵੱਲੋਂ ਜੋਅ ਹਿਲ ਬਾਰੇ ਲਿਖੇ ਲੇਖ ਵਧੀਆ ਲੱਗੇ। ਦੇਵ ਨੇ ਤਾਂ ਆਪਣੇ ਬਹਾਨੇ ਵਸਲ ਅਤੇ ਹਿਜਰ ਬਾਰੇ ਸਰਵਵਿਆਪੀ ਗੱਲਾਂ ਕੀਤੀਆਂ ਹਨ। ਕਵਿਤਾਵਾਂ ਵੱਖਰਾ ਅਨੰਦ ਦੇ ਗਈਆਂ। ਗਜ਼ਲਗੋ ਕੁਲਵਿੰਦਰ ਦੀਆਂ ਬਹੁਤੀਆਂ ਰਚਨਾਵਾਂ ਪੜ੍ਹਨ ਦਾ ਸਬੱਬ ਤਾਂ ਨਹੀਂ ਬਣਿਆ, ਪਰ ਅਜਮੇਰ ਸਿੱਧੂ ਵਾਲੀ ਮੁਲਾਕਾਤ ਪੜ੍ਹਨ ਤੋਂ ਬਾਅਦ ਇਹ ਰਚਨਾਵਾਂ ਪੜ੍ਹਨ ਲਈ ਉਤਸੁਕਤਾ ਪੈਦਾ ਹੋ ਗਈ। ਮੁਲਾਕਾਤ ਵਿਚ ਬੜੀਆਂ ਕੰਮ ਦੀਆਂ ਗੱਲਾਂ-ਬਾਤਾਂ ਹਨ। **-ਸੰਦੀਪ ਕੁਮਾਰ ਹਾਂਡਾ, ਫਾਜ਼ਿਲਕਾ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: **1 ਜੁਲਾਈ, 2016**



'ਦੁਨੀਆ ਕੈਸੀ ਹੋਈ', 'ਭਗੌੜਾ' ਅਤੇ 'ਵਿਗੋਚਾ' ਵਰਗੀ ਚਰਚਤ ਨਾਵਲਾਂ ਦੇ ਰਚੇਤਾ ਪਰਵਾਸੀ ਅਨੁਭਵ ਦੇ ਪ੍ਰਮਾਣਕ ਕਥਾਕਾਰ ਜਰਨੈਲ ਸਿੰਘ ਸੇਖਾ ਦਾ ਨਵਾਂ ਨਾਵਲ

**ਬੇਗਾਨੇ**




ਜਰਨੈਲ ਸਿੰਘ ਸੇਖਾ ਕਨੇਡਾ ਆਉਣ ਤੋਂ ਪਹਿਲਾਂ ਹੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਆਪਣੀ ਪਛਾਣ ਬਣਾ ਚੁੱਕਾ ਸੀ। ਨਾਵਲ 'ਦੁਨੀਆਂ ਕੈਸੀ ਹੋਈ' ਨਾਲ ਉਸਨੇ ਪਰਵਾਸੀ ਪੰਜਾਬੀ ਗ਼ਲਪ ਜਗਤ ਵਿਚ ਆਪਣੀ ਪਾਇਦਾਰ ਪੈਂਠ ਜਮਾ ਲਈ। 'ਭਗੌੜਾ' ਅਤੇ 'ਵਿਗੋਚਾ' ਨਾਵਲ-ਰਚਨਾਵਾਂ ਤੋਂ ਬਾਅਦ ਆਪਣੇ ਬਹੁ-ਆਯਾਮੀ ਨਾਵਲ 'ਬੇਗਾਨੇ' ਦੇ ਪ੍ਰਕਾਸ਼ਨ ਨਾਲ ਉਹ ਨਿਸਚੇ ਹੀ 'ਮਲੂਕਾ' ਦੇ ਸਿਰਜਕ ਸਾਧੂ ਸਿੰਘ ਧਾਮੀ ਦਾ ਹੱਕੀ ਜਾਨਸ਼ੀਨ ਬਣ ਗਿਆ ਹੈ।

ਪੰਨੇ 216 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**SIRJANA** Literary Punjabi Quarterly Chandigarh
No. 181 ISSN 2455-1058 July-September 2016
Registered with the Registrar of Newspapers for India vide R.N. 10215/65

**ਪੰਜਾਬੀ ਕਵਿਤਾ ਵਿਚ ਤਾਜ਼ਗੀ ਦਾ ਅਹਿਸਾਸ**
**ਸੰਦੀਪ ਦੀ ਪਲੇਠੀ ਕਾਵਿ ਪੁਸਤਕ**

## ਰੂਹ ਦੀ ਪਰਵਾਜ਼

ਬਹੁਤ ਸਾਲ ਪਹਿਲਾਂ 'ਸਿਰਜਣਾ' ਵਿਚ ਇਕ ਨਵੀਂ ਸ਼ਾਇਰਾ ਦੀਆਂ ਕਵਿਤਾਵਾਂ ਪੜ੍ਹੀਆਂ, ਚੰਗੀਆਂ ਲੱਗੀਆਂ, ਫੁੱਲ-ਪੱਤੀਆਂ ਜਿਹੀਆਂ। ਉਹ ਕਵਿਤਾਵਾਂ ਚੇਤਿਆਂ ਵਿਚ ਵਸੀਆਂ ਰਹੀਆਂ, ਦੂਰ ਜਾਂਦੀਆਂ ਪੈੜਾਂ ਵਾਂਗ। ਅਸੀਂ ਉਹ ਪੈੜਾਂ ਵੇਖੀਆਂ ਪਰ ਉਹ ਸ਼ਾਇਰਾ ਪੈਰਾਂ ਦੀ ਜ਼ੰਜੀਰੀ ਟੁੱਕਦੀ ਕਿਸੇ ਝਿੜੀ ਵਿਚ ਲੋਪ ਹੋ ਗਈ, ਬਿਰਖਾਂ ਦੇ ਵਿਚ ਬਿਰਖ ਹੋ ਗਈ.... ਉਹੀ ਸ਼ਾਇਰਾ ਹੈ ਸੰਦੀਪ ਜਿਸਦਾ ਸਾਹਿਤਕ ਜਗਤ ਵਿਚ ਮੋਹ ਨਾਲ ਜ਼ਿਕਰ ਛਿੜਦਾ ਰਿਹਾ ਹੈ।

**-ਸੁਰਜੀਤ ਪਾਤਰ**

**ਪੰਨੇ 103** **ਸੁੰਦਰ ਦਿੱਖ** **ਮੁੱਲ 150 ਰੁਪਏ**

**ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ**